Ad Space Available
Please call
Ph: 847-359-0746


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

Ad Space Available
Please call
Ph: 847-359-0746



Twentieth Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 43, October 26, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਪਰਵਾਸ ਦੀ ਤ੍ਰਾਸਦੀ: ਮੈਕਸੀਕੋ ਤੋਂ ਮੋੜੇ ਨੌਜਵਾਨਾਂ ਦੀ ਦਿਲ ਕੰਬਾਊ ਦਾਸਤਾਨ

**ਚੰਡੀਗੜ੍ਹ:** ਮੈਕਸੀਕੋ ਸਰਕਾਰ ਵੱਲੋਂ ਅਮਰੀਕਾ ਜਾਣ ਦੀਆਂ ਕੋਸ਼ਿਸ਼ਾਂ ਕਰ ਰਹੇ 311 ਭਾਰਤੀਆਂ ਨੂੰ ਵਾਪਸ ਭੇਜ ਦਿੱਤਾ ਗਿਆ ਹੈ। ਵਾਪਸ ਆਉਣ ਵਾਲਿਆਂ ਦੀ ਉਮਰ 18 ਤੋਂ 35 ਸਾਲ ਦੇ ਦਰਮਿਆਨ ਹੈ ਅਤੇ ਇਨ੍ਹਾਂ ਵਿਚ ਬਹੁਤੇ ਪੰਜਾਬੀ ਹਨ।

ਇਹ ਨੌਜਵਾਨ ਚੰਗੇ ਭਵਿੱਖ ਲਈ ਜਾਨ ਤਲੀ ਉਤੇ ਧਰ ਕੇ ਕਈ ਦੇਸ਼ਾਂ ਵਿਚੋਂ ਹੁੰਦੇ ਹੋਏ ਇਥੋਂ ਤੱਕ ਪੁੱਜੇ ਸਨ ਪਰ ਆਪਣੀ ਅਸਲ ਮੰਜ਼ਿਲ (ਅਮਰੀਕਾ) ਉਤੇ ਪਹੁੰਚਣ ਤੋਂ ਪਹਿਲਾਂ ਹੀ ਵਾਪਸ ਮੋੜ ਦਿੱਤੇ ਗਏ। ਇਨ੍ਹਾਂ ਨੌਜਵਾਨਾਂ ਵੱਲੋਂ ਵਾਪਸੀ ਤੋਂ ਬਾਅਦ ਜੋ ਖੁਲਾਸੇ ਕੀਤੇ ਹਨ, ਉਹ ਦਿਲ ਕੰਬਾਊ ਹਨ ਤੇ ਸਰਕਾਰੀ ਨੀਤੀਆਂ ਉਤੇ ਸਵਾਲ ਵੀ ਖੜ੍ਹੇ ਕਰਦੇ ਹਨ। ਬੇਰੁਜ਼ਗਾਰੀ ਦੇ ਭੰਨੇ ਇਨ੍ਹਾਂ ਨੌਜਵਾਨ ਨੇ ਘਰ ਦੀ ਥੋੜ੍ਹੀ-ਬਹੁਤ ਪੂੰਜੀ ਵੀ ਸੁਰੱਖਿਅਤ ਲਾਂਘੇ ਦੀ ਗਰੰਟੀ ਦੇਣ ਵਾਲੇ ਟਰੈਵਲ ਏਜੰਟਾਂ ਦੀਆਂ ਜੇਬਾਂ ਭਰਨ ਉਤੇ ਖਰਚ ਕਰ ਦਿੱਤੀ। ਅਮਰੀਕਾ ਪਹੁੰਚ ਕੇ ਭਵਿੱਖ ਸੰਵਾਰਨ ਦੇ ਸੁਪਨੇ ਨਾਲ ਇਹ ਨੌਜਵਾਨ ਗੈਰ ਕਾਨੂੰਨੀ ਤਰੀਕੇ ਨਾਲ ਸਰਹੱਦ ਟੱਪਣ ਲਈ ਜਾਨ ਜੋਖਮ ਵਿਚ ਪਾਉਣ ਤਿਆਰ-ਬਰ-ਤਿਆਰ ਸਨ ਪਰ ਕਿਸਮਤ ਨੇ ਇਨ੍ਹਾਂ ਦਾ ਸਾਥ ਨਾ ਦਿੱਤਾ।

ਇਨ੍ਹਾਂ ਨੌਜਵਾਨਾਂ ਨੇ ਗੈਰਕਾਨੂੰਨੀ ਏਜੰਟਾਂ ਨੂੰ 15 ਤੋਂ 25 ਲੱਖ ਰੁਪਏ ਤੱਕ ਦਿੱਤੇ। ਇਨ੍ਹਾਂ ਨੂੰ ਪਹਿਲਾਂ ਦੱਖਣੀ ਅਮਰੀਕਾ ਦੇ ਦੇਸ਼ਾਂ ਬਰਾਜ਼ੀਲ, ਪੇਰੂ, ਪਨਾਮਾ, ਇਕੁਆਡੋਰ, ਕੋਸਟਾ ਰੀਕਾ, ਨਿਕਾਰੂਗੁਆ, ਹਾਂਡਰੂਸ, ਗੁਆਟੇਮਾਲਾ ਆਦਿ ਪਹੁੰਚਾਇਆ ਗਿਆ ਅਤੇ ਅਖੀਰ ਵਿਚ ਮੈਕਸੀਕੋ। ਵੱਖ-ਵੱਖ ਦੇਸ਼ਾਂ ਵਿਚ ਸਸਤੇ ਹੋਟਲਾਂ ਵਿਚ ਕਈ ਹਫਤੇ ਬਿਤਾਉਣ ਮਗਰੋਂ ਉਨ੍ਹਾਂ ਨੂੰ ਪਨਾਮਾ ਦੇ ਸੰਘਣੇ ਜੰਗਲਾਂ ਵਿਚੋਂ ਲੰਘਣਾ ਪਿਆ। ਉਨ੍ਹਾਂ ਨੂੰ ਤਿੰਨ ਦਿਨ ਤੱਕ ਪਾਣੀ ਨਸੀਬ ਨਹੀਂ ਹੋਇਆ ਤੇ ਉਨ੍ਹਾਂ ਨੇ ਆਪਣੇ ਕੱਪੜਿਆਂ 'ਚੋਂ ਮੁੜ੍ਹਕਾ ਨਿਚੋੜ ਕੇ ਪੀਤਾ। ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਕਾਲਜ ਦੇ ਦੂਜੇ ਸਾਲ ਦੇ ਵਿਦਿਆਰਥੀ ਮਨਦੀਪ ਸਿੰਘ



(19) 7 ਦੇਸ਼ਾਂ ਤੋਂ ਹੁੰਦਾ ਹੋਇਆ ਮੈਕਸੀਕੋ ਪੁੱਜਾ ਸੀ ਤੇ 12 ਸਤੰਬਰ ਨੂੰ ਮੈਕਸੀਕੋ ਪੁੱਜਣ ਤੱਕ ਉਹ ਤੇ ਉਸ ਦੇ ਸਾਥੀ 7 ਦਿਨ ਤੱਕ ਪਨਾਮਾ ਦੇ ਜੰਗਲਾਂ 'ਚ ਭਟਕਦੇ ਰਹੇ।

ਉਹ ਅਮਰੀਕਾ ਦੀ ਸਰਹੱਦ ਤੋਂ ਮਹਿਜ਼ 800 ਕਿਲੋਮੀਟਰ ਦੂਰ ਸਨ ਜਦੋਂ ਮੈਕਸੀਕੋ 'ਚ ਉਹ ਫੜੇ ਗਏ। ਉਹ 13 ਤੋਂ 15 ਦਿਨ ਤੱਕ ਜ਼ਹਿਰੀਲੇ ਸੱਪਾਂ ਤੇ ਜਾਨਵਰਾਂ ਕੋਲੋਂ ਹੋ ਕੇ ਭੁੱਖੇ-ਭਾਣੇ ਤੁਰਦੇ ਰਹੇ। ਇਨ੍ਹਾਂ ਸਫਰਾਂ ਵਿਚ ਕਈ ਮੌਤਾਂ ਵੀ ਹੋਈਆਂ। ਏਜੰਟ ਇਹ ਦਿਲਾਸਾ ਦਿਵਾਉਂਦੇ ਰਹੇ ਕਿ ਉਨ੍ਹਾਂ ਨੂੰ ਜੇਲ੍ਹ ਤੋਂ ਬਾਹਰ ਆਉਣ ਲਈ 'ਪਾਸ' ਮਿਲਣਗੇ ਅਤੇ ਫਿਰ ਉਨ੍ਹਾਂ ਨੂੰ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਪਹੁੰਚਾਇਆ ਜਾਏਗਾ। ਮੈਕਸੀਕੋ ਨੇ ਇਹ ਕਾਰਵਾਈ ਅਮਰੀਕਨ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਬਾਅ ਵਿਚ ਆ ਕੇ ਕੀਤੀ ਹੈ

*(ਬਾਕੀ ਸਫਾ 6 ਉਤੇ)*

-ਕੈਨੇਡਾ ਚੋਣਾਂ-

## ਟਰੂਡੋ ਨੇ ਇਤਿਹਾਸ ਰਚਿਆ

### *ਘੱਟ ਗਿਣਤੀ ਸਰਕਾਰ ਲਈ ਰਾਹ ਪੱਧਰਾ ਹੋਇਆ*

**ਔਟਵਾ:** ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ, ਫੈਡਰਲ ਚੋਣਾਂ ਵਿਚ ਭਾਵੇਂ ਮੁਕੰਮਲ ਬਹੁਮਤ ਹਾਸਲ ਨਹੀਂ ਕਰ ਸਕੀ ਪਰ ਇਸ ਨੇ 157 ਸੀਟਾਂ ਉਤੇ ਜਿੱਤ ਹਾਸਲ ਕਰਕੇ ਅਗਲੀ ਘੱਟ ਗਿਣਤੀ ਸਰਕਾਰ ਲਈ ਰਾਹ ਪੱਧਰਾ ਕਰ ਲਿਆ। ਕੰਜਰਵੇਟਿਵ ਪਾਰਟੀ ਨੂੰ 121, ਬਲਾਕ ਕਿਊਬਕ ਨੂੰ 32, ਨਿਊ ਡੈਮੋਕਰੈਟਿਕ ਪਾਰਟੀ ਨੂੰ 24 ਅਤੇ ਗ੍ਰੀਨ ਪਾਰਟੀ ਨੂੰ 3 ਸੀਟਾਂ ਮਿਲੀਆਂ ਹਨ। ਹੁਣ ਲਿਬਰਲ ਪਾਰਟੀ ਨਿਊ ਡੈਮੋਕਰੈਟਿਕ ਪਾਰਟੀ ਦੇ ਸਮਰਥਨ ਨਾਲ ਘੱਟ ਗਿਣਤੀ ਸਰਕਾਰ ਬਣਾਏਗੀ।



ਯਾਦ ਰਹੇ ਕਿ ਪਿਛਲੀ ਵਾਰ 2015 ਵਿਚ ਹੋਈਆਂ ਚੋਣਾਂ ਵਿਚ ਲਿਬਰਲ ਪਾਰਟੀ ਨੂੰ 184, ਕੰਜਰਵੇਟਿਵ ਪਾਰਟੀ ਨੂੰ 99, ਨਿਊ ਡੈਮੋਕਰੈਟਿਕ ਪਾਰਟੀ ਨੂੰ 44, ਬਲਾਕ ਕਿਊਬਕ ਨੂੰ 10 ਅਤੇ ਗ੍ਰੀਨ ਪਾਰਟੀ ਨੂੰ ਸਿਰਫ ਇਕ ਸੀਟ ਮਿਲੀ ਸੀ।

ਐਤਕੀਂ ਕੈਨੇਡਾ ਦੀਆਂ ਕੌਮੀ ਚੋਣਾਂ ਕਾਫੀ ਦਿਲਚਸਪ ਹੋ ਗਈਆਂ ਸਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜੋ ਪਿਛਲੀ ਵਾਰ ਧੜੱਲੇ ਨਾਲ ਚੋਣ ਜਿੱਤੇ ਸਨ, ਇਸ ਵਾਰ ਕੁਝ ਵਿਵਾਦਾਂ ਵਿਚ ਘਿਰਨ ਕਰਕੇ ਕੁਝ ਥਾਈਂ ਪਛੜ ਰਹੇ ਸਨ। ਲਿਬਰਲ ਪਾਰਟੀ ਨੂੰ ਇਸ ਵਾਰ ਕੁੱਲ ਪਈਆਂ ਵੋਟਾਂ ਵਿਚੋਂ 33 ਫੀਸਦੀ ਵੋਟਾਂ ਪਈਆਂ। ਇਹ ਵੋਟਾਂ ਪਿਛਲੀਆਂ ਚੋਣਾਂ ਨਾਲੋਂ 6.5 ਫੀਸਦੀ ਘੱਟ ਹਨ। ਕੰਜਰਵੇਟਿਵ ਪਾਰਟੀ ਦੀ ਵੋਟ ਫੀਸਦ ਐਤਕੀਂ ਢਾਈ ਫੀਸਦੀ ਵਧ ਕੇ 34.4 ਹੋ ਗਈ।

*(ਬਾਕੀ ਸਫਾ 6 ਉਤੇ)*

## ਹਿੰਦੂਤਵਵਾਦੀਆਂ ਦੀ ਚੋਣ ਚੜ੍ਹਤ ਬਰਕਰਾਰ


**ਨਵੀਂ ਦਿੱਲੀ:** ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਮੁੜ ਬਾਜ਼ੀ ਮਾਰ ਕੇ ਹਿੰਦੂਤਵ ਦੀ ਚੜ੍ਹਤ ਬਰਕਰਾਰ ਰੱਖੀ ਹੈ। ਇਸੇ ਸਾਲ ਮਈ ਵਿਚ ਹੋਈਆਂ ਲੋਕ ਸਭਾ ਚੋਣਾਂ ਵਾਂਗ ਇਨ੍ਹਾਂ ਦੋਹਾਂ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਸਥਾਨਕ ਤੇ ਲੋਕ ਮੁੱਦੇ ਬਹੁਤ ਪਿਛਾਂਹ ਛੁੱਟ ਗਏ ਅਤੇ ਲੋਕਾਂ ਸਿਰ ਰਾਸ਼ਟਰਵਾਦ ਦਾ ਜਾਦੂ ਮੁੜ ਸਿਰ ਚੜ੍ਹ ਕੇ ਬੋਲਿਆ ਹੈ। ਇਸੇ ਦੌਰਾਨ ਪੰਜਾਬ ਦੀਆਂ ਚਾਰ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਝੰਡੀ ਰਹੀ ਹੈ।

ਭਾਰਤੀ ਜਨਤਾ ਪਾਰਟੀ ਨੇ ਦੋਹਾਂ ਸੂਬਿਆਂ- ਹਰਿਆਣਾ ਅਤੇ ਮਹਾਰਾਸ਼ਟਰ, ਵਿਚ ਸਥਾਨਕ ਕਿਸੇ ਵੀ ਮੁੱਦੇ ਦੀ ਥਾਂ ਜੰਮੂ ਕਸ਼ਮੀਰ ਵਿਚ ਧਾਰਾ 370 ਹਟਾਉਣ ਦਾ ਮੁੱਦਾ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਕ ਨੇ ਵਿਰੋਧੀ ਧਿਰ ਨੂੰ ਵੰਗਾਰਿਆ ਕਿ ਇਹ ਧਾਰਾ 370 ਨੂੰ ਮੁੜ ਲਾਗੂ ਕਰਨ ਬਾਰੇ ਵਾਅਦਾ ਕਰਕੇ ਦਿਖਾਵੇ। ਇਹੀ ਨਹੀਂ, ਵੋਟਾਂ ਪੈਣ ਤੋਂ ਐਨ ਇਕ ਦਿਨ ਪਹਿਲਾਂ ਵਿਚ ਮਕਬੂਜ਼ਾ ਕਸ਼ਮੀਰ ਵਿਚ ਭਾਰਤੀ ਫੌਜ ਵਲੋਂ ਹਮਲਾ ਕਰਨ ਦੇ ਦਾਅਵੇ ਕੀਤੇ ਗਏ ਜਿਸ ਤੋਂ ਐਨ ਸਾਫ ਜ਼ਾਹਿਰ ਹੋ ਗਿਆ ਕਿ ਭਾਰਤੀ ਜਨਤਾ ਪਾਰਟੀ ਰਾਸ਼ਟਰਵਾਦ ਦੇ ਮੁੱਦੇ ਨੂੰ ਹੁਣ ਥੋੜ੍ਹੀ ਕੀਤੇ ਮੱਠਾ ਨਹੀਂ ਪੈ ਦੇਵੇਗੀ।

ਹੋਰ ਤਾਂ ਹੋਰ ਸਿਆਸੀ ਮਾਹਿਰ ਤਾਂ ਹੁਣ ਇਸੇ ਸਾਲ ਦੇ ਅਖੀਰ ਵਿਚ ਝਾਰਖੰਡ ਅਤੇ ਅਗਲੇ ਸਾਲ 2020 ਵਿਚ ਹੋਣ ਵਾਲੀਆਂ ਦਿੱਲੀ ਤੇ ਬਿਹਾਰ ਵਿਧਾਨ ਸਭਾ ਚੋਣਾਂ ਬਾਰੇ ਵੀ ਕਿਆਸਆਰਾਈਆਂ ਲਾਉਣ ਲੱਗ ਪਏ ਹਨ।

*(ਬਾਕੀ ਸਫਾ 6 ਉਤੇ)*


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave., Jackson Heights, NY 11373
Ph: 718-205-7832



AVAILABLE AT SELECT INDIAN STORES NEAR YOU
CONTACT: SINGH & SINGH DISTRIBUTORS @ +1 (908) 279-6056

Ad Space Available
Please call
Ph: 847-359-0746

# ਔਰਤਾਂ ਨੇ ਸਪੇਸਵਾਕ ਕਰ ਕੇ ਰਚਿਆ ਇਤਿਹਾਸ

**ਵਾਸ਼ਿੰਗਟਨ:** ਅਮਰੀਕਾ ਦੀਆਂ ਮਹਿਲਾ ਪੁਲਾੜ ਯਾਤਰੀਆਂ ਕ੍ਰਿਸਟੀਨਾ ਕੋਚ ਅਤੇ ਜੇਸਿਕਾ ਮੀਰ ਨੇ ਬਿਨਾਂ ਕਿਸੇ ਪੁਰਸ਼ ਸਾਥੀ ਤੋਂ ਸਪੇਸਵਾਕ ਕਰਕੇ ਨਵਾਂ ਇਤਿਹਾਸ ਰਚਿਆ ਹੈ। ਉਹ ਵਿਸ਼ਵ ਦੀਆਂ ਪਹਿਲੀਆਂ ਅਜਿਹੀਆਂ ਮਹਿਲਾਵਾਂ ਬਣ ਗਈਆਂ ਹਨ, ਜਿਨ੍ਹਾਂ ਨੇ ਬਿਨਾਂ ਪੁਰਸ਼ ਸਾਥੀ ਤੋਂ ਸਪੇਸਵਾਕ ਕੀਤੀ ਹੈ। ਉਨ੍ਹਾਂ ਨੇ ਬੈਟਰੀ ਚਾਰਜਰ ਬਦਲਣ ਲਈ ਸਪੇਸਵਾਕ ਕੀਤੀ।




ਦੱਸਣਯੋਗ ਹੈ ਕਿ ਪਹਿਲਾਂ ਸਿਰਫ ਮਹਿਲਾਵਾਂ ਵੱਲੋਂ ਸਪੇਸਵਾਕ ਇਸ ਵਰ੍ਹੇ ਮਾਰਚ ਵਿਚ ਕੀਤੀ ਜਾਣੀ ਸੀ ਪਰ ਉਸ ਨੂੰ ਰੱਦ ਕਰਨਾ ਪਿਆ ਸੀ ਕਿਉਂਕਿ ਪੁਲਾੜ ਏਜੰਸੀ ਕੋਲ ਮਹਿਲਾਵਾਂ ਦੇ ਨਾਪ ਦਾ ਕੇਵਲ ਇਕ ਸਪੇਸਸੂਟ ਮੌਜੂਦ ਸੀ। ਕੋਚ ਵੱਲੋਂ ਮੀਰ ਦੀ ਅਗਵਾਈ ਕੀਤੀ ਗਈ। ਮੀਰ ਦੀ ਇਹ ਪਹਿਲੀ ਸਪੇਸਵਾਕ ਸੀ।

ਦੱਸਣਯੋਗ ਹੈ ਕਿ ਪਿਛਲੀ ਅੱਧੀ ਸਦੀ ਵਿਚ ਕੀਤੀਆਂ ਗਈਆਂ ਸਾਰੀਆਂ 420 ਸਪੇਸਵਾਕ'ਜ਼ ਵਿਚ ਪੁਰਸ਼ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਰਹੇ ਹਨ ਪਰ 421ਵੀਂ ਸਪੇਸਵਾਕ ਵਿਚ ਇਹ ਇਤਿਹਾਸ ਬਦਲ ਗਿਆ। ਨਾਸਾ ਦੀਆਂ ਮਹਿਲਾ ਪੁਲਾੜ ਯਾਤਰੀ ਕ੍ਰਿਸਟੀਨਾ ਕੋਚ ਅਤੇ ਜੇਸਿਕਾ ਮੀਰ ਵੱਲੋਂ ਨਵਾਂ ਇਤਿਹਾਸ ਰਚਿਆ ਗਿਆ ਹੈ। ਕੌਮਾਂਤਰੀ ਪੁਲਾੜ ਕੇਂਦਰ ਵਿਚ ਮੌਜੂਦ ਸਾਰੇ ਚਾਰ ਪੁਰਸ਼ ਮੈਂਬਰ ਅੰਦਰ ਹੀ ਰਹੇ ਜਦਕਿ ਕੋਚ ਅਤੇ ਮੀਰ ਨੇ ਟੁੱਟਿਆ ਹੋਇਆ ਬੈਟਰੀ ਚਾਰਜਰ ਬਦਲਣ ਲਈ ਕੇਂਦਰ ਦੇ ਬਾਹਰ ਪੁਲਾੜ ਵਿਚ ਚਹਿਲਕਦਮੀ ਕੀਤੀ। ਬੈਟਰੀ ਚਾਰਜਰ ਉਦੋਂ ਖਰਾਬ ਹੋ ਗਿਆ ਸੀ ਜਦੋਂ ਕੋਚ ਅਤੇ ਚਾਲਕ ਦਲ ਦੇ ਇਕ ਪੁਰਸ਼ ਮੈਂਬਰ ਨੇ ਪਿਛਲੇ ਹਫਤੇ ਪੁਲਾੜ ਕੇਂਦਰ ਦੇ ਬਾਹਰ ਨਵੀਆਂ ਬੈਟਰੀਆਂ ਲਗਾਈਆਂ ਸਨ।

## ਪਾਕਿਸਤਾਨ ਨੇ ਮਨਾਇਆ ਕਸ਼ਮੀਰ ਦਿਹਾੜਾ

**ਇਸਲਾਮਾਬਾਦ:** ਪਾਕਿਸਤਾਨ ਵਿਚ ਕਸ਼ਮੀਰੀਆਂ ਨਾਲ ਇਕਜੁੱਟਤਾ ਦਾ ਮੁਜ਼ਾਹਰਾ ਕਰਨ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ 'ਕਸ਼ਮੀਰ ਦਿਹਾੜਾ' ਮਨਾਇਆ ਗਿਆ। ਇਸ ਦੌਰਾਨ ਮੁਲਕ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਇਕ ਟਵੀਟ 'ਚ ਕਿਹਾ, 'ਮੋਦੀ (ਭਾਰਤੀ ਪ੍ਰਧਾਨ ਮੰਤਰੀ) ਸ਼ੇਰ ਉਤੇ ਸਵਾਰ ਹਨ। ਤੁਹਾਨੂੰ ਦਹਿਸ਼ਤਵਾਦ ਨਾਲ ਲੜਨ ਲਈ 9 ਲੱਖ ਸੁਰੱਖਿਆ ਦਸਤਿਆਂ ਦੀ ਲੋੜ ਨਹੀਂ; ਤੁਹਾਨੂੰ ਉਨ੍ਹਾਂ ਦੀ ਲੋੜ ਹੈ ਤਾਂ ਕਿ 80 ਲੱਖ ਕਸ਼ਮੀਰੀਆਂ ਨੂੰ ਡਰਾਇਆ ਜਾ ਸਕੇ।' ਇਮਰਾਨ ਨੇ ਮੁੜ ਦਾਅਵਾ ਕੀਤਾ ਕਿ ਕਸ਼ਮੀਰ 'ਚ ਆਇਦ ਪਾਬੰਦੀਆਂ ਹਟਦੇ ਹੀ ਉਥੇ ਖੂਨ ਦਾ ਦਰਿਆ ਵਹੇਗਾ।

### –ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀਆਂ ਚੋਣਾਂ–

# ਕੰਗ ਗਰੁਪ ਦੇ ਜਤਿੰਦਰ ਸਿੰਘ ਬੋਪਾਰਾਏ ਭਾਰੀ ਬਹੁਮਤ ਨਾਲ ਜੇਤੂ

**ਰਿਚਮੰਡ ਹਿੱਲ, ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਲਈ ਲੰਘੀ 20 ਅਕਤੂਬਰ ਨੂੰ ਹੋਈ ਚੋਣ ਵਿਚ ਕੰਗ ਗਰੁਪ ਦੇ ਉਮੀਦਵਾਰ ਜਤਿੰਦਰ ਸਿੰਘ ਬੋਪਾਰਾਏ ਭਾਰੀ ਬਹੁਮਤ ਨਾਲ ਜੇਤੂ ਰਹੇ।

ਕੁਲ 3985 ਵੋਟਾਂ ਵਿਚੋਂ 2369 ਵੋਟਾਂ ਪੋਲ ਹੋਈਆਂ, ਜਿਨ੍ਹਾਂ ਵਿਚੋਂ ਜਤਿੰਦਰ ਸਿੰਘ ਬੋਪਰਾਏ ਨੂੰ 1678 ਅਤੇ ਭੁਪਿੰਦਰ ਸਿੰਘ ਬੋਪਾਰਾਏ ਨੂੰ ਕੁਲ 667 ਵੋਟਾਂ ਪਈਆਂ। ਜਤਿੰਦਰ ਸਿੰਘ ਬੋਪਾਰਾਏ ਆਪਣੀ ਸਮੁੱਚੀ ਪ੍ਰਬੰਧਕੀ ਟੀਮ ਨਾਲ 1011 ਵੱਧ ਵੋਟਾਂ ਲੈ ਕੇ ਜੇਤੂ ਰਹੇ।

ਗੁਰਦੇਵ ਸਿੰਘ ਕੰਗ, ਜੋ ਆਪ ਬੜੇ ਨਿੱਘੇ ਸੁਭਾਅ ਦੇ ਮਾਲਕ ਹਨ, ਉਨ੍ਹਾਂ ਨਾਲ ਮੌਜੂਦਾ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਤੇ ਗਿਆਨੀ ਸੁਰਜੀਤ ਸਿੰਘ (ਫਾਊਂਡਰ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ) ਨੂੰ ਸਮੂਹ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਦਾ ਭਰਪੂਰ ਸਮਰਥਨ ਪ੍ਰਾਪਤ ਸੀ।



ਚੋਣ ਜਿੱਤਣ ਪਿਛੋਂ ਜਤਿੰਦਰ ਸਿੰਘ ਬੋਪਰਾਏ ਆਪਣੇ ਸਮਰਥਕਾਂ ਨਾਲ ਗੁਰਦੁਆਰਾ ਸਾਹਿਬ ਨਤਮਸਤਕ ਹੋਏ। ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਨੇ ਉਨ੍ਹਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ। ਸਟੇਜ ਤੋਂ ਗੁਰਦੇਵ ਸਿੰਘ ਕੰਗ, ਕੁਲਦੀਪ ਸਿੰਘ ਢਿੱਲੋਂ ਤੇ ਗਿਆਨੀ ਸੁਰਜੀਤ ਸਿੰਘ ਨੇ ਸਮੂਹ ਪੰਥਕ ਜਥੇਬੰਦੀਆਂ ਅਤੇ ਸੰਗਤ ਦਾ ਧੰਨਵਾਦ ਕੀਤਾ। ਸਟੇਜ ਦੀ ਸੇਵਾ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਨੇ ਨਿਭਾਈ। ਹੋਰ ਜਾਣਕਾਰੀ ਲਈ ਸ. ਅਟਵਾਲ ਨਾਲ ਫੋਨ: 347-837-5615 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।



## ਯੂ.ਏ.ਈ. ਹਾਦਸੇ 'ਚ ਦੋ ਭਾਰਤੀਆਂ ਦੀ ਮੌਤ

**ਦੁਬਈ:** ਦੁਬਈ ਦੇ ਅਲ ਮਦਾਮ ਸ਼ਹਿਰ 'ਚ ਵਾਪਰੇ ਇਕ ਹਾਦਸੇ 'ਚ ਦੋ ਭਾਰਤੀਆਂ ਦੀ ਮੌਤ ਹੋ ਗਈ ਜਦਕਿ ਦੋ ਹੋਰ ਗੰਭੀਰ ਜ਼ਖਮੀ ਹੋ ਗਏ।

ਖਲੀਜ ਟਾਈਮਜ਼ ਅਨੁਸਾਰ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਉਕਤ ਦੋਵੇਂ ਵਿਅਕਤੀਆਂ ਦੀ 'ਕੁਐਡ ਬਾਈਕ' (ਚਾਰ ਵੱਡੇ ਟਾਇਰਾਂ ਵਾਲਾ ਮੋਟਰਸਾਈਕਲ) ਅਚਾਨਕ ਮੂਧੀ ਹੋ ਗਈ।

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

*One of the Fastest Growing City in America and Best School System...*



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ




ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



*We do all type of Home and Commercial Loan. Same day loan approval...*

# ਸਨਦੀਪ ਸਿੰਘ ਧਾਲੀਵਾਲ ਨੂੰ ਹਿਊਸਟਨ ਪੁਲਿਸ ਦੀ ਸਲਾਮੀ ਵਿਭਾਗ ਵਿਚ ਧਾਰਮਿਕ ਚਿੰਨ੍ਹ ਪਹਿਨਣ ਦੀ ਛੋਟ ਦਿੱਤੀ

**ਹਿਊਸਟਨ (ਬਿਊਰੋ):** ਹਿਊਸਟਨ ਪੁਲਿਸ ਵਿਭਾਗ ਦੇ ਅਫਸਰਾਂ ਨੂੰ ਆਪਣੀ ਵਰਦੀ ਨਾਲ ਆਪੋ-ਆਪਣੇ ਧਰਮਾਂ ਦੇ ਚਿੰਨ੍ਹ ਪਹਿਨਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਇਜਾਜ਼ਤ ਦੇਣ ਲਈ ਹਿਊਸਟਨ ਪੁਲਿਸ ਵਿਭਾਗ ਨੇ ਬਾਕਾਇਦਾ ਆਪਣੀ ਨੀਤੀ ਬਦਲੀ ਹੈ। ਇਹ ਇਕ ਤਰ੍ਹਾਂ ਨਾਲ ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਨੂੰ ਸ਼ਰਧਾਂਜਲੀ ਹੈ, ਜਿਸ ਦਾ ਕੁਝ ਹਫਤੇ ਪਹਿਲਾਂ ਡਿਊਟੀ 'ਤੇ ਕਤਲ ਹੋ ਗਿਆ ਸੀ।

ਹਿਊਸਟਨ ਪੁਲਿਸ ਵਿਭਾਗ ਦੇ ਚੀਫ ਏਸਵੈਡੋ ਨੇ ਇਹ ਸੂਚਨਾ ਸਾਂਝੀ ਕਰਦਿਆਂ ਕਿਹਾ ਹੈ ਕਿ ਇਸ ਨੀਤੀ ਬਾਰੇ ਨਜ਼ਰਸਾਨੀ ਲਈ ਹੋਰ ਸੁਝਾਅ ਵੀ ਦਿੱਤੇ ਜਾ ਸਕਦੇ ਹਨ। ਉਂਜ, ਪੁਲਿਸ ਦੀ ਨਵੀਂ ਨੀਤੀ ਤੁਰੰਤ ਲਾਗੂ ਹੋ ਗਈ ਹੈ।

ਇਸੇ ਦੌਰਾਨ ਸਿੱਖ ਕੁਲੀਸ਼ਨ ਪਾਲਿਸੀ ਐਂਡ ਐਡਵੋਕੇਸੀ ਮੈਨੇਜਰ ਨਿੱਕੀ ਸਿੰਘ ਨੇ ਕਿਹਾ ਹੈ, "ਅਸੀਂ ਖੁਸ਼ ਹਾਂ ਕਿ ਮੁਲਕ ਦੇ ਪੰਜਵੇਂ ਵੱਡੇ ਪੁਲਿਸ ਵਿਭਾਗ ਨੇ ਸਿੱਖਾਂ ਅਤੇ ਹੋਰ ਘੱਟ ਗਿਣਤੀਆਂ ਨੂੰ ਨੌਕਰੀ ਦੌਰਾਨ ਆਪੋ-ਆਪਣੇ ਧਾਰਮਿਕ ਚਿੰਨ੍ਹ ਵਰਤਣ ਦੀ ਇਜਾਜ਼ਤ ਦੇ ਦਿੱਤੀ ਹੈ। ਆਸ ਹੈ ਕਿ ਇਸ ਨੀਤੀ ਨਾਲ ਮੁਲਕ ਦੇ ਹੋਰ ਹਿੱਸਿਆਂ ਵਿਚ ਵੀ ਨੀਤੀਆਂ ਬਦਲਣ 'ਤੇ ਸਿੱਧਾ ਅਸਰ ਪਵੇਗਾ।"

ਸਿੱਖ ਕੁਲੀਸ਼ਨ ਦੇ ਬੋਰਡ ਮੈਨੇਜਰ ਮਨਪ੍ਰੀਤ ਕੇ. ਸਿੰਘ ਨੇ ਕਿਹਾ, "ਡਿਪਟੀ ਸ਼ੈਰਿਫ ਸਨਦੀਪ ਸਿੰਘ ਧਾਲੀਵਾਲ ਨੇ ਨਿਰਸਵਾਰਥ ਸੇਵਾ ਕਰਕੇ ਭਾਈਚਾਰੇ ਦਾ ਸਿਰ ਉਚਾ ਕੀਤਾ। ਹੁਣ ਹਿਊਸਟਨ ਪੁਲਿਸ ਵਿਭਾਗ ਨੇ ਆਪਣੀ ਨੀਤੀ ਵਿਚ ਤਬਦੀਲੀ ਕਰਕੇ ਇਹ ਸੁਨੇਹਾ ਦਿੱਤਾ ਹੈ ਕਿ ਆਪਣੇ ਧਰਮ ਦੀ ਪਾਲਣਾ ਅਤੇ ਵੱਖ-ਵੱਖ ਭਾਈਚਾਰਿਆਂ ਦੀ ਸੇਵਾ ਨਾਲੋ-ਨਾਲ ਚੱਲਣਗੀਆਂ।"

ਜ਼ਿਕਰਯੋਗ ਹੈ ਕਿ 2 ਅਕਤੂਬਰ ਨੂੰ ਡਿਪਟੀ ਸਨਦੀਪ ਸਿੰਘ ਧਾਲੀਵਾਲ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਸਿੱਖ ਕੁਲੀਸ਼ਨ ਨੇ 98 ਮੌਜੂਦਾ ਤੇ ਸਾਬਕਾ ਸਿੱਖ ਅਫਸਰਾਂ ਅਤੇ ਹੋਰ ਅਧਿਕਾਰੀਆਂ ਨਾਲ ਸੰਪਰਕ ਬਣਾਇਆ ਤੇ ਧਾਰਮਿਕ ਘੱਟ ਗਿਣਤੀਆਂ ਬਾਰੇ ਨੀਤੀ ਬਦਲਣ ਲਈ ਅਮਰੀਕਾ ਦੇ ਰੱਖਿਆ ਵਿਭਾਗ ਅਤੇ ਕੌਮੀ ਪੁਲਿਸ ਏਜੰਸੀਆਂ ਨੂੰ ਪੱਤਰ ਲਿਖੇ ਸਨ। ਇਹ ਸਾਰੇ ਯਤਨ ਸਾਰੀਆਂ ਧਾਰਮਿਕ ਘੱਟ ਗਿਣਤੀਆਂ ਨੂੰ ਉਨ੍ਹਾਂ ਨੂੰ ਆਪੋ-ਆਪਣੇ ਧਾਰਮਿਕ ਚਿੰਨ੍ਹ ਪਹਿਨਣ ਲਈ ਕੀਤੇ ਗਏ ਸਨ।

## ਐਫ.ਏ.ਟੀ.ਐਫ. ਵੱਲੋਂ ਪਾਕਿਸਤਾਨ ਨੂੰ ਬਲੈਕਲਿਸਟ ਕਰਨ ਦੀ ਚਿਤਾਵਨੀ

**ਪੈਰਿਸ:** ਆਲਮੀ ਪੱਧਰ 'ਤੇ ਦਹਿਸ਼ਤਗਰਦਾਂ ਨੂੰ ਮਿਲਦੀ ਵਿੱਤੀ ਮਦਦ ਉਤੇ ਬਾਜ਼ ਅੱਖ ਰੱਖਣ ਵਾਲੀ ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐਫ.ਏ.ਟੀ.ਐਫ.) ਨੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਅਗਲੇ ਸਾਲ ਫਰਵਰੀ ਤੱਕ ਟੈਰਰ ਫੰਡਿੰਗ ਨੂੰ ਨੱਥ ਪਾਉਣ ਵਿਚ ਨਾਕਾਮ ਰਿਹਾ ਤਾਂ ਉਸ ਨੂੰ ਬਲੈਕਲਿਸਟ ਕਰ ਦਿੱਤਾ ਜਾਵੇਗਾ। ਇਕ ਵਾਰ ਪਾਕਿਸਤਾਨ ਦਾ ਨਾਮ ਕਾਲੀ ਸੂਚੀ ਵਿਚ ਸ਼ੁਮਾਰ ਹੋ ਗਿਆ ਤਾਂ ਉਸ ਨੂੰ ਕੌਮਾਂਤਰੀ ਮੁਦਰਾ ਫੰਡ, ਵਿਸ਼ਵ ਬੈਂਕ, ਏ.ਡੀ.ਬੀ. ਤੇ ਯੂਰਪੀ ਯੂਨੀਅਨ ਤੋਂ ਮਿਲਦੀ ਵਿੱਤੀ ਮਦਦ ਬੰਦ ਹੋ ਜਾਵੇਗੀ।

ਇਹੀ ਨਹੀਂ ਮੂਡੀਜ਼, ਐਸ.ਐਂਡ.ਪੀ. ਤੇ ਫਿੰਚ ਵੱਲੋਂ ਜਾਰੀ ਦਰਜਾਬੰਦੀ ਵਿਚ ਵੀ ਨਿਘਾਰ ਆਉਣ ਦਾ ਅਨੁਮਾਨ ਹੈ, ਜਿਸ ਨਾਲ ਪਾਕਿਸਤਾਨ ਦੀ ਵਿੱਤੀ ਹਾਲਤ ਹੋਰ ਵਿਗੜ ਸਕਦੀ ਹੈ। ਹੁਣ ਤੱਕ ਕਾਲੀ ਸੂਚੀ ਵਿਚ ਇਰਾਨ ਤੇ ਉੱਤਰੀ ਕੋਰੀਆ ਦਾ ਨਾਂ ਸ਼ੁਮਾਰ ਹੈ। ਐਫ.ਏ.ਟੀ.ਐਫ. ਨੇ ਪਾਕਿਸਤਾਨ ਨੂੰ ਪਿਛਲੇ ਸਾਲ ਜੂਨ ਵਿਚ 'ਗ੍ਰੇਅ ਸੂਚੀ' ਵਿਚ ਰੱਖਦਿਆਂ ਆਪਣੀ ਕਾਰਜ ਯੋਜਨਾ ਤਹਿਤ 27 ਸ਼ਰਤਾਂ ਪੂਰੀਆਂ ਕਰਨ ਲਈ ਕਿਹਾ ਸੀ।

ਪੈਰਿਸ ਅਧਾਰਿਤ ਫਾਇਨਾਂਸ਼ੀਅਲ ਐਕਸ਼ਨ ਟਾਸਕ ਫੋਰਸ ਆਪਣੀ ਪੰਜ ਰੋਜ਼ਾ ਪਲੈਨਰੀ ਦੇ ਆਖਰੀ ਦਿਨ ਇਸ ਨਤੀਜੇ 'ਤੇ ਪੁੱਜੀ ਕਿ ਪਾਕਿਸਤਾਨ, ਫੋਰਸ ਵੱਲੋਂ ਕੀਤੀਆਂ 27 ਸਿਫਾਰਸ਼ਾਂ 'ਚੋਂ ਮਹਿਜ਼ ਪੰਜ ਨੂੰ ਹੀ ਪੂਰਾ ਕਰ ਸਕਿਆ ਹੈ। ਫੋਰਸ ਨੇ ਪਾਕਿਸਤਾਨ ਨੂੰ ਲਸ਼ਕਰ-ਏ-ਤਇਬਾ ਤੇ ਜੈਸ਼-ਏ-ਮੁਹੰਮਦ ਜਿਹੀਆਂ ਦਹਿਸ਼ਤੀ ਜਥੇਬੰਦੀਆਂ ਨੂੰ ਮਿਲਦੀ ਵਿੱਤੀ ਇਮਦਾਦ ਉਤੇ ਕੰਟਰੋਲ ਕਰਨ ਸਬੰਧੀ ਹਦਾਇਤਾਂ ਕੀਤੀਆਂ ਸਨ। ਇਹ ਦੋਵੇਂ ਜਥੇਬੰਦੀਆਂ ਭਾਰਤ ਵਿਚ ਲੜੀਵਾਰ ਧਮਾਕਿਆਂ ਲਈ ਜ਼ਿੰਮੇਵਾਰ ਹਨ।

ਐਫ.ਏ.ਟੀ.ਐਫ. ਨੇ ਪਾਕਿਸਤਾਨ ਨੂੰ ਗ੍ਰੇਅ ਸੂਚੀ ਵਿਚ ਬਰਕਰਾਰ ਰੱਖਦਿਆਂ ਇਸਲਾਮਾਬਾਦ ਨੂੰ ਚਿਤਾਵਨੀ ਦਿੱਤੀ ਕਿ ਉਹ ਮਨੀ ਲਾਂਡਰਿੰਗ ਤੇ ਟੈਰਰ ਫਾਇਨਾਂਸਿੰਗ ਨੂੰ ਨੱਥ ਪਾਉਣ ਵਿਚ ਨਾਕਾਮ ਰਹਿਣ ਦੀ ਸਥਿਤੀ ਵਿਚ ਕਾਲੀ ਸੂਚੀ ਵਿਚ ਸ਼ਾਮਲ ਹੋਣ ਲਈ ਤਿਆਰ ਰਹੇ। ਇਸ ਸਬੰਧੀ ਅੰਤਿਮ ਫੈਸਲਾ ਹੁਣ ਫਰਵਰੀ ਵਿਚ ਹੋਵੇਗਾ।

ਇਸ ਪੂਰੇ ਮਾਮਲੇ ਦੀ ਜਾਣਕਾਰੀ ਰੱਖਦੇ ਇਕ ਅਧਿਕਾਰੀ ਨੇ ਕਿਹਾ ਕਿ ਐਫ.ਏ.ਟੀ.ਐਫ. ਨੇ ਕਿਸੇ ਵੀ ਨਤੀਜੇ 'ਤੇ ਪੁੱਜਣ ਲਈ ਪਾਕਿਸਤਾਨ ਸਮੇਤ ਫੋਰਸ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਹੋਰ ਕਈ ਮੁੱਦਿਆਂ 'ਤੇ ਨਜ਼ਰਸਾਨੀ ਕੀਤੀ। ਫੋਰਸ ਦੇ ਸਾਰੇ ਮੈਂਬਰ ਇਸ ਗੱਲੋਂ ਇਕਮਤ ਹਨ ਕਿ ਪਾਕਿਸਤਾਨ 15 ਮਹੀਨਿਆਂ ਦੀ ਸਮੇਂ ਸੀਮਾ ਮਗਰੋਂ 27 ਨੁਕਤੀ ਐਕਸ਼ਨ ਪਲਾਨ ਨੂੰ ਲਾਗੂ ਕਰਨ ਵਿਚ ਨਾਕਾਮ ਰਿਹਾ ਹੈ। ਅਧਿਕਾਰੀ ਮੁਤਾਬਕ ਪਾਕਿਸਤਾਨ ਦੇ ਅਗਲੇ ਕੁਝ ਸਾਲਾਂ ਵਿਚ ਗ੍ਰੇਅ ਸੂਚੀ 'ਚੋਂ ਬਾਹਰ ਨਿਕਲਣ ਦੇ ਆਸਾਰ ਮੱਧਮ ਹਨ ਤੇ ਫਰਵਰੀ 2020 ਵਿਚ ਕਾਲੀ ਸੂਚੀ ਵਿਚ ਸ਼ਾਮਲ ਹੋਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ।


## Matrimonials

**ਲੜਕੀ ਦੀ ਲੋੜ ਹੈ**

Wanted suitable girl for US born Jatt Sikh very handsome teetotaler boy, 28 yrs, 6 feet, civil engineer, doing Job. The girl should be of medical line, US citizen or green card holder. Contact, Ph: 559-517-7044 41-44

Wanted suitable match for Well Established hardworking Ramgarhia Sikh turbaned boy, Delhi born, 31/5'-9". Currently working in a reputed company as a Project Architect. Caste no bar. Ready to settle in US/Canada. Respond with bio-data. Email: jaspreetmaann01@gmail.com 39-42

**ਜੀਵਨ ਸਾਥੀ ਦੀ ਲੋੜ ਹੈ**

Seeking bride for 41 yrs, 5'-4", never married, male handsome reddish white Malayalee. Christian with MD degree. Working in hospital administration. The girl should be professional with license in their profession & bachelors, masters or up in nursing, Dr. of pharmacy. MD or other professional. age 23-35. Contact with picture. E-mail: kaithjustin@yahoo.com or Text, What`s app or Phone: 516-376-0631 and 516-209-7186 39-42

*Visit us on the web:*
***www.punjabtimesusa.com***


## ਪੰਜਾ ਸਾਹਿਬ ਦੇ ਦੀਵਾਨ ਹਾਲ 'ਚ ਅੱਗ ਲੱਗੀ

**ਇਸਲਾਮਾਬਾਦ:** ਹਸਨ ਅਬਦਾਲ ਸਥਿਤ ਗੁਰਦੁਆਰਾ ਪੰਜਾ ਸਾਹਿਬ ਦੇ ਦੀਵਾਨ ਹਾਲ ਵਿਚ ਅਚਾਨਕ ਅੱਗ ਲੱਗ ਗਈ, ਜਿਸ ਨਾਲ ਦੀਵਾਨ ਹਾਲ ਵਿਚ ਰੱਖਿਆ ਕੁਝ ਸਾਮਾਨ ਸੜ ਗਿਆ ਹੈ। ਇਸ ਘਟਨਾ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਸਤਾਨ ਸਿੰਘ ਨੇ ਦੱਸਿਆ ਕਿ ਗੁਰਦੁਆਰੇ ਦੀ ਮੁੱਖ ਇਮਾਰਤ ਦੇ ਸਾਹਮਣੇ ਬਣੇ ਦੀਵਾਨ ਹਾਲ ਵਿਚ ਬਿਜਲੀ ਦੀਆਂ ਤਾਰਾਂ ਦੇ ਸ਼ਾਰਟ ਸਰਕਟ ਕਾਰਨ ਅਚਨਚੇਤੀ ਅੱਗ ਲੱਗ ਗਈ ਸੀ। ਦੀਵਾਨ ਹਾਲ ਵਿਚ ਕੁਝ ਬਿਸਤਰੇ ਤੇ ਹੋਰ ਸਾਮਾਨ ਰੱਖਿਆ ਹੋਇਆ ਸੀ, ਜੋ ਅੱਗ ਦੀ ਲਪੇਟ ਵਿਚ ਆ ਗਿਆ। ਗੁਰਦੁਆਰੇ ਵਿਚ ਹਾਜ਼ਰ ਅਮਲੇ ਤੇ ਹੋਰਨਾਂ ਨੇ ਅੱਗ ਉਤੇ ਕਾਬੂ ਪਾਉਣ ਦਾ ਯਤਨ ਕੀਤਾ। ਫਾਇਰ ਬ੍ਰਿਗੇਡ ਨੇ ਮੌਕੇ ਉਤੇ ਪੁੱਜ ਕੇ ਅੱਗ 'ਤੇ ਕਾਬੂ ਪਾ ਲਿਆ।

## ਭਾਰਤੀ-ਅਮਰੀਕੀ ਦੀ ਸਜ਼ਾ ਵਧੀ

**ਨਿਊ ਯਾਰਕ:** ਭਾਰਤੀ ਮੂਲ ਦੇ ਇਕ ਵਿਅਕਤੀ ਵੱਲੋਂ ਆਤਮ ਸਮਰਪਣ ਨਾ ਕਰਨ 'ਤੇ ਉਸ ਦੀ ਸਜ਼ਾ ਨੌਂ ਮਹੀਨੇ ਲਈ ਹੋਰ ਵਧਾ ਦਿੱਤੀ ਗਈ ਹੈ। ਅਮਰੀਕੀ ਅਟਾਰਨੀ ਨੇ ਕਿਹਾ ਕਿ ਲਾਸ ਏਂਜਲਸ ਦੇ 34 ਸਾਲਾ ਦਮਨਪ੍ਰੀਤ ਸਿੰਘ ਨੂੰ ਪਿਛਲੇ ਹਫਤੇ ਅਮਰੀਕਾ ਜ਼ਿਲ੍ਹਾ ਅਦਾਲਤ ਨੇ ਸਜ਼ਾ ਸੁਣਾਈ ਸੀ।

ਅਦਾਲਤੀ ਦਸਤਾਵੇਜ਼ਾਂ ਮੁਤਾਬਕ ਪਿਛਲੇ ਸਾਲ ਸਤੰਬਰ ਵਿਚ ਦਮਨਪ੍ਰੀਤ ਨੂੰ ਰਿਸ਼ਵਤ ਲੈਣ ਦੀ ਸਾਜ਼ਿਸ਼ ਰਚਣ, ਸ਼ਨਾਖਤ ਵਿਚ ਧੋਖਾਧੜੀ ਕਰਨ ਤੇ ਇਕ ਕੰਪਿਊਟਰ ਤੱਕ ਬਿਨਾਂ ਮਨਜ਼ੂਰੀ ਪਹੁੰਚ ਕਰਨ ਦੇ ਦੋਸ਼ਾਂ ਤਹਿਤ ਦੋ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸੇ ਸਾਲ ਜਨਵਰੀ ਵਿਚ ਸ਼ੁਰੂ ਹੋ ਰਹੀ ਸਜ਼ਾ ਲਈ ਉਸ ਨੂੰ ਸਮਰਪਣ ਕਰਨ ਲਈ ਕਿਹਾ ਗਿਆ ਸੀ।

ਆਤਮ ਸਮਰਪਣ ਕਰਨ ਦੀ ਬਜਾਏ ਉਸ ਨੇ ਹਿਰਾਸਤ ਤੋਂ ਬਚਣ ਦੀ ਕੋਸ਼ਿਸ਼ ਕੀਤੀ। ਉਸ ਨੇ ਫੋਨ ਚੁੱਕਣੇ ਬੰਦ ਕਰ ਦਿੱਤੇ ਤੇ ਪਛਾਣ ਲੁਕਾਉਣ ਲਈ ਕਿਰਾਏ ਦੀ ਕਾਰ ਚਲਾਉਣ ਲੱਗਾ। ਇਸ ਸਾਲ ਮਾਰਚ ਵਿਚ ਜਦ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਸ ਨੇ ਆਪਣੀ ਪਛਾਣ ਬਾਰੇ ਝੂਠ ਵੀ ਬੋਲਿਆ।


# ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ




ਨਾਰਥ ਨਿਊ ਜਰਸੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ, ਰਿਹਾਇਸ਼ ਫਰੀ*

ਸੰਪਰਕ ਕਰੋ, ਫੋਨ: 518-903-2019
646-610-2299
aman.gulati@yahoo.com
42-43

# ਡੀਜ਼ਲ ਮਕੈਨਿਕ ਤੇ ਹੈਲਪਰ ਦੀ ਲੋੜ ਹੈ

ਆਰ. ਐਸ. ਟਰਾਂਸਪੋਰਟ, ਐਕਸਟਨ, ਵਰਜੀਨੀਆ ਲਈ ਡੀਜ਼ਲ ਮਕੈਨਿਕ ਅਤੇ ਹੈਲਪਰ ਦੀ ਲੋੜ ਹੈ।



ਮੁਫਤ ਰਿਹਾਇਸ਼

ਤੁਰਤ ਸੰਪਰਕ ਕਰੋ, ਹੈਰੀ ਸਿੰਘ
ਫੋਨ: 540-632-3671

# Wanted Workers

**Need workers for Restaurant and Gas stations In Eureka, CA.**

***Housing and food provide.***

ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ

*ਰਿਹਾਇਸ਼ ਅਤੇ ਖਾਣਾ ਮੁਫਤ*

**Call, Gurpreet Singh Sohal**

**Ph: 707-498-9325**

redwoodpetroleum@gmail.com
42-45

# ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

*ਸੰਪਰਕ ਕਰੋ*

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

# ਝੂਠੇ ਮੁਕਾਬਲੇ: ਦੋਸ਼ੀ ਪੁਲਿਸ ਮੁਲਾਜ਼ਮਾਂ ਦੀ ਰਿਹਾਈ ਖਿਲਾਫ ਲਾਮਬੰਦੀ

**ਚੰਡੀਗੜ੍ਹ:** ਪੰਜਾਬ ਦੇ ਅੱਠ ਮਨੁੱਖੀ ਅਧਿਕਾਰ ਸੰਗਠਨਾਂ ਨੇ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ੀ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਦੀ ਰਿਹਾਈ ਨੂੰ ਗੈਰ-ਸੰਵਿਧਾਨਕ ਅਤੇ ਕਾਨੂੰਨੀ ਪ੍ਰਣਾਲੀ ਦੀ ਤੌਹੀਨ ਕਰਾਰ ਦਿੱਤਾ ਹੈ।

ਸੰਗਠਨਾਂ ਦੇ ਨੁਮਾਇੰਦਿਆਂ ਸੀਨੀਅਰ ਵਕੀਲਾਂ ਆਰ.ਐਸ. ਬੈਂਸ, ਨਵਕਿਰਨ ਸਿੰਘ, ਸਾਬਕਾ ਆਈ.ਏ.ਐਸ. ਗੁਰਤੇਜ ਸਿੰਘ ਅਤੇ ਸਤਨਾਮ ਸਿੰਘ ਆਦਿ ਨੇ ਕਿਹਾ ਕਿ ਸਰਕਾਰ ਦੇ ਇਹ ਕਦਮ ਲੋਕਾਂ ਦਾ ਨਿਆਂ ਪ੍ਰਣਾਲੀ ਅਤੇ ਅਦਾਲਤਾਂ ਤੋਂ ਭਰੋਸਾ ਖਤਮ ਕਰ ਦੇਣਗੇ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਜੇਲ੍ਹਾਂ ਵਿਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਨਾਲ ਪੁਲਿਸ ਅਫਸਰਾਂ ਜਾਂ ਮੁਲਾਜ਼ਮਾਂ ਦੀ ਰਿਹਾਈ ਨੂੰ ਜੋੜਨਾ ਬਿਲਕੁਲ ਗਲਤ ਹੈ ਕਿਉਂਕਿ ਸਿੱਖ ਕੈਦੀ ਤਾਂ 25-30 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਹਨ ਜਦੋਂਕਿ ਸਰਕਾਰ ਵੱਲੋਂ ਜਿਨ੍ਹਾਂ ਪੁਲਿਸ ਅਫਸਰਾਂ ਦੀ ਸਜ਼ਾ ਮੁਆਫ ਕੀਤੀ ਜਾ ਰਹੀ ਹੈ, ਉਨ੍ਹਾਂ ਵਿਚੋਂ ਕਈ ਤਾਂ ਇਕ ਦਿਨ ਵੀ ਜੇਲ੍ਹ ਨਹੀਂ ਗਏ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨਾਲ ਜੋੜ ਕੇ ਸਿੱਖ ਨੌਜਵਾਨਾਂ ਦੇ ਕਤਲ ਕਰਨ ਦੇ ਦੋਸ਼ੀ ਠਹਿਰਾਏ ਅਫਸਰਾਂ ਨੂੰ ਰਿਹਾਅ ਕਰਨਾ ਸਿੱਖ ਕੌਮ ਨਾਲ ਵੱਡੀ ਜ਼ਿਆਦਤੀ ਹੋਵੇਗੀ ਅਤੇ ਇਸ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਮੋਦੀ ਸਰਕਾਰ ਦੋਵੇਂ ਬਰਾਬਰ ਦੇ ਦੋਸ਼ੀ ਹਨ। ਉਨ੍ਹਾਂ ਕਿਹਾ ਕਿ ਅਤਿਵਾਦ ਦੇ ਦੌਰ ਦੌਰਾਨ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਦੇ ਮਾਮਲਿਆਂ ਦੀ ਘੋਖ ਕੀਤੀ ਜਾਵੇ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ ਕਿ ਕਈ ਪੁਲਿਸ ਅਫਸਰਾਂ ਨੇ 'ਫਿਰੌਤੀ' ਲੈਣ ਲਈ ਬੇਕਸੂਰ ਨੌਜਵਾਨਾਂ ਨੂੰ ਅਗਵਾ ਕੀਤਾ, ਔਰਤਾਂ ਨਾਲ ਬਲਾਤਕਾਰ ਕੀਤੇ, ਬਜ਼ੁਰਗਾਂ ਨੂੰ ਗੈਰ-ਕਾਨੂੰਨੀ ਹਿਰਾਸਤ 'ਚ ਰੱਖਿਆ। ਇਥੋਂ ਤੱਕ ਕਿ 'ਸੀਰੀਅਲ ਕਿੱਲਰ' ਵਾਲੀ ਭੂਮਿਕਾ ਨਿਭਾਈ।




ਸੀਨੀਅਰ ਵਕੀਲ ਬੈਂਸ ਨੇ ਕਿਹਾ ਕਿ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਪੀੜਤ ਪਰਿਵਾਰਾਂ ਨੇ ਢਾਈ-ਤਿੰਨ ਦਹਾਕਿਆਂ ਦੀ ਕਾਨੂੰਨੀ ਲੜਾਈ ਲੜੀ ਹੈ ਤੇ ਸੀ.ਬੀ.ਆਈ. ਦੀਆਂ ਪੜਤਾਲਾਂ ਤੋਂ ਬਾਅਦ ਵਿਸ਼ੇਸ਼ ਅਦਾਲਤਾਂ ਨੇ ਤੱਥਾਂ ਤੇ ਠੋਸ ਸਬੂਤਾਂ ਦੇ ਆਧਾਰ ਉਤੇ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਨੂੰ ਸਖਤ ਸਜ਼ਾਵਾਂ ਸੁਣਾਈਆਂ ਹਨ। ਉਨ੍ਹਾਂ ਕਿਹਾ ਕਿ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਸੰਵਿਧਾਨ 'ਚ ਮਿਲੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਨਵਕਿਰਨ ਸਿੰਘ ਨੇ ਕਿਹਾ ਕਿ ਪੁਲਿਸ ਵੱਲੋਂ ਕੀਤੀਆਂ ਜ਼ਿਆਦਤੀਆਂ ਦੇ ਬਹੁਤੇ ਮਾਮਲਿਆਂ ਵਿਚ ਕਤਲ ਅਤੇ ਅਗਵਾ ਦੇ ਠੋਸ ਸਬੂਤ ਹੋਣ ਕਾਰਨ ਦੋਸ਼ੀ ਪੁਲਿਸ ਅਫਸਰਾਂ ਨੂੰ ਸੁਪਰੀਮ ਕੋਰਟ ਤੱਕ ਤੋਂ ਰਾਹਤ ਨਹੀਂ ਮਿਲੀ। ਜਦੋਂ ਅਦਾਲਤਾਂ ਨੇ ਰਾਹਤ ਨਾ ਦਿੱਤੀ ਤਾਂ ਸਿਆਸੀ ਤੰਤਰ ਇਨ੍ਹਾਂ ਨੂੰ ਰਾਹਤ ਦੇਣ ਲੱਗ ਪਿਆ, ਜੋ ਕਿ ਬਹੁਤ ਗਲਤ ਸੰਦੇਸ਼ ਹੈ ਤੇ ਲੋਕਾਂ ਦਾ ਅਦਾਲਤਾਂ ਤੇ ਨਿਆਂ ਪ੍ਰਣਾਲੀ ਤੋਂ ਭਰੋਸਾ ਉਠ ਜਾਵੇਗਾ। ਸਿੱਖ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ ਮਾਰਨ ਨੂੰ ਆਜ਼ਾਦੀ ਜਾਂ ਕੌਮੀ ਲੜਾਈ ਨਹੀਂ ਕਿਹਾ ਜਾ ਸਕਦਾ ਸਗੋਂ ਇਹ ਯੋਜਨਾਬੱਧ ਤਰੀਕੇ ਨਾਲ ਕੀਤੇ ਕਤਲ ਸਨ।

## ਸਰਕਾਰਾਂ ਉਤੇ ਦੋਸ਼ੀਆਂ ਨੂੰ ਬਚਾਉਣ ਦੇ ਦੋਸ਼

**ਚੰਡੀਗੜ੍ਹ:** ਖਾਲੜਾ ਮਿਸ਼ਨ ਆਰਗੇਨਾਈਜੇਸ਼ਨ, ਮਨੁੱਖੀ ਅਧਿਕਾਰ ਇਨਸਾਫ ਸੰਘਰਸ਼ ਕਮੇਟੀ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਤੇ ਲਾਇਰਜ਼ ਫਾਰ ਹਿਊਮਨ ਐਂਡ ਡੈਮੋਕਰੈਟਿਕ ਰਾਈਟਸ ਨੇ ਕਿਹਾ ਕਿ ਪੰਥ ਤੇ ਪੰਜਾਬ ਦੇ ਲੋਕ 25000 ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਦੀ ਪੜਤਾਲ ਮੰਗ ਰਹੇ ਸਨ ਪਰ ਸਰਕਾਰਾਂ ਨੇ ਅਦਾਲਤਾਂ ਦੁਆਰਾ ਦੋਸ਼ੀ ਠਹਿਰਾਏ ਗਏ ਗਿਣਤੀ ਦੇ ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਰਿਹਾਅ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੋਸ਼ੀਆਂ ਨੂੰ ਰਿਹਾਅ ਕਰਨ ਦੀ ਕਾਰਵਾਈ ਨੂੰ ਗੁਰੂ ਨਾਨਕ ਦੇਵ ਦੀ ਸੇਧ ਅਨੁਸਾਰ ਦੱਸ ਕੇ ਝੂਠ ਬੋਲ ਰਿਹਾ ਹੈ।

ਜਥੇਬੰਦੀਆਂ ਨੇ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਝੂਠੇ ਮੁਕਾਬਲਿਆਂ ਬਾਰੇ ਕੀਤੀ ਬਿਆਨਬਾਜ਼ੀ ਪਾਖੰਡ ਹੈ। ਜਦੋਂ ਕਿ ਪੂਰੇ 15 ਸਾਲ ਸੁਖਬੀਰ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ 25 ਹਜ਼ਾਰ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਬਚਾਉਂਦੇ ਰਹੇ ਤੇ ਤਰੱਕੀਆਂ ਦਿੰਦੇ ਰਹੇ ਅਤੇ ਅਕਾਲੀ ਦਲ ਵਿਚ ਸ਼ਾਮਲ ਕਰਦੇ ਰਹੇ। ਹੁਣ ਵੀ ਹਰਸਿਮਰਤ ਕੌਰ ਬਾਦਲ ਮੋਦੀ ਮੰਤਰੀ ਮੰਡਲ ਵਿਚ ਬੈਠ ਕੇ ਝੂਠੇ ਮੁਕਾਬਲਿਆਂ ਦੇ ਦੋਸ਼ੀਆਂ ਨੂੰ ਵਾਰੀ ਵਾਰੀ ਰਿਹਾਅ ਕਰਵਾ ਰਹੀ ਹੈ।

ਜਥੇਬੰਦੀਆਂ ਨੇ ਕਿਹਾ ਕਿ ਇਨ੍ਹਾਂ ਧਿਰਾਂ ਵੱਲੋਂ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ 'ਤੇ ਨਿਰਦੋਸ਼ ਸਿੱਖਾਂ ਦੇ ਕਾਤਲਾਂ ਨੂੰ ਰਿਹਾਅ ਕਰਨਾ ਅਤੇ ਫਿਰ ਇਸ ਨੂੰ ਗੁਰੂ ਸਹਿਬਾਨ ਦੀ ਸੇਧ ਅਨੁਸਾਰ ਦੱਸਣਾ ਅਤਿ ਸ਼ਰਮਨਾਕ ਹੈ।

## ਸੁਖਬੀਰ ਨੇ ਮੋਦੀ ਸਰਕਾਰ ਬਾਰੇ ਖਾਮੋਸ਼ੀ ਧਾਰੀ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨ ਵਾਲੇ ਪੁਲਿਸ ਅਧਿਕਾਰੀਆਂ ਦੀ ਜਲਦੀ ਰਿਹਾਈ ਵਾਸਤੇ ਸਿਫਾਰਸ਼ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਿਖੇਧੀ ਕੀਤੀ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਮੋਦੀ ਸਰਕਾਰ ਵਿਰੁਧ ਇਕ ਸ਼ਬਦ ਵੀ ਨਹੀਂ ਬੋਲਿਆ ਗਿਆ। ਸੁਖਬੀਰ ਨੇ ਕਿਹਾ ਕਿ ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਦੇ ਦੋਸ਼ਾਂ ਹੇਠ ਅਦਾਲਤਾਂ ਵੱਲੋਂ ਸਜ਼ਾ ਦਿੱਤੀ ਗਈ ਸੀ ਅਤੇ ਕਈ ਮਾਮਲਿਆਂ ਦੇ ਦੋਸ਼ੀ ਪੁਲਿਸ ਵਾਲਿਆਂ ਨੇ ਮਿਲੀ ਸਜ਼ਾ ਦਾ ਚੌਥਾ ਹਿੱਸਾ ਵੀ ਨਹੀਂ ਭੁਗਤਿਆ ਹੈ।

# ਰਵਿਦਾਸ ਮੰਦਿਰ ਦੀ ਮੁੜ ਉਸਾਰੀ ਲਈ ਥਾਂ ਦੇਣ ਵਾਸਤੇ ਕੇਂਦਰ ਸਰਕਾਰ ਤਿਆਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਦੱਸਿਆ ਕਿ ਉਹ ਦੱਖਣੀ ਦਿੱਲੀ ਦੇ ਗੁਰੂ ਰਵਿਦਾਸ ਮੰਦਰ ਦੀ ਮੁੜ ਉਸਾਰੀ ਲਈ ਸ਼ਰਧਾਲੂਆਂ ਦੀ ਕਮੇਟੀ ਨੂੰ 200 ਵਰਗ ਮੀਟਰ ਥਾਂ ਦੇਣ ਦੀ ਇੱਛੁਕ ਹੈ।

ਸੁਪਰੀਮ ਕੋਰਟ ਦੇ ਜਸਟਿਸ ਅਰੁਣ ਮਿਸ਼ਰਾ ਤੇ ਜਸਟਿਸ ਐੱਸ ਰਵਿੰਦਰ ਭੱਟ ਦੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਕੇ.ਕੇ. ਵੇਣੂਗੋਪਾਲ ਦੇ ਮਤੇ ਨੂੰ ਦਰਜ ਕੀਤਾ। ਸੁਣਵਾਈ ਦੌਰਾਨ ਵੇਣੂਗੋਪਾਲ ਨੇ ਕਿਹਾ ਕਿ ਉਨ੍ਹਾਂ ਨੇ ਸ਼ਰਧਾਲੂਆਂ ਤੇ ਸਰਕਾਰੀ ਅਧਿਕਾਰੀਆਂ ਸਮੇਤ ਸਾਰੀਆਂ ਧਿਰਾਂ ਨਾਲ ਚਰਚਾ ਕੀਤੀ ਹੈ ਅਤੇ ਸ਼ਰਧਾਲੂਆਂ ਦੀ ਆਸਥਾ ਦੇ ਮੱਦੇਨਜ਼ਰ ਕੇਂਦਰ ਸਰਕਾਰ ਜ਼ਮੀਨ ਦਾ ਉਹੀ ਟੁਕੜਾ ਦੇਣ ਲਈ ਸਹਿਮਤ ਹੋ ਗਈ ਹੈ।

ਅਟਾਰਨੀ ਜਨਰਲ ਨੇ ਦਲੀਲ ਦਿੱਤੀ ਕਿ ਮੰਦਰ ਬਣਾਉਣ ਲਈ ਸ਼ਰਧਾਲੂਆਂ ਦੀ ਕਮੇਟੀ ਨੂੰ ਉਹੀ 200 ਵਰਗ ਮੀਟਰ ਥਾਂ ਸੌਂਪੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਮੰਦਰ ਢਾਹੁਣ ਖਿਲਾਫ ਅਦਾਲਤ ਦੇ ਦਰ ਖੜਕਾਉਣ ਵਾਲੇ ਸੱਤ ਵਿਚੋਂ ਪੰਜ ਪਟੀਸ਼ਨਰਾਂ ਨੇ ਇਸ ਮਤੇ ਨਾਲ ਸਹਿਮਤੀ ਪ੍ਰਗਟਾਈ ਹੈ।

ਜ਼ਿਕਰਯੋਗ ਹੈ ਕਿ 4 ਅਕਤੂਬਰ 2019 ਨੂੰ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਤੁਗਲਕਾਬਾਦ ਜੰਗਲਾਤ ਖੇਤਰ ਵਿਚ ਗੁਰੂ ਰਵਿਦਾਸ ਮੰਦਰ ਦੀ ਮੁੜ-ਉਸਾਰੀ ਦੀ ਆਗਿਆ ਦੇਣ ਬਾਰੇ ਪਟੀਸ਼ਨਰਾਂ ਨਾਲ ਸਬੰਧਤ ਧਿਰਾਂ ਨੂੰ ਕਿਹਾ ਸੀ ਕਿ ਉਹ ਮੰਦਰ ਲਈ ਢੁਕਵੀਂ ਥਾਂ ਲਈ ਸਭ ਨੂੰ ਪ੍ਰਵਾਨਿਤ ਹੱਲ ਨਾਲ ਮੁੜ ਅਦਾਲਤ ਵਿਚ ਆਉਣ। ਅਦਾਲਤ ਨੇ ਕਿਹਾ ਕਿ ਉਹ ਸਭਨਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਪਰ ਕਾਨੂੰਨ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੀ।




## ਪੁਰਾਣੀ ਥਾਂ ਮੰਦਿਰ ਬਣਾਉਣ ਦੇ ਫੈਸਲੇ ਦਾ ਸਵਾਗਤ

**ਜਲੰਧਰ:** ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਤੁਗਲਕਾਬਾਦ ਵਿਚ ਪੁਰਾਣੀ ਥਾਂ ਉਤੇ ਰਵਿਦਾਸ ਮੰਦਰ ਬਣਾਉਣ ਦੇ ਲਏ ਫੈਸਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਮੰਦਰ ਦੇ ਆਲੇ ਦੁਆਲੇ ਦੇ ਇਲਾਕੇ 'ਚ ਗੁਰੂ ਰਵਿਦਾਸ ਜੀ ਦੇ ਨਾਂ ਉਤੇ ਪਾਰਕ ਬਣਾਈ ਜਾਵੇਗੀ ਜਿਸ ਦਾ ਨਾਂ ਗੁਰੂ ਰਵਿਦਾਸ ਉਪ ਵਣ ਰੱਖਿਆ ਜਾਵੇਗਾ ਤੇ ਤਲਾਬ ਦਾ ਨਿਰਮਾਣ ਗੁਰੂ ਰਵਿਦਾਸ ਕੁੰਡ ਦੇ ਨਾਂ 'ਤੇ ਕੀਤਾ ਜਾਵੇਗਾ ਤੇ ਉਥੇ ਮੂਰਤੀ ਦੀ ਸਥਾਪਨਾ ਵੀ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ 'ਚ ਤੁਗਲਕਾਬਾਦ ਪੁਰਾਣੀ ਥਾਂ ਉਤੇ ਮੰਦਰ ਬਣਾਏ ਜਾਣ ਦੀ ਸਹਿਮਤੀ ਉਦੋਂ ਦਿੱਤੀ ਹੈ ਜਦੋਂ ਪੰਜਾਬ ਵਿਚ ਉਪ ਚੋਣਾਂ ਹੋ ਰਹੀਆਂ ਹਨ ਤੇ ਭਾਜਪਾ ਫਗਵਾੜਾ ਤੇ ਮੁਕੇਰੀਆਂ ਤੋਂ ਚੋਣ ਲੜ ਰਹੀ ਹੈ। ਫਗਵਾੜਾ ਵਿਧਾਨ ਸਭਾ ਹਲਕਾ ਰਾਖਵਾਂ ਹੈ ਤੇ ਇਥੇ ਦਲਿਤ ਭਾਈਚਾਰੇ ਦਾ ਪੂਰਾ ਦਬਦਬਾ ਹੈ। ਤੁਗਲਕਾਬਾਦ ਵਿਚ ਮੰਦਰ ਢਾਹੇ ਜਾਣ ਵਿਰੁੱਧ ਫਗਵਾੜੇ ਵਿਚ ਵੀ ਬੰਦ ਦੌਰਾਨ ਪ੍ਰਦਰਸ਼ਨ ਹੋਇਆ ਸੀ।

# ਗਿੱਕੀ ਕਤਲ ਕਾਂਡ: ਹਾਈ ਕੋਰਟ ਵੱਲੋਂ ਚਾਰ ਦੋਸ਼ੀਆਂ ਦੀ ਉਮਰ ਕੈਦ ਬਰਕਰਾਰ

**ਜਲੰਧਰ:** ਬਹੁ-ਚਰਚਿਤ ਗਿੱਕੀ ਕਤਲ ਕਾਂਡ ਦੇ ਚਾਰ ਦੋਸ਼ੀਆਂ ਨੂੰ ਗੁਰਦਾਸਪੁਰ ਜ਼ਿਲ੍ਹਾ ਸੈਸ਼ਨ ਜੱਜ ਵੱਲੋਂ ਸੁਣਾਈ ਗਈ ਉਮਰ ਕੈਦ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਰਕਰਾਰ ਰੱਖਿਆ ਹੈ।

ਗੁਰਕੀਰਤ ਸਿੰਘ ਸੇਖੋਂ ਉਰਫ ਗਿੱਕੀ, ਜੋ ਕਿ ਸੇਖੋਂ ਗਰੈਂਡ ਹੋਟਲ ਦੇ ਮਾਲਕ ਦਾ ਪੁੱਤਰ ਸੀ, ਦਾ 21 ਅਪਰੈਲ 2011 ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ ਦੇ ਭਤੀਜੇ ਰਾਮਸਿਮਰਨ ਸਿੰਘ ਮੱਕੜ ਉਰਫ ਪ੍ਰਿੰਸ ਮੱਕੜ, ਸੰਨੀ ਸਚਦੇਵਾ, ਜਸਦੀਪ ਸਿੰਘ ਜੱਸੂ ਅਤੇ ਅਮਰਪ੍ਰੀਤ ਸਿੰਘ ਨਰੂਲਾ ਦੋਸ਼ੀ ਪਾਏ ਗਏ ਸਨ। ਪਹਿਲਾਂ ਇਹ ਕੇਸ ਜਲੰਧਰ ਜ਼ਿਲ੍ਹਾ ਸੈਸ਼ਨ ਦੀ ਅਦਾਲਤ ਵਿਚ ਚੱਲ ਰਿਹਾ ਸੀ ਪਰ ਉਦੋਂ ਦੋਸ਼ੀਆਂ ਵੱਲੋਂ ਕੇਸ ਨੂੰ ਹੋਰ ਅਦਾਲਤ ਵਿਚ ਬਦਲਣ ਦੀ ਅਪੀਲ ਕੀਤੀ ਗਈ ਸੀ ਕਿਉਂਕਿ ਉਨ੍ਹਾਂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦਾ ਮੀਡੀਆ ਟਰਾਇਲ ਹੋ ਰਿਹਾ ਹੈ। ਕੇਸ ਬਦਲ ਕੇ ਜ਼ਿਲ੍ਹਾ ਸੈਸ਼ਨ, ਗੁਰਦਾਸਪੁਰ ਕੋਲ ਚਲਾ ਗਿਆ ਸੀ। ਪ੍ਰਿੰਸ ਮੱਕੜ ਨੂੰ ਛੱਡ ਕੇ ਬਾਕੀ 3 ਦੋਸ਼ੀ ਜ਼ਮਾਨਤ ਉਤੇ ਬਾਹਰ ਸਨ। ਗੁਰਦਾਸਪੁਰ ਜ਼ਿਲ੍ਹਾ ਸੈਸ਼ਨ ਅਦਾਲਤ ਵੱਲੋਂ ਇਨ੍ਹਾਂ ਦੋਸ਼ੀਆਂ ਨੂੰ 3 ਅਗਸਤ 2015 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਰਦਾਸਪੁਰ ਜ਼ਿਲ੍ਹਾ ਸੈਸ਼ਨ ਅਦਾਲਤ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਗਿੱਕੀ ਸੇਖੋਂ ਦੇ ਪਿਤਾ ਰਾਜਬੀਰ ਸਿੰਘ ਨੇ ਕਿਹਾ ਕਿ ਉਸ ਨੂੰ ਫੈਸਲੇ 'ਤੇ ਤਸੱਲੀ ਹੈ। ਦੋਸ਼ੀਆਂ ਦੇ ਪਰਿਵਾਰਕ ਮੈਂਬਰਾਂ ਨੇ ਇਸ ਮਾਮਲੇ ਉਤੇ ਕੋਈ ਵੀ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਇਸ ਮਾਮਲੇ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੂੰ ਵੀ ਨਮੋਸ਼ੀ ਝੱਲਣੀ ਪਈ ਸੀ ਕਿਉਂਕਿ ਪ੍ਰਿੰਸ ਮੱਕੜ ਉਦੋਂ ਪਾਰਟੀ ਵੱਲੋਂ ਕੌਂਸਲਰ ਦੀ ਚੋਣ ਜਿੱਤਿਆ ਹੋਇਆ ਸੀ।




## ਜਸਟਿਸ ਬੋਬੜੇ ਦੀ ਅਗਲੇ ਚੀਫ ਜਸਟਿਸ ਵਜੋਂ ਸਿਫਾਰਸ਼

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ ਨੇ ਕੇਂਦਰ ਨੂੰ ਲਿਖੇ ਪੱਤਰ ਵਿਚ ਜਾਨਸ਼ੀਨ ਵਜੋਂ ਜਸਟਿਸ ਐਸ.ਏ.ਬੋਬੜੇ ਦੇ ਨਾਂ ਦੀ ਸਿਫਾਰਸ਼ ਕੀਤੀ ਹੈ।

ਜਸਟਿਸ ਗੋਗੋਈ ਨੇ ਕਾਨੂੰਨ ਤੇ ਨਿਆਂ ਮੰਤਰਾਲੇ ਨੂੰ ਲਿਖੇ ਪੱਤਰ ਵਿਚ ਜਸਟਿਸ ਬੋਬੜੇ ਦੇ ਨਾਂ ਦੀ ਅਗਲੇ ਚੀਫ ਜਸਟਿਸ ਵਜੋਂ ਸਿਫਾਰਸ਼ ਕੀਤੀ ਹੈ। ਜਸਟਿਸ ਗੋਗੋਈ ਨੇ ਪਿਛਲੇ ਸਾਲ 3 ਅਕਤੂਬਰ ਨੂੰ ਭਾਰਤ ਦੇ 46ਵੇਂ ਚੀਫ ਜਸਟਿਸ ਵਜੋਂ ਹਲਫ ਲਿਆ ਸੀ ਤੇ ਉਹ 17 ਨਵੰਬਰ ਨੂੰ ਸੇਵਾ ਮੁਕਤ ਹੋਣਗੇ।

# ਸਿੱਖ ਕਤਲੇਆਮ: ਦੋਸ਼ੀਆਂ ਨਾਲ ਪੁਲਿਸ ਦੀ ਗੰਢ-ਤੁਪ ਹੋਈ ਜੱਗ ਜਾਹਰ

**ਨਵੀਂ ਦਿੱਲੀ:** ਸੱਜਣ ਕੁਮਾਰ ਤੇ 1984 ਸਿੱਖ ਕਤਲੇਆਮ ਦੇ ਹੋਰ ਦੋਸ਼ੀਆਂ ਨਾਲ ਪੁਲਿਸ ਦੀ ਗੰਢ-ਤੁਪ ਪਟਿਆਲਾ ਹਾਊਸ ਕੋਰਟ ਵਿਚ ਉਦੋਂ ਜੱਗ ਜ਼ਾਹਰ ਹੋ ਗਈ ਜਦੋਂ ਇਹ ਗੱਲ ਸਾਹਮਣੇ ਆਈ ਕਿ ਪੁਲਿਸ ਜਾਅਲੀ ਗਵਾਹ ਖੜ੍ਹੇ ਕਰ ਕੇ ਦੋਸ਼ੀਆਂ ਨੂੰ ਅਦਾਲਤਾਂ ਵਿਚੋਂ ਕਲੀਨ ਚਿੱਟ ਦਿਵਾਉਂਦੀ ਰਹੀ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਪੁਲਿਸ ਨੇ ਜਾਅਲੀ ਜੋਗਿੰਦਰ ਸਿੰਘ ਅਦਾਲਤ ਵਿਚ ਖੜ੍ਹਾ ਕਰ ਕੇ ਸੱਜਣ ਕੁਮਾਰ ਲਈ ਕਲੀਨ ਚਿੱਟ ਹਾਸਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਹ ਜਾਅਲੀ ਜੋਗਿੰਦਰ ਸਿੰਘ ਅਦਾਲਤ ਵਿਚ ਧਾਰਾ 164 ਤਹਿਤ ਆਪਣੇ ਬਿਆਨ ਦਰਜ ਕਰਵਾਉਂਦਾ ਰਿਹਾ ਤੇ ਅਦਾਲਤ ਵਿਚ ਬਿਆਨ ਦਿੰਦਾ ਰਿਹਾ ਕਿ ਸੱਜਣ ਕੁਮਾਰ ਤੇ ਹੋਰ ਦੋਸ਼ੀ 1984 ਕਤਲੇਆਮ ਦੇ ਕੇਸਾਂ ਵਿਚ ਬੇਕਸੂਰ ਹਨ।

## ਫਰਜ਼ੀ ਗਵਾਹ ਨਾਲ ਸੱਜਣ ਕੁਮਾਰ ਨੂੰ ਬਚਾਉਂਦੀ ਰਹੀ ਪੁਲਿਸ

ਦੋਸ਼ੀਆਂ ਦੀ ਪੁਲਿਸ ਨਾਲ ਗੰਢ-ਤੁਪ ਉਦੋਂ ਜ਼ਾਹਰ ਹੋਈ ਜਦੋਂ ਅਸਲੀ ਜੋਗਿੰਦਰ ਸਿੰਘ ਪਟਿਆਲਾ ਹਾਊਸ ਕੋਰਟ ਵਿਚ ਪੇਸ਼ ਹੋ ਗਿਆ ਤੇ ਉਸ ਨੇ ਦੱਸਿਆ ਕਿ ਉਸ ਨੇ ਕਦੇ ਵੀ ਅੰਗਰੇਜ਼ੀ ਵਿਚ ਹਸਤਾਖਰ ਕਰਕੇ ਅਦਾਲਤ ਵਿਚ ਗਵਾਹੀ ਨਹੀਂ ਦਿੱਤੀ ਕਿਉਂਕਿ ਉਹ ਅੰਗਰੇਜ਼ੀ ਜਾਣਦਾ ਹੀ ਨਹੀਂ। ਉਸ ਨੇ ਇਹ ਵੀ ਦੱਸਿਆ ਕਿ ਉਹ ਵਾਰ-ਵਾਰ ਪੁਲਿਸ ਕੋਲ ਗਵਾਹੀ ਦਿੰਦਾ ਰਿਹਾ ਹੈ ਕਿ ਉਸ ਨੇ ਸੱਜਣ ਕੁਮਾਰ ਨੂੰ ਆਪਣੇ ਭਰਾ ਦਾ ਕਤਲ ਕਰਦਿਆਂ ਵੇਖਿਆ ਹੈ ਤੇ ਉਹ 1984 ਸਿੱਖ ਕਤਲੇਆਮ ਦਾ ਦੋਸ਼ੀ ਹੈ।




ਸ੍ਰੀ ਸਿਰਸਾ ਨੇ ਦੱਸਿਆ ਕਿ ਸੁਣਵਾਈ ਦੌਰਾਨ ਸੱਜਣ ਕੁਮਾਰ ਦੇ ਵਕੀਲ ਨੇ ਅਦਾਲਤ ਵਿਚ ਅਸਲੀ ਜੋਗਿੰਦਰ ਸਿੰਘ ਦਾ ਬਿਆਨ ਦਰਜ ਕਰਨ ਦਾ ਵਿਰੋਧ ਕੀਤਾ ਪਰ ਜੱਜ ਨੇ ਆਖਿਆ ਕਿ ਇਸ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਵੇਖਦਿਆਂ ਉਹ ਅਸਲੀ ਜੋਗਿੰਦਰ ਸਿੰਘ ਦਾ ਬਿਆਨ ਦਰਜ ਕਰਨ ਦੀ ਪ੍ਰਵਾਨਗੀ ਦੇ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਅਦਾਲਤ 'ਚ ਸੀ.ਬੀ.ਆਈ. ਨੇ ਦੱਸਿਆ ਕਿ ਪੁਲਿਸ ਦੋਸ਼ੀਆਂ ਨਾਲ ਰਲੀ ਹੋਈ ਸੀ।

# ਸਿੱਖਾਂ ਲਈ ਦਰਵਾਜੇ ਖੋਲ੍ਹਣ ਲਈ ਪਾਕਿਸਤਾਨ ਤਿਆਰ: ਇਮਰਾਨ

## ਕਰਤਾਰਪੁਰ ਲਾਂਘਾ 9 ਨਵੰਬਰ ਨੂੰ ਖੋਲ੍ਹਣ ਦਾ ਕੀਤਾ ਐਲਾਨ

**ਲਾਹੌਰ**: ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਮੁਲਕ ਚਿਰਾਂ ਤੋਂ ਉਡੀਕੇ ਜਾ ਰਹੇ ਕਰਤਾਰਪੁਰ ਲਾਂਘੇ ਨੂੰ 9 ਨਵੰਬਰ ਨੂੰ ਖੋਲ੍ਹ ਦੇਵੇਗਾ। ਖਾਨ ਨੇ ਫੇਸਬੁੱਕ ਉਤੇ ਲਿਖਿਆ 'ਪਾਕਿਸਤਾਨ ਦੁਨੀਆਂ ਭਰ ਦੇ ਸਿੱਖਾਂ ਲਈ ਆਪਣੇ ਦਰਵਾਜ਼ੇ ਖੋਲ੍ਹਣ ਲਈ ਪੂਰੀ ਤਰ੍ਹਾਂ ਤਿਆਰ ਹੈ, ਕਰਤਾਰਪੁਰ ਲਾਂਘੇ ਦਾ ਕੰਮ ਆਖਰੀ ਗੇੜ ਵਿਚ ਹੈ। ਉਸ ਨੂੰ ਨੌਂ ਨਵੰਬਰ ਨੂੰ ਸੰਗਤ ਲਈ ਖੋਲ੍ਹ ਦਿੱਤਾ ਜਾਵੇਗਾ।'

ਇਹ ਐਲਾਨ ਕਰਕੇ ਇਮਰਾਨ ਨੇ ਜਤਾਏ ਜਾ ਰਹੇ ਉਹ ਸਾਰੇ ਖਦਸ਼ੇ ਦੂਰ ਕਰ ਦਿੱਤੇ ਹਨ ਜਿਨ੍ਹਾਂ ਵਿਚ ਕਿਹਾ ਜਾ ਰਿਹਾ ਸੀ ਕਿ 12 ਨਵੰਬਰ ਨੂੰ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਲਾਂਘਾ ਖੋਲ੍ਹਿਆ ਜਾਵੇਗਾ ਕਿ ਨਹੀਂ। ਪਾਕਿ ਪ੍ਰਧਾਨ ਮੰਤਰੀ ਇਮਰਾਨ ਨੇ ਕਿਹਾ ਕਿ ਗੁਰਦੁਆਰੇ ਵਿਚ ਭਾਰਤ ਤੇ ਸੰਸਾਰ ਦੇ ਕਈ ਹਿੱਸਿਆਂ ਤੋਂ ਸਿੱਖ ਆਉਣਗੇ।

ਇਹ ਸਿੱਖਾਂ ਲਈ ਇਕ ਵੱਡਾ ਧਾਰਮਿਕ ਕੇਂਦਰ ਬਣ ਜਾਵੇਗਾ ਤੇ ਇਸ ਨਾਲ ਸਥਾਨਕ



ਅਰਥਵਿਵਸਥਾ ਵੀ ਮਜ਼ਬੂਤ ਹੋਵੇਗੀ। ਮੁਲਕ ਵਿਚ ਵਿਦੇਸ਼ੀ ਕਰੰਸੀ ਆਵੇਗੀ ਤੇ ਯਾਤਰਾ ਅਤੇ ਮਹਿਮਾਨ ਨਿਵਾਜੀ ਸਣੇ ਵੱਖ-ਵੱਖ ਖੇਤਰਾਂ ਵਿਚ ਨੌਕਰੀਆਂ ਪੈਦਾ ਹੋਣਗੀਆਂ। ਇਮਰਾਨ ਨੇ ਕਿਹਾ ਕਿ ਪਾਕਿ ਵਿਚ ਧਾਰਮਿਕ ਸੈਰ-ਸਪਾਟਾ ਵੱਧ ਰਿਹਾ ਹੈ। ਪਹਿਲਾਂ ਬੋਧੀ ਭਿਕਸ਼ੂ ਧਾਰਮਿਕ ਰੀਤੀ-ਰਿਵਾਜਾਂ ਲਈ ਆਏ ਸਨ ਤੇ ਹੁਣ ਲਾਂਘਾ ਖੋਲ੍ਹਿਆ ਜਾ ਰਿਹਾ ਹੈ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਦਸ ਅਕਤੂਬਰ ਨੂੰ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਸਲ ਨੇ ਕਿਹਾ ਸੀ ਕਿ ਲਾਂਘਾ ਖੋਲ੍ਹਣ ਲਈ ਹਾਲੇ ਤੱਕ ਕੋਈ ਤਰੀਕ ਤੈਅ ਨਹੀਂ ਕੀਤੀ ਗਈ ਹੈ। ਲਾਂਘਾ ਪ੍ਰੋਜੈਕਟ ਦੀ ਅਗਵਾਈ ਕਰ ਰਹੇ ਇਕ ਹੋਰ ਸੀਨੀਅਰ ਪਾਕਿ ਅਧਿਕਾਰੀ ਨੇ ਵੀ ਇਸ ਦੇ 9 ਨਵੰਬਰ ਨੂੰ ਖੁੱਲ੍ਹਣ ਦੀ ਪੁਸ਼ਟੀ ਕੀਤੀ ਹੈ। ਤਜਵੀਜ਼ਤ ਲਾਂਘਾ ਕਰਤਾਰਪੁਰ (ਪਾਕਿਸਤਾਨ) ਦੇ ਗੁਰਦੁਆਰਾ ਦਰਬਾਰ ਸਾਹਿਬ ਨੂੰ ਜ਼ਿਲ੍ਹਾ ਗੁਰਦਾਸਪੁਰ (ਭਾਰਤ) ਦੇ ਡੇਰਾ ਬਾਬਾ ਨਾਨਕ ਕਸਬੇ ਨਾਲ ਜੋੜੇਗਾ। ਇਸ ਨਾਲ ਭਾਰਤੀ ਸ਼ਰਧਾਲੂ ਬਿਨਾਂ ਵੀਜ਼ਾ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਣਗੇ। ਸ਼ਰਧਾਲੂਆਂ ਨੂੰ ਕਰਤਾਰਪੁਰ ਸਾਹਿਬ ਜਾਣ ਲਈ ਸਿਰਫ ਇਕ ਪਰਮਿਟ ਲੈਣਾ ਪਵੇਗਾ। ਦੱਸਣਯੋਗ ਹੈ ਕਿ ਪਾਕਿਸਤਾਨ, ਭਾਰਤੀ ਸਰਹੱਦ ਤੋਂ ਗੁਰਦੁਆਰਾ ਦਰਬਾਰ ਸਾਹਿਬ ਤੱਕ ਲਾਂਘੇ ਦਾ ਨਿਰਮਾਣ ਕਰ ਰਹੀ ਹੈ ਜਦਕਿ ਸੂਬਾ ਪੰਜਾਬ 'ਚ ਪੈਂਦੇ ਕਸਬੇ ਡੇਰਾ ਬਾਬਾ ਨਾਨਕ ਤੋਂ ਸਰਹੱਦ ਤੱਕ ਲਾਂਘੇ ਦਾ ਦੂਜਾ ਹਿੱਸਾ ਭਾਰਤ ਬਣਾਏਗਾ।

### ਮਨਮੋਹਨ ਸਿੰਘ ਆਮ ਸ਼ਰਧਾਲੂ ਵਾਂਗ ਭਰਨਗੇ ਹਾਜ਼ਰੀ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਪਾਕਿਸਤਾਨ ਸਰਕਾਰ ਵੱਲੋਂ ਰੱਖੇ ਕਰਤਾਰਪੁਰ ਲਾਂਘੇ ਦੇ ਉਦਘਾਟਨੀ ਸਮਾਗਮਾਂ ਵਿਚ ਸ਼ਿਰਕਤ ਨਹੀਂ ਕਰਨਗੇ ਬਲਕਿ 'ਇਕ ਆਮ ਸ਼ਰਧਾਲੂ' ਵਜੋਂ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰਨਗੇ। ਮਨਮੋਹਨ ਸਿੰਘ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਕਰਤਾਰਪੁਰ ਜਾਣ ਵਾਲੇ ਜਥੇ ਦੇ ਮੈਂਬਰ ਹੋਣਗੇ। ਉਹ ਗੁਰਦੁਆਰਾ ਸਾਹਿਬ 'ਚ ਮੱਥਾ ਟੇਕਣ ਤੋਂ ਬਾਅਦ ਉਸੇ ਦਿਨ ਪਰਤ ਆਉਣਗੇ। ਦੱਸਣਯੋਗ ਹੈ ਕਿ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਮੁਲਤਾਨ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਸੀ ਕਿ ਸਾਬਕਾ ਪ੍ਰਧਾਨ ਮੰਤਰੀ ਨੇ 9 ਨਵੰਬਰ ਨੂੰ ਪਾਕਿ ਸਰਕਾਰ ਦੇ ਉਦਘਾਟਨੀ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਸਵੀਕਾਰ ਲਿਆ ਹੈ। ਡਾਅਨ ਅਖਬਾਰ ਦੀ ਰਿਪੋਰਟ ਮੁਤਾਬਕ ਕੁਰੈਸ਼ੀ ਨੇ ਕਿਹਾ ਸੀ ਕਿ ਉਹ 'ਆਮ ਸ਼ਰਧਾਲੂ' ਵਜੋਂ ਸ਼ਿਰਕਤ ਕਰਨਗੇ ਨਾ ਕਿ ਵਿਸ਼ੇਸ਼ ਮਹਿਮਾਨ ਵਜੋਂ।


# ਕਰਤਾਰਪੁਰ ਲਾਂਘਾ: ਭਾਰਤ ਵਲੋਂ ਸਾਰੇ ਕੰਮ ਸਮੇਂ ਸਿਰ ਮੁਕੰਮਲ ਕਰਨ ਦਾ ਦਾਅਵਾ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਤਾਰਪੁਰ ਲਾਂਘੇ ਲਈ ਭਾਰਤ ਵਾਲੇ ਪਾਸੇ ਉਸਾਰੇ ਜਾ ਰਹੇ 'ਇੰਟਰਨੈਸ਼ਨਲ ਵਿਜ਼ਟਰ ਸੈਂਟਰ ਕੰਪਲੈਕਸ' ਤੇ ਲਾਂਘੇ ਲਈ ਸਰਹੱਦ ਤੱਕ ਉਸਾਰੀ ਗਈ 4.2 ਕਿਲੋਮੀਟਰ ਸੜਕ ਦਾ ਉਦਘਾਟਨ

## ਮੋਦੀ 9 ਨੂੰ ਕਰਨਗੇ ਲਾਂਘੇ ਦਾ ਉਦਘਾਟਨ

9 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਰੱਖੇ ਜਾ ਰਹੇ ਵਿਸ਼ੇਸ਼ ਸਮਾਗਮ ਦੌਰਾਨ ਕਰਨਗੇ। ਕੈਬਨਿਟ ਮੰਤਰੀ ਤੇ ਰਾਜ ਸਰਕਾਰ ਵੱਲੋਂ ਕਰਤਾਰਪੁਰ ਲਾਂਘੇ ਦੇ ਪ੍ਰਬੰਧਾਂ ਲਈ ਇੰਚਾਰਜ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਨੁਸਾਰ ਰਾਜ ਦੇ ਮੁੱਖ ਸਕੱਤਰ ਨੂੰ ਕੇਂਦਰ ਸਰਕਾਰ ਵੱਲੋਂ ਉਕਤ ਪ੍ਰੋਗਰਾਮ ਸਬੰਧੀ ਬਕਾਇਦਾ ਲਿਖਤੀ ਸੂਚਨਾ ਪ੍ਰਾਪਤ ਹੋਈ, ਜਿਸ 'ਚ ਰਾਜ ਸਰਕਾਰ ਨੂੰ ਪ੍ਰਧਾਨ ਮੰਤਰੀ ਦੀ ਇਸ ਫੇਰੀ ਅਤੇ ਪ੍ਰੋਗਰਾਮ ਲਈ ਲੋੜੀਂਦੇ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ।

ਵਰਨਣਯੋਗ ਹੈ ਕਿ ਕਰਤਾਰਪੁਰ ਲਾਂਘੇ ਲਈ ਹਿੰਦ-ਪਾਕਿ ਸਰਹੱਦ ਉਤੇ ਡੇਰਾ ਬਾਬਾ ਨਾਨਕ ਵਿਖੇ ਸੰਗਤ ਦੀ ਆਮਦ ਅਤੇ ਕਸਟਮ ਤੇ ਇਮੀਗ੍ਰੇਸ਼ਨ ਜਾਂਚ ਲਈ ਭਾਰਤ ਸਰਕਾਰ ਵੱਲੋਂ 'ਇੰਟਰਨੈਸ਼ਨਲ ਵਿਜ਼ਟਰ ਸੈਂਟਰ' ਅਟਾਰੀ



ਸਰਹੱਦ ਦੀ ਤਰਜ਼ ਉਤੇ ਹੀ ਉਸਾਰਿਆ ਜਾ ਰਿਹਾ ਹੈ ਤਾਂ ਜੋ ਰੋਜ਼ਾਨਾ 5 ਤੋਂ 10 ਹਜ਼ਾਰ ਸ਼ਰਧਾਲੂਆਂ ਦੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਜਾਣ-ਆਉਣ ਦਾ ਪ੍ਰਬੰਧ ਹੋ ਸਕੇ। ਕੇਂਦਰ ਦੇ ਸੜਕੀ ਆਵਾਜਾਈ ਵਿਭਾਗ ਵੱਲੋਂ ਹਿੰਦ-ਪਾਕਿ ਸਰਹੱਦ ਤੋਂ ਇਸ ਸੈਂਟਰ ਤੱਕ ਬਣਾਈ ਗਈ 4.2 ਕਿਲੋਮੀਟਰ ਸੜਕ ਦਾ ਕੰਮ ਵੀ ਤਕਰੀਬਨ ਪੂਰਾ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਇਸ ਲਾਂਘੇ ਲਈ ਕੰਮ ਕਰਨ ਵਾਲੇ ਵੱਡੀ ਗਿਣਤੀ ਵਿਚ ਸੁਰੱਖਿਆ ਅਮਲੇ ਅਤੇ ਦਫਤਰੀ ਅਮਲੇ ਲਈ ਲੋੜੀਂਦੇ ਦਫਤਰ ਅਤੇ ਰਿਹਾਇਸ਼ੀ ਕੰਪਲੈਕਸ ਵੀ ਭਾਰਤ ਸਰਕਾਰ ਵੱਲੋਂ ਹੀ ਉਸਾਰੇ ਜਾ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਉਸਾਰੀਆਂ ਜਾ ਰਹੀਆਂ ਸਾਰੀਆਂ ਇਮਾਰਤਾਂ ਦੇ ਉਦਘਾਟਨ ਲਈ ਪ੍ਰੋਗਰਾਮ ਵੀ ਕੇਂਦਰ ਸਰਕਾਰ ਵੱਲੋਂ ਹੀ ਕੀਤਾ ਜਾ ਰਿਹਾ ਹੈ, ਜਿਸ 'ਚ ਪੰਜਾਬ ਸਰਕਾਰ ਵੱਲੋਂ ਪੂਰੀ ਮਿਲਵਰਤਨ ਅਤੇ ਸ਼ਮੂਲੀਅਤ ਕੀਤੇ ਜਾਣ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ। ਕੇਂਦਰ ਦੇ ਗ੍ਰਹਿ ਸਕੱਤਰ ਅਤੇ ਦੂਜੇ ਸੀਨੀਅਰ ਅਧਿਕਾਰੀਆਂ ਦੀ ਇਕ ਟੀਮ ਕੁਝ ਦਿਨ ਪਹਿਲਾਂ ਹੀ ਡੇਰਾ ਬਾਬਾ ਨਾਨਕ ਵਿਖੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈ ਕੇ ਗਈ ਸੀ ਅਤੇ ਕੇਂਦਰ ਦੀਆਂ ਸੁਰੱਖਿਆ ਏਜੰਸੀਆਂ ਵੱਲੋਂ ਵੀ ਲਾਂਘੇ ਨਾਲ ਸਬੰਧਿਤ ਪ੍ਰੋਜੈਕਟਾਂ ਅਤੇ ਇਮਾਰਤਾਂ ਆਦਿ ਦਾ ਜਾਇਜ਼ਾ ਲਿਆ ਗਿਆ ਸੀ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਆਉਣ ਸਬੰਧੀ ਵਿਸਤ੍ਰਿਤ ਪ੍ਰੋਗਰਾਮ ਬਾਅਦ ਵਿਚ ਰਾਜ ਸਰਕਾਰ ਨੂੰ ਭੇਜਿਆ ਜਾਵੇਗਾ, ਜਦੋਂ ਕਿ ਅਨੁਮਾਨ ਹੈ ਕਿ ਪ੍ਰਧਾਨ ਮੰਤਰੀ ਪਠਾਨਕੋਟ ਜਾਂ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਵਿਸ਼ੇਸ਼ ਹੈਲੀਕਾਪਟਰ ਰਾਹੀਂ ਡੇਰਾ ਬਾਬਾ ਨਾਨਕ ਜਾਣਗੇ।

ਵਰਨਣਯੋਗ ਹੈ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਪਹਿਲਾ ਜਥਾ, ਜਿਸ ਦੀ ਅਗਵਾਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਜਾਣੀ ਹੈ ਕੀ 9 ਨਵੰਬਰ ਨੂੰ ਪਾਕਿਸਤਾਨ ਜਾ ਸਕੇਗਾ ਜਾਂ ਨਹੀਂ, ਇਸ ਸਬੰਧੀ ਅਨਿਸ਼ਚਿਤਤਾ ਬਣੀ ਹੋਈ ਹੈ ਕਿਉਂਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਲਈ ਜਥੇ ਭੇਜਣ ਦਾ ਸਿਲਸਲਾ ਪਾਕਿਸਤਾਨ ਵਾਲੇ ਪਾਸਿਉਂ ਲਾਂਘਾ ਖੁੱਲ੍ਹਣ ਤੋਂ ਬਾਅਦ ਹੀ ਸੰਭਵ ਹੋ ਸਕੇਗਾ। ਜ਼ਿਕਰਯੋਗ ਹੈ ਕਿ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਵਲੋਂ 12 ਅਕਤੂਬਰ ਨੂੰ ਦਿੱਲੀ ਤੋਂ ਟਵਿੱਟਰ ਉਤੇ ਟਵੀਟ ਕਰ ਕੇ ਦੱਸਿਆ ਗਿਆ ਸੀ ਕਿ ਪ੍ਰਧਾਨ ਮੰਤਰੀ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ 8 ਨਵੰਬਰ ਨੂੰ ਡੇਰਾ ਬਾਬਾ ਨਾਨਕ ਆਉਣਗੇ।

### ਬੀ.ਐਸ.ਐਫ. ਦੇ ਵਿਸ਼ੇਸ਼ ਦਸਤੇ ਹਵਾਲੇ ਹੋਵੇਗੀ ਆਈ.ਪੀ.ਸੀ.

**ਡੇਰਾ ਬਾਬਾ ਨਾਨਕ:** ਕੇਂਦਰੀ ਗ੍ਰਹਿ ਮੰਤਰਾਲੇ ਨੇ ਭਾਰਤ ਤੇ ਪਾਕਿਸਤਾਨ ਵਿਚਕਾਰ ਕਰਤਾਰਪੁਰ ਸਾਹਿਬ ਕੋਰੀਡੋਰ ਇਮੀਗ੍ਰੇਸ਼ਨ ਚੈੱਕ ਪੋਸਟ (ਆਈ.ਪੀ.ਸੀ.) ਨੂੰ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦੇ ਵਿਸ਼ੇਸ਼ ਦਸਤੇ ਹਵਾਲੇ ਕਰਨ ਦੀ ਆਗਿਆ ਦੇ ਦਿੱਤੀ ਹੈ। ਸੀਮਾ ਸੁਰੱਖਿਆ ਬਲ ਵੱਲੋਂ 8 ਨਵੰਬਰ ਤੋਂ ਪਹਿਲਾਂ ਪਹਿਲਾਂ ਚੈੱਕ ਪੋਸਟ ਦਾ ਚਾਰਜ ਸੰਭਾਲ ਲੈਣ ਦੀ ਉਮੀਦ ਹੈ। ਇਹ ਦਸਤੇ 'ਪੈਸੇਂਜਰ ਟਰਮੀਨਲ ਬਿਲਡਿੰਗ' ਅਤੇ 4.2 ਕਿਲੋਮੀਟਰ ਲਾਂਘੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸੰਭਾਲ ਲੈਣਗੇ। ਇਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਡੇਰਾ ਬਾਬਾ ਨਾਨਕ ਵਿਚ ਤਿਆਰ ਕੀਤਾ ਜਾ ਰਿਹਾ ਪ੍ਰੋਜੈਕਟ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਨੂੰ ਸੌਂਪਿਆ ਹੋਇਆ ਹੈ। ਟਰਮੀਨਲ ਉਤੇ ਸ਼ਰਧਾਲੂਆਂ ਦੀ ਸਹਾਇਤਾ ਲਈ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਦੇ ਨਾਲ-ਨਾਲ ਕਸਟਮ ਅਤੇ ਸੂਬਾ ਪੁਲਿਸ ਦੇ ਮੁਲਾਜ਼ਮ ਵੀ ਤਾਇਨਾਤ ਹੋਣਗੇ।

# ਪ੍ਰਕਾਸ਼ ਪੁਰਬ: ਸਿੱਖ ਸ਼ਰਧਾਲੂ ਪੰਜ ਨੂੰ ਹੋਣਗੇ ਪਾਕਿਸਤਾਨ ਰਵਾਨਾ

**ਅੰਮ੍ਰਿਤਸਰ:** ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਮੌਕੇ ਪਾਕਿਸਤਾਨ ਸਰਕਾਰ ਵੱਲੋਂ ਭਾਰਤ ਤੋਂ ਜਾਣ ਵਾਲੇ ਲਗਭਗ 2500 ਸਿੱਖ ਸ਼ਰਧਾਲੂਆਂ ਨੂੰ ਇਸ ਸਬੰਧੀ ਉਦਘਾਟਨ ਸਮਾਗਮ ਵਿਚ ਸ਼ਾਮਲ ਕਰਨ ਦਾ ਪ੍ਰੋਗਰਾਮ ਉਲਿਕਿਆ ਹੈ। ਔਕਾਫ ਬੋਰਡ ਵੱਲੋਂ ਭੇਜੇ ਇਸ ਪ੍ਰੋਗਰਾਮ ਤਹਿਤ ਪੰਜ ਨਵੰਬਰ ਨੂੰ ਸਿੱਖ ਸ਼ਰਧਾਲੂਆਂ ਦੇ ਜਥੇ ਰੇਲ ਤੇ ਸੜਕ ਮਾਰਗ ਰਾਹੀਂ ਭਾਰਤ ਤੋਂ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਲਈ ਰਵਾਨਾ ਹੋਣਗੇ।

ਇਸ ਦੌਰਾਨ ਪੰਜ ਤੇ ਛੇ ਨਵੰਬਰ ਨੂੰ ਸ਼ਰਧਾਲੂ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਰਹਿਣਗੇ। ਲਗਭਗ 2500 ਸਿੱਖ ਸ਼ਰਧਾਲੂਆਂ ਨੂੰ 7 ਨਵੰਬਰ ਨੂੰ ਬੱਸਾਂ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਲਿਜਾਇਆ ਜਾਵੇਗਾ। ਇਹ ਸ਼ਰਧਾਲੂ 9 ਨਵੰਬਰ ਨੂੰ ਉਦਘਾਟਨੀ ਸਮਾਗਮ ਮਗਰੋਂ ਮੁੜ ਨਨਕਾਣਾ ਸਾਹਿਬ ਪਰਤਣਗੇ ਜਿਥੇ ਦਸ ਨਵੰਬਰ ਨੂੰ ਪ੍ਰਕਾਸ਼ ਪੁਰਬ ਸਮਾਗਮਾਂ ਲਈ ਅਖੰਡ ਪਾਠ ਅਰੰਭ ਹੋਵੇਗਾ ਅਤੇ 12 ਨਵੰਬਰ ਨੂੰ ਭੋਗ ਪਾਏ ਜਾਣਗੇ ਤੇ ਨਗਰ ਕੀਰਤਨ ਵੀ ਸਜਾਇਆ ਜਾਵੇਗਾ। ਇਹ ਸ਼ਰਧਾਲੂ 13 ਨਵੰਬਰ ਨੂੰ ਵਾਪਸ ਭਾਰਤ ਪਰਤ ਆਉਣਗੇ। ਇਸੇ ਤਰ੍ਹਾਂ 6 ਨਵੰਬਰ ਨੂੰ ਜਾਣ ਵਾਲੇ ਸਿੱਖ ਸ਼ਰਧਾਲੂਆਂ ਦਾ ਜਥਾ 14 ਨਵੰਬਰ ਨੂੰ ਭਾਰਤ ਵਾਪਸ ਪਰਤੇਗਾ। ਔਕਾਫ ਬੋਰਡ ਤੇ ਪੀ.ਜੀ.ਪੀ.ਸੀ. ਵੱਲੋਂ ਬਣਾਏ ਇਸ ਪ੍ਰੋਗਰਾਮ ਵਿਚ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ, ਹਸਨ ਅਬਦਾਲ ਸਥਿਤ ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਦੀ ਯਾਤਰਾ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ। ਸਿੱਖ ਸ਼ਰਧਾਲੂਆਂ ਦਾ ਜਥਾ ਭੇਜ ਰਹੀ ਜਥੇਬੰਦੀ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਮੁਖੀ ਹਰਪਾਲ ਸਿੰਘ ਭੁੱਲਰ ਨੇ ਦੱਸਿਆ ਕਿ ਜਥੇਬੰਦੀ ਨੇ ਲਗਭਗ 580 ਸ਼ਰਧਾਲੂਆਂ ਦੇ ਵੀਜ਼ੇ ਲਈ ਪਾਸਪੋਰਟ ਭੇਜੇ ਹਨ।

ਉਨ੍ਹਾਂ ਆਖਿਆ ਕਿ ਪਾਕਿਸਤਾਨ ਵੱਲੋਂ ਖੁੱਲ੍ਹੇ ਦਿਲ ਨਾਲ ਵੀਜ਼ੇ ਦੇਣ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਨਾ ਸ਼ਲਾਘਾਯੋਗ ਹੈ। ਉਨ੍ਹਾਂ ਆਖਿਆ ਕਿ 5 ਨਵੰਬਰ ਨੂੰ ਯਾਤਰੂ ਸੜਕ ਰਸਤੇ ਪਾਕਿਸਤਾਨ ਜਾਣਗੇ ਤੇ ਅਗਾਂਹ ਬੱਸਾਂ ਤੇ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਨਨਕਾਣਾ ਸਾਹਿਬ ਲਈ ਰਵਾਨਾ ਹੋਣਗੇ। ਉਨ੍ਹਾਂ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਦੇ ਉਦਘਾਟਨੀ ਸਮਾਗਮ ਸਮੇਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ।

### ਸਰਹੱਦ ਨਾਲ ਗਲਵੱਕੜੀ ਪਾਵੇਗਾ ਗੁਰੂ ਨਾਨਕ ਮਾਰਗ

**ਬਠਿੰਡਾ:** ਕੇਂਦਰ ਸਰਕਾਰ ਨੇ ਭਾਰਤ-ਪਾਕਿਸਤਾਨ ਸਰਹੱਦ ਤੋਂ ਸੁਲਤਾਨਪੁਰ ਲੋਧੀ ਤੱਕ ਦੇ ਕੌਮੀ ਸ਼ਾਹਰਾਹ ਦਾ ਨਾਮ 'ਸ੍ਰੀ ਗੁਰੂ ਨਾਨਕ ਦੇਵ ਜੀ ਮਾਰਗ' ਰੱਖਣ ਦਾ ਐਲਾਨ ਕੀਤਾ ਹੈ। ਕੇਂਦਰੀ ਆਵਾਜਾਈ ਮੰਤਰਾਲੇ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਹ ਫੈਸਲਾ ਲਿਆ ਹੈ ਅਤੇ ਇਸ ਨਾਮਕਰਨ ਸਬੰਧੀ ਫੌਰੀ ਕਾਰਵਾਈ ਲਈ ਕੌਮੀ ਸੜਕ ਮਾਰਗ ਅਥਾਰਿਟੀ ਅਤੇ ਲੋਕ ਨਿਰਮਾਣ ਵਿਭਾਗ, ਪੰਜਾਬ ਦੇ ਪ੍ਰਮੁੱਖ ਸਕੱਤਰ ਨੂੰ ਹਦਾਇਤ ਕੀਤੀ ਹੈ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ 13 ਸਤੰਬਰ ਨੂੰ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੂੰ ਪੱਤਰ ਭੇਜ ਕੇ ਇਸ ਮਾਰਗ ਦਾ ਨਾਮ 'ਸ੍ਰੀ ਗੁਰੂ ਨਾਨਕ ਦੇਵ ਜੀ ਮਾਰਗ' ਰੱਖਣ ਲਈ ਬੇਨਤੀ ਕੀਤੀ ਗਈ ਸੀ। ਕੇਂਦਰੀ ਸੜਕ ਆਵਾਜਾਈ ਮੰਤਰਾਲੇ ਦੇ ਅਧੀਨ ਸਕੱਤਰ ਨੇ 17 ਅਕਤੂਬਰ ਨੂੰ ਪੱਤਰ ਭੇਜ ਕੇ ਇਸ ਫੈਸਲੇ ਤੋਂ ਜਾਣੂ ਕਰਾਇਆ ਹੈ। ਗਡਕਰੀ ਨੇ ਹਰਸਿਮਰਤ ਨੂੰ ਪੱਤਰ ਭੇਜ ਕੇ ਇਹ ਜਾਣਕਾਰੀ ਦਿੱਤੀ ਹੈ।

### ਡੇਰਾ ਬਾਬਾ ਨਾਨਕ 'ਚ ਲੰਗਰ ਲਈ ਲੈਣੀ ਪਵੇਗੀ ਪ੍ਰਵਾਨਗੀ

**ਗੁਰਦਾਸਪੁਰ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸਬ ਡਿਵੀਜ਼ਨ ਡੇਰਾ ਬਾਬਾ ਨਾਨਕ ਵਿਚ ਸੰਗਤ ਤੇ ਸੰਸਥਾਵਾਂ ਵੱਲੋਂ ਬਿਨਾਂ ਪ੍ਰਵਾਨਗੀ ਲੰਗਰ ਨਹੀਂ ਲਾਏ ਜਾ ਸਕਣਗੇ। ਐਸ.ਡੀ.ਐਮ, ਡੇਰਾ ਬਾਬਾ ਨਾਨਕ ਨੇ ਇਸ ਸਬੰਧੀ ਤਹਿਸੀਲਦਾਰ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਡੇਰਾ ਬਾਬਾ ਨਾਨਕ ਨੂੰ ਪੱਤਰ ਲਿਖ ਕੇ ਜ਼ਰੂਰੀ ਹਦਾਇਤਾਂ ਦਿੱਤੀਆਂ ਹਨ। ਪੱਤਰ ਅਨੁਸਾਰ ਹਲਕਾ ਪਟਵਾਰੀ, ਪੰਚਾਇਤ ਸਕੱਤਰਾਂ ਰਾਹੀਂ ਸਬ ਡਿਵੀਜ਼ਨ ਅਧੀਨ ਪੈਂਦੇ ਪਿੰਡਾਂ ਵਿਚ ਮੁਨਾਦੀ ਕਰਵਾਉਣ। ਜੇਕਰ ਕਿਸੇ ਵੀ ਸੰਸਥਾ ਜਾਂ ਵਿਅਕਤੀ ਵੱਲੋਂ ਲੰਗਰ ਲਾਇਆ ਜਾਣਾ ਹੈ, ਤਾਂ ਇਸ ਸਬੰਧੀ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ। ਇਸ ਲੈਣ ਵਾਸਤੇ ਦਫਤਰ ਉਪ ਮੰਡਲ ਮੈਜਿਸਟਰੇਟ, ਡੇਰਾ ਬਾਬਾ ਨਾਨਕ ਵਿੱਚ ਕੋਈ ਵੀ ਨਿਰਧਾਰਿਤ ਪ੍ਰੋਫਾਰਮੇ 'ਤੇ ਦਰਖਾਸਤ ਦੇ ਸਕਦਾ ਹੈ।

### ਪ੍ਰਕਾਸ਼ ਪੁਰਬ 'ਵਿਸ਼ਵ ਬਰਾਬਰੀ ਦਿਵਸ' ਵਜੋਂ ਮਨਾਉਣ ਦਾ ਫੈਸਲਾ

**ਅੰਮ੍ਰਿਤਸਰ:** ਅਮਰੀਕੀ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦੀ ਜਥੇਬੰਦੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਖੁਲਾਸਾ ਕੀਤਾ ਕਿ ਗੁਰੂ ਨਾਨਕ ਜੀ ਦਾ 550ਵਾਂ ਪ੍ਰਕਾਸ਼ ਪੁਰਬ ਅਮਰੀਕਾ ਵਿਚ 'ਵਿਸ਼ਵ ਬਰਾਬਰੀ ਦਿਵਸ' ਵਜੋਂ ਮਨਾਇਆ ਜਾਵੇਗਾ।

ਇਸ ਸਬੰਧੀ ਮਤਾ ਯੂਐਸ ਦੇ ਸੈਨੇਟ ਦੇ ਸਦਨ ਵਿਚ ਰੱਖਿਆ ਗਿਆ ਸੀ। ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦੱਸਿਆ ਕਿ ਸੈਨੇਟ ਅਤੇ ਕਾਂਗਰਸ ਦੇ ਸਦਨ ਦੀ ਸ਼ੁਰੂਆਤ ਅਰਦਾਸ ਨਾਲ ਕੀਤੀ ਗਈ ਅਤੇ ਸਰਬੱਤ ਦਾ ਭਲਾ ਮੰਗਿਆ ਗਿਆ। ਸੈਨੇਟ ਦੇ ਸਦਨ ਦੌਰਾਨ ਸੈਨੇਟਰ ਪੈਟ੍ਰਿਕ ਟੋਮੀ ਵੱਲੋਂ 550 ਸਾਲਾ ਪ੍ਰਕਾਸ਼ ਪੁਰਬ ਨੂੰ ਵਿਸ਼ਵ ਬਰਾਬਰੀ ਦਿਵਸ ਵਜੋਂ ਮਨਾਉਣ ਦਾ ਐਲਾਨ ਕਰਨ ਲਈ ਮਤਾ ਪੇਸ਼ ਕੀਤਾ ਗਿਆ। ਉਨ੍ਹਾਂ ਸਿੱਖ ਧਰਮ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦਿਆਂ ਅਮਰੀਕਾ ਵਿਚ ਸਿੱਖਾਂ ਦੇ ਯੋਗਦਾਨ ਬਾਰੇ ਚਰਚਾ ਕੀਤੀ। ਸਿੱਖ ਭਾਈਚਾਰੇ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ 12 ਨਵੰਬਰ ਦਾ ਦਿਨ ਵਿਸ਼ਵ ਬਰਾਬਰੀ ਦਿਵਸ ਵਜੋਂ ਮਨਾਇਆ ਜਾਵੇਗਾ। ਫਿਲਾਡੇਲਫੀਆ ਸਿੱਖ ਸੁਸਾਇਟੀ, ਮੈਲਬਰਨ ਗੁਰਦੁਆਰੇ ਦੇ ਗਿਆਨੀ ਸੁਖਵਿੰਦਰ ਸਿੰਘ ਨੇ ਸੈਨੇਟ ਦੇ ਸਦਨ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬੀ 'ਵਰਸਿਟੀ 'ਚ ਗੁਰੂ ਨਾਨਕ ਚੇਅਰ ਸਥਾਪਤ ਕਰਨ ਦਾ ਐਲਾਨ

**ਪਟਿਆਲਾ:** ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ 'ਚ ਗੁਰੂ ਨਾਨਕ ਚੇਅਰ ਅਤੇ ਗੁਰੂ ਨਾਨਕ ਭਵਨ ਸਥਾਪਤ ਕੀਤੇ ਜਾਣ ਦਾ ਐਲਾਨ ਕੀਤਾ ਹੈ। ਉਹ ਪੰਜਾਬੀ 'ਵਰਸਿਟੀ ਵੱਲੋਂ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਾਰ ਰੋਜ਼ਾ ਪੁਸਤਕ ਮੇਲੇ ਦਾ ਆਗਾਜ਼ ਕਰਨ ਲਈ ਆਏ ਸਨ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ 16 ਪਵਿੱਤਰ ਪੁਰਾਤਨ ਅਤੇ ਦੁਰਲੱਭ ਹੱਥ ਲਿਖਤ ਸਰੂਪਾਂ ਦੇ ਸੰਗਤ ਦਰਸ਼ਨਾਂ ਲਈ ਵਿਸ਼ੇਸ਼ ਬੱਸ ਨੂੰ ਰਵਾਨਾ ਕੀਤਾ।

ਇਸ ਮੌਕੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਨੇ ਪ੍ਰਕਾਸ਼ ਪੁਰਬ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ 3000 ਕਰੋੜ ਰੁਪਏ ਦੇ ਉਲੀਕੇ ਪ੍ਰੋਜੈਕਟਾਂ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸਰਕਾਰ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਸੂਬੇ ਤੇ ਦੇਸ਼ ਤੱਕ ਹੀ ਨਹੀਂ ਬਲਕਿ ਕੁੱਲ ਦੁਨੀਆਂ 'ਚ ਪਹੁੰਚਾਉਣ ਲਈ ਉਪਰਾਲੇ ਕਰ ਰਹੀ ਹੈ।

## ਟਰੂਡੋ ਨੇ ਇਤਿਹਾਸ ਰਚਿਆ

*(ਸਫਾ ਇਕ ਦੀ ਬਾਕੀ)*

ਨਿਊ ਡੈਮੋਕਰੈਟਿਕ ਪਾਰਟੀ ਦੀ ਵੋਟ ਫੀਸਦ 3.8 ਫੀਸਦ ਘਟ ਕੇ 15.9 ਫੀਸਦ 'ਤੇ ਆ ਗਈ ਜਦਕਿ ਗ੍ਰੀਨ ਪਾਰਟੀ ਨੂੰ 3 ਫੀਸਦੀ ਦਾ ਫਾਇਦਾ ਹੋਇਆ ਅਤੇ ਇਹ 6.5 ਫੀਸਦ 'ਤੇ ਪੁੱਜ ਗਈ। ਜ਼ਾਹਿਰ ਹੈ ਕਿ ਵੋਟ ਫੀਸਦ ਘਟਣ ਦੇ ਬਾਵਜੂਦ ਲਿਬਰਲ ਪਾਰਟੀ ਸਭ ਤੋਂ ਵੱਧ ਸੀਟਾਂ ਜਿੱਤਣ ਵਿਚ ਕਾਮਯਾਬ ਰਹੀ।

# ਪ੍ਰਕਾਸ਼ ਪੁਰਬ: ਸ਼੍ਰੋਮਣੀ ਕਮੇਟੀ ਦੇ ਮੰਚ 'ਤੇ ਹੋਣਗੇ ਮੁੱਖ ਸਮਾਗਮ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਸਾਂਝੇ ਮੰਚ ਤੋਂ ਮਨਾਉਣ ਦੀ ਦੁਬਿਧਾ ਖਤਮ ਕਰਦਿਆਂ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ 12 ਨਵੰਬਰ ਨੂੰ ਹੋਣ ਵਾਲੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ 'ਚ ਬਣਾਏ ਮੰਚ ਤੋਂ ਹੋਣਗੇ। ਇਸ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਸਣੇ ਸਮੂਹ ਸਿੱਖ ਜਥੇਬੰਦੀਆਂ ਨੂੰ ਸੱਦਾ ਦਿੱਤਾ ਕਿ ਉਹ ਉਸ ਦਿਨ ਪੰਥ ਦਾ ਹਿੱਸਾ ਬਣ ਕੇ ਇਸ ਮੰਚ ਉਤੇ ਆਉਣ ਅਤੇ ਗੁਰੂ ਸਾਹਿਬ ਨੂੰ ਅਕੀਦਤ ਭੇਟ ਕਰਨ। ਇਹ ਫੈਸਲਾ ਸ੍ਰੀ ਅਕਾਲ ਤਖਤ ਦੇ ਜ਼ਮੀਨਦੋਜ਼ ਹਾਲ ਵਿਚ ਸਿੱਖ ਜਥੇਬੰਦੀਆਂ ਦੀ ਸੱਦੀ ਗਈ ਮੀਟਿੰਗ ਦੌਰਾਨ ਕੀਤਾ ਗਿਆ ਹੈ।

ਮੀਟਿੰਗ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੌਕੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਪੰਜ ਪਿਆਰਿਆਂ ਵਿਚੋਂ ਭਾਈ ਦਿਲਬਾਗ ਸਿੰਘ ਅਤੇ ਭਾਈ ਸੁਖਦੇਵ ਸਿੰਘ ਸ਼ਾਮਲ ਸਨ। ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆਂ ਅਤੇ ਹੋਰ ਸਭਾ ਸੁਸਾਇਟੀਆਂ ਦੇ ਨੁਮਾਇੰਦੇ ਵੀ ਸ਼ਾਮਲ ਸਨ। ਜਥੇਦਾਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਇਹ ਵਿਚਾਰ ਉੱਭਰ ਕੇ ਸਾਹਮਣੇ ਆਇਆ ਹੈ ਕਿ 550 ਸਾਲਾ ਪ੍ਰਕਾਸ਼ ਪੁਰਬ ਦੇ ਮੁੱਖ ਸਮਾਗਮ ਪੰਥਕ ਮੰਚ ਤੋਂ ਹੀ ਮਨਾਏ ਜਾਣੇ ਚਾਹੀਦੇ ਹਨ। 11 ਅਤੇ 12 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਬੇਰ ਸਾਹਿਬ ਵਿਚ ਲਾਈ ਗਈ ਸਟੇਜ ਤੋਂ ਹੀ ਹੋਣਗੇ।

ਇਹ ਸਮਾਗਮ ਅਕਾਲ ਤਖਤ ਸਾਹਿਬ ਦੀ ਅਗਵਾਈ ਹੇਠ ਪੰਜ ਸਿੰਘ ਸਾਹਿਬਾਨਾਂ ਦੀ ਸਰਪ੍ਰਸਤੀ ਵਿਚ ਹੋਣਗੇ। ਸਮਾਗਮਾਂ ਵਿਚ ਜੇਕਰ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸਾਬਕਾ ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸਾਬਕਾ ਮੁੱਖ ਮੰਤਰੀ ਸ਼ਾਮਲ ਹੁੰਦੇ ਹਨ ਤਾਂ ਉਨ੍ਹਾਂ ਦਾ ਮਾਣ-ਸਨਮਾਨ ਸ਼੍ਰੋਮਣੀ ਕਮੇਟੀ ਵੱਲੋਂ ਹੀ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਮੰਚ 'ਤੇ ਸਮਾਂ ਵੀ ਦਿੱਤਾ ਜਾਵੇਗਾ। ਇਸ ਮੌਕੇ ਸਿੱਖ ਕੌਮ ਦੇ ਨਾਂ ਸੰਦੇਸ਼ ਸ੍ਰੀ ਅਕਾਲ ਤਖਤ ਦੇ ਜਥੇਦਾਰ ਵਲੋਂ ਜਾਰੀ ਕੀਤਾ ਜਾਵੇਗਾ। ਸਟੇਜ ਸੰਚਾਲਨ ਸਿੱਖ ਵਿਦਵਾਨਾਂ ਵੱਲੋਂ ਕੀਤਾ ਜਾਵੇਗਾ।

ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਬਣਾਏ ਜਾ ਰਹੇ ਵੱਖਰੇ ਪੰਡਾਲ ਸਬੰਧੀ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਸਰਕਾਰ ਸਮੇਤ ਹੋਰ ਸਿੱਖ ਜਥੇਬੰਦੀਆਂ ਵੱਲੋਂ ਵੀ ਆਪਣੇ ਮੰਚ ਬਣਾਏ ਜਾ ਰਹੇ ਹਨ, ਜਿਨ੍ਹਾਂ ਤੋਂ ਉਹ ਆਪਣੇ ਬਣਾਏ ਪ੍ਰੋਗਰਾਮਾਂ ਦਾ ਸੰਚਾਲਨ ਕਰ ਸਕਦੇ ਹਨ ਪਰ ਇਹ ਪ੍ਰੋਗਰਾਮ ਗੁਰਬਾਣੀ ਅਤੇ ਗੁਰੂ ਫਲਸਫੇ ਉਤੇ ਹੀ ਕੇਂਦਰਤ ਹੋਣੇ ਚਾਹੀਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕਿਸੇ ਨੂੰ ਵੀ ਵੱਖਰਾ ਮੰਚ ਬਣਾਉਣ ਤੋਂ ਨਹੀਂ ਰੋਕਿਆ ਜਾਵੇਗਾ ਪਰ ਉਨ੍ਹਾਂ ਕਿਹਾ ਕਿ 12 ਨਵੰਬਰ ਦੇ ਮੁੱਖ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ ਬਣਾਏ ਇਕ ਮੰਚ ਤੋਂ ਹੀ ਹੋਣਗੇ।

## ਸੰਯੁਕਤ ਰਾਸ਼ਟਰ ਦੇ ਮਾਹਿਰਾਂ ਵੱਲੋਂ ਸੰਗਰੂਰ ਦੇ ਤਿੰਨ ਪਿੰਡਾਂ ਦਾ ਦੌਰਾ

**ਸੰਗਰੂਰ:** ਪਰਾਲੀ ਦਾ ਵਾਤਾਵਰਨ ਪੱਖੀ ਨਿਬੇੜਾ ਕਰਕੇ ਸਾੜਨ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਯੂਐਨ-ਪੀਏਯੂ ਪ੍ਰੋਜੈਕਟ ਤਹਿਤ ਚੁਣੇ ਜ਼ਿਲ੍ਹਾ ਸੰਗਰੂਰ ਦੇ ਤਿੰਨ ਪਿੰਡਾਂ 'ਚ ਕੌਮਾਂਤਰੀ ਟੀਮ ਵੱਲੋਂ ਦੌਰਾ ਕੀਤਾ ਗਿਆ ਅਤੇ ਪਰਾਲੀ ਦੇ ਢੁਕਵੇਂ ਪ੍ਰਬੰਧਨ ਲਈ ਅਪਣਾਈ ਜਾ ਰਹੀ ਤਕਨੀਕ ਦਾ ਜਾਇਜ਼ਾ ਲਿਆ ਗਿਆ। ਇਹ ਤਿੰਨ ਪਿੰਡ ਪਾਮੇਤੀ-ਯੂ.ਐਨ.ਈ.ਪੀ. ਪ੍ਰੋਜੈਕਟ ਤਹਿਤ ਅਪਣਾਏ ਗਏ ਹਨ।

ਇਸ ਕੌਮਾਂਤਰੀ ਟੀਮ ਵਿਚ ਸੰਯੁਕਤ ਰਾਸ਼ਟਰ ਤੋਂ ਉੱਚ ਅਧਿਕਾਰੀ ਲੰਡਨ ਯੂਨੀਵਰਸਿਟੀ ਤੇ ਫੂਡ ਅਤੇ ਐਗਰੀਕਲਚਰ ਸੰਸਥਾ ਦੇ ਸਲਾਹਕਾਰ ਪ੍ਰੋ. ਡਾ. ਅਮੀਰ ਕਾਸਮ, ਮਿਆਮੀ ਯੂਨੀਵਰਸਿਟੀ, ਯੂ.ਐਸ.ਏ. ਤੋਂ ਪ੍ਰੋ. ਡਾ. ਜੈਸਿਕਾ ਮਕੈਰਟੀ ਤੇ ਜਾਪਾਨ ਤੋਂ ਵਿਗਿਆਨੀ ਡਾ. ਯੂਜੀ ਨੀਨੋ ਸ਼ਾਮਲ ਸਨ। ਉਨ੍ਹਾਂ ਨੇ ਪਿੰਡ ਉੱਪਲੀ, ਕਨੋਈ ਤੇ ਤੁੰਗਾਂ ਦਾ ਦੌਰਾ ਕੀਤਾ ਅਤੇ ਸੁਪਰ ਐਸ.ਐਮ.ਐਸ. ਵਾਲੀ ਕੰਬਾਈਨ, ਪੀ.ਏ.ਯੂ. ਪਰਾਲੀ ਕਟਰ ਤੇ ਹੈਪੀ ਸੀਡਰ ਆਦਿ ਦੀ ਵਰਤੋਂ ਹੁੰਦੀ ਦੇਖੀ। ਉਨ੍ਹਾਂ ਵੱਧ ਤੋਂ ਵੱਧ ਕਿਸਾਨਾਂ ਨੂੰ ਇਹ ਮਸ਼ੀਨਰੀ ਅਪਣਾਉਣ ਦਾ ਸੱਦਾ ਦਿੱਤਾ। ਇਸ ਮੌਕੇ ਡਾਇਰੈਕਟਰ ਪਾਮੇਤੀ ਪੀ.ਏ.ਯੂ. ਹਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੇ ਇਨ੍ਹਾਂ ਤਿੰਨ ਪਿੰਡਾਂ ਵਿਚ ਪਰਾਲੀ ਦੇ ਪ੍ਰਬੰਧਨ ਲਈ ਮਸ਼ੀਨਰੀ ਮੁਫਤ ਮੁਹੱਈਆ ਕਰਾਈ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਮਸ਼ੀਨਰੀ ਦਾ ਭਰਪੂਰ ਲਾਹਾ ਲੈਣ ਦਾ ਸੱਦਾ ਦਿੱਤਾ।

## ਪੰਜਾਬੀ ਭਾਈਚਾਰਾ ਅਤੇ ਜਸਟਿਨ ਟਰੂਡੋ

ਕੈਨੇਡਾ ਦੀਆਂ ਆਮ ਚੋਣਾਂ ਵਿਚ ਪੰਜਾਬੀਆਂ ਦੇ ਐਮ.ਪੀ. ਚੁਣਨ ਨਾਲ ਪੰਜਾਬ ਵਿਚ ਜਸ਼ਨ ਮਨਾਏ ਜਾ ਰਹੇ ਹਨ। ਲਿਬਰਲ ਪਾਰਟੀ ਦੇ 13 ਪੰਜਾਬੀ ਐਮ.ਪੀ. ਬਣੇ ਹਨ, ਜਦ ਕਿ ਕੰਜ਼ਰਵੇਟਿਵ ਪਾਰਟੀ ਦੇ 4 ਅਤੇ ਐਨ.ਡੀ.ਪੀ. ਦਾ ਇਕ ਪੰਜਾਬੀ ਐਮ.ਪੀ. ਬਣਿਆ ਹੈ। ਇਨ੍ਹਾਂ ਪੰਜਾਬੀਆਂ ਵਿਚ 7 ਦੁਆਬੇ ਨਾਲ ਸਬੰਧਤ ਹਨ। ਜਿਨ੍ਹਾਂ ਵਿਚੋਂ 5 ਹੁਸ਼ਿਆਰਪੁਰ ਨਾਲ ਸਬੰਧਤ ਹਨ। ਪੰਜਾਬੀ ਭਾਈਚਾਰਾ ਇਸ ਵਾਰ ਜਸਟਿਨ ਟਰੂਡੋ ਦੀ ਜਿੱਤ ਲਈ ਅਰਦਾਸਾਂ ਕਰ ਰਿਹਾ ਸੀ, ਕਿਉਂਕਿ ਇਸ ਵਾਰ ਡਰ ਸੀ ਕਿ ਜੇ ਕੰਜ਼ਰਵੇਟਿਵ ਪਾਰਟੀ ਜਿੱਤ ਗਈ ਤਾਂ ਇਸ ਨੇ ਇੰਮੀਗਰੇਸ਼ਨ ਉਤੇ ਹੋਰ ਪਾਬੰਦੀਆਂ ਲਾ ਦੇਣੀਆਂ ਸਨ। ਪਹਿਲਾਂ ਇਹ ਕਿਆਸਆਰਾਈਆਂ ਸਨ ਕਿ ਲਿਬਰਲ ਪਾਰਟੀ ਨੂੰ ਹੋਣ ਵਾਲਾ ਨੁਕਸਾਨ ਨਿਊ ਡੈਮੋਕਰੈਟਿਕ ਪਾਰਟੀ ਦੇ ਖਾਤੇ ਵਿਚ ਪੈ ਜਾਵੇਗਾ ਪਰ ਨਿਊ ਡੈਮੋਕਰੈਟਿਕ ਪਾਰਟੀ ਦੀ ਵੋਟ ਫੀਸਦ ਪਿਛਲੀ ਵਾਰ ਨਾਲੋਂ ਵੀ ਘਟ ਗਈ ਅਤੇ ਜੇਤੂ ਸੀਟਾਂ ਦੀ ਗਿਣਤੀ ਵੀ ਤਕਰੀਬਨ ਅੱਧੀ ਰਹਿ ਗਈ।

## ਹਿੰਦੂਤਵਵਾਦੀਆਂ ਦੀ ਚੋਣ ਚੜ੍ਹਤ ਬਰਕਰਾਰ

*(ਸਫਾ ਇਕ ਦੀ ਬਾਕੀ)*

ਇਹੀ ਨਹੀਂ, 2021 ਵਿਚ ਪੱਛਮੀ ਬੰਗਾਲ, ਕੇਰਲ, ਤਾਮਿਲਨਾਡੂ ਅਤੇ ਅਸਾਮ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਸੇ ਪਾਰਟੀ ਦੀ ਚੜ੍ਹਤ ਬਰਕਰਾਰ ਰਹਿਣ ਦੇ ਅੰਦਾਜ਼ੇ ਲਾਏ ਜਾ ਰਹੇ ਹਨ। ਇਸ ਤੋਂ ਬਾਅਦ 2022 ਵਿਚ ਪੰਜਾਬ ਵਿਚ ਹੋਣ ਵਾਲੀ ਵਿਧਾਨ ਸਭਾ ਚੋਣ ਬਾਰੇ ਵੀ ਬਹਿਸ ਚੱਲ ਪਈ ਹੈ ਕਿ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਆਪਣੀ ਪੈਠ ਬਣਾਉਣ ਵਿਚ ਜੋੜ-ਤੋੜ ਵਜੋਂ ਕੁਝ ਵੀ ਕਰ ਸਕਦੀ ਹੈ।

ਪੰਜਾਬ ਵਿਚ ਗਠਜੋੜ ਕਰਕੇ ਚੋਣ ਮੈਦਾਨ ਵਿਚ ਕੁੱਦਣ ਵਾਲੀ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਵਿਚ ਇਕ ਦੂਸਰੇ ਦੇ ਸਾਹਮਣੇ ਖੜ੍ਹੇ ਸਨ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਚੋਣ ਰੈਲੀਆਂ ਵਿਚ ਭਾਜਪਾ ਦੀ ਸਰਕਾਰ ਨਾ ਬਣਨ ਦਾ ਦਾਅਵਾ ਕੀਤਾ ਸੀ। ਦੱਸਣਯੋਗ ਹੈ ਕਿ 2014 ਦੀਆਂ ਚੋਣਾਂ ਦੌਰਾਨ ਮਹਾਰਾਸ਼ਟਰ ਵਿਚ ਭਾਜਪਾ 122 ਤੇ ਸ਼ਿਵ ਸੈਨਾ 63 ਸੀਟਾਂ ਜਦਕਿ ਕਾਂਗਰਸ 42 ਅਤੇ ਐਨ.ਸੀ.ਪੀ. 41 ਸੀਟਾਂ 'ਤੇ ਜੇਤੂ ਰਹੀ ਸੀ। ਹਰਿਆਣਾ 'ਚ ਭਾਜਪਾ 47, ਇਨੈਲੋ 19 ਅਤੇ ਕਾਂਗਰਸ ਨੂੰ 15 ਸੀਟਾਂ ਉਤੇ ਜੇਤੂ ਰਹੀ ਸੀ।

ਹਰਿਆਣਾ ਦੇ 90 ਵਿਧਾਨ ਸਭਾ ਹਲਕਿਆਂ ਲਈ 66.15 ਫੀਸਦੀ ਜਦ ਕਿ ਮਹਾਰਾਸ਼ਟਰ ਅਸੈਂਬਲੀ ਦੀਆਂ 288 ਸੀਟਾਂ ਲਈ 63.38 ਫੀਸਦੀ ਵੋਟਾਂ ਪੋਲ ਹੋਈਆਂ। ਸ਼ਹਿਰੀ ਖੇਤਰਾਂ ਦੇ ਮੁਕਾਬਲੇ ਪੇਂਡੂ ਇਲਾਕਿਆਂ ਵਿਚ ਵੋਟਿੰਗ ਦੌਰਾਨ ਵੋਟਰਾਂ 'ਚ ਖਾਸਾ ਉਤਸ਼ਾਹ ਵੇਖਣ ਨੂੰ ਮਿਲਿਆ। 2014 ਦੀਆਂ ਚੋਣਾਂ ਮੌਕੇ ਹਰਿਆਣਾ ਦੇ 76.54 ਫੀਸਦ ਵੋਟਰਾਂ ਨੇ ਮਤਦਾਨ ਕੀਤਾ ਸੀ। 2019 ਦੀਆਂ ਸੰਸਦੀ ਚੋਣਾਂ ਮੌਕੇ ਇਹ ਅੰਕੜਾ 70.36 ਫੀਸਦ ਸੀ। ਸੂਬੇ ਦੀਆਂ 90 ਵਿਧਾਨ ਸਭਾ ਸੀਟਾਂ ਲਈ ਕੁੱਲ 1169 ਉਮੀਦਵਾਰ ਚੋਣ ਮੈਦਾਨ ਵਿਚ ਸਨ। ਇਨ੍ਹਾਂ ਵਿਚ 105 ਮਹਿਲਾਵਾਂ ਵੀ ਸ਼ਾਮਲ ਹਨ। ਭਾਰਤੀ ਜਨਤਾ ਪਾਰਟੀ ਨੇ ਐਤਕੀਂ 75 ਸੀਟਾਂ 'ਤੇ ਕਮਲ ਖਿੜਾਉਣ ਦਾ ਟੀਚਾ ਮਿਥਿਆ ਸੀ। ਪਿਛਲੀ ਅਸੈਂਬਲੀ ਵਿਚ ਭਾਜਪਾ ਦੇ 48 ਵਿਧਾਇਕ ਸਨ।

# ਪਰਵਾਸ ਦੀ ਤ੍ਰਾਸਦੀ: ਮੈਕਸੀਕੋ ਤੋਂ ਮੋੜੇ ਨੌਜਵਾਨਾਂ ਦੀ ਦਿਲ ਕੰਬਾਊ ਦਾਸਤਾਨ

*(ਸਫਾ ਇਕ ਦੀ ਬਾਕੀ)*

ਕਿਉਂਕਿ ਉਹਨੇ ਧਮਕੀ ਦਿੱਤੀ ਸੀ ਕਿ ਜੇਕਰ ਮੈਕਸੀਕੋ ਨੇ ਗੈਰਕਾਨੂੰਨੀ ਤੌਰ ਉਤੇ ਪਰਵਾਸ ਕਰਨ ਵਾਲਿਆਂ ਵਿਰੁੱਧ ਕਾਰਵਾਈ ਨਾ ਕੀਤੀ ਤਾਂ ਮੈਕਸੀਕੋ ਦੀ ਸਮੁੱਚੀ ਦਰਾਮਦ 'ਤੇ ਵੱਡੇ ਟੈਕਸ ਲਾਏ ਜਾਣਗੇ।

ਇਹ ਵੀ ਖੁਲਾਸਾ ਹੋਇਆ ਹੈ ਕਿ ਅਮਰੀਕਾ 'ਚ ਦਾਖਲ ਹੋਣ ਲਈ ਟਰੈਵਲ ਏਜੰਟਾਂ ਵੱਲੋਂ ਪੰਜ ਅਜਿਹੇ ਰੂਟ ਤਿਆਰ ਕੀਤੇ ਗਏ ਹਨ ਜਿਨ੍ਹਾਂ ਵਿਚ ਜਾਨ ਦਾ ਖਤਰਾ ਹਮੇਸ਼ਾ ਹੀ ਬਣਿਆ ਰਹਿੰਦਾ ਹੈ। ਇਨ੍ਹਾਂ ਵਿਚ ਸਭ ਤੋਂ ਵੱਧ ਖਤਰਨਾਕ ਰਸਤਾ ਬਹਾਮਸ ਦਾ ਦੱਸਿਆ ਜਾਂਦਾ ਹੈ। ਇਸ ਸਮੁੰਦਰੀ ਰਸਤੇ ਰਾਹੀਂ ਅਮਰੀਕਾ ਜਾਣ ਵਾਲੇ ਬਹੁਤ ਸਾਰੇ ਪੰਜਾਬੀ ਮੁੰਡੇ ਸਮੁੰਦਰ ਦੀਆਂ ਲਹਿਰਾਂ ਵਿਚ ਹੀ ਡੁੱਬ ਜਾਂਦੇ ਹਨ। ਦੋ ਸਾਲ ਪਹਿਲਾਂ ਇਸੇ ਰਸਤੇ ਰਾਹੀਂ ਅਮਰੀਕਾ ਜਾ ਰਹੀ ਬੇੜੀ ਵਿਚੋਂ ਛੇ ਪੰਜਾਬੀ ਮੁੰਡੇ ਡੁੱਬ ਗਏ ਸਨ, ਇਨ੍ਹਾਂ ਦਾ ਅਜੇ ਤੱਕ ਕੋਈ ਥਹੁ-ਪਤਾ ਨਹੀਂ ਲੱਗਾ।

ਦੂਜਾ ਰਸਤਾ ਅਰਜਨਟੀਨਾ ਤੇ ਐਕਵਾਡੋਰ ਰਾਹੀਂ ਜਾਂਦਾ ਹੈ। ਇਟਲੀ ਰਾਹੀਂ ਅਮਰੀਕਾ ਭੇਜਣ ਲਈ ਵੀ ਟਰੈਵਲ ਏਜੰਟ ਇਹ ਰਸਤਾ ਵਰਤ ਰਹੇ ਹਨ। ਹਾਲਾਂਕਿ ਇਹ ਰੂਟ ਕਾਫੀ ਮਹਿੰਗਾ ਦੱਸਿਆ ਜਾਂਦਾ ਹੈ। ਟਰੈਵਲ ਏਜੰਟ ਇਟਲੀ ਦਾ ਵੀਜ਼ਾ ਲੈ ਕੇ ਦਿੰਦੇ ਹਨ। ਅਮਰੀਕਾ ਜਾਣ ਦੇ ਚਾਹਵਾਨਾਂ ਨੂੰ ਇਟਲੀ ਦੇ ਮਿਲਾਨ ਸ਼ਹਿਰ ਦੇ ਨੇੜਲੇ ਕਿਸੇ ਛੋਟੇ ਕਸਬੇ ਵਿੱਚ ਰੱਖਿਆ ਜਾਂਦਾ ਹੈ। ਉਥੋਂ ਸਿੱਧੀ ਫਲਾਈਟ ਮੈਕਸੀਕੋ ਦੀ ਕਰਾਈ ਜਾਂਦੀ ਹੈ। ਮੈਕਸੀਕੋ ਤੋਂ ਅਮਰੀਕਾ ਦੇ ਸਾਂਝਿਆਂਗੇ ਵਿਚ ਕੰਧ ਟਪਾ ਕੇ ਦਾਖਲਾ ਕਰਾਇਆ ਜਾਂਦਾ ਹੈ। ਇਸੇ ਤਰ੍ਹਾਂ ਸਾਊਥ ਅਮਰੀਕਾ, ਹਾਂਗਕਾਂਗ ਤੇ ਗਰੀਸ ਨੂੰ ਵੀ ਟਰੈਵਲ ਏਜੰਟ ਪੰਜਾਬੀਆਂ ਨੂੰ ਅਮਰੀਕਾ 'ਚ ਦਾਖਲਾ ਦਿਵਾਉਣ ਲਈ ਰਾਹ ਵਜੋਂ ਵਰਤਦੇ ਆ ਰਹੇ ਹਨ। ਇਨ੍ਹਾਂ ਰਸਤਿਆਂ ਰਾਹੀਂ ਹਮੇਸ਼ਾ ਜਾਨ ਦਾ ਖਤਰਾ ਬਣਿਆ ਰਹਿੰਦਾ ਹੈ।

ਜ਼ਿਕਰਯੋਗ ਹੈ ਕਿ ਅਮਰੀਕਾ ਦੇ ਚੁੰਗੀ ਅਤੇ ਸਰਹੱਦੀ ਸੁਰੱਖਿਆ ਦੇ ਅੰਕੜਿਆਂ ਮੁਤਾਬਕ ਸਾਲ 2000 'ਚ 16 ਲੱਖ ਤੋਂ ਵੱਧ ਲੋਕਾਂ ਨੂੰ ਸਰਹੱਦ ਵਿਚ ਦਾਖਲ ਹੁੰਦਿਆਂ ਹੀ ਫੜਿਆ ਗਿਆ। ਸਾਲ 2018 'ਚ 4 ਲੱਖ ਲੋਕਾਂ ਨੂੰ ਫੜਿਆ ਗਿਆ। ਪਿਛਲੇ ਸਾਲ ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦ 'ਚ ਦਾਖਲ ਹੋਣ ਵਾਲੇ ਤਕਰੀਬਨ 2400 ਭਾਰਤੀ ਉਥੋਂ ਦੀਆਂ ਜੇਲ੍ਹਾਂ 'ਚ ਬੰਦ ਹਨ, ਜਿਨ੍ਹਾਂ 'ਚੋਂ ਜ਼ਿਆਦਾਤਰ ਪੰਜਾਬੀ ਹਨ। ਫੜੇ ਜਾਣ ਤੇ ਵਾਪਸ ਮੁਲਕ ਭੇਜੇ ਜਾਣ ਤੋਂ ਬਾਅਦ ਇਨ੍ਹਾਂ ਨੌਜਵਾਨਾਂ ਦਾ ਇਕੋ ਹੀ ਜਵਾਬ ਹੁੰਦਾ ਹੈ ਕਿ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ। ਇਨ੍ਹਾਂ ਨੌਜਵਾਨਾਂ ਦਾ ਇਹ ਜਵਾਬ ਸਰਕਾਰਾਂ ਦੀਆਂ ਨਲਾਇਕੀਆਂ ਉਤੇ ਵੱਡੇ ਸਵਾਲ ਚੁੱਕਦਾ ਹੈ।

*-ਢੱਡਰੀਆਂ ਮਾਮਲਾ-*

## ਅਕਾਲ ਤਖਤ ਵੱਲੋਂ ਕਮੇਟੀ ਬਣਾਉਣ ਦਾ ਫੈਸਲਾ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਨੇ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ ਦੇ ਵਿਵਾਦਤ ਮਾਮਲੇ ਦੀ ਜਾਂਚ ਵਾਸਤੇ ਪੰਜ ਮੈਂਬਰੀ ਵਿਦਵਾਨਾਂ ਦੀ ਕਮੇਟੀ ਬਣਾਉਣ ਦਾ ਫੈਸਲਾ ਲਿਆ ਹੈ ਜਦੋਂਕਿ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਸਣੇ ਹੋਰਨਾਂ ਸਿੱਖਾਂ ਨੂੰ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਮੁਆਫੀ ਦੇਣ ਦਾ ਪ੍ਰੋਗਰਾਮ ਫਿਲਹਾਲ ਅੱਗੇ ਪਾ ਦਿੱਤਾ ਹੈ। ਗੁਰਦੁਆਰਿਆਂ 'ਚ ਇਲੈਕਟ੍ਰੋਨਿਕ ਚੰਦੋਆ ਲਾਉਣ ਤੇ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਵੇਚਣ 'ਤੇ ਰੋਕ ਲਾਈ ਗਈ ਹੈ। ਇਹ ਮਾਮਲੇ ਪੰਜ ਸਿੰਘ ਸਾਹਿਬਾਨ ਵੱਲੋਂ ਸਿੱਖ ਜਥੇਬੰਦੀਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਵਿਚਾਰੇ ਗਏ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਬੇਅਦਬੀ ਕਾਂਡ: ਅਧੂਰੀ ਪੜਤਾਲ ਨੇ ਬੁਰੀ ਫਸਾਈ ਕੈਪਟਨ ਸਰਕਾਰ

**ਚੰਡੀਗੜ੍ਹ:** ਬੇਅਦਬੀ ਕਾਂਡ ਕਾਂਗਰਸ ਸਰਕਾਰ ਲਈ ਵੱਡੀ ਸਿਰਦਰਦੀ ਬਣਦਾ ਨਜ਼ਰ ਆ ਰਿਹਾ ਹੈ। 30 ਮਹੀਨੇ ਬਾਅਦ ਵੀ ਬੇਅਦਬੀ, ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ ਦੇ ਕਸੂਰਵਾਰਾਂ ਖਿਲਾਫ ਪੁਖਤਾ ਕਾਰਵਾਈ ਨਾ ਹੋਣ ਤੋਂ ਸਿੱਖ ਸੰਗਤ ਕਾਫੀ ਨਿਰਾਸ਼ ਹੈ।



ਵਿਸ਼ੇਸ਼ ਜਾਂਚ ਟੀਮ ਦੀ ਅਧੂਰੀ ਪੜਤਾਲ ਪੰਜਾਬ ਸਰਕਾਰ ਲਈ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਪੰਜ ਮੈਂਬਰੀ ਕਮੇਟੀ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਮੁਅੱਤਲ ਆਈ.ਜੀ. ਉਮਰਾਨੰਗਲ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਬੇਅਦਬੀ ਕਾਂਡ ਵਿਚ ਸ਼ਾਮਲ ਹੋਣ ਦਾ ਇਸ਼ਾਰਾ ਤਾਂ ਕਰ ਚੁੱਕੀ ਹੈ ਪਰ ਇਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ।

ਜਾਂਚ ਟੀਮ ਦੀ ਪੜਤਾਲ ਰਿਪੋਰਟ ਹਾਈ ਕੋਰਟ ਨੇ ਮੁੱਢਲੇ ਤੌਰ 'ਤੇ ਕਮਜ਼ੋਰ ਦੱਸ ਕੇ ਕਾਂਗਰਸ ਸਰਕਾਰ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਇਸੇ ਕਮਜ਼ੋਰ ਰਿਪੋਰਟ ਕਾਰਨ ਚਾਰ ਪੁਲਿਸ ਅਧਿਕਾਰੀਆਂ ਨੂੰ ਬਹਿਬਲ ਕਾਂਡ ਵਿਚ ਬਿਨਾਂ ਗ੍ਰਿਫਤਾਰੀ ਤੋਂ ਜ਼ਮਾਨਤ ਮਿਲ ਚੁੱਕੀ ਹੈ। ਪੰਜਾਬ ਦੀ ਕੈਪਟਨ ਸਰਕਾਰ ਨੇ ਸਿੱਖ ਵੋਟਰਾਂ ਨੂੰ ਖੁਸ਼ ਕਰਨ ਤੇ ਜ਼ਿਮਨੀ ਚੋਣਾਂ ਵਿਚ ਵਿਲੱਖਣ ਕਾਰਗੁਜ਼ਾਰੀ ਦਿਖਾਉਣ ਲਈ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਉਤਸਵ ਨੂੰ ਵੱਡੀ ਪੱਧਰ 'ਤੇ ਪ੍ਰਚਾਰ ਕੀਤਾ ਪਰ ਬੇਅਦਬੀ ਕਾਂਡ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀ ਕੋਸ਼ਿਸ਼ਾਂ ਵਿਚ ਜੁਟੀ ਰਹੀ। ਪਰ ਇਸ ਦੇ ਬਾਵਜੂਦ ਸਰਕਾਰ ਪ੍ਰਤੀ ਲੋਕਾਂ ਦਾ ਗੁੱਸਾ ਸ਼ਾਂਤ ਨਹੀਂ ਹੋ ਰਿਹਾ।

ਮੁੱਖ ਮੰਤਰੀ ਦਫਤਰ ਵੱਲੋਂ ਸੋਸ਼ਲ ਮੀਡੀਆ ਉੱਪਰ ਪੰਜਾਬ ਸਰਕਾਰ ਦੀਆਂ ਦਿਖਾਈਆਂ ਜਾ ਰਹੀਆਂ ਪ੍ਰਾਪਤੀਆਂ ਦਾ ਆਮ ਲੋਕਾਂ ਵੱਲੋਂ ਵੱਡੇ ਪੱਧਰ ਉਤੇ ਮਜ਼ਾਕ ਉਡਾਇਆ ਜਾ ਰਿਹਾ ਹੈ ਅਤੇ ਬੇਅਦਬੀ ਦੇ ਕਸੂਰਵਾਰਾਂ ਨੂੰ ਬਚਾਉਣ ਦੇ ਦੋਸ਼ ਲਾਏ ਜਾ ਰਹੇ ਹਨ।

ਪੰਜਾਬ ਸਰਕਾਰ ਨੇ ਕੋਟਕਪੂਰਾ ਗੋਲੀ ਕਾਂਡ ਵਿਚ ਪ੍ਰਗਤੀ ਦਿਖਾਉਣ ਲਈ ਇਸ ਵਾਰ ਮੁਲਜ਼ਮਾਂ ਖਿਲਾਫ ਦੋਸ਼ ਆਇਦ ਕਰਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਤਾਂ ਜੋ ਜ਼ਿਮਨੀ ਚੋਣਾਂ ਸਿਰ 'ਤੇ ਹੋਣ ਕਾਰਨ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕੀਤਾ ਜਾਵੇ ਪਰ ਵਿਸ਼ੇਸ਼ ਜਾਂਚ ਟੀਮ ਤੇ ਪੰਜਾਬ ਸਰਕਾਰ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਮਾਮਲੇ ਦੀ ਸੁਣਵਾਈ ਪਹਿਲੀ ਨਵੰਬਰ ਤੱਕ ਟਲ ਗਈ ਹੈ।

ਪੰਜਾਬ ਸਰਕਾਰ ਨੇ ਅਦਾਲਤ 'ਚ ਲਿਖਤੀ ਤੌਰ ਉਤੇ ਮੰਨਿਆ ਹੈ ਕਿ ਬਹਿਬਲ ਕਾਂਡ ਤੋਂ ਬਾਅਦ ਸਿੱਖ ਧਰਨਾਕਾਰੀਆਂ ਖਿਲਾਫ ਦਰਜ ਹੋਇਆ ਮੁਕੱਦਮਾ ਅਜੇ ਤੱਕ ਰੱਦ ਨਹੀਂ ਹੋਇਆ। ਇਹ ਮੁਕੱਦਮਾ ਤਤਕਾਲੀ ਅਕਾਲੀ ਭਾਜਪਾ ਸਰਕਾਰ ਵੱਲੋਂ ਦਰਜ ਕਰਵਾਇਆ ਗਿਆ ਸੀ। ਪੰਜਾਬ ਦੇ ਕੁਝ ਸੀਨੀਅਰ ਮੰਤਰੀ ਵੀ ਬੇਅਦਬੀ ਕਾਂਡ ਵਿਚ ਕਾਰਵਾਈ ਨਾ ਹੋਣ ਤੋਂ ਚਿੰਤਤ ਹਨ ਅਤੇ ਉਨ੍ਹਾਂ ਕਸੂਰਵਾਰਾਂ ਖਿਲਾਫ ਕਾਰਵਾਈ ਨਾ ਹੋਣ ਕਾਰਨ ਲੋਕਾਂ ਦੇ ਗੁੱਸੇ ਬਾਰੇ ਮੁੱਖ ਮੰਤਰੀ ਨੂੰ ਵੀ ਸੂਚਿਤ ਕੀਤਾ ਹੈ।

## ਨਾਮਜ਼ਦ ਪੁਲਿਸ ਅਫਸਰ ਜਾਂਚ ਟੀਮ ਨੂੰ ਦਬਾਉਣਾ ਚਾਹੁੰਦੇ ਹਨ: ਸਰਕਾਰ

**ਫਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਦੀ ਸੈਸ਼ਨ ਕੋਰਟ ਵਿਚ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਲਿਖਤੀ ਤੌਰ ਉਤੇ ਦਾਅਵਾ ਕੀਤਾ ਕਿ ਕੋਟਕਪੂਰਾ ਗੋਲੀ ਕਾਂਡ 'ਚ ਨਾਮਜ਼ਦ ਪੁਲਿਸ ਅਧਿਕਾਰੀ ਜਾਂਚ ਟੀਮ ਦੇ ਅਧਿਕਾਰੀਆਂ ਨੂੰ ਦਬਾਉਣਾ ਚਾਹੁੰਦੇ ਹਨ ਅਤੇ ਪੜਤਾਲ ਨੂੰ ਕੁਰਾਹੇ ਪਾਉਣ ਲਈ ਬਿਨਾਂ ਵਜ੍ਹਾ ਜਾਂਚ ਅਧਿਕਾਰੀਆਂ ਦੇ ਮੋਬਾਈਲ ਫੋਨਾਂ ਦੀਆਂ ਕਾਲ ਡਿਟੇਲਾਂ ਮੰਗੀਆਂ ਹਨ। ਦੱਸਣਯੋਗ ਹੈ ਕਿ ਪਰਮਰਾਜ ਸਿੰਘ ਉਮਰਾਨੰਗਲ ਨੇ ਅਦਾਲਤ ਵਿਚ ਅਰਜ਼ੀ ਦੇ ਕੇ ਅੱਠ ਪੁਲਿਸ ਅਧਿਕਾਰੀਆਂ ਦੇ ਮੋਬਾਈਲ ਫੋਨਾਂ ਦੀ ਜਾਂਚ ਸਮੇਂ ਦੌਰਾਨ ਦੀ ਜਾਣਕਾਰੀ ਮੰਗੀ ਸੀ, ਜਿਨ੍ਹਾਂ ਵਿਚ ਏ.ਡੀ.ਜੀ. ਪ੍ਰਬੋਧ ਕੁਮਾਰ ਅਤੇ ਆਈ.ਜੀ. ਕੁੰਵਰਵਿਜੇ ਪ੍ਰਤਾਪ ਸਿੰਘ ਵੀ ਸ਼ਾਮਲ ਹਨ। ਪੰਜਾਬ ਸਰਕਾਰ ਨੇ ਪੁਲਿਸ ਅਧਿਕਾਰੀ ਦੀ ਇਸ ਅਰਜ਼ੀ ਨੂੰ ਖਾਰਜ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਅਦਾਲਤ ਵਿਚ ਪੇਸ਼ ਹੋਏ ਦੋਸ਼ ਪੱਤਰਾਂ ਉੱਪਰ ਸੁਣਵਾਈ ਲਮਕਾਉਣ ਲਈ ਜਾਣਬੁੱਝ ਕੇ ਇਹ ਦਰਖਾਸਤਾਂ ਦਿੱਤੀਆਂ ਗਈਆਂ ਹਨ।

# 'ਆਪ' ਦੇ ਬਾਗੀ ਵਿਧਾਇਕ ਬਲਦੇਵ ਸਿੰਘ ਦੀ 'ਘਰ ਵਾਪਸੀ'

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਹਲਕਾ ਜੈਤੋ ਤੋਂ ਬਾਗੀ ਹੋਏ ਵਿਧਾਇਕ ਮਾਸਟਰ ਬਲਦੇਵ ਸਿੰਘ ਮੁੜ 'ਆਪ' ਵਿਚ ਪਰਤ ਆਏ ਹਨ। ਮਾਸਟਰ ਬਲਦੇਵ ਸਿੰਘ ਨੇ ਪਾਰਟੀ ਦੇ ਪੰਜਾਬ ਇਕਾਈ ਦੇ ਪ੍ਰਧਾਨ ਭਗਵੰਤ ਮਾਨ, ਵਿਰੋਧੀ ਧਿਰ ਦੇ ਆਗੂ ਹਰਪਾਲ ਚੀਮਾ, ਵਿਧਾਇਕ ਕੁਲਵੰਤ ਸਿੰਘ ਕੋਟਲੀ ਅਤੇ ਮੀਡੀਆ ਇੰਚਾਰਜ ਮਨਜੀਤ ਸਿੱਧੂ ਨਾਲ ਮੀਟਿੰਗ ਕਰਨ ਉਪਰੰਤ ਘਰ ਵਾਪਸੀ ਦਾ ਫੈਸਲਾ ਕੀਤਾ ਹੈ।



ਦੱਸਣਯੋਗ ਹੈ ਕਿ ਜਦ ਪਾਰਟੀ ਨੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਕੋਲੋਂ ਵਿਰੋਧੀ ਧਿਰ ਦੇ ਆਗੂ ਦਾ ਦਰਜਾ ਵਾਪਸ ਲਿਆ ਸੀ ਤਾਂ ਸ੍ਰੀ ਖਹਿਰਾ ਨਾਲ ਮਿਲ ਕੇ ਮਾਸਟਰ ਬਲਦੇਵ ਸਿੰਘ ਨੇ 'ਆਪ' ਵਿਰੁੱਧ ਮੂਹਰੇ ਹੋ ਕੇ ਬਗਾਵਤ ਦਾ ਝੰਡਾ ਚੁੱਕਿਆ ਸੀ। ਮਾਸਟਰ ਦੇ ਵਾਪਸ ਪਾਰਟੀ ਨਾਲ ਜੁੜਨ ਕਾਰਨ ਸ੍ਰੀ ਖਹਿਰਾ ਪੂਰੀ ਤਰ੍ਹਾਂ ਇਕੱਲੇ ਪੈ ਗਏ ਹਨ ਕਿਉਂਕਿ ਉਨ੍ਹਾਂ ਵੱਲੋਂ ਆਪਣੀ ਪੰਜਾਬ ਏਕਤਾ ਪਾਰਟੀ ਬਣਾਉਣ ਤੋਂ ਬਾਅਦ ਇਸ ਵਿਧਾਇਕ ਨੂੰ ਛੱਡ ਕੇ ਬਾਕੀ ਸਾਰੇ ਬਾਗੀ ਵਿਧਾਇਕਾਂ- ਕੰਵਰ ਸੰਧੂ, ਜਗਤਾਰ ਸਿੰਘ ਜੱਗਾ, ਜਗਦੇਵ ਸਿੰਘ ਕਮਾਲੂ, ਪਿਰਮਲ ਸਿੰਘ ਖਾਲਸਾ ਅਤੇ ਨਾਜਰ ਸਿੰਘ ਮਾਨਸ਼ਾਹੀਆ ਨੇ ਉਨ੍ਹਾਂ ਤੋਂ ਦੂਰੀਆਂ ਬਣਾ ਲਈਆਂ ਸਨ। ਕੇਵਲ ਮਾਸਟਰ ਬਲਦੇਵ ਸਿੰਘ ਨੇ ਹੀ ਸ੍ਰੀ ਖਹਿਰਾ ਦੀ ਪਾਰਟੀ ਵਿਚ ਸ਼ਾਮਲ ਹੋ ਕੇ ਫਰੀਦਕੋਟ ਹਲਕੇ ਤੋਂ ਲੋਕ ਸਭਾ ਦੀ ਚੋਣ ਲੜੀ ਸੀ ਅਤੇ ਬੁਰੀ ਤਰ੍ਹਾਂ ਹਾਰੇ ਸਨ। ਉਨ੍ਹਾਂ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਉਨ੍ਹਾਂ ਦੀ ਵਿਧਾਨ ਸਭਾ ਦੀ ਮੈਂਬਰਸ਼ਿਪ ਖਤਮ ਕਰਨ ਦਾ ਮਾਮਲਾ ਵੀ ਸਪੀਕਰ ਕੋਲ ਪਿਆ ਹੈ।

ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਕੋਟਲੀ ਨੇ ਦੱਸਿਆ ਕਿ ਮਾਸਟਰ ਬਲਦੇਵ ਸਿੰਘ ਦੀ ਸ੍ਰੀ ਮਾਨ ਤੇ ਹੋਰ ਆਗੂਆਂ ਨਾਲ ਕੇਵਲ ਕੁਝ ਮਿੰਟ ਹੋਈ ਮੀਟਿੰਗ ਦੌਰਾਨ ਹੀ ਉਨ੍ਹਾਂ ਨੇ ਪਾਰਟੀ ਨਾਲ ਚੱਲਣ ਦਾ ਫੈਸਲਾ ਲੈ ਲਿਆ ਸੀ। ਸ੍ਰੀ ਕੋਟਲੀ ਅਨੁਸਾਰ ਦੋਵਾਂ ਧਿਰਾਂ ਵੱਲੋਂ ਇਕੱਠੇ ਚੱਲਣ ਲਈ ਕੋਈ ਸ਼ਰਤ ਨਹੀਂ ਲਾਈ ਗਈ। ਬਲਦੇਵ ਸਿੰਘ ਨੇ ਦੱਸਿਆ ਕਿ ਭਗਵੰਤ ਮਾਨ ਨੇ ਮੀਟਿੰਗ ਦੌਰਾਨ ਕਿਹਾ ਕਿ ਪੰਜਾਬ ਦੇ ਭਲੇ ਲਈ ਸਾਡੇ ਦਿਲ ਤੇ ਦਰ ਹਰੇਕ ਲਈ ਖੁੱਲ੍ਹੇ ਹਨ ਅਤੇ ਉਹ (ਮਾਸਟਰ) ਤਾਂ ਆਪਣੇ ਹੀ ਹਨ। ਬਲਦੇਵ ਸਿੰਘ ਦੀ ਵਾਪਸੀ ਨਾਲ ਪਾਰਟੀ (ਆਪ) ਨਾਲ ਜੁੜੇ ਵਿਧਾਇਕਾਂ ਦੀ ਗਿਣਤੀ 12 ਹੋ ਗਈ ਹੈ। ਦੱਸਣਯੋਗ ਹੈ ਕਿ ਵਿਧਾਇਕ ਐਚ.ਐਸ. ਫੂਲਕਾ ਵੱਲੋਂ ਅਸਤੀਫਾ ਦੇਣ ਕਾਰਨ ਹੁਣ 'ਆਪ' ਦੇ ਵਿਧਾਇਕਾਂ ਦੀ ਕੁੱਲ ਗਿਣਤੀ 19 ਰਹਿ ਗਈ ਹੈ। ਜਿਨ੍ਹਾਂ ਵਿਚੋਂ ਦੋ- ਮਾਨਸ਼ਾਹੀਆ ਤੇ ਸੰਦੋਆ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਇਨ੍ਹਾਂ ਤੋਂ ਇਲਾਵਾ ਬਾਕੀ 5 ਵਿਧਾਇਕ- ਖਹਿਰਾ, ਸੰਧੂ, ਜੱਗਾ, ਕਮਾਲੂ ਤੇ ਪਿਰਮਲ ਸਿੰਘ ਬਾਗੀ ਚੱਲ ਰਹੇ ਹਨ।

# ਬਾਦਲਾਂ 'ਤੇ ਅਕਾਲ ਤਖਤ ਦੀ ਸਿਆਸੀ ਵਰਤੋਂ ਦੇ ਦੋਸ਼

**ਅੰਮ੍ਰਿਤਸਰ:** ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਮੁੜ ਬਾਦਲ ਪਰਿਵਾਰ ਉਤੇ ਅਕਾਲ ਤਖਤ ਦੀ ਵਰਤੋਂ ਨਿੱਜੀ ਅਤੇ ਸਿਆਸੀ ਹਿੱਤਾਂ ਲਈ ਕਰਨ ਦੇ ਦੋਸ਼ ਲਾਏ ਹਨ। ਸਾਬਕਾ ਜਥੇਦਾਰ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਾਜਪਾ ਨਾਲ ਤਿੜਕ ਰਹੇ ਰਿਸ਼ਤਿਆਂ ਨੂੰ ਬਚਾਉਣ ਵਾਸਤੇ ਹੁਣ ਅਕਾਲ ਤਖਤ ਦੇ ਜਥੇਦਾਰ ਰਾਹੀਂ ਆਰ.ਐਸ.ਐਸ. ਉਤੇ ਰੋਕ ਲਾਉਣ ਦੇ ਬਿਆਨ ਦਿੱਤੇ ਜਾ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਪਹਿਲਾਂ ਹੀ ਸਿਆਸੀ ਪ੍ਰਭਾਵ ਗੁਆ ਚੁੱਕਾ ਹੈ। ਜੇ ਭਾਜਪਾ ਨਾਲ ਰਿਸ਼ਤਿਆਂ ਵਿਚ ਵਧੇਰੇ ਕੁੜੱਤਣ ਪੈਦਾ ਹੁੰਦੀ ਹੈ ਤਾਂ ਇਸ ਨਾਲ ਕੇਂਦਰ ਸਰਕਾਰ ਵਿਚ ਮਿਲੀ ਮੰਤਰੀ ਦੀ ਕੁਰਸੀ ਖੁੱਸਣ ਤੇ ਪੰਜਾਬ ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੇ ਨੁਕਸਾਨ ਦੀ ਸੰਭਾਵਨਾ ਹੈ। ਇਸੇ ਕਰ ਕੇ ਅਕਾਲ ਤਖਤ ਰਾਹੀਂ ਆਰ.ਐਸ.ਐਸ. ਉਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਆਖਿਆ ਕਿ ਇਹ ਮੰਗ ਕਰ ਕੇ ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨੂੰ ਸੰਕੇਤ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਭਾਜਪਾ ਲਈ ਕਈ ਤਰ੍ਹਾਂ ਦੇ ਅੜਿੱਕੇ ਖੜ੍ਹੇ ਕਰ ਸਕਦਾ ਹੈ।

ਸਰਕਾਰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ ਪੁਰਬ ਸਮਾਗਮ ਇਕੱਠੇ ਮਨਾਉਣ ਦੇ ਯਤਨਾਂ ਬਾਰੇ ਸਾਬਕਾ ਜਥੇਦਾਰ ਨੇ ਆਖਿਆ ਕਿ 1999 ਵਿਚ ਉਨ੍ਹਾਂ ਨੇ ਵੀ ਅਜਿਹੇ ਯਤਨ ਕੀਤੇ ਸਨ, ਪਰ ਉਸ ਵੇਲੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਨਾ ਸਿਰਫ ਅਕਾਲ ਤਖਤ ਦਾ ਨਿਰਾਦਰ ਕੀਤਾ ਸਗੋਂ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਤੋਂ ਹੀ ਫਾਰਗ ਕਰ ਦਿੱਤਾ ਸੀ। ਉਨ੍ਹਾਂ ਇਸ ਸਬੰਧੀ 31 ਦਸੰਬਰ 1998 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤਾ ਹੁਕਮਨਾਮਾ ਵੀ ਮੀਡੀਆ ਨੂੰ ਜਾਰੀ ਕੀਤਾ। ਸਾਬਕਾ ਜਥੇਦਾਰ ਨੇ ਬਾਦਲ ਪਰਿਵਾਰ ਉਤੇ ਬਹਿਬਲ ਅਤੇ ਬਰਗਾੜੀ ਕਾਂਡ ਸਬੰਧੀ ਵੀ ਦੋਸ਼ ਲਾਏ ਹਨ।

# ਢੀਂਡਸਾ ਵੱਲੋਂ ਰਾਜ ਸਭਾ 'ਚੋਂ ਪਾਰਟੀ ਆਗੂ ਵਜੋਂ ਅਸਤੀਫਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਰਾਜ ਸਭਾ ਵਿਚ ਪਾਰਟੀ ਦੇ ਆਗੂ ਵਜੋਂ ਅਸਤੀਫਾ ਦੇਣ ਨੇ ਅਕਾਲੀ ਸਿਆਸਤ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਸ੍ਰੀ ਢੀਂਡਸਾ ਵੱਲੋਂ ਅਸਤੀਫਾ ਉਸ ਵੇਲੇ ਦਿੱਤਾ ਗਿਆ ਜਦ ਸੂਬੇ ਦੀਆਂ ਜ਼ਿਮਨੀ ਚੋਣਾਂ ਜਿੱਤਣ ਲਈ ਅਕਾਲੀਆਂ ਖਾਸ ਕਰ ਬਾਦਲ ਪਰਿਵਾਰ ਵੱਲੋਂ 'ਸਿਰ-ਧੜ ਦੀ ਬਾਜ਼ੀ' ਲਾ ਕੇ ਵੱਕਾਰ ਬਹਾਲ ਕਰਨ ਦੇ ਯਤਨ ਕੀਤੇ ਜਾ ਰਹੇ ਸਨ। ਸੁਖਦੇਵ ਸਿੰਘ ਢੀਂਡਸਾ ਨੇ ਰਾਜ ਸਭਾ ਦੇ ਚੇਅਰਮੈਨ ਵੈਂਕਈਆ ਨਾਇਡੂ ਨੂੰ ਅਸਤੀਫਾ ਸੌਂਪ ਦਿੱਤਾ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਇਸ ਸਬੰਧੀ ਲਿਖਤੀ ਤੌਰ 'ਤੇ ਜਾਣੂ ਕਰਾ ਦਿੱਤਾ। ਇਸ ਆਗੂ ਦਾ ਕਹਿਣਾ ਹੈ ਕਿ ਲੰਘੇ ਸਾਲ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਤਾਂ ਅਸਤੀਫਾ ਦੇ ਹੀ ਦਿੱਤਾ ਸੀ ਤੇ ਹੁਣ ਰਾਜ ਸਭਾ ਵਿਚ ਪਾਰਟੀ ਮੈਂਬਰਾਂ ਦਾ ਆਗੂ ਬਣੇ ਰਹਿਣ ਦੀ ਕੋਈ ਤੁਕ ਨਹੀਂ ਸੀ ਬਣਦੀ।

ਸ੍ਰੀ ਢੀਂਡਸਾ ਨੇ ਆਪਣੇ ਅਸਤੀਫੇ ਸਬੰਧੀ ਤਾਂ ਹੋਰ ਕੋਈ ਟਿੱਪਣੀ ਨਹੀਂ ਕੀਤੀ ਪਰ ਸੂਬੇ ਦੀ ਸਿਆਸਤ ਨੂੰ ਦਿਸ਼ਾਹੀਣ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਸਰਕਾਰ ਸੂਬੇ ਨੂੰ ਨਿਘਾਰ ਵੱਲ ਲਿਜਾ ਰਹੀ ਹੈ। ਅਕਾਲੀ ਦਲ ਪਹਿਲਾਂ ਹੀ ਟੁੱਟ ਚੁੱਕਿਆ ਹੈ।



ਪੀਪਲਜ਼ ਡੈਮੋਕ੍ਰੇਟਿਕ ਅਲਾਇੰਸ ਖੇਰੂੰ-ਖੇਰੂੰ ਹੋ ਚੁੱਕਾ ਹੈ ਤੇ ਆਮ ਆਦਮੀ ਪਾਰਟੀ ਲੋਕਾਂ 'ਚੋਂ ਆਪਣੀ ਸਾਖ ਗੁਆ ਚੁੱਕੀ ਹੈ। ਸ੍ਰੀ ਢੀਂਡਸਾ ਨੇ ਕਿਹਾ ਕਿ ਪੰਜਾਬ ਦਾ ਦੁਖੀ ਨੌਜਵਾਨ ਵਿਦੇਸ਼ਾਂ ਵੱਲ ਉਡਾਰੀਆਂ ਮਾਰ ਰਿਹਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਚ ਸਿਆਸੀ ਧਿਰਾਂ ਨਾਕਾਮ ਹੋ ਰਹੀਆਂ ਹਨ।

ਸੁਖਦੇਵ ਸਿੰਘ ਢੀਂਡਸਾ ਪਿਛਲੇ ਦੋ ਸਾਲਾਂ ਦੇ ਵੱਧ ਸਮੇਂ ਤੋਂ ਬਾਦਲ ਪਰਿਵਾਰ ਨਾਲ ਨਾਰਾਜ਼ ਚੱਲੇ ਆ ਰਹੇ ਹਨ। ਉਨ੍ਹਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਕਾਰਗੁਜ਼ਾਰੀ ਸਬੰਧੀ ਵੀ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ ਪਰ ਬਾਦਲ ਪਰਿਵਾਰ ਅਤੇ ਅਕਾਲੀ ਦਲ ਵੱਲੋਂ ਇਸ ਬਜ਼ੁਰਗ ਨੇਤਾ ਖਿਲਾਫ ਜਨਤਕ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ।

ਲੰਘੀਆਂ ਸੰਸਦੀ ਚੋਣਾਂ ਦੌਰਾਨ ਪਾਰਟੀ ਵੱਲੋਂ ਸ੍ਰੀ ਢੀਂਡਸਾ ਦੇ ਵਿਰੋਧ ਨੂੰ ਦਰਕਿਨਾਰ ਕਰਦਿਆਂ ਪਾਰਟੀ ਵੱਲੋਂ ਸੰਗਰੂਰ ਸੰਸਦੀ ਹਲਕੇ ਤੋਂ ਪਰਮਿੰਦਰ ਸਿੰਘ ਢੀਂਡਸਾ ਨੂੰ ਉਮੀਦਵਾਰ ਬਣਾਇਆ ਗਿਆ ਤੇ ਸੁਖਬੀਰ ਸਿੰਘ ਬਾਦਲ ਦੇ ਸੰਸਦ ਮੈਂਬਰ ਚੁਣੇ ਜਾਣ ਤੋਂ ਬਾਅਦ ਪੰਜਾਬ ਵਿਧਾਨ ਸਭਾ ਵਿਚ ਪਰਮਿੰਦਰ ਸਿੰਘ ਢੀਂਡਸਾ ਨੂੰ ਵਿਧਾਇਕ ਦਲ ਦਾ ਆਗੂ ਵੀ ਨਾਮਜ਼ਦ ਕੀਤਾ ਗਿਆ। ਇਸ ਤੋਂ ਸਪੱਸ਼ਟ ਹੈ ਕਿ ਬਾਦਲ ਪਰਿਵਾਰ ਵੱਲੋਂ ਸੁਖਦੇਵ ਸਿੰਘ ਢੀਂਡਸਾ ਦੀ ਅਕਾਲੀ ਦਲ ਅਤੇ ਪੰਜਾਬ ਦੀ ਸਿਆਸਤ ਵਿਚ ਅਹਿਮੀਅਤ ਨੂੰ ਸਮਝਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਨੂੰ ਪ੍ਰਕਾਸ਼ ਸਿੰਘ ਬਾਦਲ ਦੇ ਬਹੁਤ ਕਰੀਬੀ ਆਗੂਆਂ ਵਿਚੋਂ ਮੰਨਿਆ ਜਾਂਦਾ ਸੀ।

# ਨਸ਼ਿਆਂ ਦੇ ਖਾਤਮੇ ਬਾਰੇ ਕੈਪਟਨ ਦਾ ਯੂ-ਟਰਨ

**ਦਾਖਾ:** ਵਿਧਾਨ ਸਭਾ ਚੋਣਾਂ ਸਮੇਂ 4 ਹਫਤਿਆਂ ਵਿਚ ਨਸ਼ਾ ਖਤਮ ਕਰਨ ਦੇ ਦਾਅਵੇ ਕਰਨ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਣ ਆਖ ਦਿੱਤਾ ਹੈ ਕਿ ਨਸ਼ਿਆਂ ਦੀ ਸਮੱਸਿਆ ਗੁੰਝਲਦਾਰ ਹੈ, ਜਿਸ ਕਰਕੇ ਨਸ਼ਿਆਂ ਨੂੰ ਡੱਕਣ ਲਈ ਕੋਈ ਨਿਰਧਾਰਿਤ ਮਿਆਦ ਨਹੀਂ ਮਿੱਥੀ ਜਾ ਸਕਦੀ। ਅਮਰੀਕਾ ਵਿਚ ਨਸ਼ੀਲੇ ਪਦਾਰਥਾਂ ਨੂੰ ਨੱਥ ਪਾਉਣ ਲਈ 1930 ਤੋਂ ਯਤਨ ਜਾਰੀ ਹਨ ਤੇ ਉਹ ਵੀ ਅੱਜ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੇ।



ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਲੜਾਈ ਬਹੁਤ ਵੱਡੀ ਹੈ ਅਤੇ ਛੇ ਉੱਤਰੀ ਸੂਬੇ ਮਿਲ ਕੇ ਇਸ ਉਤੇ ਕਾਬੂ ਪਾਉਣ ਲਈ ਯਤਨਸ਼ੀਲ ਹਨ। ਪੰਜਾਬੀ ਟ੍ਰਿਬਿਊਨ ਨਾਲ ਵੱਖ-ਵੱਖ ਮੁੱਦਿਆਂ ਉਤੇ ਵਿਸ਼ੇਸ਼ ਗੱਲਬਾਤ ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਆਉਣ ਮਗਰੋਂ 33,000 ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਵਿਚੋਂ ਚਾਰ ਹਜ਼ਾਰ ਨੂੰ ਸਜ਼ਾਵਾਂ ਹੋ ਚੁੱਕੀਆਂ ਹਨ ਜਦੋਂਕਿ ਦਸ ਹਜ਼ਾਰ ਛੁੱਟ ਗਏ ਹਨ। ਨਸ਼ਿਆਂ ਉਤੇ ਕਾਬੂ ਪਾਉਣ ਲਈ ਟਾਸਕ ਫੋਰਸ ਗਠਿਤ ਕੀਤੀ ਗਈ ਸੀ। ਸ਼ੁਰੂ ਵਿਚ ਇਸ ਹੇਠ ਕੰਮ ਕਰਨ ਲਈ 450 ਮੁਲਾਜ਼ਮ ਸਨ, ਹੁਣ ਗਿਣਤੀ ਵਧਾ ਕੇ 600 ਕਰ ਦਿੱਤੀ ਗਈ ਹੈ। ਨਸ਼ੀਲੇ ਪਦਾਰਥ ਦੀ ਸਪਲਾਈ ਲੈਣ ਵਾਲਾ ਕੋਈ ਹੋਰ ਅਤੇ ਤਸਕਰੀ ਕਰਨ ਵਾਲਾ ਹੋਰ ਹੁੰਦਾ ਹੈ। ਸੂਬੇ ਵਿਚ ਕਈ ਪਾਸਿਆਂ ਤੋਂ ਨਸ਼ੀਲੇ ਪਦਾਰਥ ਆ ਰਹੇ ਹਨ। ਪਾਕਿਸਤਾਨ ਤੋਂ ਇਲਾਵਾ ਨੇਪਾਲ, ਕਾਂਡਲਾ ਬੰਦਰਗਾਹ (ਗੁਜਰਾਤ), ਦਿੱਲੀ ਅਤੇ ਕਸ਼ਮੀਰ ਵੱਲੋਂ ਵੀ ਨਸ਼ੇ ਆ ਰਹੇ ਹਨ। ਪਾਕਿਸਤਾਨ ਤੋਂ ਜੰਮੂ ਕਸ਼ਮੀਰ ਦੇ ਰਸਤੇ ਆ ਰਹੇ ਇਕ ਟਰੱਕ ਵਿਚੋਂ 650 ਕਰੋੜ ਰੁਪਏ ਦਾ ਨਸ਼ਾ ਫੜਿਆ ਗਿਆ ਹੈ ਅਤੇ ਪਤਾ ਨਹੀਂ ਹੋਰ ਅਜਿਹੇ ਕਿੰਨੇ ਟਰੱਕ ਨਿਕਲ ਗਏ ਹੋਣਗੇ। ਨਸ਼ਿਆਂ ਖਿਲਾਫ ਲੰਮੀ ਲੜਾਈ ਲੜਨੀ ਪਵੇਗੀ।

# ਭਾਰਤ ਨੇ ਹੁਣ ਆਪਣੀਆਂ ਤੋਪਾਂ ਦੇ ਮੂੰਹ ਮਕਬੂਜ਼ਾ ਕਸ਼ਮੀਰ ਵੱਲ ਘੁੰਮਾਏ

**ਨਵੀਂ ਦਿੱਲੀ:** ਭਾਰਤੀ ਫੌਜ ਨੇ ਮਕਬੂਜ਼ਾ ਕਸ਼ਮੀਰ ਦੀ ਨੀਲਮ ਵਾਦੀ ਵਿਚ ਚਾਰ ਦਹਿਸ਼ਤੀ ਟਿਕਾਣਿਆਂ ਤੇ ਪਾਕਿ ਫੌਜ ਦੀਆਂ ਚੌਕੀਆਂ ਨੂੰ ਨਿਸ਼ਾਨਾ ਬਣਾਇਆ ਤੇ ਇਸ ਦੌਰਾਨ ਛੇ ਤੋਂ ਦਸ ਪਾਕਿਸਤਾਨੀ ਫੌਜੀ ਮਾਰੇ ਗਏ। ਸਰਕਾਰੀ ਸੂਤਰਾਂ



ਮੁਤਾਬਕ ਭਾਰਤੀ ਗੋਲਾਬਾਰੀ ਵਿਚ ਇੰਨੇ ਹੀ ਦਹਿਸ਼ਤਗਰਦਾਂ ਦੇ ਮਾਰੇ ਜਾਣ ਦੀਆਂ ਵੀ ਰਿਪੋਰਟਾਂ ਹਨ। ਭਾਰਤ ਵੱਲੋਂ ਤੋਪਖਾਨੇ ਦਾ ਮੂੰਹ ਖੋਲ੍ਹੇ ਜਾਣ ਨਾਲ ਪਾਕਿਸਤਾਨ ਵਾਲੇ ਪਾਸੇ ਖਾਸਾ ਨੁਕਸਾਨ ਹੋਇਆ ਹੈ।

ਇਸ ਦੌਰਾਨ ਭਾਰਤੀ ਥਲ ਸੈਨਾ ਦੇ ਮੁਖੀ ਜਨਰਲ ਬਿਪਿਨ ਰਾਵਤ ਨੇ ਕਿਹਾ ਹੈ ਕਿ ਭਾਰਤੀ ਫੌਜ ਦੀ ਉਪਰੋਕਤ ਕਾਰਵਾਈ 'ਚ 6 ਤੋਂ 10 ਪਾਕਿ ਫੌਜੀ ਮਾਰੇ ਗਏ ਹਨ ਤੇ ਕੰਟਰੋਲ ਰੇਖਾ ਦੇ ਨਾਲ ਦਹਿਸ਼ਤਗਰਦਾਂ ਦੇ ਬੁਨਿਆਦੀ ਢਾਂਚੇ ਨੂੰ ਵੱਡਾ ਨੁਕਸਾਨ ਪੁੱਜਾ ਹੈ। ਸੂਤਰਾਂ ਮੁਤਾਬਕ ਭਾਰਤ ਨੇ ਇਹ ਜਵਾਬੀ ਕਾਰਵਾਈ ਪਾਕਿਸਤਾਨੀ ਫੌਜ ਵੱਲੋਂ ਕੰਟਰੋਲ ਰੇਖਾ ਦੇ ਨਾਲ ਤੰਗਧਾਰ ਸੈਕਟਰ ਵਿਚ ਗੋਲੀਬਾਰੀ ਦੇ ਮੱਦੇਨਜ਼ਰ ਕੀਤੀ ਹੈ। ਬਿਨਾਂ ਭੜਕਾਹਟ ਤੋਂ ਕੀਤੀ ਗੋਲੀਬਾਰੀ 'ਚ ਦੋ ਭਾਰਤੀ ਫੌਜੀ ਸ਼ਹੀਦ ਤੇ ਇਕ ਆਮ ਨਾਗਰਿਕ ਮਾਰਿਆ ਗਿਆ ਸੀ। ਹਮਲੇ 'ਚ ਤਿੰਨ ਹੋਰ ਜਣੇ ਜਖਮੀ ਹੋ ਗਏ ਸਨ।

ਸੂਤਰਾਂ ਮੁਤਾਬਕ ਜੰਮੂ ਤੇ ਕਸ਼ਮੀਰ ਵਿਚ ਤੰਗਧਾਰ ਸੈਕਟਰ ਤੋਂ ਬਿਲਕੁਲ ਉਲਟ ਸਰਹੱਦ ਪਾਰ ਪੈਂਦੀ ਨੀਲਮ ਵਾਦੀ ਵਿਚ ਦਹਿਸ਼ਤੀਆਂ ਦੇ ਚਾਰ ਟਿਕਾਣੇ ਸਨ। ਭਾਰਤੀ ਫੌਜ ਵੱਲੋਂ ਕੀਤੀ ਕਾਰਵਾਈ ਦੌਰਾਨ ਇਹ ਟਿਕਾਣੇ ਬੁਰੀ ਤਰ੍ਹਾਂ ਨੁਕਸਾਨੇ ਗਏ ਤੇ ਹਮਲੇ ਮੌਕੇ ਹਰ ਟਿਕਾਣੇ ਉਤੇ ਦਸ ਤੋਂ 15 ਦਹਿਸ਼ਤਗਰਦ ਮੌਜੂਦ ਸਨ। ਫਰਵਰੀ ਵਿਚ ਬਾਲਾਕੋਟ ਸਟਰਾਈਕ ਮਗਰੋਂ ਇਨ੍ਹਾਂ ਹਮਲਿਆਂ ਨੂੰ ਭਾਰਤੀ ਫੌਜ ਦੀ ਵੱਡੀ ਕਾਰਵਾਈ ਮੰਨਿਆ ਜਾ ਰਿਹਾ ਹੈ। ਉੱਚ ਮਿਆਰੀ ਸੂਤਰਾਂ ਨੇ ਭਾਰਤੀ ਫੌਜ ਦੀ ਗੋਲਾਬਾਰੀ 'ਚ ਘੱਟੋ ਘੱਟ 20 ਦਹਿਸ਼ਤਗਰਦਾਂ ਨੂੰ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਸਰਕਾਰੀ ਸੂਤਰਾਂ ਮੁਤਾਬਕ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨਾਲ ਗੱਲਬਾਤ ਕਰਕੇ ਭਾਰਤੀ ਹਮਲੇ ਸਬੰਧੀ ਜਾਣਕਾਰੀ ਲਈ। ਰੱਖਿਆ ਮੰਤਰੀ ਵੱਲੋਂ ਕੰਟਰੋਲ ਰੇਖਾ ਦੇ ਨਾਲ ਹਾਲਾਤ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ।

ਅਧਿਕਾਰੀ ਨੇ ਕਿਹਾ ਕਿ ਜੇਕਰ ਪਾਕਿਸਤਾਨੀ ਫੌਜ ਸਰਹੱਦ ਪਾਰੋਂ ਦਹਿਸ਼ਤੀ ਕਾਰਵਾਈਆਂ ਨੂੰ ਹਮਾਇਤ ਜਾਰੀ ਰੱਖਦੀ ਹੈ ਤਾਂ ਭਾਰਤੀ ਫੌਜ ਨੂੰ ਆਪਣੇ ਮਰਜ਼ੀ ਦੇ ਸਮੇਂ ਤੇ ਥਾਂ ਮੁਤਾਬਕ ਵਾਜਬ ਜਵਾਬ ਦੇਣ ਦਾ ਪੂਰਾ ਹੱਕ ਹੈ। ਉਧਰ, ਸੂਤਰਾਂ ਨੇ ਕਿਹਾ ਕਿ ਭਾਰਤੀ ਫੌਜ ਵੱਲੋਂ ਦਹਿਸ਼ਤੀ ਟਿਕਾਣੇ ਤਬਾਹ ਕੀਤੇ ਜਾਣ ਨੂੰ ਸਤੰਬਰ 2016 ਵਿਚ ਭਾਰਤੀ ਥਲ ਸੈਨਾ ਵੱਲੋਂ ਕੰਟਰੋਲ ਰੇਖਾ ਉਲੰਘ ਕੇ ਕੀਤੇ ਸਰਜੀਕਲ ਸਟਰਾਈਕ ਨਾਲ ਨਾ ਮੇਲਿਆ ਜਾਵੇ। ਇਸ ਦੌਰਾਨ ਪਾਕਿਸਤਾਨੀ ਫੌਜ ਨੇ ਕੰਟਰੋਲ ਰੇਖਾ 'ਤੇ ਦੁਵੱਲੀ ਗੋਲੀਬਾਰੀ ਦੌਰਾਨ ਨੌਂ ਭਾਰਤੀ ਫੌਜੀ ਮਾਰੇ ਜਾਣ ਦਾਅਵਾ ਕੀਤਾ ਹੈ। ਭਾਰਤੀ ਫੌਜ ਨੇ ਇਹ ਦਾਅਵੇ ਖਾਰਜ ਕੀਤੇ ਹਨ।

### ਭਾਰਤੀ ਦਾਅਵਾ ਖਾਰਜ

**ਇਸਲਾਮਾਬਾਦ:** ਪਾਕਿਸਤਾਨ ਨੇ ਮਕਬੂਜ਼ਾ ਕਸ਼ਮੀਰ ਭਾਰਤੀ ਦਾਅਵਾ ਖਾਰਜ ਕੀਤਾ ਹੈ। ਪਾਕਿਸਤਾਨ ਨੇ ਕਿਹਾ ਕਿ ਉਹ ਭਾਰਤ ਦੇ 'ਝੂਠ' ਦਾ ਪਰਦਾਫਾਸ਼ ਕਰਨ ਲਈ ਪੀ5 (ਸੰਯੁਕਤ ਰਾਸ਼ਟਰ ਦੇ 5 ਸਥਾਈ ਮੈਂਬਰ) ਮੁਲਕਾਂ ਨਾਲ ਸਬੰਧਤ ਸਫੀਰਾਂ ਦੀ ਫੇਰੀ (ਮਕਬੂਜ਼ਾ ਕਸ਼ਮੀਰ ਦੀ) ਦਾ ਪ੍ਰਬੰਧ ਕਰ ਸਕਦਾ ਹੈ। ਪਾਕਿਸਤਾਨ ਵਿਦੇਸ਼ ਦਫਤਰ ਨੇ ਕਿਹਾ ਕਿ ਪਾਕਿਸਤਾਨ ਨੇ ਪੀ 5 ਮੁਲਕਾਂ ਤੱਕ ਰਸਾਈ ਕਰਦਿਆਂ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਭਾਰਤ ਤੋਂ ਮਕਬੂਜ਼ਾ ਕਸ਼ਮੀਰ 'ਚ ਦਹਿਸ਼ਤੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਜਾਣਕਾਰੀ ਮੰਗਣ।

## ਕਸ਼ਮੀਰ ਵਿਧਾਨ ਪ੍ਰੀਸ਼ਦ ਭੰਗ ਕਰਨ ਦੇ ਹੁਕਮ

**ਜੰਮੂ:** ਜੰਮੂ ਕਸ਼ਮੀਰ ਦੀ ਇਸੇ ਮਹੀਨੇ ਦੇ ਅੰਤ ਵਿਚ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡ ਦੇ ਮੱਦੇਨਜ਼ਰ 62 ਸਾਲ ਪੁਰਾਣੀ ਸੂਬਾਈ ਵਿਧਾਨ ਪ੍ਰੀਸ਼ਦ ਨੂੰ ਭੰਗ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ। ਸੂਬਾ ਪ੍ਰਸ਼ਾਸਨ ਨੇ ਇਸ ਦੇ 116 ਮੈਂਬਰੀ ਸਟਾਫ ਨੂੰ ਆਮ ਪ੍ਰਸ਼ਾਸਨ ਵਿਭਾਗ ਨੂੰ ਰਿਪੋਰਟ ਕਰਨ ਲਈ ਕਿਹਾ ਹੈ।

31 ਅਕਤੂਬਰ ਨੂੰ ਸੂਬਾ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ (ਯੂਟੀਜ਼) ਵਿਚ ਤਬਦੀਲ ਹੋ ਜਾਵੇਗਾ। ਜੰਮੂ ਕਸ਼ਮੀਰ ਰਾਜ ਵਿਧਾਨ ਸਭਾ ਦੇ ਨਾਲ ਯੂਟੀ ਵਿਚ ਤਬਦੀਲ ਹੋ ਜਾਵੇਗਾ। ਇਹ ਹੁਕਮ ਰਾਜ ਸਰਕਾਰ ਦੇ ਸਕੱਤਰ ਫਾਰੂਕ ਅਹਿਮਦ ਲੋਨ ਨੇ ਜਾਰੀ ਕੀਤੇ ਹਨ। ਉਨ੍ਹਾਂ ਸਾਰੇ ਵਾਹਨਾਂ ਨੂੰ ਡਾਇਰੈਕਟਰ, ਸੂਬਾ ਮੋਟਰ ਗੈਰਾਜ ਦੇ ਹਵਾਲੇ ਕਰਨ ਤੇ ਪ੍ਰੀਸ਼ਦ ਦੀ ਇਮਾਰਤ ਨੂੰ ਵੀ ਸਾਰੇ ਫਰਨੀਚਰ ਤੇ ਇਲੈਕਟ੍ਰਾਨਿਕ ਵਸਤਾਂ ਸਣੇ ਅਸਟੇਟ ਡਾਇਰੈਕਟਰ ਨੂੰ ਸੌਂਪਣ ਲਈ ਕਿਹਾ ਹੈ। ਯਾਦ ਰਹੇ ਕਿ 36 ਮੈਂਬਰੀ ਸੂਬਾ ਪ੍ਰੀਸ਼ਦ 1957 ਵਿਚ ਸੰਸਦ ਵਿਚ ਇਕ ਐਕਟ ਪਾਸ ਕਰ ਕੇ ਕਾਇਮ ਕੀਤੀ ਗਈ ਸੀ। ਇਹ 87 ਮੈਂਬਰੀ ਵਿਧਾਨ ਸਭਾ ਦੇ ਉਪਰਲੇ ਸਦਨ ਵਜੋਂ ਕੰਮ ਕਰਦੀ ਰਹੀ ਹੈ।

# ਪੈਸੇ-ਪੈਸੇ ਲਈ ਮੁਥਾਜ ਹੋਏ ਪੀ.ਐਮ.ਸੀ. ਖਾਤਾਧਾਰਕ




**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵੱਲੋਂ ਘੁਟਾਲੇ ਦੇ ਡੰਗੇ ਪੰਜਾਬ ਮਹਾਰਾਸ਼ਟਰ ਸਹਿਕਾਰੀ ਬੈਂਕ (ਪੀ.ਐਮ.ਸੀ.) ਉਤੇ ਪਾਬੰਦੀਆਂ ਆਇਦ ਕੀਤਿਆਂ ਨੂੰ ਲਗਭਗ ਇਕ ਮਹੀਨਾ ਹੋਣ ਲੱਗਾ ਹੈ ਤੇ ਇਸ ਬੈਂਕ ਦੇ ਖਾਤਾਧਾਰਕਾਂ ਦੀ ਵਿੱਤੀ ਹਾਲਤ ਨਿੱਤ ਦਿਨ ਬਦ ਤੋਂ ਬਦਤਰ ਹੋਣ ਲੱਗੀ ਹੈ।

ਕਈਆਂ ਨੂੰ ਆਪਣੇ ਬੱਚਿਆਂ ਦੀ ਸਕੂਲ ਫੀਸ ਦੇਣੀ ਔਖੀ ਹੋ ਗਈ ਹੈ ਜਦੋਂਕਿ ਕਈ ਖਾਤਾਧਾਰਕ ਪੈਸੇ ਦੀ ਤੋਟ ਕਰਕੇ ਦਵਾਈ ਬੂਟੀ ਲਿਆਉਣ ਤੋਂ ਵੀ ਆਵਾਜ਼ਾਰ ਹਨ। ਕਈ ਨੂੰ ਇਹ ਡਰ ਸਤਾ ਰਿਹਾ ਹੈ ਕਿ ਬੱਚਤ ਖਾਤਿਆਂ ਜਾਂ ਫਿਕਸਡ ਡਿਪਾਜ਼ਿਟ ਦੇ ਰੂਪ 'ਚ ਜਮ੍ਹਾਂ ਜ਼ਿੰਦਗੀ ਭਰ ਦੀ ਪੂੰਜੀ ਤੋਂ ਹੱਥ ਨਾ ਧੋਣੇ ਪੈ ਜਾਣ। ਬੈਂਕ ਦੇ ਖਾਤਾਧਾਰਕਾਂ ਨੂੰ ਦਰਪੇਸ਼ ਇਸ ਸੰਕਟ ਕਰਕੇ ਹੁਣ ਤੱਕ 4 ਖਾਤਾਧਾਰਕ ਆਪਣੀ ਜਾਨ ਗੁਆ ਚੁੱਕੇ ਹਨ। ਸਾਲ 1984 ਵਿਚ ਕੇਂਦਰੀ ਮੁੰਬਈ ਦੇ ਸਿਓਨ ਵਿਚ ਸਥਾਪਤ ਪੀ.ਐਮ.ਸੀ. ਬੈਂਕ ਦੀਆਂ ਇਸ ਵੇਲੇ ਛੇ ਰਾਜਾਂ ਵਿਚ ਸ਼ਾਖਾਵਾਂ ਹਨ, ਪਰ ਇਨ੍ਹਾਂ ਵਿਚੋਂ ਵੱਡੀ ਗਿਣਤੀ ਮੁੰਬਈ ਤੇ ਦਿੱਲੀ ਜਿਹੇ ਮਹਾਨਗਰਾਂ ਵੱਲ ਕੇਂਦਰਤ ਹਨ। ਕੇਂਦਰੀ ਬੈਂਕ ਨੇ ਪਹਿਲਾਂ ਪੀ.ਐਮ.ਸੀ. 'ਚੋਂ ਛੇ ਮਹੀਨਿਆਂ ਦੌਰਾਨ ਮਹਿਜ਼ ਇਕ ਹਜ਼ਾਰ ਰੁਪਏ ਕਢਵਾਉਣ ਦੀ ਹੱਦ ਮਿਥੀ ਸੀ, ਜਿਸ ਨੂੰ ਖਾਤਾਧਾਰਕਾਂ ਦੇ ਰੋਹ ਅੱਗੇ ਝੁਕਦਿਆਂ ਪਹਿਲਾਂ ਦਸ ਹਜ਼ਾਰ ਤੋਂ ਮਗਰੋਂ 40 ਹਜ਼ਾਰ ਕਰ ਦਿੱਤਾ ਗਿਆ ਸੀ।

ਪੰਜਾਬ ਐਂਡ ਮਹਾਰਾਸ਼ਟਰ ਕੋਆਪ੍ਰੇਟਿਵ ਬੈਂਕ, ਜਿਸ ਦਾ ਮੁੱਖ ਦਫਤਰ ਮੁੰਬਈ ਵਿਚ ਹੈ ਅਤੇ 7 ਸੂਬਿਆਂ ਵਿਚ 137 ਬ੍ਰਾਂਚਾਂ ਹਨ, ਵਿਚ ਹੋਈ ਗੜਬੜ ਤੋਂ ਬਾਅਦ ਆਰਥਿਕ ਜਗਤ ਵਿਚ ਮਚੇ ਭੁਚਾਲ ਨਾਲ ਭਾਰਤ ਦੀ ਬੈਂਕਿੰਗ ਪ੍ਰਣਾਲੀ ਇਕ ਵਾਰ ਫਿਰ ਵਿਵਾਦਾਂ ਵਿਚ ਘਿਰੀ ਨਜ਼ਰ ਆਉਂਦੀ ਹੈ। ਕੋਆਪ੍ਰੇਟਿਵ ਬੈਂਕ ਦਾ ਸਬੰਧ ਮੁੱਖ ਰੂਪ ਵਿਚ ਸਬੰਧਤ ਸੂਬੇ ਦੀ ਸਰਕਾਰ ਨਾਲ ਹੁੰਦਾ ਹੈ। ਪਰ ਰਿਜ਼ਰਵ ਬੈਂਕ ਇਸ 'ਤੇ ਆਪਣਾ ਜ਼ਾਬਤਾ ਜ਼ਰੂਰ ਬਣਾਈ ਰੱਖਦਾ ਹੈ। ਸਰਕਾਰੀ ਅਤੇ ਨਿੱਜੀ ਬੈਂਕਾਂ ਉੱਪਰ ਰਿਜ਼ਰਵ ਬੈਂਕ ਦਾ ਜੋ ਜ਼ਾਬਤਾ ਹੁੰਦਾ ਹੈ, ਉਹ ਸਹਿਕਾਰੀ ਬੈਂਕਾਂ 'ਤੇ ਨਹੀਂ ਹੁੰਦਾ।

ਇਹ ਬੈਂਕ ਦਹਾਕਿਆਂ ਪਹਿਲਾਂ ਪੰਜਾਬੀਆਂ ਵੱਲੋਂ ਸ਼ੁਰੂ ਕੀਤਾ ਗਿਆ ਸੀ, ਤਾਂ ਜੋ ਟਰਾਂਸਪੋਰਟ ਅਤੇ ਹੋਰ ਧੰਦਿਆਂ ਵਿਚ ਲੱਗੇ ਪੰਜਾਬੀਆਂ ਨੂੰ ਆਪਣਾ ਬੈਂਕ ਮਿਲੇ, ਜਿਸ ਵਿਚ ਉਹ ਆਪਣਾ ਅਸਾਸਾ ਜਮ੍ਹਾਂ ਕਰਵਾ ਸਕਣ। ਇਸ ਆਸ਼ੇ ਨਾਲ ਸ਼ੁਰੂ ਕੀਤੇ ਗਏ ਇਸ ਬੈਂਕ ਨੇ ਬੜੀ ਤਰੱਕੀ ਕੀਤੀ। ਇਸ ਨੂੰ ਪਿਛਲੇ ਸਾਲ 100 ਕਰੋੜ ਦੇ ਲਗਭਗ ਲਾਭ ਵੀ ਹੋਇਆ ਸੀ। ਪਰ ਇਸ ਦੇ ਨਾਲ ਹੀ ਜਿਸ ਤਰ੍ਹਾਂ ਚੇਅਰਮੈਨ ਅਤੇ ਹੋਰ ਅਧਿਕਾਰੀਆਂ ਵੱਲੋਂ ਕੁਝ ਕੰਪਨੀਆਂ ਨਾਲ ਰਲ ਕੇ ਇਸ ਦੇ ਫੰਡਾਂ ਨੂੰ ਚੂਨਾ ਲਗਾਇਆ ਜਾਂਦਾ ਰਿਹਾ, ਉਹ ਹੈਰਾਨੀਜਨਕ ਹੈ। ਇਹ ਬੈਂਕ ਦੇਸ਼ ਦੇ ਕੁਝ ਇਕ ਵੱਡੇ ਸਹਿਕਾਰੀ ਬੈਂਕਾਂ 'ਚੋਂ ਇਕ ਹੈ। ਇਸ ਵਿਚ ਛੋਟੇ ਵਪਾਰੀਆਂ, ਸਨਅਤਕਾਰਾਂ, ਟਰਾਂਸਪੋਰਟਰਾਂ ਅਤੇ ਆਮ ਲੋਕਾਂ ਦਾ 11 ਹਜ਼ਾਰ ਕਰੋੜ ਤੋਂ ਵੱਧ ਰੁਪਿਆ ਜਮ੍ਹਾਂ ਹੈ। ਇਸ ਵਿਚ ਬਹੁਤੀ ਰਕਮ ਮੁੰਬਈ ਵਿਚ ਕੰਮ ਕਰਦੇ ਪੰਜਾਬੀਆਂ ਦੀ ਹੈ। ਬੈਂਕ ਦੇ ਚੇਅਰਮੈਨ ਨੇ ਹੋਰ ਅਧਿਕਾਰੀਆਂ ਨਾਲ ਰਲ ਕੇ ਇਕ ਹਾਊਸਿੰਗ ਕੰਪਨੀ ਨੂੰ ਵਿੰਗੇ-ਟੇਢੇ ਢੰਗ ਨਾਲ 4 ਹਜ਼ਾਰ ਕਰੋੜ ਤੋਂ ਵੀ ਵਧੇਰੇ ਕਰਜ਼ਾ ਦੇ ਦਿੱਤਾ ਸੀ।

ਇਹ ਕਰਜ਼ਾ ਸਮੇਂ-ਸਮੇਂ ਦਿੱਤਾ ਜਾਂਦਾ ਰਿਹਾ ਸੀ ਪਰ ਮਿਲੀਭੁਗਤ ਨਾਲ ਇਸ ਦੀ ਵਾਪਸੀ ਦਾ ਕੋਈ ਪ੍ਰਬੰਧ ਨਾ ਕੀਤਾ ਗਿਆ। ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਇਸ ਕੰਪਨੀ ਨੇ ਆਪਣਾ ਵਿੱਤੀ ਘਾਟਾ ਦਿਖਾਉਣਾ ਸ਼ੁਰੂ ਕੀਤਾ ਅਤੇ ਵੱਡੀ ਰਕਮ ਦੇਣ ਤੋਂ ਇਨਕਾਰੀ ਹੋ ਗਈ। ਇਸ 'ਤੇ ਰਿਜ਼ਰਵ ਬੈਂਕ ਨੇ ਇਸੇ ਸਤੰਬਰ ਦੇ ਮਹੀਨੇ ਵਿਚ ਪ੍ਰਸ਼ਾਸਕ ਨਿਯੁਕਤ ਕਰ ਦਿੱਤਾ ਅਤੇ ਹਰ ਤਰ੍ਹਾਂ ਦੇ ਖਾਤਾਧਾਰਕਾਂ 'ਤੇ ਪੈਸਾ ਕਢਵਾਉਣ ਉਤੇ ਰੋਕ ਲਗਾ ਦਿੱਤੀ।

### ਪੈਸੇ ਦੀ ਨਿਕਾਸੀ 'ਤੇ ਰੋਕ ਲਾਉਣ ਬਾਰੇ ਪਟੀਸ਼ਨ 'ਤੇ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ:** ਸਰਵਉੱਚ ਅਦਾਲਤ ਨੇ ਪੰਜਾਬ ਤੇ ਮਹਾਰਾਸ਼ਟਰ ਕੋਆਪ੍ਰੇਟਿਵ ਬੈਂਕ (ਪੀ.ਐਮ.ਸੀ. ਬੈਂਕ) ਵਿਚੋਂ ਪੈਸੇ ਦੇ ਨਿਕਾਸੀ ਲਈ ਲਾਈ ਗਈ ਰੋਕ ਖਤਮ ਕਰਨ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਉਹ ਧਾਰਾ 32 ਤਹਿਤ ਇਸ ਪਟੀਸ਼ਨ ਉਤੇ ਸੁਣਵਾਈ ਨਹੀਂ ਕਰਨਾ ਚਾਹੁੰਦੇ। ਬੈਂਚ ਨੇ ਕਿਹਾ ਕਿ ਰਾਹਤ ਲੈਣ ਲਈ ਪਟੀਸ਼ਨਕਰਤਾ ਸਬੰਧਤ ਹਾਈ ਕੋਰਟ ਜਾ ਸਕਦੇ ਹਨ। ਪੰਜਾਬ ਤੇ ਮਹਾਰਾਸ਼ਟਰ ਸਹਿਕਾਰੀ ਬੈਂਕ ਵਿਚ 4355 ਕਰੋੜ ਰੁਪਏ ਦਾ ਘੁਟਾਲਾ ਹੋਣ ਤੋਂ ਬਾਅਦ ਰਿਜ਼ਰਵ ਬੈਂਕ ਨੇ ਬੈਂਕ ਦੇ ਵਿੱਤੀ ਲੈਣ ਦੇਣ ਉਤੇ ਪਾਬੰਦੀਆਂ ਲਾ ਦਿੱਤੀਆਂ ਸਨ ਤੇ ਖਾਤਾਧਾਰਕਾਂ ਨੂੰ ਛੇ ਮਹੀਨੇ ਵਿਚ ਚਾਲੀ ਹਜ਼ਾਰ ਰੁਪਏ ਹੀ ਕਢਵਾਉਣ ਲਈ ਪਾਬੰਦ ਕੀਤਾ ਗਿਆ ਸੀ। ਇਸ ਕਾਰਨ ਖਾਤਾਧਾਰਕਾਂ ਦੀ ਬੇਚੈਨੀ ਵਧ ਗਈ ਹੈ।

## ਹੁਣ ਏਅਰ ਇੰਡੀਆ ਨੂੰ ਵੇਚਣ ਦੀ ਤਿਆਰੀ

**ਨਵੀਂ ਦਿੱਲੀ:** ਕੇਂਦਰ ਸਰਕਾਰ ਏਅਰ ਇੰਡੀਆ ਦੀ ਸੌ ਫੀਸਦੀ ਹਿੱਸੇਦਾਰੀ ਵੇਚਣ ਲਈ ਅਗਲੇ ਮਹੀਨੇ ਮੁਢਲੀ ਬੋਲੀ ਮੰਗਣ ਦੀ ਯੋਜਨਾ ਬਣਾ ਰਹੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਕੰਪਨੀ 'ਤੇ ਲਗਭਗ 58 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਬਾਕੀ ਹੈ ਪਰ ਕੁਝ ਕੰਪਨੀਆਂ ਪਹਿਲਾਂ ਹੀ ਏਅਰ ਇੰਡੀਆ ਨੂੰ ਖਰੀਦਣ 'ਚ ਦਿਲਚਸਪੀ ਵਿਖਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਬੋਲੀ ਮੰਗਣ ਲਈ ਦਸਤਾਵੇਜ਼ ਨੂੰ ਆਖਰੀ ਰੂਪ ਦਿੱਤਾ ਜਾ ਰਿਹਾ ਹੈ ਅਤੇ ਇਸ ਮਹੀਨੇ ਦੇ ਅੰਤ ਤੱਕ ਜਾਂ ਅਗਲੇ ਮਹੀਨੇ ਬੋਲੀਆਂ ਮੰਗੀਆਂ ਜਾ ਸਕਦੀਆਂ ਹਨ।

ਬੋਲੀਆਂ ਦੀ ਮੰਗ ਹਾਲ 'ਚ ਵਿਕਸਿਤ ਕੀਤੀ ਗਈ ਨਵੀਂ ਈ-ਬੋਲੀ ਪ੍ਰਣਾਲੀ ਰਾਹੀਂ ਕੀਤੀ ਜਾਵੇਗੀ। ਦੂਜੇ ਪਾਸੇ ਇਸ ਏਅਰਲਾਈਨ ਦੀਆਂ ਕਰਮਚਾਰੀ ਯੂਨੀਅਨਾਂ ਦੇ ਮੁਲਾਜ਼ਮ ਨੌਕਰੀ ਜਾਣ ਦੇ ਡਰੋਂ ਇਸ ਦਾ ਵਿਰੋਧ ਕਰ ਰਹੇ ਹਨ। ਏਅਰਲਾਈਨ ਬੈਲੈਂਸ ਸ਼ੀਟ ਸਾਫ ਕਰਨ ਲਈ ਲਗਭਗ 30 ਹਜ਼ਾਰ ਕਰੋੜ ਰੁਪਏ ਦਾ ਕਰਜ਼ ਬਾਂਡ ਜਾਰੀ ਕੀਤਾ ਜਾਣਾ ਹੈ। ਇਹ ਬਾਂਡ ਏਅਰਲਾਈਨ ਦੀ ਵਿਸ਼ੇਸ਼ ਉਦੇਸ਼ੀ ਕੰਪਨੀ ਏਅਰ ਇੰਡੀਆ ਐਸੇਟ ਹੋਲਡਿੰਗ ਕੰਪਨੀ ਵੱਲੋਂ ਜਾਰੀ ਕੀਤੇ ਜਾ ਸਕਦੇ ਹਨ। ਕੰਪਨੀ ਦਾ ਗਠਨ ਇਸ ਉਦੇਸ਼ ਨਾਲ ਕੀਤਾ ਗਿਆ ਹੈ ਕਿ ਏਅਰਲਾਈਨ ਦੇ ਕਿਰਿਆਸ਼ੀਲ ਪੂੰਜੀਗਤ ਕਰਜ਼, ਤੇਲ, ਚਿੱਤਰ ਅਤੇ ਕਲਾਤਮਕ ਵਸਤੂਆਂ ਅਤੇ ਏਅਰ ਇੰਡੀਆ ਦੀਆਂ ਸਹਿਯੋਗੀ ਕੰਪਨੀਆਂ ਕੋਲ ਕਿਸੇ ਵੀ ਤਰ੍ਹਾਂ ਦੀ ਜਾਇਦਾਦ ਨੂੰ ਇਕ ਜਗ੍ਹਾ ਕੀਤਾ ਜਾ ਸਕੇ। ਕੰਪਨੀ ਹੁਣ ਤੱਕ 21, 985 ਕਰੋੜ ਰੁਪਏ ਬੌਂਡ ਰਾਹੀਂ ਪ੍ਰਾਪਤ ਕਰ ਚੁੱਕੀ ਹੈ।

# ਆਰਥਕ ਮੰਦੀ: ਮੋਦੀ ਸਰਕਾਰ ਵੱਲੋਂ ਮਨਮੋਹਨ-ਰਾਜਨ ਸਿਰ ਦੋਸ਼ ਮੜ੍ਹਨ 'ਤੇ ਜ਼ੋਰ

**ਨਿਊ ਯਾਰਕ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਆਰ.ਬੀ.ਆਈ. ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦੇ ਕਾਰਜਕਾਲ ਦੌਰਾਨ ਭਾਰਤ ਦੀਆਂ ਸਰਕਾਰੀ ਬੈਂਕਾਂ 'ਬਹੁਤ ਬੁਰੇ ਦੌਰ ਵਿਚੋਂ ਗੁਜ਼ਰੀਆਂ ਹਨ।' ਸੀਤਾਰਮਨ ਨੇ ਕਿਹਾ ਕਿ ਇਨ੍ਹਾਂ ਵਿਚ ਦੁਬਾਰਾ 'ਸਾਹ ਫੂਕਣਾ' ਹੁਣ ਉਨ੍ਹਾਂ ਦੀ ਪਹਿਲ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਬੈਂਕਾਂ ਡੁੱਬੇ ਕਰਜ਼ਿਆਂ ਨਾਲ ਜੂਝ ਰਹੀਆਂ ਹਨ ਤੇ ਸਰਕਾਰ ਇਸ ਸਬੰਧੀ ਕਦਮ ਚੁੱਕ ਰਹੀ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਬੇਸ਼ੱਕ ਆਰਥਿਕ ਮਾਹਿਰ ਵਰਤਮਾਨ ਜਾਂ ਕੁਝ ਸਾਲ ਪਹਿਲਾਂ ਤੱਕ ਦੀ ਸਥਿਤੀ ਬਾਰੇ ਆਪਣਾ ਨਜ਼ਰੀਆ ਰੱਖ ਸਕਦੇ ਹਨ ਪਰ ਰਾਜਨ ਦੇ ਕਾਰਜਕਾਲ ਦੌਰਾਨ ਬੈਂਕਾਂ ਦੀ ਸਥਿਤੀ ਬਾਰੇ ਵੀ ਉਹ ਜਵਾਬ ਚਾਹੁੰਦੇ ਹਨ। ਉਹ ਰਾਜਨ ਦੀ ਕਾਬਲੀਅਤ ਦੀ ਕਦਰ ਕਰਦੇ ਹਨ। ਦੱਸਣਯੋਗ ਹੈ ਕਿ ਰਾਜਨ ਨੇ ਇਕ ਭਾਸ਼ਨ ਦੌਰਾਨ ਮੋਦੀ ਸਰਕਾਰ ਦੀ ਆਰਥਿਕ ਮਾਮਲਿਆਂ ਬਾਰੇ



ਪਹੁੰਚ 'ਤੇ ਸਵਾਲ ਚੁੱਕੇ ਸਨ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਭਾਰਤ ਨੂੰ 2024-25 ਤੱਕ 5,000 ਅਰਬ ਡਾਲਰ (ਪੰਜ ਖਰਬ ਡਾਲਰ) ਦੀ ਅਰਥਵਿਵਸਥਾ ਤੇ ਆਰਥਿਕ ਮਹਾਸ਼ਕਤੀ ਬਣਾਉਣ ਦਾ ਮਕਸਦ 'ਚੁਣੌਤੀਪੂਰਨ' ਜ਼ਰੂਰ ਹੈ ਪਰ ਇਸ ਨੂੰ ਹਾਸਲ ਕੀਤਾ ਜਾ ਸਕਦਾ ਹੈ।

ਕੋਲੰਬੀਆ ਯੂਨੀਵਰਸਿਟੀ ਦੇ 'ਸਕੂਲ ਆਫ ਇੰਟਰਨੈਸ਼ਨਲ ਐਂਡ ਪਬਲਿਕ ਅਫੇਅਰਜ਼' ਵਿਚ 'ਭਾਰਤੀ ਅਰਥਵਿਵਸਥਾ: ਚੁਣੌਤੀਆਂ ਤੇ ਸੰਭਾਵਨਾਵਾਂ' ਵਿਸ਼ੇ ਉਤੇ ਭਾਸ਼ਨ ਦਿੰਦਿਆਂ ਸੀਤਾਰਾਮਨ ਨੇ ਕਿਹਾ ਕਿ ਮੋਦੀ ਸਰਕਾਰ ਦੇ 2014 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਭਾਰਤੀ ਅਰਥਵਿਵਸਥਾ ਵਿਕਾਸ ਦੇ ਰਾਹ 'ਤੇ ਹੈ। ਉਨ੍ਹਾਂ ਅੰਕੜੇ ਦਿੰਦਿਆਂ ਕਿਹਾ ਕਿ ਸਾਲ 2014 ਵਿਚ ਐਨ.ਡੀ.ਏ. ਸਰਕਾਰ ਸੱਤਾ ਵਿਚ ਆਈ ਸੀ ਤਾਂ ਦੇਸ਼ ਦੀ ਅਰਥਵਿਵਸਥਾ 1,700 ਅਰਬ ਡਾਲਰ ਸੀ। ਸਾਲ 2019 ਵਿਚ ਇਹ 2,700 ਡਾਲਰ ਹੋ ਗਈ। ਪਿਛਲੇ ਪੰਜ ਸਾਲਾਂ ਵਿਚ ਸਰਕਾਰ ਨੇ 1,000 ਅਰਬ ਡਾਲਰ ਜੋੜਿਆ। ਉਨ੍ਹਾਂ ਕਿਹਾ ਕਿ ਮੰਤਵ 2024-25 ਤੱਕ 5,000 ਅਰਬ ਡਾਲਰ ਦੀ ਅਰਥਵਿਵਸਥਾ ਬਣਨ ਦਾ ਹੈ।

### ਅਰਥਚਾਰੇ ਬਾਰੇ ਮੋਦੀ ਸਰਕਾਰ ਨੇ ਪੰਜ ਸਾਲ ਕੀ ਕੀਤਾ: ਡਾ. ਮਨਮੋਹਨ ਸਿੰਘ

**ਮੁੰਬਈ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਜੇ ਉਹ ਮੰਨ ਵੀ ਲੈਣ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ 'ਕੁਝ ਕਮਜ਼ੋਰੀਆਂ' ਰਹੀਆਂ ਹਨ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਕੋਲ ਵੀ ਪੰਜ ਵਰ੍ਹੇ ਸਨ, ਉਹ ਇਨ੍ਹਾਂ ਦਾ ਹੱਲ ਲੱਭ ਸਕਦੇ ਸਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕੋਲ ਕਾਫੀ ਸਮਾਂ ਸੀ ਤੇ ਹੁਣ ਹਰੇਕ ਆਰਥਿਕ ਸੰਕਟ ਲਈ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਸਿਰ ਦੋਸ਼ ਮੜ੍ਹਨਾ ਬੰਦ ਕਰਨਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅਮਰੀਕਾ 'ਚ ਮਨਮੋਹਨ ਸਿੰਘ ਤੇ ਸਾਬਕਾ ਆਰ.ਬੀ.ਆਈ. ਗਵਰਨਰ ਰਘੂਰਾਮ ਰਾਜਨ ਦੀ ਨਿਖੇਧੀ ਕੀਤੀ ਸੀ ਤੇ ਉਨ੍ਹਾਂ ਨੂੰ ਬੈਂਕਿੰਗ ਸੈਕਟਰ ਦੇ ਨਿਘਾਰ ਲਈ ਜ਼ਿੰਮੇਵਾਰ ਠਹਿਰਾਇਆ ਸੀ। ਉਨ੍ਹਾਂ ਕਿਹਾ ਕਿ ਐਨ.ਡੀ.ਏ. ਨੂੰ ਯੂ.ਪੀ.ਏ. ਕਾਰਜਕਾਲ ਦੀਆਂ 'ਗਲਤੀਆਂ' ਤੋਂ ਸਿੱਖਣਾ ਚਾਹੀਦਾ ਸੀ ਤੇ 'ਭਰੋਸੇਯੋਗ ਹੱਲ' ਸੁਝਾਉਣੇ ਚਾਹੀਦੇ ਹਨ।

# ਸਰਕਾਰ ਨੇ ਖੁਦ ਹੀ ਉਡਾਈਆਂ ਰੁਜ਼ਗਾਰ ਗਾਰੰਟੀ ਕਾਨੂੰਨ ਦੀਆਂ ਧੱਜੀਆਂ

**ਚੰਡੀਗੜ੍ਹ:** ਪੰਜਾਬ ਦੀਆਂ ਹੁਣ ਤੱਕ ਬਣੀਆਂ ਸਰਕਾਰਾਂ ਨੇ ਮਹਾਤਮਾ ਗਾਂਧੀ ਦਿਹਾਤੀ ਰੁਜ਼ਗਾਰ ਗਰੰਟੀ ਕਾਨੂੰਨ (ਮਗਨਰੇਗਾ) ਦੀਆਂ ਖੁਦ ਹੀ ਧੱਜੀਆਂ ਉਡਾਈਆਂ ਹਨ। ਇਸ ਕਾਨੂੰਨ ਮੁਤਾਬਕ ਮੰਗਿਆ ਗਿਆ ਕੰਮ ਸਮੇਂ ਸਿਰ ਨਾ ਦੇਣ ਉਤੇ ਬੇਰੁਜ਼ਗਾਰੀ ਭੱਤਾ ਦਿੱਤਾ ਜਾਣਾ ਲਾਜ਼ਮੀ ਹੈ ਪਰ ਪੰਜਾਬ ਸਰਕਾਰ ਨੇ ਇਸ ਕੰਮ ਲਈ ਲੋੜੀਂਦਾ ਸਟੇਟ ਰੁਜ਼ਗਾਰ ਫੰਡ ਹੀ ਸਥਾਪਤ ਨਹੀਂ ਕੀਤਾ ਹੈ। ਇਸ ਲਈ ਅਧਿਕਾਰੀਆਂ ਨੂੰ ਇਸ ਦਬਾਅ ਹੇਠ ਰੱਖਿਆ ਜਾ ਰਿਹਾ ਹੈ ਕਿ ਉਹ ਬੇਰੁਜ਼ਗਾਰੀ ਭੱਤਾ ਰਿਕਾਰਡ ਉਤੇ ਲਿਆਉਣ ਦੀ ਨੌਬਤ ਹੀ ਨਾ ਆਉਣ ਦੇਣ।



ਮਗਨਰੇਗਾ ਅਨੁਸਾਰ ਮਜ਼ਦੂਰ ਦੀ ਦਿਹਾੜੀ ਦਾ ਪੈਸਾ ਕੇਂਦਰ ਸਰਕਾਰ ਦਿੰਦੀ ਹੈ ਅਤੇ ਜੇਕਰ ਸਮੇਂ ਸਿਰ ਕੰਮ ਨਾ ਦਿੱਤਾ ਜਾਵੇ ਤਾਂ ਇਹ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਮੰਨੀ ਜਾਂਦੀ ਹੈ ਅਤੇ ਬੇਰੁਜ਼ਗਾਰੀ ਭੱਤਾ ਸੂਬਾ ਸਰਕਾਰ ਨੂੰ ਆਪਣੇ ਫੰਡ ਵਿਚੋਂ ਦੇਣਾ ਪੈਂਦਾ ਹੈ। ਕੇਂਦਰ ਸਰਕਾਰ ਵੱਲੋਂ ਮਗਨਰੇਗਾ ਕਾਨੂੰਨ ਤਹਿਤ 2013 ਦੇ ਦਿਸ਼ਾ-ਨਿਰਦੇਸ਼ਾਂ ਦੇ ਚੌਥੇ ਐਡੀਸ਼ਨ ਵਿਚ ਸੂਬੇ ਦੀ ਜ਼ਿੰਮੇਵਾਰੀ ਬਾਰੇ ਸਪੱਸ਼ਟ ਕੀਤਾ ਗਿਆ ਹੈ। ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸੂਬਾਈ ਰੁਜ਼ਗਾਰ ਗਰੰਟੀ ਕੌਂਸਲ ਸਥਾਪਤ ਕਰੇ। ਰਾਜ ਵਿਚ ਮਗਨਰੇਗਾ ਦੇ ਕੰਮ ਨੂੰ ਕਾਨੂੰਨ ਮੁਤਾਬਕ ਕਰਵਾਉਣ ਦੀ ਜ਼ਿੰਮੇਵਾਰੀ ਇਸ ਕੌਂਸਲ ਦੀ ਹੈ। ਬੇਰੁਜ਼ਗਾਰੀ ਭੱਤਾ ਦੇਣ ਲਈ ਸਟੇਟ ਰੁਜ਼ਗਾਰ ਫੰਡ ਸਥਾਪਤ ਕਰਨਾ ਵੀ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਹ ਪੈਸਾ ਸਾਲ ਦੇ ਸ਼ੁਰੂ ਵਿਚ ਹੀ ਮਿਲ ਜਾਣਾ ਚਾਹੀਦਾ ਹੈ।

ਇਹ ਕਾਨੂੰਨ ਮੰਗ ਆਧਾਰਿਤ ਅਧਿਕਾਰ ਹੈ ਭਾਵ ਮਗਨਰੇਗਾ ਤਹਿਤ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜਾਂ ਪਰਿਵਾਰ ਜਦੋਂ ਚਾਹੇ, ਜਿਹੜੇ ਦਿਨਾਂ ਵਿਚ ਚਾਹੇ ਉਸ ਸਬੰਧੀ ਲਿਖਤੀ ਤੌਰ ਉਤੇ ਕੰਮ ਦੀ ਮੰਗ ਕਰਦਾ ਹੈ। ਉਹ ਸੌ ਦਿਨ ਦਾ ਇਕੱਠਾ ਕੰਮ ਅਤੇ ਘੱਟੋ-ਘੱਟ ਚੌਦਾਂ ਦਿਨਾਂ ਦਾ ਕੰਮ ਮੰਗ ਕੇ ਬਾਕੀ ਕੰਮ ਟੁਕੜਿਆਂ ਵਿਚ ਮੰਗ ਸਕਦਾ ਹੈ। ਚੌਦਾਂ ਦਿਨਾਂ ਤੋਂ ਘੱਟ ਕੰਮ ਨਾ ਮੰਗਿਆ ਜਾ ਸਕਦਾ ਹੈ ਅਤੇ ਨਾ ਹੀ ਦਿੱਤਾ ਜਾ ਸਕਦਾ ਹੈ। ਅਰਜ਼ੀਆਂ ਹਾਸਲ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਪੰਚਾਇਤਾਂ ਮਤਾ ਪਾਸ ਕਰਕੇ ਵਾਰਡ ਮੈਂਬਰ, ਆਂਗਣਵਾੜੀ ਵਰਕਰ, ਸਕੂਲ ਅਧਿਆਪਕ, ਸੈਲਫ ਹੈਲਪ ਗਰੁੱਪ, ਮਗਨਰੇਗਾ ਲਈ ਕੰਮ ਕਰਦੇ ਮਜ਼ਦੂਰ ਫਰੰਟ, ਮਾਲ ਵਿਭਾਗ ਦੇ ਕਰਮਚਾਰੀਆਂ ਨੂੰ ਅਰਜ਼ੀਆਂ ਲੈ ਕੇ ਮਜ਼ਦੂਰ ਪਰਿਵਾਰ ਨੂੰ ਰਸੀਦ ਦੇਣ ਲਈ ਨਾਮਜ਼ਦ ਕਰ ਸਕਦੀ ਹੈ। ਜ਼ਿਲ੍ਹਾ ਪੱਧਰੀ ਕਮੇਟੀ ਹੋਰ ਤਰੀਕੇ ਵੀ ਸੁਝਾਅ ਸਕਦੀ ਹੈ। ਦਿਸ਼ਾ ਨਿਰਦੇਸ਼ਾਂ ਅਨੁਸਾਰ ਮਜ਼ਦੂਰ ਗ੍ਰਾਮ ਪੰਚਾਇਤ ਦੇ ਦਫਤਰ ਜਾਂ ਕੰਮ ਵਾਲੀ ਥਾਂ 'ਤੇ ਜਾ ਕੇ ਖੁਦ ਨੂੰ ਕੰਮ ਲਈ ਪੇਸ਼ ਕਰ ਸਕਦਾ ਹੈ, ਉਸ ਦੀ ਜ਼ੁਬਾਨੀ ਮੰਗ ਨੂੰ ਰਿਕਾਰਡ ਕਰਨ ਅਤੇ ਰਜਿਸਟਰਡ ਕਰਨ ਦੀ ਜ਼ਿੰਮੇਵਾਰੀ ਗ੍ਰਾਮ ਰੁਜ਼ਗਾਰ ਸਹਾਇਕ ਦੀ ਹੋਵੇਗੀ।

ਸਬੰਧਤ ਪਰਿਵਾਰ ਵੱਲੋਂ ਅਰਜ਼ੀ ਮੁਤਾਬਕ ਮੰਗੇ ਗਏ ਕੰਮ ਵਾਲੇ ਦਿਨ ਕੰਮ ਨਾ ਮਿਲਣ 'ਤੇ ਬੇਰੁਜ਼ਗਾਰੀ ਭੱਤਾ ਸ਼ੁਰੂ ਹੋ ਜਾਂਦਾ ਹੈ। ਪਹਿਲੇ ਤੀਹ ਦਿਨਾਂ ਲਈ ਦਿਹਾੜੀ ਦਾ ਚੌਥਾ ਹਿੱਸਾ ਅਤੇ ਬਾਕੀ ਦੇ ਬਚੇ 70 ਦਿਨ ਲਈ ਅੱਧੀ ਦਿਹਾੜੀ ਕੰਮ ਨਾ ਦੇ ਸਕਣ ਦੇ ਹਰਜਾਨੇ ਵਜੋਂ ਪਰਿਵਾਰ ਦੇ ਖਾਤੇ ਵਿਚ ਜਮ੍ਹਾਂ ਕਰਵਾਉਣੀ ਹੋਵੇਗੀ। ਮਿਸਾਲ ਵਜੋਂ ਇਸ ਮੌਕੇ ਪੰਜਾਬ ਵਿਚ ਮਗਨਰੇਗਾ ਦੀ ਦਿਹਾੜੀ 241 ਰੁਪਏ ਹੈ। ਕੰਮ ਨਾ ਮਿਲਣ ਉਤੇ ਪਹਿਲੇ ਮਹੀਨੇ 60 ਰੁਪਏ ਅਤੇ ਬਾਕੀ ਦੇ 70 ਦਿਨ 120 ਰੁਪਏ ਦਿਹਾੜੀ ਬੇਰੁਜ਼ਗਾਰੀ ਭੱਤੇ ਵਜੋਂ ਮਿਲੇਗੀ।

ਪੰਜਾਬ ਸਰਕਾਰ ਲੱਖ ਦਾਅਵੇ ਕਰੇ ਕਿ ਉਸ ਨੇ ਮਗਨਰੇਗਾ ਤਹਿਤ ਕਿੰਨਾ ਪੈਸਾ ਖਰਚ ਕਰ ਦਿੱਤਾ ਹੈ ਜਾਂ ਪਾਰਕ ਬਣਾ ਦਿੱਤੇ ਹਨ ਪਰ ਇਹ ਸਭ ਕੰਮ ਸੰਵਿਧਾਨ ਅਤੇ ਕਾਨੂੰਨ ਦੀ ਭਾਵਨਾ ਦੇ ਖਿਲਾਫ ਜਾ ਕੇ ਕਿਸੇ ਮੰਤਰੀ, ਵੱਡੇ ਅਧਿਕਾਰੀ ਜਾਂ ਸਰਪੰਚ ਤੱਕ ਦੇ ਫੈਸਲਿਆਂ ਤੱਕ ਸੀਮਤ ਹਨ। ਕਾਨੂੰਨ ਮੁਤਾਬਕ ਨਾ ਦਿਹਾੜੀ ਮਿਲੀ, ਨਾ ਕੰਮ ਮਿਲਿਆ, ਨਾ ਬੇਰੁਜ਼ਗਾਰੀ ਭੱਤਾ ਅਤੇ ਨਾ ਹੀ ਅਦਾਇਗੀ ਦੀ ਦੇਰੀ ਹੋਣ ਉਤੇ ਵਿਆਜ ਮਿਲ ਰਿਹਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਨਾ ਹੀ ਕਿਸੇ ਜ਼ਿੰਮੇਵਾਰ ਅਧਿਕਾਰੀ ਜਾਂ ਕਰਮਚਾਰੀ ਨੂੰ ਕੋਈ ਸਜ਼ਾ ਮਿਲੀ ਹੈ। ਜੇਕਰ ਸੂਬਾ ਪੱਧਰੀ ਜਾਂਚ ਹੋਵੇ ਤਾਂ ਸਾਹਮਣੇ ਆਵੇਗਾ ਕਿ ਮਜ਼ਦੂਰਾਂ ਤੋਂ ਕੰਮ ਦੀਆਂ ਅਰਜ਼ੀਆਂ ਨਹੀਂ ਮੰਗੀਆਂ ਜਾਂਦੀਆਂ ਅਤੇ ਨਾ ਰਸੀਦ ਦਿੱਤੀ ਜਾਂਦੀ ਹੈ। ਰਸੀਦ ਨਾਲ ਦਿੱਤੀ ਗਈ ਅਰਜ਼ੀ ਅਤੇ ਤਰੀਕਾਂ ਪੱਕੀਆਂ ਹੋ ਜਾਂਦੀਆਂ ਹਨ। ਅਜਿਹਾ ਨਾ ਹੋਣ ਦੀ ਸੂਰਤ 'ਚ ਬੇਰੁਜ਼ਗਾਰੀ ਭੱਤੇ ਦੀ ਮੰਗ ਪੈਦਾ ਹੋਣ ਤੋਂ ਪਹਿਲਾਂ ਹੀ ਮਾਰ ਦਿੱਤੀ ਜਾਂਦੀ ਹੈ।

ਸਾਲ 2013 ਦੀਆਂ ਹਦਾਇਤਾਂ ਮੁਤਾਬਕ ਇਸ ਦੇ ਪਿੱਛੇ ਕਾਰਨ ਸਭ ਤੋਂ ਵੱਡੀ ਸੰਸਥਾ ਗ੍ਰਾਮ ਸਭਾ ਦਾ ਗੈਰ-ਸਰਗਰਮ ਹੋਣਾ ਹੈ। ਮਗਰਨੇਗਾ ਲਾਗੂ ਕਰਨ ਲਈ ਗ੍ਰਾਮ ਸਭਾ ਬੁਨਿਆਦੀ ਸੰਸਥਾ ਹੈ ਜਿਸ ਨੇ ਮਗਨਰੇਗਾ ਦਾ ਲੇਬਰ ਬਜਟ ਪਾਸ ਕਰਕੇ ਭੇਜਣਾ ਹੁੰਦਾ ਹੈ। ਇਸ ਤੋਂ ਇਲਾਵਾ ਮਗਨਰੇਗਾ ਲਈ ਜੌਬ ਕਾਰਡ ਬਣਾਉਣੇ, ਪਿੰਡ ਦੇ ਅਜਲਾਸ ਵਿਚ ਮਗਨਰੇਗਾ ਤਹਿਤ ਕੰਮ ਅਤੇ ਇਸ ਦੇ ਪ੍ਰੋਜੈਕਟਾਂ ਬਾਰੇ ਫੈਸਲਾ ਕਰਨਾ ਗ੍ਰਾਮ ਸਭਾ ਦੇ ਅਧਿਕਾਰ ਖੇਤਰ ਦਾ ਮੁੱਦਾ ਹੈ। ਪੰਜਾਬ ਭਰ ਵਿਚ ਗ੍ਰਾਮ ਸਭਾਵਾਂ ਕਾਗਜ਼ਾਂ ਤੱਕ ਸੀਮਤ ਹਨ ਅਤੇ ਕਾਨੂੰਨ ਨਾਲ ਖਿਲਵਾੜ ਕਰਨ ਦੇ ਨਾਲ ਦੀ ਨਾਲ ਇਹ ਜਮਹੂਰੀਅਤ ਨਾਲ ਮਜ਼ਾਕ ਵੀ ਹੈ।

## ਪੀ. ਸੀ. ਐਸ. ਦੇ ਸਾਬਕਾ ਚੇਅਰਮੈਨ ਹਰਿੰਦਰ ਸਿੰਘ ਨੂੰ ਸਦਮਾ, ਮਾਤਾ ਸੁਰਗਵਾਸ

**ਸ਼ਿਕਾਗੋ (ਬਿਊਰੋ):** ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.), ਸ਼ਿਕਾਗੋ ਦੇ ਸਾਬਕਾ ਚੇਅਰਮੈਨ ਅਤੇ ਮੈਨੇਜਮੈਂਟ ਐਂਡ ਇਨਫਰਮੇਸ਼ਨ ਟੈਕਨੋਲੋਜੀ ਸੋਲੂਸ਼ਨਜ਼ (ਐਮ. ਆਈ. ਟੀ. ਐਸ.) ਦੇ ਸੀ. ਈ. ਓ. ਸ. ਹਰਿੰਦਰ



ਸਿੰਘ ਨੂੰ ਉਦੋਂ ਡੂੰਘਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੇ ਮਾਤਾ ਬੀਬੀ ਬਲਬੀਰ ਕੌਰ ਲੰਘੀ 17 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 92 ਵਰ੍ਹਿਆਂ ਦੇ ਸਨ ਅਤੇ ਆਪਣੇ ਪਰਿਵਾਰ ਨਾਲ ਇਥੋਂ ਦੀ ਇਕ ਸਬਰਬ ਬੈਰਿੰਗਟਨ ਵਿਚ ਰਹਿੰਦੇ ਸਨ। ਉਨ੍ਹਾਂ ਦਾ ਅੰਤਿਮ ਸਸਕਾਰ 22 ਅਕਤੂਬਰ ਨੂੰ ਕਰ ਦਿਤਾ ਗਿਆ।

ਸਵਰਗੀ ਬਲਬੀਰ ਕੌਰ ਆਪਣੇ ਪਿਛੇ ਦੋ ਧੀਆਂ-ਮਲਵਿੰਦਰ ਕੌਰ ਤੇ ਉਪਿੰਦਰ ਕੌਰ ਅਤੇ ਜਵਾਈ ਦਰਸ਼ਨ ਸਿੰਘ ਸਰਾਏ ਤੇ ਡਾ. ਰਾਜੀਵ ਢੰਡ; ਦੋ ਪੁੱਤਰ-ਹਰਜਿੰਦਰ ਸਿੰਘ (ਨੂੰਹ ਹਰਮੀਤ ਕੌਰ) ਤੇ ਹਰਿੰਦਰ ਸਿੰਘ (ਨੂੰਹ ਸਰਬਜੀਤ ਕੌਰ); 12 ਪੋਤੇ-ਪੋਤੀਆਂ ਤੇ ਦੋਹਤੇ-ਦੋਹਤੀਆਂ ਅਤੇ 14 ਪੜਪੋਤੇ-ਪੜਪੋਤੀਆਂ ਤੇ ਪੜਦੋਹਤੇ-ਪੜਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਮਾਤਾ ਬਲਬੀਰ ਕੌਰ ਦਾ ਜਨਮ ਅੰਮ੍ਰਿਤਸਰ ਵਿਚ ਇੱਕ ਗੁਰਸਿੱਖ ਪਰਿਵਾਰ ਵਿਚ ਹੋਇਆ। ਉਹ ਬਚਪਨ ਤੋਂ ਹੀ ਗੁਰਬਾਣੀ ਨਾਲ ਜੁੜੇ ਹੋਏ ਸਨ ਅਤੇ ਉਹ ਉਨ੍ਹਾਂ ਕੁਝ ਕੁ ਕੁੜੀਆਂ ਵਿਚ ਸ਼ੁਮਾਰ ਸਨ, ਜਿਨ੍ਹਾਂ ਨੇ 14 ਸਾਲ ਦੀ ਉਮਰ ਵਿਚ ਅਕਾਲ ਤਖਤ ਸਾਹਿਬ ਵਿਖੇ ਕੀਰਤਨ ਕੀਤਾ। ਵਿਲੱਖਣ ਸ਼ਖਸੀਅਤ ਦੇ ਮਾਲਕ ਸਵਰਗੀ ਬਲਬੀਰ ਕੌਰ ਨੇ ਜ਼ਿੰਦਗੀ ਭਰ ਚੁਣੌਤੀਆਂ ਦਾ ਟਾਕਰਾ ਕੀਤਾ। ਪਿਛਲੇ ਕੁਝ ਸਾਲਾਂ ਤੋਂ ਉਨ੍ਹਾਂ ਦੀ ਸਿਹਤ ਢਿੱਲੀ ਚੱਲ ਰਹੀ ਸੀ, ਪਰ ਉਹ ਸਦਾ ਚੜ੍ਹਦੀ ਕਲਾ ਵਿਚ ਰਹੇ। ਪਰਿਵਾਰ ਵਲੋਂ ਵੀ ਉਨ੍ਹਾਂ ਨੂੰ ਭਰਪੂਰ ਪਿਆਰ ਮਿਲਿਆ।

## ਹਾਈ ਕੋਰਟ ਵੱਲੋਂ ਡੇਰਾ ਬਿਆਸ ਮੁਖੀ ਨੂੰ ਪੇਸ਼ ਹੋਣ ਦੇ ਹੁਕਮ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ 14 ਨਵੰਬਰ ਨੂੰ ਨਿੱਜੀ ਤੌਰ ਉਤੇ ਅਦਾਲਤ 'ਚ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਬਾਬਾ ਢਿੱਲੋਂ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੇ ਅਦਾਲਤ 'ਚ ਅਪੀਲ ਦਾਖਲ ਕਰਕੇ ਕਿਹਾ ਸੀ ਕਿ ਉਨ੍ਹਾਂ ਦੀ ਆਰ.ਐਚ.ਸੀ. ਹੋਲਡਿੰਗ ਜਿਸ ਦੇ ਪ੍ਰਮੋਟਰ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਹਨ, ਵੱਲ ਕੋਈ ਦੇਣਦਾਰੀ ਨਹੀਂ ਹੈ।

ਇਸ ਤੋਂ ਪਹਿਲਾਂ ਅਦਾਲਤ ਰਨਬੈਕਸੀ ਦੇ ਸਾਬਕਾ ਪ੍ਰਮੋਟਰਾਂ ਨੂੰ ਜਾਪਾਨੀ ਫਰਮ ਡਾਇਚੀ ਸੈਂਕਿਓ ਨੂੰ 3500 ਕਰੋੜ ਰੁਪਏ ਦਾ ਭੁਗਤਾਨ ਕਰਨ ਦੇ ਨਿਰਦੇਸ਼ ਦੇ ਚੁੱਕੀ ਹੈ। ਆਪਣੀ ਅਪੀਲ 'ਚ ਡੇਰਾ ਬਿਆਸ ਮੁਖੀ ਨੇ ਅਦਾਲਤ ਨੂੰ ਦੱਸਿਆ ਕਿ ਆਰ.ਐਚ.ਸੀ. ਨੇ ਝੂਠੇ ਦਾਅਵੇ ਕੀਤੇ ਹਨ। ਇਸ ਦੇ ਬਾਅਦ ਅਦਾਲਤ ਨੇ 11 ਅਕਤੂਬਰ ਨੂੰ ਦਿੱਤੇ ਆਪਣੇ ਆਦੇਸ਼ 'ਚ ਬਾਬਾ ਢਿੱਲੋਂ, ਉਨ੍ਹਾਂ ਦੀ ਪਤਨੀ ਸ਼ਬਨਮ, ਬੇਟੇ ਗੁਰਕੀਰਤ ਤੇ ਗੁਰਪ੍ਰੀਤ ਅਤੇ ਨੂੰਹ ਨਯਨ ਤਾਰਾ ਨੂੰ ਲੈਣ-ਦੇਣ ਨਾਲ ਸਬੰਧਤ ਦਸਤਾਵੇਜ਼ਾਂ ਸਮੇਤ ਅਦਾਲਤ 'ਚ ਪੇਸ਼ ਹੋਣ ਲਈ ਕਿਹਾ।

ਰਨਬੈਕਸੀ ਦੇ ਮਾਲਕਾਂ 'ਚ ਸ਼ਾਮਲ ਰਹੇ ਮਾਲਵਿੰਦਰ ਸਿੰਘ ਨੇ ਅਪਰੈਲ 'ਚ ਇਕ ਹਲਫਨਾਮਾ ਦਾਖਲ ਕਰ ਕੇ ਕਿਹਾ ਸੀ ਕਿ ਡੇਰਾ ਬਿਆਸ ਮੁਖੀ, ਉਨ੍ਹਾਂ ਦੇ ਪਰਿਵਾਰਕ ਮੈਂਬਰ ਤੇ ਕਰੀਬੀ ਸਹਿਯੋਗੀਆਂ ਦੇ ਅਧਿਕਾਰ ਵਾਲੀਆਂ ਇਕਾਈਆਂ (ਫਰਮਾਂ) ਸਮੇਤ ਕੁਝ ਹੋਰ ਇਕਾਈਆਂ 'ਤੇ ਆਰ.ਐਚ.ਸੀ. ਹੋਲਡਿੰਗ ਤੇ ਸਿੰਘ ਭਰਾਵਾਂ ਦੀਆਂ ਗਰੁੱਪ ਇਕਾਈਆਂ ਦਾ 6000 ਕਰੋੜ ਰੁਪਏ ਤੋਂ ਜ਼ਿਆਦਾ ਬਕਾਇਆ ਹੈ। ਡੇਰਾ ਬਿਆਸ ਮੁਖੀ ਰਿਸ਼ਤੇਦਾਰੀ 'ਚ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਦੇ ਮਾਮਾ ਲੱਗਦੇ ਹਨ।

## ਸੁੱਚਾ ਸਿੰਘ ਲੰਗਾਹ ਨੂੰ ਮੁਆਫੀ ਦੀ ਸੰਭਾਵਨਾ ਕਾਰਨ ਸਿੱਖ ਸੰਗਤ 'ਚ ਰੋਸ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਆਮਦ ਮੌਕੇ ਅਕਾਲ ਤਖਤ ਵੱਲੋਂ ਪੰਥ ਵਿਚੋਂ ਛੇਕੇ ਵਿਅਕਤੀਆਂ ਨੂੰ ਖਿਮਾ ਯਾਚਨਾ ਕਰਨ ਉਤੇ ਮੁਆਫੀ ਦੇਣ ਦੀ ਤਜਵੀਜ਼ ਵਿਚਾਰ ਅਧੀਨ ਹੈ ਪਰ ਇਸ ਉਤੇ ਅਮਲ ਹੋਣ ਤੋਂ ਪਹਿਲਾਂ ਹੀ ਇਥੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਨੇੜੇ ਸਿੱਖ ਸੰਗਤ ਵੱਲੋਂ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਮੁਆਫੀ ਦਿੱਤੇ ਜਾਣ ਦੀ ਸੰਭਾਵਨਾ ਦਾ ਸਖਤ ਵਿਰੋਧ ਕੀਤਾ ਗਿਆ ਹੈ।

ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਵੱਡੀ ਗਿਣਤੀ ਸਿੱਖ ਸੰਗਤ ਸ੍ਰੀ ਅਕਾਲ ਤਖਤ ਸਕੱਤਰੇਤ ਵਿਖੇ ਪੁੱਜੀ ਹੋਈ ਸੀ। ਮੁਆਫੀ ਦੀ ਸੰਭਾਵਨਾ ਵਿਰੁੱਧ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਨਾਂ ਇਕ ਪੱਤਰ ਜਥੇਦਾਰ ਦੇ ਨਿੱਜੀ ਸਕੱਤਰ



ਜਸਪਾਲ ਸਿੰਘ ਨੂੰ ਸੌਂਪਿਆ ਗਿਆ ਹੈ। ਪੱਤਰ ਵਿਚ ਉਨ੍ਹਾਂ ਅਪੀਲ ਕੀਤੀ ਹੈ ਕਿ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਬੱਜਰ ਕੁਰਹਿਤ ਤਹਿਤ ਪੰਥ ਵਿਚੋਂ ਛੇਕਣ ਦੀ ਲਾਈ ਸਜ਼ਾ ਨੂੰ ਮੁਆਫ ਨਾ ਕੀਤਾ ਜਾਵੇ। ਉਨ੍ਹਾਂ ਆਖਿਆ ਕਿ ਇਸ ਵਿਅਕਤੀ ਨੇ ਧਾਰਮਿਕ ਰੁਤਬੇ 'ਤੇ ਹੁੰਦਿਆਂ 'ਪਰ ਇਸਤਰੀ ਭੋਗ' ਜਿਹੀ ਬੱਜਰ ਕੁਰਹਿਤ ਕਰਕੇ ਸਮੁੱਚੀ ਸਿੱਖ ਕੌਮ ਨੂੰ ਸੰਸਾਰ ਭਰ ਵਿਚ ਸ਼ਰਮਿੰਦਾ ਕੀਤਾ ਹੈ। ਉਨ੍ਹਾਂ ਆਖਿਆ ਕਿ ਰਾਮ ਰਾਏ, ਧੀਰ ਮੱਲੀਏ ਤੇ ਡੇਰਾ ਸਿਰਸਾ ਵਾਂਗ ਇਸ ਨੂੰ ਵੀ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਨੇ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਇਸ ਸਬੰਧੀ ਕਿਸੇ ਫੈਸਲੇ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਇਸ ਬਾਰੇ ਵਾਇਰਲ ਵੀਡਿਓ ਨੂੰ ਜ਼ਰੂਰ ਦੇਖਣ। ਉਨ੍ਹਾਂ ਨੇ ਸਗੋਂ ਇਸ ਮਾਮਲੇ ਵਿਚ ਲੰਗਾਹ ਦੇ ਕੁਝ ਹੋਰ ਸਾਥੀਆਂ ਖਿਲਾਫ ਵੀ ਕਾਰਵਾਈ ਦੀ ਮੰਗ ਕੀਤੀ ਹੈ।

ਪ੍ਰਦਰਸ਼ਨਕਾਰੀਆਂ ਨੇ ਕਾਲੇ ਚੋਲੇ ਪਾਏ ਹੋਏ ਸਨ ਅਤੇ ਕਾਲੀਆਂ ਪੱਟੀਆਂ ਵੀ ਬੰਨੀਆਂ ਹੋਈਆਂ ਸਨ। ਹੱਥਾਂ 'ਚ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਸ 'ਤੇ ਵੱਖ ਵੱਖ ਤਰ੍ਹਾਂ ਦੇ ਨਾਅਰੇ ਲਿਖੇ ਹੋਏ ਸਨ। ਵੇਰਵਿਆਂ ਮੁਤਾਬਕ ਸੁੱਚਾ ਸਿੰਘ ਲੰਗਾਹ ਵਾਂਗ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੂੰ ਵੀ ਮੁਆਫੀ ਦਿੱਤੇ ਜਾਣ ਦੀ ਸੰਭਾਵਨਾ ਦਾ ਵਿਰੋਧ ਹੋ ਚੁੱਕਾ ਹੈ।

*Visit us on the web:*
***punjabtimesusa.com***


**ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ**

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

**Michigan Truck Driving School**
**6405 Middlebelt Road, Romulus, MI 48174**

**ਖੁਸ਼ਖਬਰੀ ! ਖੁਸ਼ਖਬਰੀ ! !**
**ਖੁਸ਼ਖਬਰੀ ! ! !**
**ਹੁਣ 48 ਸਟੇਟਾਂ ਵਿਚ**
**ਮਨਜ਼ੂਰਸ਼ੁਦਾ**




***ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ**
***3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ**

**Raj Jamarai Cell:734-644-1010 Office:734-747-4298**

# ਕੈਨੇਡਾ ਵਿਚ ਟਰੂਡੋ ਦੀ ਘਟ ਗਿਣਤੀ ਸਰਕਾਰ

ਡਾ. ਬਲਜਿੰਦਰ ਸਿੰਘ ਸੇਖੋਂ
ਫੋਨ: 905-781-1197

ਕੈਨੇਡਾ ਦੀ ਪਾਰਲੀਮੈਂਟ ਦੇ ਹਾਊਸ ਆਫ ਕਾਮਨ ਦੇ ਮੈਂਬਰਾਂ ਲਈ 21 ਅਕਤੂਬਰ ਨੂੰ ਹੋਈਆਂ ਚੋਣਾਂ ਵਿਚ ਰਾਜ ਕਰ ਰਹੀ ਲਿਬਰਲ ਪਾਰਟੀ ਨੂੰ ਹੀ ਸਭ ਤੋਂ ਵੱਧ ਸੀਟਾਂ ਮਿਲੀਆਂ। ਅਗਲੇ ਪ੍ਰਧਾਨ ਮੰਤਰੀ ਵੀ ਜਸਟਿਨ ਟਰੂਡੋ ਹੀ ਹੋਣਗੇ, ਪਰ ਪਾਰਟੀ ਪੂਰਨ ਬਹੁਮਤ ਹਾਸਿਲ ਕਰਨ ਵਿਚ ਸਫਲ ਨਹੀਂ ਹੋਈ। ਉਸ ਦੇ 157 ਮੈਂਬਰ ਜਿੱਤੇ, ਜਦ ਕਿ ਬਹੁਮਤ ਲਈ 170 ਮੈਂਬਰ ਚਾਹੀਦੇ ਸਨ। ਕੰਜ਼ਰਵੇਟਿਵ ਪਾਰਟੀ 121 ਮੈਂਬਰਾਂ ਨਾਲ ਦੂਜੇ ਥਾਂ; ਬਲਾਕ ਕਿਊਬਕਵਾ, ਜੋ ਕਿਊਬਿਕ ਦੀ ਖੇਤਰੀ ਪਾਰਟੀ ਹੈ, 32 ਨਾਲ ਤੀਜੇ ਥਾਂ ਅਤੇ ਜਗਮੀਤ ਸਿੰਘ ਦੀ ਐਨ. ਡੀ. ਪੀ. 24 ਸੀਟਾਂ ਨਾਲ ਚੌਥੇ ਥਾਂ ਰਹੀ। ਗਰੀਨ ਪਾਰਟੀ, ਜਿਸ ਦਾ ਮੁੱਖ ਏਜੰਡਾ ਵਾਤਾਵਰਣ ਹੈ, ਨੂੰ 3 ਸੀਟਾਂ ਮਿਲੀਆਂ ਅਤੇ ਪ੍ਰਧਾਨ ਮੰਤਰੀ ਟਰੂਡੋ ਨੂੰ ਵਿਵਾਦਾਂ ਵਿਚ ਘੇਰਨ ਦਾ ਕਾਰਨ ਬਣੀ। ਸਾਬਕਾ ਮੰਤਰੀ ਜੋਡੀ ਵਿਲਸਨ ਰੇਬੋਲਡ ਇੱਕੋ ਇੱਕ ਅਜ਼ਾਦ ਉਮੀਦਵਾਰ ਦੇ ਤੌਰ 'ਤੇ ਜੇਤੂ ਰਹੀ।

ਬਰੈਂਪਟਨ ਦੇ ਪੰਜੇ ਹਲਕਿਆਂ, ਮਿਸੀਸਾਗਾ ਅਤੇ ਸਰੀ ਸਮੇਤ 18 ਪੰਜਾਬੀ ਵੀ ਇਸ ਵਾਰ ਓਟਵਾ ਦੀ ਪਾਰਲੀਮੈਂਟ ਵਿਚ ਜਾ ਰਹੇ ਹਨ। ਸਖਤ ਮੁਕਾਬਲੇ ਵਿਚ ਅਲਬਰਟਾ ਤੋਂ ਲਿਬਰਲ ਪਾਰਟੀ ਦੇ ਪਿਛਲੀ ਸੰਸਦ ਵਿਚ ਮੰਤਰੀ ਅਮਰਜੀਤ ਸੋਹੀ ਕੰਜ਼ਰਵੇਟਿਵ ਸਰਕਾਰ ਵਿਚ ਮੰਤਰੀ ਰਹੇ ਟਿਮ ਉਪਲ ਤੋਂ ਹਾਰ ਗਏ। ਟਰੂਡੋ ਦੀ ਸਰਕਾਰ ਵਿਚ ਰਹੇ ਮੰਤਰੀ ਹਰਜੀਤ ਸਿੰਘ ਸੱਜਣ, ਨਵਦੀਪ ਬੈਂਸ ਅਤੇ ਬਰਦੀਸ਼ ਚੱਗਰ ਜਿੱਤ ਗਏ ਹਨ।

ਸਸਕੈਚਵਾਨ ਸੂਬੇ ਵਿਚ ਕੰਜ਼ਰਵੇਟਿਵ ਪਾਰਟੀ ਦੇ ਸਾਰੇ 14 ਮੈਂਬਰ ਜਿਤ ਗਏ ਹਨ। ਇਥੋਂ ਤੱਕ ਕਿ ਸਸਕੈਚਵਾਨ ਵਿਚੋਂ 26 ਸਾਲ ਤੋਂ ਲਗਾਤਾਰ ਜਿਤਦੇ ਆਏ ਲਿਬਰਲ ਪਾਰਟੀ ਦੇ ਸਾਬਕਾ ਮੰਤਰੀ ਰੈਲਫ ਗੁਡੇਲ ਵੀ ਹਾਰ ਗਏ। ਅਲਬਰਟਾ ਵਿਚ ਸਿਰਫ ਇੱਕ ਸੀਟ ਐਨ. ਡੀ. ਪੀ. ਦੇ ਮੈਂਬਰ ਨੇ ਜਿੱਤੀ, ਬਾਕੀ ਸੀਟਾਂ 'ਤੇ ਕੰਜ਼ਰਵੇਟਿਵ ਜੇਤੂ ਰਹੇ। ਮੈਕਸਿਮ ਬਰਨੀਏ, ਜਿਸ ਨੇ ਕੰਜ਼ਰਵੇਟਿਵ ਪਾਰਟੀ ਛੱਡ ਕੇ ਧੁਰ ਸੱਜੇ ਵਿਚਾਰਾਂ ਵਾਲੀ ਵਖਰੀ ਪਾਰਟੀ ਬਣਾਈ ਸੀ, ਆਪਣੀ ਸੀਟ ਵੀ ਹਾਰ ਗਿਆ।

ਬੇਸ਼ੱਕ ਜਗਮੀਤ ਸਿੰਘ ਨੇ ਚੋਣਾਂ ਵਿਚ ਆਪਣੀ ਪਾਰਟੀ ਨੂੰ ਅੱਗੇ ਲਿਆਉਣ ਵਿਚ ਬਹੁਤ ਜ਼ੋਰ ਲਾਇਆ, ਪਰ ਫਿਰ ਵੀ ਪਾਰਟੀ ਦੇ ਜੇਤੂ ਮੈਂਬਰਾਂ ਦੀ ਗਿਣਤੀ ਉਮੀਦ ਤੋਂ ਘੱਟ ਰਹੀ। ਸਾਰੀਆਂ ਪਾਰਟੀਆਂ ਦੇ ਲੀਡਰਾਂ ਦੀ ਬਹਿਸ ਵਿਚ ਉਨ੍ਹਾਂ ਵਲੋਂ ਵਿਖਾਈ ਗਈ ਹਾਜ਼ਰ ਜਵਾਬੀ ਬਾਅਦ, ਸਰਵੇਖਣਾਂ ਵਿਚ ਉਨ੍ਹਾਂ ਦੀ ਪਾਰਟੀ ਦਾ ਸਮਰਥਨ 12% ਤੋਂ 19% ਤੱਕ ਚਲਾ ਗਿਆ, ਜੋ ਚੋਣਾਂ ਵਿਚ 15.9% ਦਿਸਿਆ, ਪਰ ਇਸ ਨਾਲ ਸੀਟਾਂ ਦੀ ਗਿਣਤੀ, ਜਿਆਦਾ ਨਾ ਵਧੀ। ਸੰਸਦ ਦੀਆਂ 2015 ਦੀਆਂ ਚੋਣਾਂ ਵਿਚ ਐਨ. ਡੀ. ਪੀ. ਦੀਆਂ 44 ਸੀਟਾਂ ਸਨ, ਜੋ ਇਸ ਵਾਰ ਘਟ ਕੇ 24 ਰਹਿ ਗਈਆਂ। ਕਿਊਬਿਕ ਵਿਚ 2015 ਵਿਚ ਜਿਤੀਆਂ 16 ਸੀਟਾਂ ਦੀ ਥਾਂ ਇਸ ਵਾਰ ਸਿਰਫ ਇਕ ਸੀਟ ਹੱਥ ਲੱਗੀ। ਪਾਰਟੀ ਦਾ ਵੱਡਾ ਲੀਡਰ ਜਿਸ ਨੂੰ ਹਰਾ ਕੇ ਜਗਮੀਤ ਸਿੰਘ ਲੀਡਰ ਬਣਿਆ ਸੀ, ਗੁਈ ਕੈਰੋਂ ਵੀ ਆਪਣੀ ਸੀਟ ਹਾਰ ਗਿਆ। ਅਟਲਾਂਟਿਕ ਮਹਾਂਸਾਗਰ ਦੇ ਕਿਨਾਰੇ ਲਗਦੇ ਪ੍ਰਦੇਸ਼ਾਂ ਵਿਚ ਵੀ ਪਾਰਟੀ ਕੋਈ ਖਾਸ ਥਾਂ ਨਾ ਬਣਾ ਸਕੀ, ਸਿਰਫ ਇੱਕ ਸੀਟ ਨਿਊਫਾਊਂਡਲੈਂਡ 'ਤੇ ਸੇਂਟ ਜੌਹਨ ਪੂਰਬੀ ਵਿਚ ਐਨ. ਡੀ. ਪੀ. ਉਮੀਦਵਾਰ ਜੇਤੂ ਰਿਹਾ। ਜਗਮੀਤ ਸਿੰਘ ਬੇਸ਼ੱਕ ਟੋਰਾਂਟੋ ਵਿਚ ਆਖਰੀ ਤਿੰਨ ਹਫਤਿਆਂ ਵਿਚ ਚੋਣ ਪ੍ਰਚਾਰ ਲਈ ਪੰਜ ਵਾਰ ਆਏ, ਪਰ ਲਿਬਰਲ ਪਾਰਟੀ ਦੇ ਇਸ ਗੜ੍ਹ ਵਿਚ ਸੰਨ੍ਹ ਨਾ ਲਾ ਸਕੇ। ਪਾਰਟੀ ਦੇ ਬੜੇ ਹਰਮਨ ਪਿਆਰੇ ਰਹੇ ਲੀਡਰ ਜੈਕ ਲੇਅਟਨ ਦੀ ਰਹਿਨੁਮਾਈ ਵਿਚ ਪਾਰਟੀ ਨੇ 2011 ਵਿਚ 103 ਸੀਟਾਂ ਜਿੱਤੀਆਂ ਸਨ ਅਤੇ ਉਹ ਦੂਜੇ ਨੰਬਰ 'ਤੇ ਆ ਕੇ ਮੁੱਖ ਵਿਰੋਧੀ ਪਾਰਟੀ ਬਣ ਗਈ ਸੀ। ਬਹੁਤ ਲੋਕਾਂ ਨੂੰ ਵਿਸ਼ਵਾਸ ਹੈ ਕਿ ਜੇ ਜੈਕ ਲੇਅਟਨ ਕੈਂਸਰ ਦੀ ਬਿਮਾਰੀ ਕਾਰਨ ਅਕਾਲ ਚਲਾਣਾ ਨਾ ਕਰਦੇ ਤਾਂ ਉਹ 2015 ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਹੁੰਦੇ। ਬਲਾਕ ਕਿਊਬਕਵਾ ਪਾਰਟੀ ਨੇ ਕਿਊਬਿਕ ਨੂੰ ਅੱਡ ਕਰਨ ਦਾ ਏਜੰਡਾ ਪਾਸੇ ਰੱਖ ਕੇ ਕੈਨੇਡਾ ਵਿਚ ਰਹਿੰਦਿਆਂ, ਸੂਬੇ ਦੇ ਵਿਕਾਸ ਲਈ ਕੰਮ ਕਰਨਾ ਆਪਣਾ ਮੁੱਖ ਕਾਰਜ ਬਣਾ ਲਿਆ, ਪਰ ਇਸ ਸਭ ਨੂੰ ਦਰਕਿਨਾਰ ਕਰਦਿਆਂ ਜਗਮੀਤ ਸਿੰਘ ਦਾ ਕਹਿਣਾ ਸੀ ਕਿ ਜੋ ਉਤਸ਼ਾਹ ਅਸੀਂ ਇਸ ਚੋਣ ਮੁਹਿੰਮ ਦੌਰਾਨ ਬਣਾਇਆ ਹੈ, ਉਸ ਨੂੰ ਜਾਰੀ ਰਖਦਿਆਂ ਨਵੀਂ ਪਾਰਲੀਮੈਂਟ ਵਿਚ ਉਸਾਰੂ ਰੋਲ ਨਿਭਾਉਂਦੇ ਰਹਿਣਗੇ।

ਕੈਨੇਡਾ ਦੀਆਂ ਕਰੀਬ ਇੱਕ ਤਿਹਾਈ ਸੀਟਾਂ (338 ਵਿਚੋਂ 121) ਓਨਟਾਰੀਓ ਸੂਬੇ ਵਿਚ ਪੈਂਦੀਆਂ ਹਨ। ਓਨਟਾਰੀਓ ਵਿਚ ਸੂਬਾ ਸਰਕਾਰ ਕੰਜ਼ਰਵੇਟਿਵ ਪਾਰਟੀ ਦੀ ਹੈ ਅਤੇ ਪ੍ਰੀਮੀਅਰ (ਮੁੱਖ ਮੰਤਰੀ) ਡੱਗ ਫੋਰਡ ਹਨ। ਉਨ੍ਹਾਂ ਨੇ ਜਿੱਤਣ ਸਾਰ ਬਜਟ ਘਾਟੇ ਨੂੰ ਪੂਰਾ ਕਰਨ ਦੇ ਨਾਂ 'ਤੇ ਕਈ ਅਜਿਹੇ ਫੈਸਲੇ ਕੀਤੇ, ਜੋ ਆਮ ਲੋਕਾਂ ਨੂੰ ਪਸੰਦ ਨਾ ਆਏ। ਇਨ੍ਹਾਂ ਵਿਚ ਸ਼ਹਿਰਾਂ ਨੂੰ ਦਿੱਤੀ ਜਾਣ ਵਾਲੀ ਮਦਦ, ਵਿਦਿਆ ਅਤੇ ਸਿਹਤ ਸੇਵਾਵਾਂ ਵਿਚ ਕਟੌਤੀਆਂ ਸ਼ਾਮਿਲ ਸਨ। ਚੋਣਾਂ ਦੌਰਾਨ ਸੂਬੇ ਦੀ ਪਾਰਟੀ ਦੇ ਪ੍ਰਧਾਨ ਡੱਗ ਫੋਰਡ ਅਤੇ ਕੇਂਦਰੀ ਪਾਰਟੀ ਦੇ ਐਂਡਰੀਊ ਸ਼ੀਅਰ ਨੂੰ ਇਕੱਠੇ ਨਹੀਂ ਵੇਖਿਆ ਗਿਆ ਅਤੇ ਨਾ ਹੀ ਡੱਗ ਫੋਰਡ ਨੇ ਪਾਰਟੀ ਲਈ ਪ੍ਰਚਾਰ ਕੀਤਾ। ਪਰ ਲਿਬਰਲ ਪਾਰਟੀ ਨੇ ਡੱਗ ਫੋਰਡ ਦੇ ਫੈਸਲਿਆਂ ਨੂੰ ਲੋਕਾਂ ਵਿਚ ਇਹ ਕਹਿ ਕੇ ਪ੍ਰਚਾਰਿਆ ਕਿ ਜੇ ਕੇਂਦਰ ਵਿਚ ਕੰਜ਼ਰਵੇਟਿਵ ਸਰਕਾਰ ਆ ਜਾਂਦੀ ਹੈ ਤਾਂ ਉਹ ਵੀ ਅਜਿਹੇ ਕੱਟ ਹੀ ਲਾਉਣਗੇ। ਸ਼ਾਇਦ ਲਿਬਰਲ ਪਾਰਟੀ ਦਾ ਇਹੀ ਪੈਂਤੜਾ ਸੀ ਕਿ ਕੰਜ਼ਰਵੇਟਿਵ ਪਾਰਟੀ ਟੋਰਾਂਟੋ ਦੇ ਆਸ ਪਾਸ ਦੇ ਉਨ੍ਹਾਂ ਦੇ ਗੜ੍ਹ ਨੂੰ ਸੰਨ੍ਹ ਨਾ ਲਾ ਸਕੀ ਅਤੇ ਲਿਬਰਲ ਪਾਰਟੀ ਦੇ 79 ਮੈਂਬਰ ਜਿੱਤ ਗਏ, ਜਦ ਕਿ 2015 ਵਿਚ 80 ਜਿੱਤੇ ਸਨ।

ਚੋਣਾਂ ਬਾਅਦ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਉਹ ਹਰ ਰੋਜ਼ ਲੋਕਾਂ ਲਈ ਕੰਮ ਕਰਨਗੇ, ਇਸ ਨੂੰ ਵੇਖੇ ਬਿਨਾ ਕਿ ਕਿਸੇ ਨੇ ਸਾਨੂੰ ਵੋਟ ਪਾਈ ਹੈ ਜਾਂ ਨਹੀਂ, ਸਾਡੀ ਟੀਮ ਹਰ ਕੈਨੇਡੀਅਨ ਲਈ ਜਦੋ ਜਹਿਦ ਕਰੇਗੀ। ਉਨ੍ਹਾਂ ਕਿਹਾ ਕਿ ਮੈਂ ਤੁਹਾਡੀ ਨਿਰਾਸ਼ਾ ਵੇਖ ਲਈ ਹੈ ਅਤੇ ਮੈਂ ਤੁਹਾਡੀ ਮਦਦ ਲਈ ਤੁਹਾਡੇ ਕੋਲ ਆਉਣਾ ਚਾਹੁੰਦਾ ਹਾਂ। ਆਓ ਆਪਾਂ ਰਲ ਕੇ ਇਸ ਦੇਸ਼ ਦੀ ਏਕਤਾ ਲਈ ਸਖਤ ਮਿਹਨਤ ਕਰੀਏ।

ਚੋਣਾਂ ਪਿਛੋਂ ਕੰਜ਼ਰਵੇਟਿਵ ਪਾਰਟੀ ਦੇ ਲੀਡਰ ਐਂਡਰੀਊ ਸ਼ੀਅਰ, ਜਿਨ੍ਹਾਂ ਨੂੰ ਉਮੀਦ ਸੀ ਕਿ ਕੰਜ਼ਰਵੇਟਿਵ ਪਾਰਟੀ ਦੀਆਂ ਸੀਟਾਂ ਸਭ ਤੋਂ ਵੱਧ ਆਉਣਗੀਆਂ, ਨੇ ਕਿਹਾ ਕਿ ਬੇਸ਼ੱਕ ਉਹ ਇਸ ਤਰ੍ਹਾਂ ਦੇ ਨਤੀਜੇ ਨਹੀਂ ਸੀ ਚਾਹੁੰਦੇ, ਪਰ ਫਿਰ ਵੀ ਪਾਰਟੀ ਦੀ ਟੀਮ ਪਹਿਲਾਂ ਨਾਲੋਂ ਤਕੜੀ ਹੈ। ਉਨ੍ਹਾਂ ਕਿਹਾ ਕਿ ਸਾਲ 2015 ਵਿਚ ਲਗਦਾ ਸੀ ਕਿ ਹੁਣ ਫੇਰ ਟਰੂਡੋ ਪਰਿਵਾਰ ਦਾ ਰਾਜ ਚੱਲ ਪਿਆ ਹੈ, ਜਿਸ ਨੂੰ ਰੋਕਣਾ ਅਸੰਭਵ ਹੈ, ਅੰਦਾਜ਼ੇ ਲਾਉਣ ਵਾਲੇ ਸਾਰੇ ਕਹਿੰਦੇ ਸਨ ਕਿ ਹੁਣ 8 ਜਾਂ 12 ਸਾਲ ਇਸੇ ਨੇ ਰਾਜ ਕਰਨਾ ਹੈ, ਪਰ ਅੱਜ ਕੰਜ਼ਰਵੇਟਿਵ ਪਾਰਟੀ ਨੇ ਟਰੂਡੋ ਨੂੰ ਸੁਨੇਹਾ ਲਾ ਦਿੱਤਾ ਹੈ ਕਿ ਤੁਹਾਡੀ ਸਰਕਾਰ ਡਿਗਣ ਦੀ ਅਸੀਂ ਉਡੀਕ ਕਰ ਰਹੇ ਹਾਂ, ਜਦ ਵੀ ਡਿੱਗੀ, ਕੰਜ਼ਰਵੇਟਿਵ ਤਿਆਰ ਹਨ ਅਤੇ ਅਸੀਂ ਜਿਤਾਂਗੇ। ਉਨ੍ਹਾਂ ਟਰੂਡੋ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਲੋਕਾਂ ਨੇ ਸਰਕਾਰ ਖਿਲਾਫ ਆਪਣੀ ਰਾਇ ਦੇ ਦਿੱਤੀ ਹੈ, ਹੁਣ ਤੁਸੀਂ ਸਿਰਫ 20 ਸੀਟਾਂ ਹੀ ਨਹੀਂ ਗਵਾਈਆਂ ਸਗੋਂ ਦੇਸ਼ ਦੇ ਹਰ ਪ੍ਰਾਂਤ ਵਿਚੋਂ ਸਮਰਥਨ ਘਟਾ ਲਿਆ ਹੈ। ਕੈਨੇਡਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇੱਕ ਪੂਰਨ ਬਹੁਮਤ ਵਾਲੀ ਸਰਕਾਰ 4 ਸਾਲ ਬਾਅਦ ਹੀ ਹਾਰ ਗਈ ਹੈ।

ਜਗਮੀਤ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਪ੍ਰਧਾਨ ਮੰਤਰੀ ਟਰੂਡੋ ਨੂੰ ਟੈਲੀਫੋਨ ਤੇ ਦੱਸ ਦਿੱਤਾ ਹੈ ਕਿ ਅਸੀਂ ਲੋਕਾਂ ਦੀਆਂ ਸਹੂਲਤਾਂ ਲਈ ਜੀ ਜਾਨ ਨਾਲ ਕੰਮ ਕਰਦੇ ਰਹਾਂਗੇ। ਜਿਨ੍ਹਾਂ ਵਿਚ ਸਿਹਤ ਸੇਵਾਵਾਂ ਅਤੇ ਮਕਾਨ ਸ਼ਾਮਿਲ ਹਨ। ਉਨ੍ਹਾਂ ਕਿਹਾ ਕਿ ਕੈਨੇਡਾ ਵਾਸੀਆਂ ਨੇ ਸਾਫ ਦੱਸ ਦਿੱਤਾ ਹੈ ਕਿ ਉਹ ਅਜਿਹੀ ਸਰਕਾਰ ਚਾਹੁੰਦੇ ਹਨ, ਜੋ ਅਮੀਰਾਂ ਅਤੇ ਤਕੜਿਆਂ ਲਈ ਨਹੀਂ ਸਗੋਂ ਆਮ ਲੋਕਾਂ ਲਈ ਕੰਮ ਕਰੇ।

ਕੈਨੇਡਾ ਵਿਚ ਹੁਣ ਤੱਕ 14 ਘੱਟ ਗਿਣਤੀ ਸਰਕਾਰਾਂ ਬਣ ਚੁੱਕੀਆਂ ਹਨ, ਜਿਨ੍ਹਾਂ ਵਿਚ ਉਪਰੋਥਲੀ 2004 ਤੋਂ 2011 ਦਰਮਿਆਨ ਇੱਕ ਤੋਂ ਬਾਅਦ ਇੱਕ ਬਣੀਆਂ 3 ਸਰਕਾਰਾਂ ਸ਼ਾਮਿਲ ਹਨ। ਸਿਰਫ ਇੱਕ ਵਾਰ ਵਿਲੀਅਮ ਮਕੈਂਜ਼ੀ ਦੀ ਸਰਕਾਰ (1921-25) ਨੂੰ ਛੱਡ ਕੇ ਕਿਸੇ ਨੇ ਵੀ 4 ਸਾਲ ਪੂਰੇ ਨਹੀਂ ਕੀਤੇ। ਸਾਰੀਆਂ ਹੀ 1 ਤੋਂ 3 ਸਾਲ ਦੇ ਦਰਮਿਆਨ ਭੰਗ ਹੁੰਦੀਆਂ ਰਹੀਆਂ। ਇਸ ਨੂੰ ਵੇਖਦਿਆਂ ਵਿਰੋਧੀ ਪਾਰਟੀ ਦੇ ਨੇਤਾ ਐਂਡਰੀਊ ਸ਼ੀਅਰ ਨੇ ਕਿਹਾ ਹੈ ਕਿ ਜਸਟਿਨ ਟਰੂਡੋ ਦੀ ਸਰਕਾਰ ਨੂੰ ਡੇਗਣ ਦਾ ਇਹ ਇੱਕ ਪੜਾਅ ਹੈ, ਇਸ ਤੋਂ ਡੇਢ-ਦੋ ਸਾਲਾਂ ਬਾਅਦ ਸਾਡੀ ਸਰਕਾਰ ਬਣ ਜਾਵੇਗੀ। ਆਮ ਕਰਕੇ ਕੈਨੇਡਾ ਵਿਚ ਘੱਟ ਗਿਣਤੀ ਦੀ ਸਰਕਾਰ ਕਿਸੇ ਦੂਜੀ ਪਾਰਟੀ ਨਾਲ ਕੋਲੀਸ਼ਨ ਸਰਕਾਰ ਨਹੀਂ ਬਣਾਉਂਦੀ, ਸਗੋਂ ਆਏ ਮੁੱਦਿਆਂ ਤੇ ਵੱਖ ਵੱਖ ਪਾਰਟੀਆਂ ਦੀ ਮਦਦ ਨਾਲ ਬਿਲ ਪਾਸ ਕਰਵਾਉਂਦੀ ਰਹਿੰਦੀ ਹੈ, ਜਿਵੇਂ ਕੁਝ ਸਮਾਂ ਪਹਿਲਾਂ ਹੀ ਪਾਲ ਮਾਰਟਿਨ ਅਤੇ ਸਟੀਫਨ ਹਾਰਪਰ ਦੀ ਸਰਕਾਰ ਵਲੋਂ ਕੀਤਾ ਗਿਆ ਸੀ। ਇਸ ਵਾਰ ਵੀ ਇਸ ਤਰ੍ਹਾਂ ਹੀ ਹੋਣ ਦੀ ਉਮੀਦ ਹੈ। ਵੇਖਣਾ ਹੋਵੇਗਾ ਕਿ ਇਹ ਸਰਕਾਰ ਕਿੰਨੀ ਦੇਰ ਸਥਿਰ ਰਹਿੰਦੀ ਹੈ।

# ਪਰਾਲੀ ਮਸਲਾ: ਪਾਕਿਸਤਾਨੀ ਧੂੰਏਂ ਦੀ ਪੰਜਾਬ ਵੱਲ ਮਾਰ

**ਬਠਿੰਡਾ:** ਕੌਮਾਂਤਰੀ ਸਰਹੱਦ ਉਤੇ ਪਾਕਿਸਤਾਨੀ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗਾਂ ਲਾ ਰਹੇ ਹਨ, ਜਿਸ ਵਜੋਂ ਧੂੰਆਂ ਸਰਹੱਦ ਟੱਪ ਆਇਆ ਹੈ। ਕੌਮਾਂਤਰੀ ਸੀਮਾ ਉਤੇ ਪੈਂਦੇ ਪੰਜਾਬ (ਭਾਰਤ) ਦੇ ਪਿੰਡ ਧੂੰਏਂ ਦੀ ਮਾਰ ਝੱਲ ਰਹੇ ਹਨ। ਭਾਵੇਂ ਹੁਣ ਪੰਜਾਬ ਤੇ ਹਰਿਆਣਾ ਪ੍ਰਦੂਸ਼ਣ ਦੇ ਮਾਮਲੇ ਨੂੰ ਲੈ ਕੇ ਕਟਹਿਰੇ 'ਚ ਖੜ੍ਹੇ ਹਨ ਪਰ ਲਹਿੰਦੇ ਪੰਜਾਬ ਦੇ ਕਿਸਾਨਾਂ ਦਾ ਜੁਰਮ ਵੀ ਕੋਈ ਘੱਟ ਨਹੀਂ।

ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵੱਲੋਂ ਜੋ ਸੈਟੇਲਾਈਟ ਰਿਪੋਰਟ ਹਾਸਲ ਕੀਤੀ ਗਈ ਹੈ, ਉਸ 'ਚ ਤਸਵੀਰ ਉਭਰੀ ਹੈ ਕਿ ਪਾਕਿਸਤਾਨੀ ਪੰਜਾਬ ਦੇ ਖੇਤਾਂ ਵਿਚ ਪਰਾਲੀ ਜਲਾਈ ਜਾ ਰਹੀ ਹੈ। ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿਚ ਥੋੜਾ ਗੁਬਾਰ ਜੇਹਾ ਵੀ ਬਣਿਆ ਹੋਇਆ ਸੀ। ਪਾਕਿਸਤਾਨ 'ਚ ਅਗੇਤਾ ਝੋਨਾ ਲੱਗਦਾ ਹੈ। ਸੈਟੇਲਾਈਟ ਰਿਪੋਰਟ ਅਨੁਸਾਰ ਲਾਹੌਰ, ਬਸ਼ਿਆਰਪੁਰ, ਹਵਾਲੀ ਲੱਖਾ ਤੇ ਬਹਾਵਲਪੁਰ ਪੱਟੀ ਦੇ ਖੇਤਾਂ ਵਿਚ ਪਰਾਲੀ ਨੂੰ ਅੱਗ ਲਾਏ ਜਾਣ ਦੀ ਤਸਵੀਰ ਸਾਹਮਣੇ ਆਈ ਹੈ। ਇਧਰ, ਪੰਜਾਬ 'ਚ ਝੋਨੇ ਦੀ ਕਟਾਈ ਵੀ ਸ਼ੁਰੂ ਹੋ ਗਈ ਹੈ ਪਰ ਸਰਹੱਦੀ ਜ਼ਿਲ੍ਹੇ ਫਾਜ਼ਿਲਕਾ ਅਤੇ ਫਿਰੋਜ਼ਪੁਰ ਵਿਚ ਵਾਢੀ ਦਾ ਕੰਮ 10 ਦਿਨਾਂ ਤੱਕ ਸ਼ੁਰੂ ਹੋਵੇਗਾ, ਕਿਉਂਕਿ ਸੀਮਾ ਲਾਗਲੇ ਖੇਤਾਂ ਵਿਚ ਬਾਸਮਤੀ ਦੀ ਜ਼ਿਆਦਾ ਬਿਜਾਂਦ ਹੈ।

ਫਾਜ਼ਿਲਕਾ ਦੇ ਪਿੰਡ ਗੱਟੀ ਨੰਬਰ ਇਕ ਜੋ ਸੀਮਾ ਦੇ ਬਿਲਕੁਲ ਲਾਗੇ ਹੈ, ਦੇ ਕਿਸਾਨ ਕਾਲਾ ਸਿੰਘ ਨੇ ਦੱਸਿਆ ਕਿ ਪਾਕਿਸਤਾਨੀ ਖੇਤਾਂ ਵਿਚ ਅਗੇਤਾ ਝੋਨਾ ਲੱਗਦਾ ਹੈ ਅਤੇ ਅੱਗਾਂ ਲਾਉਣ ਦਾ ਕੰਮ ਵੀ ਅਗੇਤਾ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨਾਂ ਵਿਚ ਕਾਫੀ ਗੁਬਾਰ ਉਧਰਲੇ ਪਾਸਿਓਂ ਚੜ੍ਹਿਆ ਸੀ। ਸੂਤਰ ਦੱਸਦੇ ਹਨ ਕਿ ਕੌਮਾਂਤਰੀ ਸੀਮਾ ਲਾਗਲੇ ਫਾਜ਼ਿਲਕਾ ਤੇ ਫਿਰੋਜ਼ਪੁਰ ਦੇ ਪਿੰਡਾਂ ਦੇ ਕਿਸਾਨ ਪਰਾਲੀ ਨੂੰ ਅੱਗਾਂ ਲਾਉਣ ਵਿਚ ਅੱਗੇ ਹਨ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਹੈ। ਲਾਗਤ ਖਰਚੇ ਵਧਣ ਦੇ ਡਰੋਂ ਕਿਸਾਨ ਇਹ ਕਦਮ ਚੁੱਕਦੇ ਹਨ। ਸੂਤਰ ਆਖਦੇ ਹਨ ਕਿ ਜਦੋਂ ਚੜ੍ਹਦੇ ਪੰਜਾਬ ਵਿਚ ਝੋਨੇ ਦੀ ਕਟਾਈ ਜ਼ੋਰ ਫੜ ਗਈ, ਉਦੋਂ ਧੂੰਆਂ ਖਾਸ ਕਰਕੇ ਸਰਹੱਦੀ ਪਿੰਡਾਂ ਨੂੰ ਦੱਬ ਲਵੇਗਾ। ਪੰਜਾਬ ਵਿਚ ਐਤਕੀਂ ਕਰੀਬ 29 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਬਿਜਾਈ ਸੀ।

# ਅਯੁੱਧਿਆ ਕੇਸ: ਸੁਣਵਾਈ ਮੁਕੰਮਲ; ਫੈਸਲਾ ਰਾਖਵਾਂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਿਆਸਤ ਪੱਖੋਂ ਸੰਵੇਦਨਸ਼ੀਲ ਅਯੁੱਧਿਆ 'ਚ ਰਾਮ ਜਨਮਭੂਮੀ-ਬਾਬਰੀ ਮਸਜਿਦ ਜ਼ਮੀਨੀ ਵਿਵਾਦ ਉਤੇ ਸੁਣਵਾਈ ਮੁਕੰਮਲ ਕਰਦਿਆਂ ਫੈਸਲਾ ਰਾਖਵਾਂ ਰੱਖ ਲਿਆ ਹੈ।

ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਹੇਠਲੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਕੇਸ ਨਾਲ ਸਬੰਧਤ ਹਿੰਦੂ ਅਤੇ ਮੁਸਲਿਮ ਧਿਰਾਂ ਦੀਆਂ ਦਲੀਲਾਂ 40 ਦਿਨਾਂ ਤੱਕ ਸੁਣੀਆਂ। ਸਿਆਸੀ ਨਜ਼ਰੀਏ ਤੋਂ ਸੰਵੇਦਨਸ਼ੀਲ ਇਸ ਮੁੱਦੇ 'ਤੇ 17 ਨਵੰਬਰ ਤੋਂ ਪਹਿਲਾਂ ਫੈਸਲਾ ਆਉਣ ਦੀ ਉਮੀਦ ਹੈ ਕਿਉਂਕਿ ਚੀਫ ਜਸਟਿਸ ਰੰਜਨ ਗੋਗੋਈ ਉਸ ਦਿਨ ਸੇਵਾਮੁਕਤ ਹੋ ਰਹੇ ਹਨ। ਇਸ ਦੌਰਾਨ ਸੁਪਰੀਮ ਕੋਰਟ ਵੱਲੋਂ ਨਿਯੁਕਤ ਸਾਲਸ ਕਮੇਟੀ ਨੇ ਸੀਲਬੰਦ ਲਿਫਾਫੇ ਵਿਚ ਆਪਣੀ ਰਿਪੋਰਟ ਅਦਾਲਤ ਹਵਾਲੇ ਕਰ ਦਿੱਤੀ ਹੈ।

ਅਯੁੱਧਿਆ ਵਿਵਾਦ ਕੇਸ ਦੀ ਸੁਣਵਾਈ 14 ਅਕਤੂਬਰ ਨੂੰ ਅੰਤਿਮ ਪੜਾਅ 'ਚ ਦਾਖਲ ਹੋ ਗਈ ਸੀ ਜਦੋਂ ਸੁਪਰੀਮ ਕੋਰਟ ਨੇ ਦਸਹਿਰੇ ਦੀਆਂ ਛੁੱਟੀਆਂ ਮਗਰੋਂ ਸੁਣਵਾਈ ਸ਼ੁਰੂ ਕੀਤੀ ਸੀ। ਸੰਵਿਧਾਨਕ ਬੈਂਚ ਨੇ 6 ਅਗਸਤ ਤੋਂ ਕੇਸ ਦੀ ਰੋਜ਼ਾਨਾ ਸੁਣਵਾਈ ਸ਼ੁਰੂ ਕੀਤੀ ਸੀ ਜਦੋਂ ਸਾਲਸਾਂ ਰਾਹੀਂ ਮਿਲ-ਬੈਠ ਕੇ ਮਸਲਾ ਹੱਲ ਕਰਾਉਣ ਦੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਸਨ। ਸੁਪਰੀਮ ਕੋਰਟ 'ਚ ਅਲਾਹਾਬਾਦ ਹਾਈ ਕੋਰਟ ਦੇ 2010 ਦੇ ਉਸ ਫੈਸਲੇ ਖਿਲਾਫ 14 ਅਪੀਲਾਂ ਦਾਖਲ ਕੀਤੀਆਂ ਗਈਆਂ ਸਨ, ਜਿਸ 'ਚ ਕਿਹਾ ਗਿਆ ਸੀ ਕਿ ਅਯੁੱਧਿਆ ਵਿਚ 2.77 ਏਕੜ ਜ਼ਮੀਨ ਨੂੰ ਤਿੰਨ ਧਿਰਾਂ ਸੁੰਨੀ ਵਕਫ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮ ਲੱਲਾ ਵਿਚਕਾਰ ਬਰਾਬਰ ਵੰਡ ਦਿੱਤਾ ਜਾਵੇ।

ਸੁਪਰੀਮ ਕੋਰਟ ਨੇ ਸ਼ੁਰੂ 'ਚ ਇਸ ਮਸਲੇ ਦਾ ਵਿਚੋਲਗੀ ਰਾਹੀਂ ਸਰਬਸੰਮਤੀ ਨਾਲ ਹੱਲ ਕੱਢਣ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਬੈਂਚ ਨੇ ਸੇਵਾਮੁਕਤ ਜਸਟਿਸ ਐਫ.ਐਮ.ਆਈ. ਕਲੀਫੁੱਲਾ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾਈ ਸੀ ਪਰ ਉਸ ਨੂੰ ਵੀ ਕੇਸ ਹੱਲ ਕਰਨ 'ਚ ਸਫਲਤਾ ਨਹੀਂ ਮਿਲੀ ਸੀ। ਇਸ ਮਗਰੋਂ ਚੀਫ ਜਸਟਿਸ ਦੀ ਅਗਵਾਈ ਹੇਠਲੇ ਸੰਵਿਧਾਨਕ ਬੈਂਚ ਨੇ 6 ਅਗਸਤ ਨੂੰ ਰੋਜ਼ਾਨਾ ਸੁਣਵਾਈ ਕਰਨ ਦਾ ਫੈਸਲਾ ਲਿਆ।

ਸ਼ੁਰੂਆਤ 'ਚ ਹੇਠਲੀ ਅਦਾਲਤ 'ਚ ਇਸ ਮਸਲੇ ਉਤੇ ਪੰਜ ਕੇਸ ਦਾਖਲ ਕੀਤੇ ਗਏ ਸਨ। ਪਹਿਲਾ ਮੁਕੱਦਮਾ 'ਰਾਮ ਲੱਲਾ' ਦੇ ਭਗਤ ਗੋਪਾਲ ਸਿੰਘ ਵਿਸ਼ਾਰਦ ਨੇ 1950 'ਚ ਦਾਇਰ ਕੀਤਾ ਸੀ। ਇਸ 'ਚ ਉਨ੍ਹਾਂ ਵਿਵਾਦਤ ਜ਼ਮੀਨ ਉਤੇ ਹਿੰਦੂਆਂ ਨੂੰ ਪੂਜਾ ਕਰਨ ਦਾ ਹੱਕ ਦੇਣ ਦੀ ਬੇਨਤੀ ਕੀਤੀ ਸੀ। ਇਸੇ ਸਾਲ ਪਰਮਹੰਸ ਰਾਮਚੰਦਰ ਦਾਸ ਨੇ ਵੀ ਪੂਜਾ ਜਾਰੀ ਰੱਖਣ ਅਤੇ ਵਿਵਾਦਤ ਢਾਂਚੇ ਦੇ ਵਿਚਕਾਰ ਗੁੰਬਦ ਹੇਠਾਂ ਮੂਰਤੀਆਂ ਰੱਖੇ ਜਾਣ ਲਈ ਅਰਜ਼ੀ ਦਾਖਲ ਕੀਤੀ ਸੀ ਪਰ ਬਾਅਦ ਇਹ ਮੁਕੱਦਮ ਵਾਪਸ ਲੈ ਲਿਆ ਗਿਆ ਸੀ।

ਬਾਅਦ 'ਚ ਨਿਰਮੋਹੀ ਅਖਾੜੇ ਨੇ 1959 ਵਿਚ 2.77 ਏਕੜ ਵਿਵਾਦਤ ਜ਼ਮੀਨ ਦੇ ਪ੍ਰਬੰਧਨ ਅਤੇ ਸ਼ੇਬੈਤੀ (ਸ਼ਰਧਾਲੂ) ਦੇ ਅਧਿਕਾਰ ਲਈ ਹੇਠਲੀ ਅਦਾਲਤ 'ਚ ਅਰਜ਼ੀ ਦਿੱਤੀ ਸੀ। ਇਸ ਤੋਂ ਦੋ ਸਾਲ ਬਾਅਦ 1961 ਵਿਚ ਉੱਤਰ ਪ੍ਰਦੇਸ਼ ਸੁੰਨੀ ਵਕਫ ਬੋਰਡ ਵੀ ਅਦਾਲਤ ਪਹੁੰਚ ਗਿਆ ਅਤੇ ਉਸ ਨੇ ਵਿਵਾਦਤ ਸੰਪਤੀ ਉਤੇ ਆਪਣਾ ਮਾਲਕਾਨਾ ਹੱਕ ਹੋਣ ਦਾ ਦਾਅਵਾ ਕੀਤਾ।

'ਰਾਮ ਲੱਲਾ ਵਿਰਾਜਮਾਨ' ਵੱਲੋਂ ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਜਸਟਿਸ ਦੇਵਕੀ ਨੰਦਨ ਅਗਰਵਾਲ ਅਤੇ ਜਨਮ ਭੂਮੀ ਨੇ 1989 'ਚ ਮੁਕੱਦਮਾ ਕਰਕੇ ਸਾਰੀ ਸੰਪਤੀ 'ਤੇ ਆਪਣਾ ਦਾਅਵਾ ਪੇਸ਼ ਕੀਤਾ।

ਇਸ ਦੌਰਾਨ ਸੁਪਰੀਮ ਕੋਰਟ ਵੱਲੋਂ ਬਣਾਈ ਗਈ ਸਾਲਸ ਕਮੇਟੀ ਨੇ ਅਯੁੱਧਿਆ ਵਿਵਾਦ ਦਾ ਹੱਲ ਕੱਢਣ ਦੇ ਮਕਸਦ ਨਾਲ ਸੀਲਬੰਦ ਲਿਫਾਫੇ 'ਚ ਰਿਪੋਰਟ ਦਾਖਲ ਕੀਤੀ ਹੈ। ਸੂਤਰਾਂ ਮੁਤਾਬਕ ਹਿੰਦੂ ਅਤੇ ਮੁਸਲਿਮ ਧਿਰਾਂ ਵਿਚਕਾਰ ਸਮਝੌਤੇ ਨੂੰ ਲੈ ਕੇ ਇਹ ਕੋਸ਼ਿਸ਼ ਕੀਤੀ ਗਈ ਹੈ।

# ਮੌੜ ਧਮਾਕੇ ਦੀ ਜਾਂਚ ਤਣ-ਪੱਤਣ ਲੱਗਣ ਦੀ ਆਸ ਬੱਝੀ

**ਬਠਿੰਡਾ:** ਮੌੜ ਬੰਬ ਧਮਾਕੇ ਦੀ ਜਾਂਚ ਹੁਣ ਡੀ.ਜੀ.ਪੀ. ਦੀ ਅਗਵਾਈ ਵਾਲੀ ਨਵੀਂ ਵਿਸ਼ੇਸ਼ ਜਾਂਚ ਟੀਮ (ਸਿੱਟ) ਕਰੇਗੀ, ਜਿਸ ਤੋਂ ਹੁਣ ਮੌੜ ਧਮਾਕੇ ਦੀ ਜਾਂਚ ਕਿਸੇ ਤਣ-ਪੱਤਣ ਲੱਗਣ ਦੇ ਆਸਾਰ ਬਣ ਗਏ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਰਾਜੀਵ ਸ਼ਰਮਾ ਤੇ ਜਸਟਿਸ ਅਰੁਣ ਪੱਲੀ ਦੇ ਡਿਵੀਜ਼ਨ ਬੈਂਚ ਨੇ ਮੌੜ ਧਮਾਕੇ ਦੀ ਚੱਲ ਰਹੀ ਸੁਸਤ ਜਾਂਚ ਦਾ ਸਖਤ ਨੋਟਿਸ ਲੈਂਦਿਆਂ ਹਫਤੇ ਵਿਚ ਨਵੀਂ 'ਸਿੱਟ' ਦਾ ਗਠਨ ਕਰਨ ਅਤੇ ਤਿੰਨ ਮਹੀਨੇ ਵਿਚ ਜਾਂਚ ਰਿਪੋਰਟ ਦੇਣ ਦੇ ਹੁਕਮ ਦਿੱਤੇ ਹਨ।

ਕੇਸ ਦੀ ਅਗਲੀ ਸੁਣਵਾਈ 30 ਜਨਵਰੀ ਨੂੰ ਹੋਵੇਗੀ। ਗੁਰਜੀਤ ਸਿੰਘ ਪਾਤੜਾਂ ਨੇ ਮੌੜ ਧਮਾਕੇ ਦੀ ਜਾਂਚ ਨੂੰ ਲੈ ਕੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਦੀ ਪੇਸ਼ੀ ਮੌਕੇ ਵਿਸ਼ੇਸ਼ ਡਿਵੀਜ਼ਨ ਬੈਂਚ ਨੇ ਇਹ ਫੈਸਲਾ ਸੁਣਾਇਆ। ਮੁਦਈ ਧਿਰ ਦੇ ਐਡਵੋਕੇਟ ਰਵਨੀਤ ਜੋਸ਼ੀ ਨੇ ਦੱਸਿਆ ਕਿ ਵਿਸ਼ੇਸ਼ ਡਿਵੀਜ਼ਨ ਬੈਂਚ ਨੇ ਡੀ.ਜੀ.ਪੀ. (ਲਾਅ ਐਂਡ ਆਰਡਰ) ਦੀ ਅਗਵਾਈ ਵਿਚ ਨਵੀਂ 'ਸਿੱਟ' ਬਣਾਏ ਜਾਣ ਦਾ ਹੁਕਮ ਕੀਤਾ ਹੈ ਜਿਸ ਦੇ ਮੈਂਬਰ ਆਈ.ਜੀ. ਅਤੇ ਡੀ.ਆਈ.ਜੀ. ਰੈਂਕ ਅਤੇ ਹੋਰ ਅਮਲਾ ਡੀ.ਐਸ.ਪੀ. ਅਤੇ ਐਸ.ਪੀ. ਰੈਂਕ ਦਾ ਹੋਵੇਗਾ।

ਵੇਰਵਿਆਂ ਅਨੁਸਾਰ ਮੌੜ ਧਮਾਕੇ ਦੀ ਜਾਂਚ ਕਰ ਰਹੀ ਪੁਰਾਣੀ 'ਸਿੱਟ' ਹੁਣ ਖਾਰਜ ਹੋ ਗਈ ਹੈ। ਅਦਾਲਤ ਨੇ ਮੌੜ ਧਮਾਕੇ ਦੀ ਜਾਂਚ ਉਤੇ ਨਾਖੁਸ਼ੀ ਜ਼ਾਹਰ ਕੀਤੀ ਅਤੇ ਇਸ ਨੂੰ ਥੱਕੀ ਹੋਈ ਤਫਤੀਸ਼ ਦੱਸਿਆ। ਪਟੀਸ਼ਨਕਰਤਾ ਗੁਰਜੀਤ ਸਿੰਘ ਪਾਤੜਾਂ ਦਾ ਕਹਿਣਾ ਸੀ ਕਿ ਜਾਂਚ ਨੂੰ ਉਦੋਂ ਹੀ ਬਰੇਕ ਲੱਗ ਗਈ ਸੀ ਜਦੋਂ ਧਮਾਕੇ ਦੀ ਪੈੜ ਡੇਰਾ ਸਿਰਸਾ ਤੱਕ ਪੁੱਜੀ ਸੀ। ਅਦਾਲਤ ਵਿਚ ਇਹ ਚਰਚਾ ਵੀ ਹੋਈ ਕਿ ਮੌੜ ਧਮਾਕੇ ਦੀ ਜਾਂਚ ਕਰ ਰਹੀ ਸਿੱਟ ਕੋਲ ਬਰਗਾੜੀ ਮਾਮਲੇ ਦੀ ਜਾਂਚ ਵੀ ਹੈ ਅਤੇ ਸਿੱਟ ਕੋਲ ਵੱਧ ਵਰਕ ਲੋਡ ਹੈ ਜਿਸ ਕਰਕੇ ਧਮਾਕੇ ਦੀ ਜਾਂਚ ਪਛੜ ਰਹੀ ਹੈ। ਮੌੜ ਕਾਂਡ ਦੀ ਜਾਂਚ ਹੁਣ ਤੱਕ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਟੀਮ ਕਰ ਰਹੀ ਸੀ ਜਿਸ ਵਿਚ ਏ.ਆਈ.ਜੀ. ਰਜਿੰਦਰ ਸਿੰਘ ਸੋਹਲ, ਡੀ.ਐਸ.ਪੀ. ਸੁਲੱਖਣ ਸਿੰਘ ਅਤੇ ਇੰਸਪੈਕਟਰ ਦਲਬੀਰ ਸਿੰਘ ਟੀਮ ਦੇ ਮੈਂਬਰ ਹਨ। ਇਸ ਵਿਸ਼ੇਸ਼ ਟੀਮ ਨੇ ਮੌੜ ਕਾਂਡ ਦੀ ਜਾਂਚ ਨੂੰ ਚਰਮ ਸੀਮਾ ਉਤੇ ਪਹੁੰਚਾਇਆ ਹੈ।

# ਘੱਟ ਗਿਣਤੀ ਕਮਿਸ਼ਨ ਨੂੰ ਤਿੰਨ ਵਰ੍ਹਿਆਂ 'ਚ ਮਿਲੀਆਂ ਪੰਜ ਹਜ਼ਾਰ ਸ਼ਿਕਾਇਤਾਂ

**ਨਵੀਂ ਦਿੱਲੀ:** ਦੇਸ਼ ਵਿਚ ਘੱਟ ਗਿਣਤੀ ਭਾਈਚਾਰਿਆਂ ਦੇ ਲੋਕਾਂ ਨੇ ਪਿਛਲੇ ਤਿੰਨ ਵਰ੍ਹਿਆਂ ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਕੋਲ ਕਰੀਬ ਪੰਜ ਹਜ਼ਾਰ ਸ਼ਿਕਾਇਤਾਂ ਕੀਤੀਆਂ, ਜਿਨ੍ਹਾਂ ਵਿਚੋਂ 55 ਫੀਸਦੀ ਸ਼ਿਕਾਇਤਾਂ ਕਾਨੂੰਨ ਵਿਵਸਥਾ ਨਾਲ ਜੁੜੀਆਂ ਸਨ ਅਤੇ ਕਰੀਬ 75 ਫੀਸਦੀ ਸ਼ਿਕਾਇਤਾਂ ਮੁਸਲਿਮ ਭਾਈਚਾਰੇ ਤੋਂ ਆਈਆਂ ਸਨ।

ਕਮਿਸ਼ਨ ਵੱਲੋਂ ਦਿੱਤੇ ਗਏ ਅੰਕੜਿਆਂ ਅਨੁਸਾਰ ਸਾਲ 2016-17 ਤੋਂ 2018-19 ਦੌਰਾਨ ਕੁੱਲ 5003 ਸ਼ਿਕਾਇਤਾਂ ਮਿਲੀਆਂ, ਜਿਸ ਵਿਚੋਂ 4646 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ। ਘੱਟ ਗਿਣਤੀ ਕਮਿਸ਼ਨ ਨੂੰ ਇਸ ਦੌਰਾਨ ਜੋ 5003 ਸ਼ਿਕਾਇਤਾਂ ਮਿਲੀਆਂ, ਉਨ੍ਹਾਂ ਵਿਚੋਂ ਸਭ ਤੋਂ ਵੱਧ 3703 ਸ਼ਿਕਾਇਤਾਂ ਮੁਸਲਿਮ ਭਾਈਚਾਰੇ ਤੋਂ ਮਿਲੀਆਂ। ਮੁਸਲਿਮ ਭਾਈਚਾਰੇ ਤੋਂ ਬਾਅਦ ਸਭ ਤੋਂ ਵੱਧ 340 ਸ਼ਿਕਾਇਤਾਂ ਸਿੱਖ ਅਤੇ 338 ਸ਼ਿਕਾਇਤਾਂ ਈਸਾਈ ਭਾਈਚਾਰੇ ਦੇ ਲੋਕਾਂ ਵੱਲੋਂ ਆਈਆਂ। ਦੇਸ਼ ਦੇ ਕਰੀਬ 50 ਹਜ਼ਾਰ ਆਬਾਦੀ ਵਾਲੇ ਪਾਰਸੀ ਭਾਈਚਾਰੇ ਤੋਂ ਇਨ੍ਹਾਂ ਤਿੰਨ ਵਰ੍ਹਿਆਂ ਦੌਰਾਨ ਕੇਵਲ ਦੋ ਸ਼ਿਕਾਇਤਾਂ ਮਿਲੀਆਂ। ਬਾਕੀ ਸ਼ਿਕਾਇਤਾਂ ਹੋਰ ਘੱਟ ਗਿਣਤੀ ਭਾਈਚਾਰਿਆਂ ਵੱਲੋਂ ਆਈਆਂ।

# ਭਾਰਤੀ ਬੈਂਕਾਂ ਦੀ ਹਾਲਤ ਤੇ ਗਾਹਕ ਦੇ ਪੈਸੇ ਦੀ ਗਾਰੰਟੀ ਦਾ ਮੁੱਦਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਡਾਂਵਾਂਡੋਲ ਆਰਥਕਤਾ ਇਸ ਵਕਤ ਵੱਡੀ ਬਹਿਸ ਦਾ ਮੁੱਦਾ ਸਮਝੀ ਜਾਂਦੀ ਹੈ। ਇਸ ਤੋਂ ਪਰੇ ਹਟ ਕੇ ਵੇਖਿਆ ਜਾਵੇ ਤਾਂ ਦੁਨੀਆਂ ਭਰ ਵਿਚ ਫੈਲੇ ਭਾਰਤੀ ਬੈਂਕਾਂ ਦੇ ਖਾਤੇਦਾਰਾਂ ਦੇ ਮਨਾਂ ਵਿਚ ਬਹੁਤ ਸਾਰੇ ਸਵਾਲ ਹਨ ਅਤੇ ਉਹ ਇਨ੍ਹਾਂ ਬੈਂਕਾਂ ਵਿਚ ਪਏ ਆਪਣੇ ਪੈਸੇ ਬਾਰੇ ਵੱਡੀ ਚਿੰਤਾ ਵਿਚ ਹਨ। ਸਵਾਲ ਦੋ ਹਨ ਤੇ ਦੋਹਾਂ ਦੀ ਬਹਿਸ ਦੌਰਾਨ ਭੰਬਲਭੂਸਾ ਏਨਾ ਵੱਡਾ ਹੈ ਕਿ ਆਮ ਲੋਕ ਇਸ ਵੇਲੇ ਬੜੀ ਵੱਡੀ ਬੇਚੈਨੀ ਮਹਿਸੂਸ ਕਰਦੇ ਅਤੇ ਇੱਕ ਜਾਂ ਦੂਜੀ ਧਿਰ ਦੇ ਆਗੂਆਂ ਦੇ ਮੂੰਹ ਵੱਲ ਵੇਖਦੇ ਹਨ। ਬਾਹਲਾ ਵੱਡਾ ਮੁੱਦਾ ਬੈਂਕਾਂ ਵਿਚ ਪਏ ਪੈਸੇ ਦੀ ਗਾਰੰਟੀ ਦਾ ਹੈ। ਇਸ ਸਵਾਲ ਬਾਰੇ ਲੋਕ ਬੈਂਕਾਂ ਵਿਚ ਫੋਨ ਕਰਦੇ ਜਾਂ ਆਪ ਜਾ ਕੇ ਪੁੱਛਦੇ ਹਨ ਤਾਂ ਕੋਈ ਸਿੱਧਾ ਅਤੇ ਸਹੀ ਜਵਾਬ ਦੇਣ ਵਾਲਾ ਅਧਿਕਾਰੀ ਨਹੀਂ ਮਿਲਦਾ। ਕਈ ਅਫਸਰ ਕੋਈ ਗੱਲ ਕਰਨੋਂ ਇਸ ਲਈ ਡਰਦੇ ਹਨ ਕਿ ਅੱਜ ਕੱਲ ਹਰ ਕੋਈ ਆਪਣੀ ਜੇਬ ਵਿਚ ਫੋਨ ਨਾਲ ਰਿਕਾਰਡਰ ਲਾਈ ਫਿਰਦਾ ਹੈ, ਕੋਈ ਗਲਤ ਗੱਲ ਨਿਕਲ ਗਈ ਤਾਂ ਪਿੱਛੋਂ ਰੱਫੜ ਨਾ ਪੈ ਜਾਂਦਾ ਹੋਵੇ।

ਸਾਡੇ ਕੋਲ ਕਈ ਲੋਕਾਂ ਦੇ ਫੋਨ ਆਏ ਅਤੇ ਇਨ੍ਹਾਂ ਵਿਚੋਂ ਬਹੁਤੇ ਲੋਕ ਵਿਦੇਸ਼ੀਂ ਵੱਸਦੇ ਹਨ, ਜਿਨ੍ਹਾਂ ਦੀ ਸਾਰੀ ਉਮਰ ਦੀ ਬੱਚਤ ਭਾਰਤ ਦੇ ਬੈਂਕਾਂ ਵਿਚ ਹੈ। ਇਸ ਬਾਰੇ ਜੋ ਕੁਝ ਸਾਨੂੰ ਪਤਾ ਲੱਗਾ, ਅਸੀਂ ਪੇਸ਼ ਕਰ ਰਹੇ ਹਾਂ।

ਪਹਿਲੀ ਗੱਲ ਇਹ ਸਮਝਣੀ ਚਾਹੀਦੀ ਹੈ ਕਿ ਹਰ ਦੇਸ਼ ਵਿਚ ਬੈਂਕਾਂ ਬਾਰੇ ਨਿਯਮ ਤੇ ਕਾਨੂੰਨ ਉਸ ਦੇਸ਼ ਦੇ ਆਪਣੇ ਹੁੰਦੇ ਹਨ ਤੇ ਇਹ ਕਈ ਵਾਰੀ ਇੱਕ ਦੂਜੇ ਦੇਸ਼ ਤੋਂ ਵੱਖ ਹੋ ਸਕਦੇ ਹਨ। ਦੂਜੀ ਇਹ ਕਿ ਕਿਸੇ ਵੀ ਦੇਸ਼ ਵਿਚ ਚੱਲਦਾ ਭਾਰਤੀ ਬੈਂਕ ਆਪਣੇ ਭਾਰਤ ਦੇਸ਼ ਵਿਚ ਹਰ ਗੱਲ ਲਈ ਇਨ੍ਹਾਂ ਨਿਯਮਾਂ ਦੀ ਪਾਲਣਾ ਕਰੇਗਾ, ਪਰ ਕਿਸੇ ਹੋਰ ਦੇਸ਼ ਵਿਚ ਉਸ ਦੀ ਬ੍ਰਾਂਚ ਹੋਈ ਤਾਂ ਉਸ ਲਈ ਪਹਿਲੀ ਜ਼ਿੰਮੇਵਾਰੀ ਉਸ ਦੇਸ਼ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਹੁੰਦੀ ਹੈ। ਉਹ ਜਿਸ ਦੇਸ਼ ਵਿਚ ਚੱਲਦਾ ਹੈ, ਉਥੋਂ ਦੇ ਨਿਯਮਾਂ ਦੀ ਉਲੰਘਣਾ ਨਹੀਂ ਕਰ ਸਕਦਾ, ਇਸ ਲਈ ਜੋ ਭਾਰਤੀ ਬੈਂਕ ਦੂਜੇ ਦੇਸ਼ਾਂ ਵਿਚ ਚੱਲਦੇ ਹਨ, ਉਹ ਉਥੋਂ ਦੇ ਨਿਯਮਾਂ ਨਾਲ ਬੱਝੇ ਹੋਣਗੇ, ਜਿਨ੍ਹਾਂ ਦੀ ਜਾਣਕਾਰੀ ਸਾਨੂੰ ਨਹੀਂ।

ਭਾਰਤ ਵਿਚ ਭਾਰਤੀ ਜਾਂ ਵਿਦੇਸ਼ੀ ਬੈਂਕ ਦਾ ਜੋ ਵੀ ਕਾਰੋਬਾਰ ਹੈ, ਉਨ੍ਹਾਂ ਸਭਨਾਂ ਵਿਚ ਰੱਖੇ ਹੋਏ ਪੈਸੇ, ਬੇਸ਼ੱਕ ਉਹ ਸੇਵਿੰਗਜ਼, ਕਰੰਟ ਜਾਂ ਕਿਸੇ ਹੋਰ ਖਾਤੇ ਵਿਚ ਹੋਣ, ਦੀ ਗਾਰੰਟੀ ਖੁਦ ਉਹ ਬੈਂਕ ਨਹੀਂ ਦਿੰਦਾ, ਇਹ ਗਾਰੰਟੀ ਇੱਕ ਕਾਰਪੋਰੇਸ਼ਨ ਵੱਲੋਂ ਹੈ। ਭਾਰਤ ਸਰਕਾਰ ਨੇ ਇਹ ਕਾਰਪੋਰੇਸ਼ਨ ਮੋਰਾਰਜੀ ਡਿਸਾਈ ਦੇ ਰਾਜ ਵੇਲੇ ਲਗਭਗ ਇਕਤਾਲੀ ਸਾਲ ਪਹਿਲਾਂ ਬਣਾਈ ਸੀ,




ਜਿਸ ਨੇ ਬੈਂਕਾਂ ਵਿਚ ਪਏ ਪੈਸੇ ਬਾਰੇ ਜੋ ਨਿਯਮ ਉਸ ਵੇਲੇ ਰੱਖੇ ਸਨ, ਉਹ ਪਿੱਛੋਂ ਬਦਲਦੇ ਵੀ ਰਹੇ ਹਨ।

ਇਸ ਬੀਮਾ ਕਾਰਪੋਰੇਸ਼ਨ ਦੇ ਬਣਨ ਤੋਂ ਪਹਿਲਾਂ ਇਹੋ ਗਾਰੰਟੀ 1961 ਵਿਚ ਬਣਾਏ ਕਰੈਡਿਟ ਗਾਰੰਟੀ ਐਕਟ ਅਧੀਨ ਸੀ ਅਤੇ ਉਦੋਂ ਵੀ ਬੈਂਕਾਂ ਕੋਲ ਪਏ ਪੈਸੇ ਦੀ ਗਾਰੰਟੀ ਦਿੱਤੀ ਜਾਂਦੀ ਸੀ, ਪਰ ਇਹ ਸਿਸਟਮ ਤੇ ਗਾਰੰਟੀ ਬਦਲਦੀ ਰਹੀ ਸੀ। ਮਿਸਾਲ ਵਜੋਂ 1968 ਵਿਚ ਇਹ ਗਾਰੰਟੀ ਪੰਜ ਹਜ਼ਾਰ ਰੁਪਏ ਮਿਥੀ ਗਈ ਸੀ, ਫਿਰ 1970 ਵਿਚ ਵਧਾਉਣ ਪਿੱਛੋਂ ਦਸ ਹਜ਼ਾਰ ਰੁਪਏ ਕੀਤੀ ਗਈ ਤੇ ਸਾਲ 1976 ਵਿਚ ਐਮਰਜੈਂਸੀ ਦੌਰਾਨ ਵੀਹ ਹਜ਼ਾਰ ਕਰ ਦਿੱਤੀ ਸੀ, ਜੋ ਹੋਰ ਚਾਰ ਸਾਲ ਪਿੱਛੋਂ 1980 ਵਿਚ ਵਧਾ ਕੇ ਤੀਹ ਹਜ਼ਾਰ ਕੀਤੀ ਗਈ ਸੀ। ਇਸ ਵਿਚ ਅਖੀਰਲਾ ਵਾਧਾ ਸਾਲ 1993 ਵਿਚ ਕੀਤਾ ਗਿਆ ਅਤੇ ਇਹ ਗਾਰੰਟੀ ਇੱਕ ਲੱਖ ਰੁਪਏ ਤੱਕ ਕਰ ਦਿੱਤੀ ਗਈ ਸੀ।

ਇਸ ਦਾ ਅਰਥ ਇਹ ਹੈ ਕਿ ਬੈਂਕ ਵਿਚ ਤੁਹਾਡੇ ਦੋ ਲੱਖ ਰੁਪਏ ਹੋਣ ਜਾਂ ਦੋ ਕਰੋੜ ਜਾਂ ਇਸ ਤੋਂ ਵੱਧ ਵੀ ਹੋਣ, ਉਹ ਬੈਂਕ ਕਿਸੇ ਗੱਲ ਕਰ ਕੇ ਬੰਦ ਕਰਨ ਦੀ ਨੌਬਤ ਆ ਗਈ ਤਾਂ ਤੁਹਾਨੂੰ ਘੱਟੋ-ਘੱਟ ਇੱਕ ਲੱਖ ਰੁਪਏ ਉਸ ਬੈਂਕ ਦੀ ਥਾਂ ਡਿਪਾਜ਼ਿਟ ਇੰਸ਼ੋਰੈਂਸ ਐਂਡ ਕਰੈਡਿਟ ਗਾਰੰਟੀ ਕਾਰਪੋਰੇਸ਼ਨ ਵੱਲੋਂ ਮਿਲ ਜਾਣਗੇ। ਜਿਸ ਗਾਹਕ ਦੇ ਇੱਕ ਲੱਖ ਤੋਂ ਘੱਟ ਹੋਣ ਤੇ ਉਸ ਦਾ ਵਿਆਜ਼ ਪਾ ਕੇ ਇਸ ਤੋਂ ਵੱਧ ਬਣਦੇ ਹੋਣਗੇ, ਉਸ ਨੂੰ ਉਪਰਲੇ ਨਹੀਂ ਮਿਲਣੇ, ਸਿਰਫ ਇੱਕ ਲੱਖ ਮਿਲਣਗੇ ਅਤੇ ਜਿਸ ਦੇ ਏਨੇ ਘੱਟ ਪੈਸੇ ਹੋਣ ਕਿ ਵਿਆਜ਼ ਪਾ ਕੇ ਵੀ ਇੱਕ ਲੱਖ ਤੋਂ ਹੇਠਾਂ ਰਹਿਣ, ਉਹ ਇੱਕ ਲੱਖ ਵਾਲੀ ਝਾਕ ਨਹੀਂ ਰੱਖ ਸਕਦਾ, ਉਸ ਨੂੰ ਉਸ ਦੇ ਬਣਦੇ ਪੈਸੇ ਹੀ ਮਿਲਣਗੇ। ਜੋ ਕਾਰਪੋਰੇਸ਼ਨ ਇਹ ਗਾਰੰਟੀ ਦਿੰਦੀ ਹੈ, ਉਸ ਕੋਲ ਸਭ ਬੈਂਕ ਆਪਣੇ ਗਾਹਕਾਂ ਦੀ ਰਕਮ ਦਾ ਹਰ ਸਾਲ ਬਾਕਾਇਦਾ ਬੀਮਾ ਕਰਵਾਉਂਦੇ ਅਤੇ ਆਪਣੇ ਕੋਲੋਂ ਪ੍ਰੀਮੀਅਮ ਦਿੰਦੇ ਹਨ, ਤਾਂ ਕਿ ਕੱਲ੍ਹ ਨੂੰ ਮੁਸ਼ਕਿਲ ਦੀ ਨੌਬਤ ਆ ਜਾਵੇ ਤਾਂ ਉਨ੍ਹਾਂ ਦੀ ਥਾਂ ਗਾਰੰਟੀ ਦਾ ਭੁਗਤਾਨ ਕਰਨ ਦੀ ਜ਼ਿੰਮੇਵਾਰੀ ਇਹ ਕਾਰਪੋਰੇਸ਼ਨ ਚੁੱਕ ਲਵੇ। ਬੈਂਕਾਂ ਵਿਚ ਪਿਆ ਪੈਸਾ ਭਾਵੇਂ ਸੇਵਿੰਗਜ਼ ਵਿਚ, ਕਰੰਟ ਖਾਤੇ, ਰੈਕਰਿੰਗ ਜਾਂ ਫਿਕਸਡ ਡਿਪਾਜ਼ਿਟ ਵਿਚ ਹੋਵੇ-ਸਭ ਖਾਤਿਆਂ ਲਈ ਇਹੀ ਨਿਯਮ ਚੱਲੇਗਾ ਤੇ ਇਹ ਭਾਰਤ ਦੇ ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਦੇ ਨਾਲ ਕੋਆਪਰੇਟਿਵ ਤੇ ਵਿਦੇਸ਼ੀ ਬੈਂਕਾਂ 'ਤੇ ਵੀ ਲਾਗੂ ਹੋਵੇਗਾ, ਪਰ ਕੋਆਪਰੇਟਿਵ ਸੁਸਾਈਟੀਆਂ ਇਸ ਗਾਰੰਟੀ ਸਕੀਮ ਤੋਂ ਬਾਹਰ ਹਨ।

> ***ਭਾਰਤ ਵਿਚ ਭਾਰਤੀ ਜਾਂ ਵਿਦੇਸ਼ੀ ਬੈਂਕ ਦਾ ਜੋ ਵੀ ਕਾਰੋਬਾਰ ਹੈ, ਉਨ੍ਹਾਂ ਸਭਨਾਂ ਵਿਚ ਰੱਖੇ ਹੋਏ ਪੈਸੇ, ਬੇਸ਼ੱਕ ਉਹ ਸੇਵਿੰਗਜ਼, ਕਰੰਟ ਜਾਂ ਕਿਸੇ ਹੋਰ ਖਾਤੇ ਵਿਚ ਹੋਣ, ਦੀ ਗਾਰੰਟੀ ਖੁਦ ਉਹ ਬੈਂਕ ਨਹੀਂ ਦਿੰਦਾ, ਇਹ ਗਾਰੰਟੀ ਇੱਕ ਕਾਰਪੋਰੇਸ਼ਨ ਵੱਲੋਂ ਹੈ। ਭਾਰਤ ਸਰਕਾਰ ਨੇ ਇਹ ਕਾਰਪੋਰੇਸ਼ਨ ਮੋਰਾਰਜੀ ਡਿਸਾਈ ਦੇ ਰਾਜ ਵੇਲੇ ਲਗਭਗ ਇਕਤਾਲੀ ਸਾਲ ਪਹਿਲਾਂ ਬਣਾਈ ਸੀ, ਜਿਸ ਨੇ ਬੈਂਕਾਂ ਵਿਚ ਪਏ ਪੈਸੇ ਬਾਰੇ ਜੋ ਨਿਯਮ ਉਸ ਵੇਲੇ ਰੱਖੇ ਸਨ, ਉਹ ਪਿੱਛੋਂ ਬਦਲਦੇ ਵੀ ਰਹੇ ਹਨ।***

ਨੋਟ ਕਰਨ ਵਾਲੀ ਜ਼ਰੂਰੀ ਗੱਲ ਇਹ ਹੈ ਕਿ ਜੇ ਕਿਸੇ ਦਾ ਇੱਕੋ ਬੈਂਕ ਦੀਆਂ ਇੱਕ ਤੋਂ ਵੱਧ ਬਰਾਂਚਾਂ ਵਿਚ ਖਾਤਾ ਹੈ ਤੇ ਹਰ ਥਾਂ ਇੱਕੋ ਨਾਂ ਚੱਲਦਾ ਹੈ ਤਾਂ ਉਸ ਨੂੰ ਇੱਕੋ ਕਲੇਮ ਮਿਲੇਗਾ, ਪਰ ਜੇ ਉਹ ਬਰਾਂਚਾਂ ਵੱਖੋ-ਵੱਖ ਬੈਂਕਾਂ ਦੀਆਂ ਹਨ ਤਾਂ ਹਰ ਬੈਂਕ ਦੇ ਉਸੇ ਨਾਂ ਵਾਲੇ ਖਾਤੇ ਲਈ ਵੱਖਰਾ ਕਲੇਮ ਮਿਲ ਸਕਦਾ ਹੈ। ਇਹੀ ਨਹੀਂ, ਪਰਿਵਾਰ ਜਾਂ ਭਾਈਵਾਲੀ ਦੇ ਖਾਤੇ ਵਿਚ ਜੇ ਫਰਜ ਕਰੋ ਗਿਆਨ ਸਿੰਘ, ਰਾਮ ਚੰਦ ਅਤੇ ਤੇਜ ਮਸੀਹ ਦਾ ਸਾਂਝਾ ਖਾਤਾ ਹੈ ਤਾਂ ਉਪਰ ਦੱਸੇ ਨਿਯਮ ਲਾਗੂ ਹੋਣਗੇ, ਪਰ ਜੇ ਇੱਕ ਖਾਤੇ ਵਿਚ ਗਿਆਨ ਸਿੰਘ, ਰਾਮ ਚੰਦ ਤੇ ਤੇਜ ਮਸੀਹ ਅਤੇ ਦੂਜੇ ਖਾਤੇ ਵਿਚ ਰਾਮ ਚੰਦ, ਤੇਜ ਮਸੀਹ ਤੇ ਗਿਆਨ ਸਿੰਘ ਲਿਖੇ ਹੋਏ ਅਤੇ ਤੀਸਰੇ ਵਿਚ ਤੇਜ ਮਸੀਹ ਪਹਿਲੀ ਥਾਂ ਲਿਖ ਲਿਆ ਤਾਂ ਉਹ ਤਿੰਨ ਵੱਖ-ਵੱਖ ਖਾਤੇ ਗਿਣੇ ਜਾਣਗੇ। ਬੈਂਕ ਭਾਵੇਂ ਇੱਕੋ ਹੋਵੇ, ਤਿੰਨਾਂ ਲਈ ਵੱਖਰੇ ਕਲੇਮ ਮਿਲ ਜਾਣਗੇ ਅਤੇ ਜੇ ਕਿਸੇ ਹੋਰ ਬੈਂਕ ਵਿਚ ਵੀ ਏਦਾਂ ਦੇ ਨਾਂ ਵਾਲੇ ਬਦਲਵੇਂ ਖਾਤੇ ਹਨ ਤਾਂ ਉਥੇ ਵੀ ਮਿਲਣਗੇ।

ਹੈਰਾਨੀ ਦੀ ਗੱਲ ਹੈ ਕਿ ਕਈ ਬੈਂਕ ਅਫਸਰ ਵੀ ਇਹ ਗੱਲਾਂ ਨਾ ਕਦੀ ਪੁੱਛਣ ਦੀ ਕੋਸ਼ਿਸ਼ ਕਰਦੇ ਹਨ ਤੇ ਨਾ ਉਨ੍ਹਾਂ ਨੂੰ ਬੈਂਕ ਮੈਨੇਜਮੈਂਟ ਨੇ ਕਦੇ ਦੱਸਣ ਦੀ ਲੋੜ ਸਮਝੀ ਹੈ, ਕਿਉਂਕਿ ਸਾਰੇ ਇਹ ਸੋਚਦੇ ਹਨ ਕਿ ਕੁਝ ਹੋਣਾ ਹੀ ਨਹੀਂ। ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ ਬੈਂਕ ਦਾ ਜਲੂਸ ਨਿਕਲਣ ਤੇ ਇਸ ਦੇ ਸਦਮੇ ਨਾਲ ਕਈ ਗਾਹਕਾਂ ਦੀਆਂ ਮੌਤਾਂ ਹੋਣ ਪਿੱਛੋਂ ਇਸ ਬਾਰੇ ਹਰ ਕੋਈ ਪੁੱਛ ਰਿਹਾ ਹੈ ਤੇ ਬੈਂਕਾਂ ਦੇ ਅਧਿਕਾਰੀ ਇਸ ਬਾਰੇ ਦੱਸਣ ਤੋਂ ਅਸਮਰਥ ਹਨ ਜਾਂ ਨਾ ਦੱਸ ਕੇ ਮੈਨੇਜਮੈਂਟ ਕੋਲ ਬੁਰਾ ਬਣਨ ਤੋਂ ਝਿਜਕਦੇ ਹਨ।

ਨਰਿੰਦਰ ਮੋਦੀ ਸਰਕਾਰ ਨੇ ਦੋ ਸਾਲ ਪਹਿਲਾਂ 2017 ਵਿਚ ਇਸ ਗਾਰੰਟੀ ਕਾਰਪੋਰੇਸ਼ਨ ਦੀ ਥਾਂ ਇੱਕ ਰੈਜ਼ੂਲੇਸ਼ਨ ਕਾਰਪੋਰੇਸ਼ਨ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਸੀ, ਜਿਸ ਤੋਂ ਰੌਲਾ ਪੈ ਗਿਆ ਸੀ। ਕਾਰਨ ਇਹ ਸੀ ਕਿ ਨਵੀਂ ਬਣਨ ਵਾਲੀ ਕਾਰਪੋਰੇਸ਼ਨ ਵਿਚ ਨਾ ਇਹ ਲਿਖਿਆ ਸੀ ਕਿ ਇੰਸ਼ੋਰੈਂਸ ਦੀ ਹੱਦ ਕੀ ਹੋਵੇਗੀ ਅਤੇ ਨਾ ਬੈਂਕ ਦੇ ਗਾਹਕ ਨੂੰ ਮੁਆਵਜ਼ੇ ਵਜੋਂ ਦਿੱਤੀ ਜਾਣ ਵਾਲੀ ਰਕਮ ਬਾਰੇ ਸਪੱਸ਼ਟ ਕੀਤਾ ਸੀ। ਹਾਲੇ ਵੀ ਉਹ ਵਿਚਾਰ ਛੱਡਿਆ ਨਹੀਂ ਗਿਆ।

ਇੱਕ ਹੋਰ ਗੱਲ ਨੋਟ ਕਰਨ ਵਾਲੀ ਹੈ ਕਿ ਕਿਸੇ ਏਦਾਂ ਦੀ ਅਣਸੁਖਾਵੀਂ ਸਥਿਤੀ ਵਿਚ ਆਪਣੇ ਬੈਂਕ ਤੋਂ ਪੈਸੇ ਮੰਗਣ ਦੀ ਥਾਂ ਗਾਹਕ ਨੂੰ ਉਸ ਲਿਕੁਈਡੇਟਰ ਕੋਲ ਅਰਜ਼ੀ ਦੇਣੀ ਪਵੇਗੀ, ਜੋ ਸਰਕਾਰ ਅਤੇ ਰਿਜ਼ਰਵ ਬੈਂਕ ਨੇ ਉਸ ਬੈਂਕ ਦੀ ਸਮਾਪਤੀ ਪ੍ਰਕ੍ਰਿਆ ਲਈ ਨਿਯੁਕਤ ਕੀਤਾ ਹੋਵੇਗਾ। ਅੱਗੋਂ ਉਹ ਲਿਕੁਈਡੇਟਰ ਜਦੋਂ ਕਿਸੇ ਗਾਹਕ ਦੇ ਪੈਸਿਆਂ ਦਾ ਕਲੇਮ ਇਸ ਗਾਰੰਟੀ ਕਾਰਪੋਰੇਸ਼ਨ ਨੂੰ ਭੇਜੇਗਾ, ਕਾਰਪੋਰੇਸ਼ਨ ਉਸ ਤਰੀਕ ਤੋਂ ਦੋ ਮਹੀਨਿਆਂ ਦੇ ਅੰਦਰ ਇਹ ਪੈਸੇ ਗਾਹਕ ਨੂੰ ਦੇਣ ਲਈ ਜ਼ਿੰਮੇਵਾਰ ਹੋਵੇਗੀ। ਗੱਲ ਸਾਰੀ ਲਿਕੁਈਡੇਟਰ 'ਤੇ ਨਿਰਭਰ ਕਰੇਗੀ। ਉਸ ਵੱਲੋਂ ਕਲੇਮ ਪਾਸ ਕਰਨ ਦੀ ਸਮਾਂ ਹੱਦ ਕੋਈ ਨਹੀਂ ਮਿਥੀ ਗਈ, ਜਿਸ ਕਰ ਕੇ ਆਪਣੇ ਕੇਸ ਪਾਸ ਕਰਵਾਉਣ ਲਈ ਲੋਕਾਂ ਨੂੰ ਭ੍ਰਿਸ਼ਟਾਚਾਰੀ ਤਰੀਕਿਆਂ ਦੀ ਵਰਤੋਂ ਕਰਨ ਵਾਲੇ ਅਫਸਰਾਂ ਅਤੇ ਦਲਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਤੇ ਇਸ ਤਰ੍ਹਾਂ ਦੁਖੀ ਲੋਕਾਂ ਦੀ ਹੋਰ ਵੀ ਖੱਜਲ-ਖੁਆਰੀ ਹੋਣ ਦੀ ਇੱਕ ਨਵੀਂ ਅਣ-ਚਾਹੀ ਗੁੰਜਾਇਸ਼ ਪੈਦਾ ਹੋ ਸਕਦੀ ਹੈ।

ਜਿੰਨੀ ਜਾਣਕਾਰੀ ਮਿਲ ਸਕੀ, ਜਨਤਕ ਹਿੱਤ ਵਿਚ ਅਸੀਂ ਇਹ ਦੱਸੀ ਨਹੀਂ ਕਹਿ ਸਕਦੇ, ਦੱਸਣ ਦੀ ਕੋਸ਼ਿਸ਼ ਹੀ ਕੀਤੀ ਕਹਿ ਸਕਦੇ ਹਾਂ, ਇਸ ਦੇ ਬਾਅਦ ਵੀ ਇਸ ਵਿਚ ਕਚਿਆਈ ਰਹਿ ਜਾਵੇ ਤਾਂ ਅਗੇਤੀ ਖਿਮਾ ਚਾਹੁੰਦੇ ਹਾਂ।

# ਪੰਜਾਬੀ ਨੌਜਵਾਨ ਅਤੇ ਪਰਵਾਸ

ਅਮਰਜੀਤ ਗਰੇਵਾਲ

ਅੱਜ ਕਲ੍ਹ ਪੰਜਾਬੀ ਨੌਜਵਾਨਾਂ ਦੇ ਪਰਵਾਸ ਦੇ ਮੁੱਦੇ ਨੂੰ ਗੰਭੀਰਤਾ ਨਾਲ ਉਠਾਉਂਦਿਆਂ ਇਹ ਧਾਰਨਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੇ ਰੂਪ ਵਿਚ ਪੰਜਾਬ ਦੀ ਬੌਧਿਕਤਾ, ਕਿਰਤ ਸ਼ਕਤੀ ਅਤੇ ਸਰਮਾਏ ਦਾ ਵਿਦੇਸ਼ਾਂ ਨੂੰ ਕਿਵੇਂ ਨਿਕਾਸ ਹੋ ਰਿਹਾ ਹੈ।

ਸੁਰਜੀਤ ਸਿੰਘ ਮੁਤਾਬਕ, "ਪੰਜਾਬ ਦੇ ਨੌਜਵਾਨ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਜਾ ਰਹੇ ਹਨ। ਪਿਛਲੇ ਸਾਲ ਦੌਰਾਨ ਨੌਜਵਾਨਾਂ ਦੇ ਪਰਵਾਸ ਬਾਰੇ ਮੌਜੂਦ ਅੰਦਾਜ਼ਿਆਂ ਮੁਤਾਬਕ ਇਕ ਲੱਖ ਨੌਜਵਾਨ ਵਿਦਿਆਰਥੀ ਵਿਦੇਸ਼ਾਂ ਵਿਚ ਸਟੱਡੀ ਵੀਜ਼ਿਆਂ 'ਤੇ ਗਏ। ਪ੍ਰਤੀ ਵਿਦਿਆਰਥੀ ਪਹਿਲੀ ਵਾਰ ਔਸਤਨ 16 ਲੱਖ ਰੁਪਏ ਵੀ ਉਨ੍ਹਾਂ ਨਾਲ ਵਿਦੇਸ਼ਾਂ ਵਿਚ ਚਲੇ ਗਏ। ਮਤਲਬ ਇੱਕ ਸਾਲ ਵਿਚ ਹੀ ਪੰਜਾਬ ਦਾ 16 ਹਜ਼ਾਰ ਕਰੋੜ ਰੁਪਿਆ ਇਨ੍ਹਾਂ ਰਾਹੀਂ ਬਾਹਰ ਚਲਾ ਗਿਆ। ਇਸ ਤੋਂ ਇਲਾਵਾ ਹਰ ਸਾਲ ਪ੍ਰਤੀ ਵਿਦਿਆਰਥੀ ਹੋਰ ਵੀ ਲੱਖਾਂ ਰੁਪਏ ਖਰਚ ਕੇ ਬਾਹਰ ਜਾਂਦੇ ਹਨ। ਇਸ ਨਾਲ ਪੰਜਾਬ ਦੀ ਬੌਧਿਕਤਾ, ਕਿਰਤ ਸ਼ਕਤੀ ਅਤੇ ਸਰਮਾਏ ਦਾ ਵੱਡੀ ਪੱਧਰ 'ਤੇ ਵਿਦੇਸ਼ਾਂ ਨੂੰ ਨਿਕਾਸ ਹੋ ਰਿਹਾ ਹੈ। ਇਸ ਨਾਲ ਪੰਜਾਬ ਦੇ ਹੋਰ ਬਹੁਤ ਸਾਰੇ ਛੋਟੇ-ਵੱਡੇ ਕਾਰੋਬਾਰ ਵੀ ਪ੍ਰਭਾਵਤ ਹੋ ਰਹੇ ਹਨ।" ਪਰ ਇਹ ਤਸਵੀਰ ਦਾ ਇਕ ਪਾਸਾ ਹੈ।

ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਪੰਜਾਬ ਵਿਚੋਂ ਹਰ ਸਾਲ 67 ਹਜ਼ਾਰ ਕਰੋੜ ਰੁਪਿਆ ਬਾਹਰ ਚਲਾ ਜਾਂਦਾ ਹੈ। ਇਸ ਦੇ ਉਲਟ ਵਿਦੇਸ਼ਾਂ ਵਿਚ ਰਹਿਣ ਵਾਲੇ ਇਹ ਪੰਜਾਬੀ ਹਰ ਸਾਲ 90 ਹਜ਼ਾਰ ਕਰੋੜ ਰੁਪਿਆ ਪੰਜਾਬ ਨੂੰ ਵਾਪਿਸ ਵੀ ਭੇਜਦੇ ਹਨ। ਮਤਲਬ, ਪਰਵਾਸ ਦੇ ਇਸ ਸੌਦੇ ਵਿਚ 23 ਹਜ਼ਾਰ ਕਰੋੜ ਰੁਪਏ ਦਾ ਸ਼ੁਧ ਲਾਭ ਹੈ। ਸੋ ਸਰਮਾਏ ਦੇ ਦ੍ਰਿਸ਼ਟੀਕੋਣ ਤੋਂ ਤਾਂ ਪੰਜਾਬ ਦਾ ਕੋਈ ਨੁਕਸਾਨ ਨਹੀਂ। ਬਾਕੀ ਰਹਿ ਗਈ ਬੌਧਿਕਤਾ ਅਤੇ ਕਿਰਤ ਸ਼ਕਤੀ ਦੀ ਗੱਲ! ਬਿਨਾ ਸ਼ੱਕ, ਬਰੇਨ ਡਰੇਨ ਦੇ ਰੂਪ ਵਿਚ ਇਹ ਪੰਜਾਬ ਦਾ ਵੱਡਾ ਨੁਕਸਾਨ ਹੈ।

ਕਿਸਾਨਾਂ ਦੀਆਂ ਆਤਮ ਹੱਤਿਆਵਾਂ ਦੱਸਦੀਆਂ ਹਨ ਕਿ ਖੇਤੀ ਹੁਣ ਕੋਈ ਬਹੁਤਾ ਮੁਨਾਫੇਯੋਗ ਧੰਦਾ ਨਹੀਂ ਰਹਿ ਗਿਆ। ਕਿਸਾਨੀ ਇਕੋ ਤਰੀਕੇ ਨਾਲ ਬਚ ਸਕਦੀ ਹੈ ਕਿ ਇਸ ਦੀ ਨਵੀਂ ਪੀੜ੍ਹੀ ਨੂੰ ਆਧੁਨਿਕ ਸੈਕਟਰ ਵਿਚ ਰੁਜ਼ਗਾਰ ਦੇ ਕੇ ਜ਼ਮੀਨ 'ਤੇ ਭਾਰ ਘਟਾਇਆ ਜਾਵੇ। ਭਾਰ ਤਾਂ ਘਟ ਰਿਹਾ ਹੈ, ਪਰ ਰੁਜ਼ਗਾਰ ਕਿਥੇ ਹੈ? ਨਤੀਜੇ ਵਜੋਂ ਰੁਜ਼ਗਾਰ ਦੀ ਤਲਾਸ਼ ਵਿਚ ਸ਼ਹਿਰਾਂ ਦੇ ਚੱਕਰ ਕੱਢਦੀ ਨੌਜਵਾਨ ਬੱਚਿਆਂ ਦੀ ਫੌਜ ਥੱਕ ਹਾਰ ਕੇ ਨਸ਼ਿਆਂ ਅਤੇ ਜੁਰਮ ਦੇ ਰਸਤੇ ਪੈ ਜਾਂਦੀ ਹੈ। ਜਿਨ੍ਹਾਂ ਵਿਚ ਹਿੰਮਤ ਹੈ, ਉਹ ਬਚੀ ਖੁਚੀ ਜ਼ਮੀਨ ਅਤੇ ਗਹਿਣੇ ਗੱਟੇ ਵੇਚ ਕੇ, ਆਪਣੇ ਬੱਚਿਆਂ ਨੂੰ ਪੜ੍ਹਾਈ ਜਾਂ ਰੁਜ਼ਗਾਰ ਲਈ ਕੈਨੇਡਾ, ਅਮਰੀਕਾ, ਆਸਟਰੇਲੀਆ ਜਿਹੇ ਮੁਲਕਾਂ ਵਿਚ ਭੇਜੀ ਜਾ ਰਹੇ ਹਨ।

ਹੁਣ ਸੁਆਲ ਹੈ ਕਿ ਅਸੀਂ ਆਪਣੇ ਬੱਚਿਆਂ ਲਈ ਰੁਜ਼ਗਾਰ ਕਿਉਂ ਨਹੀਂ ਪੈਦਾ ਕਰ ਸਕੇ? ਇਸ ਗੱਲ ਨੂੰ ਸਮਝਣ ਲਈ ਮੈਂ ਇਕ ਆਪ ਬੀਤੀ ਸੁਣਾਉਂਦਾ ਹਾਂ। ਇਹ 1997-98 ਦੀ ਗੱਲ ਹੈ। ਮੈਂ ਭਾਈ ਹਰਿਭਜਨ ਸਿੰਘ ਯੋਗੀ ਦੇ ਸੱਦੇ 'ਤੇ ਅਮਰੀਕਾ ਗਿਆ। ਅਮਰੀਕਨ ਸਿੰਘਾਂ ਨੇ ਆਪਣੇ ਵਪਾਰਕ ਅਦਾਰੇ ਵੀ ਦਿਖਾਏ। ਉਨ੍ਹਾਂ ਦੀ ਇਕ ਕੰਪਨੀ ਵਿਚ ਜਾ ਕੇ ਦੇਖਿਆ ਕਿ ਉਥੇ ਇਕ ਵੱਡੇ ਹਾਲ ਵਿਚ ਸੈਂਕੜੇ ਲੋਕ ਕੰਪਿਊਟਰਾਂ 'ਤੇ ਕੰਮ ਕਰ ਰਹੇ ਸਨ। ਪੁੱਛਣ 'ਤੇ ਯੋਗੀ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਅਜਿਹੇ ਕਈ ਵੱਡੇ ਵੱਡੇ ਅਦਾਰੇ ਬੈਂਗਲੌਰ ਅਤੇ ਅਹਿਮਦਾਬਾਦ ਵਿਚ ਵੀ ਸਥਾਪਤ ਕੀਤੇ ਹੋਏ ਹਨ, ਜਿਥੇ ਹਜ਼ਾਰਾਂ ਨੌਜਵਾਨ ਇਥੋਂ ਭੇਜੀਆਂ ਸਾਫਟਵੇਅਰ ਡਿਵੈਲਪਮੈਂਟ ਦੀਆਂ ਜੌਬਜ਼ 'ਤੇ ਕੰਮ ਕਰਦੇ ਹਨ। ਮੈਨੂੰ ਇਹ ਗੱਲ ਚੰਗੀ ਨਾ ਲੱਗੀ। ਗੁੱਸੇ ਨਾਲ ਪੁੱਛਿਆ ਕਿ ਤੁਸੀਂ ਇਹ ਸੈਂਟਰ



ਪੰਜਾਬ ਵਿਚ ਸਥਾਪਤ ਕਿਉਂ ਨਹੀਂ ਕੀਤੇ? ਸਾਡੇ ਬੱਚਿਆਂ ਨੂੰ ਵੀ ਰੁਜ਼ਗਾਰ ਮਿਲ ਜਾਂਦਾ। ਭਾਰਤ ਦੇ ਆਰਥਕ ਵਿਕਾਸ ਵਿਚ ਇਸ ਕਿਸਮ ਦੀ ਬੀ. ਪੀ. ਓ. ਇੰਡਸਟਰੀ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ।

ਅਮਰੀਕਾ ਵਿਚ ਯੋਗੀ ਜੀ ਜਿਹੇ ਅਨੇਕਾਂ ਪੰਜਾਬੀ ਧਨਾਢਾਂ ਦੇ ਹੁੰਦਿਆਂ-ਸੁੰਦਿਆਂ ਇਹ ਸੌਫਟਵੇਅਰ ਇੰਡਸਟਰੀ ਪੰਜਾਬ ਵਿਚ ਸਥਾਪਤ ਕਿਉਂ ਨਹੀਂ ਹੋ ਸਕੀ? ਬੈਂਗਲੌਰ, ਹੈਦਰਾਬਾਦ ਆਦਿ ਸ਼ਹਿਰਾਂ ਵਿਚ ਹੀ ਕਿਉਂ ਸਥਾਪਤ ਹੋਈ? ਯੋਗੀ ਜੀ ਨੇ ਜੋ ਜੁਆਬ ਦਿਤਾ, ਉਸ ਨੇ ਮੇਰੇ ਕੰਨ ਖੋਲ੍ਹ ਦਿੱਤੇ। ਉਨ੍ਹਾਂ ਦਾ ਜੁਆਬ ਮੈਂ ਕਦੀ ਵੀ ਨਹੀਂ ਭੁਲ ਸਕਾਂਗਾ, ਜੋ ਉਸ ਵੇਲੇ ਵੀ ਸਾਡੀ ਬਦਕਿਸਮਤੀ ਦਾ ਸਬੱਬ ਬਣਿਆ ਅਤੇ ਹੁਣ ਫੇਰ ਬਣ ਰਿਹਾ ਹੈ। ਉਨ੍ਹਾਂ ਦਾ ਜੁਆਬ ਸੀ, "ਨੌਲਿਜ ਇੰਡਸਟਰੀ ਕੇਵਲ ਉਥੇ ਜੀ ਸਕੇਗੀ, ਜਿਥੇ ਨੌਲਿਜ ਵਰਕਰ ਹੋਣਗੇ। ਜਾਓ, ਪਹਿਲਾਂ ਜਾ ਕੇ ਪੰਜਾਬ ਵਿਚ ਨੌਲਿਜ ਵਰਕਰ ਪੈਦਾ ਕਰੋ। ਨੌਲਿਜ ਇੰਡਸਟਰੀ ਆਪਣੇ ਆਪ ਆ ਜਾਵੇਗੀ।"

ਉਸ ਵੇਲੇ ਤਾਂ ਅਸੀਂ ਨੌਲਿਜ ਇੰਡਸਰੀ ਦੀ ਇਹ ਬਸ ਮਿਸ ਕਰ ਦਿੱਤੀ। ਕੋਸ਼ਿਸ਼ ਕਰੀਏ ਕਿ ਸਾਡੇ ਦਰ 'ਤੇ ਖੜ੍ਹੀ ਫੋਰਥ ਇੰਡਸਟਰੀਅਲ ਰੈਵੋਲੂਸ਼ਨ ਅਤੇ ਸਮਾਰਟ ਐਗਰੀਕਲਚਰ ਲਈ ਸਾਡੇ ਬੂਹੇ ਬੰਦ ਨਾ ਹੋਣ। ਇਹ ਤਦ ਹੀ ਸੰਭਵ ਹੈ, ਜਦ ਅਸੀਂ ਆਪਣੀ ਵਰਕਫੋਰਸ ਨੂੰ ਰੈਲੇਵੈਂਟ ਨਾਲਿਜ, ਸਕਿਲ ਸੈਟਸ, ਮਾਈਂਡ ਸੈਟਸ, ਇੰਸਟੀਚਿਊਸ਼ਨਲ ਕਲਚਰ ਅਤੇ ਸਟਾਕਹੋਲਡਰਾਂ ਦੇ ਨੈਟਵਰਕਸ ਨਾਲ ਲੈਸ ਕਰਾਂਗੇ। ਇਹ ਸਭ ਕੁਝ ਮੌਜੂਦਾ ਵਿਦਿਅਕ ਢਾਂਚੇ ਵਿਚ ਰਹਿ ਕੇ ਹਾਸਲ ਨਹੀਂ ਕੀਤਾ ਜਾ ਸਕਦਾ। ਨਵੀਂ ਇੰਡਸਰੀ ਨੂੰ ਟ੍ਰੈਡੀਸ਼ਨ ਦੀ ਨਹੀਂ, ਇਨੋਵੇਸ਼ਨ ਅਤੇ ਕਰੀਏਟਿਵਿਟੀ ਦੀ ਲੋੜ ਹੈ। ਪੰਜਾਬ ਦਾ ਮੌਜੂਦਾ ਸੰਕਟ ਦਰਅਸਲ ਅਨਇੰਪਲਾਇਬਲ ਐਜੂਕੇਸ਼ਨ ਦਾ ਪੈਦਾ ਕੀਤਾ ਹੋਇਆ ਸੰਕਟ ਹੀ ਹੈ। ਬੱਸ ਇਕ ਇਸ ਨੂੰ ਠੀਕ ਕਰ ਲਈਏ, ਬਾਕੀ ਸਭ ਆਪਣੇ ਆਪ ਠੀਕ ਹੋ ਜਾਵੇਗਾ। ਆਤਮ ਹੱਤਿਆ, ਡਰੱਗਜ਼, ਕਰਾਈਮ, ਮਾਈਗਰੇਸ਼ਨ ਆਦਿ, ਇਹ ਸਭ ਉਸ ਬਿਮਾਰੀ ਦੇ ਲੱਛਣ ਹਨ, ਜਿਸ ਦਾ ਨਾਂ ਹੈ ਅਨਇੰਪਲਾਇਬਲ ਅਤੇ ਇਰਰੈਲੇਵੈਂਟ ਐਜੂਕੇਸ਼ਨ।

ਜਿਥੋਂ ਤੱਕ ਬੌਧਿਕਤਾ ਦੇ ਨਿਕਾਸ ਦਾ ਸੁਆਲ ਹੈ, ਬਰੇਨ ਡਰੇਨ ਵੀ ਸਾਡੇ ਲਈ ਕੋਈ ਘਾਟੇ ਵਾਲਾ ਸੌਦਾ ਨਹੀਂ। ਬਰੇਨ ਸਰਕੂਲੇਸ਼ਨ ਰਾਹੀਂ ਬਰੇਨ ਡਰੇਨ ਨੂੰ ਸਹਿਜੇ ਹੀ ਬਰੇਨ ਗੇਨ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਦਾ ਪੰਜਾਬ ਵਿਚ ਇਨਵੈਸਟ ਹੋ ਰਿਹਾ ਪੈਸਾ ਵੀ ਬਹੁਤ ਮਹੱਤਵ ਰੱਖਦਾ ਹੈ, ਪਰ ਪੰਜਾਬ ਦੀ ਖੁਸ਼ਹਾਲੀ ਲਈ ਉਸ ਪੈਸੇ ਤੋਂ ਵੀ ਕਿਤੇ ਵੱਧ ਮਹੱਤਵ ਉਸ ਐਕਸਪੀਰੀਐਂਸ ਦਾ ਹੈ, ਜੋ ਉਹ ਵਿਕਸਿਤ ਮੁਲਕਾਂ ਦੇ ਸਭਿਆਚਾਰ, ਅਰਥਚਾਰੇ, ਇੰਸਟੀਚਿਊਸ਼ਨਲ ਮਕੈਨਿਜ਼ਮਜ਼, ਪ੍ਰਸ਼ਾਸਨ, ਸਿਹਤ ਪ੍ਰਬੰਧ, ਸਿਖਿਆ ਅਦਾਰਿਆਂ ਆਦਿ ਨਾਲ ਇੰਟਰਐਕਸ਼ਨ ਵਿਚੋਂ ਪ੍ਰਾਪਤ ਕਰਦੇ ਹਨ। ਪੰਜਾਬ ਨੂੰ ਆਪਣੀਆਂ ਯੂਨੀਵਰਸਿਟੀਆਂ ਦੀ ਮਦਦ ਨਾਲ ਆਪਣੇ ਅੰਦਰ ਉਹ ਇੰਸਟੀਚਿਊਸ਼ਨਲ ਸਮਰੱਥਾ ਪੈਦਾ ਕਰਨੀ ਹੋਵੇਗੀ, ਜਿਸ ਰਾਹੀਂ ਉਹ ਵਿਕਸਿਤ ਮੁਲਕਾਂ ਦੀਆਂ ਇਨੋਵੇਸ਼ਨ ਅਤੇ ਕਰੀਏਟਿਵਿਟੀ ਨਾਲ ਜੁੜੀਆਂ ਸੰਸਥਾਵਾਂ ਵਿਚ ਕੰਮ ਕਰ ਰਹੇ ਪੰਜਾਬੀਆਂ ਦੇ ਇਨਟੈਂਜੀਬਲ ਯੋਗਦਾਨ ਨੂੰ ਵਰਤੋਂ ਵਿਚ ਲਿਆਂਦਾ ਜਾ ਸਕੇ। ਅਜਿਹਾ ਕਰਨ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਨੂੰ ਐਂਟਰਪਰਿਨਿਉਰਸ਼ਿਪ ਐਂਡ ਇਨੋਵੇਸ਼ਨ ਸੈਂਟਰ ਸਥਾਪਤ ਕਰਨ ਦੀ ਲੋੜ ਹੈ, ਜਿਥੇ ਸਟਾਰਟ ਅੱਪਸ ਲਈ ਉਨ੍ਹਾਂ ਦੀ ਖੋਜ ਸੰਸਥਾਵਾਂ, ਵਿੱਤੀ ਅਦਾਰਿਆਂ, ਦੂਜੇ ਸਟਾਕਹੋਲਡਰਾਂ ਅਤੇ ਪਰਵਾਸੀ ਪੰਜਾਬੀਆਂ ਨਾਲ ਨੈਟਵਰਕਿੰਗ ਰਾਹੀਂ ਕਰਾਊਡ ਸੋਰਸਿੰਗ ਦੀਆਂ ਸੰਭਾਵਨਾਵਾਂ ਵੀ ਪੈਦਾ ਕੀਤੀਆਂ ਜਾ ਸਕਣ।

ਪੰਜਾਬ ਟਾਈਮਜ਼

*ਸਨਿਚਰਵਾਰ, 26 ਅਕਤੂਬਰ 2019*

# ਪੰਜਾਬ ਦੀ ਸਿਆਸਤ ਦਾ ਰੁਖ

ਪੰਜਾਬ ਵਿਚ ਚਾਰ ਵਿਧਾਨ ਸਭਾ ਹਲਕਿਆਂ ਲਈ ਵੋਟਾਂ ਪੈਣ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦਾ ਰਾਜ ਸਭਾ ਵਿਚ ਪਾਰਟੀ ਦੇ ਆਗੂ ਦੇ ਅਹੁਦੇ ਤੋਂ ਅਸਤੀਫਾ ਅਸਲ ਵਿਚ ਸੂਬੇ ਦੀ ਸਿਆਸਤ ਦੇ ਨਵੇਂ ਰੁਖ ਵਲ ਇਸ਼ਾਰਾ ਕਰ ਰਿਹਾ ਹੈ। ਪਿਛਲੇ ਸਾਲ ਉਨ੍ਹਾਂ ਪਾਰਟੀ ਦੇ ਸਭ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਸੀ। ਉਸ ਵਕਤ ਕਿਆਸਆਰਾਈਆਂ ਇਹ ਸਨ ਕਿ ਉਹ ਉਸ ਵਕਤ ਪਾਰਟੀ ਲੀਡਰਸ਼ਿਪ ਤੋਂ ਬਾਗੀ ਹੋਏ ਸੀਨੀਅਰ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ ਨਾਲ ਜਾਣਗੇ, ਜਿਨ੍ਹਾਂ ਨੇ ਮਾਝੇ ਦੇ ਕੁਝ ਹੋਰ ਸੀਨੀਅਰ ਆਗੂਆਂ ਨਾਲ ਰਲ ਕੇ ਵੱਖਰਾ, ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਬਣਾ ਲਿਆ ਸੀ। ਉਂਜ, ਉਹ ਉਕਾ ਖਾਮੋਸ਼ ਰਹੇ, ਪਰ ਪਾਰਟੀ ਲੀਡਰਸ਼ਿਪ ਤੋਂ ਦੂਰੀ ਵੀ ਲਗਾਤਾਰ ਬਣਾਈ ਰੱਖੀ। ਇਸੇ ਕਰਕੇ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਵੀ ਉਨ੍ਹਾਂ ਬਾਰੇ ਇਹੀ ਕਿਆਸਆਰਾਈਆਂ ਚੱਲਦੀਆਂ ਰਹੀਆਂ। ਉਸ ਵਕਤ ਵੀ ਵਿਚਲਾ ਨੁਕਤਾ ਇਹੀ ਸੀ ਕਿ ਕੇਂਦਰ ਵਿਚਲੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਵੀ ਭਾਈਵਾਲ ਹੈ, ਨੇ ਅਕਾਲੀ ਲੀਡਰਸ਼ਿਪ ਨਾਲ ਕੋਈ ਵੀ ਸਲਾਹ-ਮਸ਼ਵਰਾ ਕੀਤੇ ਬਿਨਾ ਸੁਖਦੇਵ ਸਿੰਘ ਢੀਂਡਸਾ ਨੂੰ ਪਦਮ ਇਨਾਮ ਲਈ ਚੁਣ ਲਿਆ ਸੀ। ਐਤਕੀਂ ਵੀ ਸੁਖਦੇਵ ਸਿੰਘ ਢੀਂਡਸਾ ਨੇ ਅਸਤੀਫਾ ਦੇਣ ਪਿਛੋਂ ਪਾਰਟੀ ਹੀ ਲੀਡਰਸ਼ਿਪ ਨੂੰ ਸੂਚਨਾ ਦਿੱਤੀ।

ਇਹ ਸਪਸ਼ਟ ਸੁਨੇਹਾ ਹੈ ਕਿ ਉਨ੍ਹਾਂ ਦਾ ਭਾਜਪਾ ਦੀ ਲੀਡਰਸ਼ਿਪ ਨਾਲ ਲਗਾਤਾਰ ਰਾਬਤਾ ਬਣਿਆ ਹੋਇਆ ਹੈ। ਇਥੋਂ ਹੀ ਸੂਬੇ ਦੀ ਸਿਆਸਤ ਦੇ ਰੁਖ ਦੀ ਅਸਲ ਕਨਸੋਅ ਪੈਂਦੀ ਹੈ। ਭਾਜਪਾ ਪਿਛਲੇ ਸਮੇਂ ਤੋਂ ਅਜਿਹਾ ਸਿੱਖ ਲੀਡਰ ਲੱਭ ਰਹੀ ਹੈ, ਜੋ ਸੂਬੇ ਅੰਦਰ ਪਾਰਟੀ ਨੂੰ ਸੇਧ ਦੇ ਸਕੇ। ਉਂਜ, ਦੂਜੀ ਕਨਸੋਅ ਇਹ ਵੀ ਹੈ ਕਿ ਭਾਰਤੀ ਜਨਤਾ ਪਾਰਟੀ, ਅਕਾਲੀ ਦਲ ਅੰਦਰ ਬਾਦਲ ਪਰਿਵਾਰ ਦੇ ਮੁਕਾਬਲੇ ਸੀਨੀਅਰ ਅਕਾਲੀ ਆਗੂਆਂ ਨੂੰ ਅੱਗੇ ਕਰਨਾ ਚਾਹੁੰਦੀ ਹੈ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਬਾਦਲ ਪਰਿਵਾਰ ਦਾ ਮੁਕੰਮਲ ਕਬਜ਼ਾ ਹੈ। ਇਹ ਕਬਜ਼ਾ ਤੋੜਨ ਲਈ ਵੱਖ-ਵੱਖ ਪੰਥਕ ਧਿਰਾਂ ਕਈ ਵਾਰ ਕੋਸ਼ਿਸ਼ ਕਰ ਚੁਕੀਆਂ ਹਨ, ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਬੇਅਦਬੀ ਅਤੇ ਹੋਰ ਕਈ ਮਾਮਲਿਆਂ ਵਿਚ ਫਸੇ ਹੋਣ ਅਤੇ ਲੋਕਾਂ ਵਲੋਂ ਵਾਰ-ਵਾਰ ਦੁਤਕਾਰਨ ਦੇ ਬਾਵਜੂਦ ਬਾਦਲਾਂ ਖਿਲਾਫ ਪਾਰਟੀ ਦੇ ਅੰਦਰੋਂ ਵੱਡਾ ਵਿਦਰੋਹ ਅਜੇ ਤਕ ਉਠਿਆ ਨਹੀਂ ਹੈ, ਜਿਸ ਕਰਕੇ ਬਾਦਲਾਂ ਦਾ ਅਕਾਲੀ ਦਲ ਉਤੇ ਪ੍ਰਭਾਵ ਅਜੇ ਵੀ ਬਰਕਰਾਰ ਹੈ। ਹੁਣ ਤਾਂ ਸਗੋਂ ਇਸ ਕਬਜ਼ੇ ਵਿਚ ਮਜੀਠੀਆ ਪਰਿਵਾਰ ਦਾ ਹਿੱਸਾ ਵੀ ਪੈ ਚੁਕਾ ਹੈ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਸਾਲਾ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਭਰਾ ਬਿਕਰਮ ਸਿੰਘ ਮਜੀਠੀਆ ਹੁਣ ਪਾਰਟੀ ਅੰਦਰ ਚੰਗਾ ਜੋੜ ਰੱਖਦਾ ਹੈ।

ਅਸਲ ਵਿਚ ਅਕਾਲੀ ਸਿਆਸਤ ਨੂੰ ਹੁਣ ਭਾਜਪਾ ਸਿੱਧੇ-ਅਸਿੱਧੇ ਢੰਗ ਨਾਲ ਪ੍ਰਭਾਵਿਤ ਕਰ ਰਹੀ ਹੈ। ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਦੋਵੇਂ ਪਾਰਟੀਆਂ ਰਲ ਕੇ ਚੋਣਾਂ ਲੜ ਰਹੀਆਂ ਹਨ, ਪਰ ਦੇਸ਼ ਦੀ ਕੌਮੀ ਸਿਆਸਤ ਅੰਦਰ ਜਿਉਂ-ਜਿਉਂ ਭਾਜਪਾ ਦਾ ਪ੍ਰਭਾਵ ਵਧਦਾ ਗਿਆ, ਪਾਰਟੀ ਦੀ ਪੰਜਾਬ ਲੀਡਰਸ਼ਿਪ ਦਾ ਇਕ ਹਿੱਸਾ ਅਕਾਲੀ ਦਲ ਨਾਲੋਂ ਵੱਖ ਹੋ ਕੇ ਸਿਆਸਤ ਕਰਨ ਦਾ ਹਾਮੀ ਹੁੰਦਾ ਗਿਆ। ਪਿਛਲੇ ਕੁਝ ਸਮੇਂ ਤੋਂ ਪਾਰਟੀ ਅੰਦਰ ਇਹ ਬਹਿਸ-ਮੁਬਾਹਿਸਾ ਕਾਫੀ ਚਰਚਾ ਵਿਚ ਰਿਹਾ ਹੈ, ਪਰ ਸੂਬੇ ਵਿਚ ਪਾਰਟੀ ਦਾ ਬਹੁਤਾ ਆਧਾਰ ਨਾ ਹੋਣ ਕਰਕੇ ਗੱਲ ਆਈ-ਗਈ ਹੋ ਜਾਂਦੀ ਰਹੀ। ਐਤਕੀਂ ਲੋਕ ਸਭਾ ਚੋਣਾਂ ਦੌਰਾਨ ਸਮੁੱਚੇ ਦੇਸ਼ ਵਿਚ ਤਾਂ ਭਾਜਪਾ ਨੂੰ ਮਿਸਾਲੀ ਜਿੱਤ ਮਿਲੀ ਹੀ ਹੈ, ਪੰਜਾਬ ਵਿਚ ਵੀ ਇਸ ਦੀ ਕਾਰਗੁਜ਼ਾਰੀ ਅੰਦਰ ਸੁਧਾਰ ਆਇਆ ਹੈ; ਹਾਲਾਂਕਿ ਪਹਿਲਾਂ-ਪਹਿਲ ਸਿਆਸੀ ਮਾਹਿਰਾਂ ਨੇ ਇਹ ਨੁਕਤਾ ਉਭਾਰਿਆ ਸੀ ਕਿ ਹਰ ਵਾਰ ਵਾਂਗ ਪੰਜਾਬ ਇਸ ਵਾਰ ਵੀ ਦੇਸ਼ ਭਰ ਦੇ ਭਾਜਪਾ ਪੱਖੀ ਰੁਝਾਨ ਤੋਂ ਐਨ ਉਲਟ ਭੁਗਤਿਆ ਹੈ। ਅਸਲ ਗੱਲ ਇਹ ਸੀ ਕਿ ਪੰਜਾਬ ਵਿਚ ਵਿਰੋਧੀ ਧਿਰ ਦੀ ਮਾੜੀ ਹਾਲਤ ਹੋਣ ਕਾਰਨ ਸੂਬੇ ਵਿਚ ਸੱਤਾਧਾਰੀ, ਕਾਂਗਰਸ ਪਾਰਟੀ ਲੋਕ ਸਭਾ ਦੀਆਂ ਕੁੱਲ 13 ਵਿਚੋਂ 8 ਸੀਟਾਂ ਉਤੇ ਜਿੱਤ ਗਈ। ਉਂਜ, ਹੁਣ ਭਾਜਪਾ ਅਗਲੀਆਂ ਵਿਧਾਨ ਸਭਾ ਚੋਣਾਂ, ਜੋ 2022 ਵਿਚ ਹੋਣੀਆਂ ਹਨ, ਦੌਰਾਨ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਦੇ ਦਾਅਵੇ ਕਰ ਰਹੀ ਹੈ। ਮਾਹਿਰਾਂ ਦਾ ਆਖਣਾ ਹੈ ਕਿ ਪਾਰਟੀ ਵਿਧਾਨ ਸਭਾ ਚੋਣਾਂ ਦੌਰਾਨ ਵੱਧ ਸੀਟ-ਹਿੱਸਾ ਲੈਣ ਲਈ ਇਹ ਪਾਪੜ ਵੇਲ ਰਹੀ ਹੈ। ਨਾਲੇ ਕਮਜ਼ੋਰ ਅਕਾਲੀ ਦਲ ਇਸ ਪਾਰਟੀ ਨੂੰ ਵੈਸੇ ਵੀ ਰਾਸ ਆ ਰਿਹਾ ਹੈ। ਇਸੇ ਕਰਕੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਸੁਖਦੇਵ ਸਿੰਘ ਢੀਂਡਸਾ ਦੇ ਰੂਪ ਵਿਚ ਅਕਾਲੀ ਲੀਡਰਸ਼ਿਪ ਖਿਲਾਫ ਵਿਦਰੋਹ ਲਈ ਲਗਾਤਾਰ ਜਗ੍ਹਾ ਦੇ ਰਹੀ ਹੈ। ਬਿਨਾ ਸ਼ੱਕ, ਪੰਜਾਬ ਦੀ ਸਿਆਸਤ ਅਤੇ ਆਜ਼ਾਦੀ ਦੀ ਲੜਾਈ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਕਾਲੀ ਦਲ ਉਤੇ ਅੱਜ ਕੱਲ੍ਹ ਵੱਡਾ ਸਵਾਲੀਆ ਨਿਸ਼ਾਨ ਲੱਗਾ ਹੋਇਆ ਹੈ। ਪਾਰਟੀ ਉਤੇ ਬਾਦਲ ਪਰਿਵਾਰ ਦਾ ਕਬਜ਼ਾ, ਸੂਬੇ ਵਿਚ ਨਸ਼ਿਆਂ ਦੀ ਮਾਰ, ਬੇਅਦਬੀ ਆਦਿ ਕਈ ਮਸਲਿਆਂ 'ਤੇ ਪਾਰਟੀ ਬੁਰੀ ਤਰ੍ਹਾਂ ਫਸੀ ਹੋਈ ਹੈ। ਆਮ ਆਦਮੀ ਪਾਰਟੀ ਅਤੇ ਹੋਰ ਕੋਈ ਵੀ ਪਾਰਟੀ ਸੂਬੇ ਵਿਚ ਆਪਣੀ ਪੈਂਠ ਬਣਾਉਣ ਵਿਚ ਨਾਕਾਮ ਹੀ ਸਾਬਤ ਹੋਈਆਂ ਹਨ। ਸੁਖਦੇਵ ਸਿੰਘ ਢੀਂਡਸਾ ਦਾ ਅਸਤੀਫਾ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਦੀ ਸਿਆਸਤ ਉਤੇ ਕਿਸ ਤਰ੍ਹਾਂ ਦਾ ਅਸਰ ਪਾਵੇਗਾ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਇਕ ਤੱਥ ਸਪਸ਼ਟ ਹੈ ਕਿ ਅਕਾਲੀ ਸਿਆਸਤ ਵਿਚ ਕਿਸੇ ਤਬਦੀਲੀ ਦੇ ਆਸਾਰ ਜ਼ਰੂਰ ਬਣ ਰਹੇ ਹਨ, ਕਿਉਂਕਿ ਇਸ ਵਾਰ ਕੇਂਦਰ ਵਿਚ ਸੱਤਾਧਾਰੀ ਭਾਜਪਾ ਇਸ ਵਿਚਾਰ ਉਤੇ ਚੱਲਦੀ ਪ੍ਰਤੀਤ ਹੋ ਰਹੀ ਹੈ। ਕਈ ਪੰਥਕ ਧਿਰਾਂ ਅਕਾਲੀ ਦਲ ਉਤੇ ਬਾਦਲ ਪਰਿਵਾਰ ਦੇ ਕਬਜ਼ੇ ਤੋਂ ਬੜੀਆਂ ਔਖੀਆਂ ਰਹੀਆਂ ਹਨ, ਪਰ ਨਵੀਆਂ ਸਫਬੰਦੀਆਂ ਵਿਚ ਭਾਜਪਾ ਦਾ ਰੋਲ ਕੀ ਅਤੇ ਕਿੰਨਾ ਕੁ ਹੋਵੇਗਾ, ਇਸ ਤੱਥ ਨੇ ਵੀ ਸੂਬੇ ਦੀ ਸਿਆਸਤ ਨੂੰ ਪ੍ਰਭਾਵਿਤ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਿੱਤ ਚਾਂਦਨੀ ਚੌਕ ਦੀ!*

ਵਾਸੀ ਜੰਨਤ ਦੇ ਹੋਏ ਲਾਚਾਰ ਏਦਾਂ, ਘਰੇ ਮਾਲਕਾਂ ਹਾਲਤ ਜਿਉਂ ਸੀਰੀਆਂ ਦੀ।
ਦਿਨ, ਹਫਤੇ ਹੁਣ ਬੀਤ ਗਏ ਮਾਹ ਕਿੰਨੇ, ਲੰਮੀ ਦਾਸਤਾਂ ਹੋਈ ਦਿਲਗੀਰੀਆਂ ਦੀ।
ਹੁੰਦੀ ਰਤਾ ਪ੍ਰਵਾਹ ਨਾ ਹਾਕਮਾਂ ਨੂੰ, ਸਾਂਝਾਂ ਫਿਰਕਿਆਂ ਵਿਚਲੀਆਂ ਚੀਰੀਆਂ ਦੀ।
ਖੁੱਲ੍ਹੀ ਜੇਲ੍ਹ ਵਿਚ ਹੋਏ ਤਬਦੀਲ ਬੈਠੇ, ਸਾਰ ਲਵੇ ਨਾ ਕੋਈ ਕਸ਼ਮੀਰੀਆਂ ਦੀ।
ਬਣਦੇ ਉਹੀ ਤਾਰੀਖ ਦੇ ਮਹਾਂ-ਨਾਇਕ, ਕਦੇ ਜਿਨ੍ਹਾਂ ਦੇ ਪੈਰਾਂ ਵਿਚ ਤੌਕ ਹੁੰਦਾ।
'ਔਰੰਗਜ਼ੇਬ' ਸੱਚਾਈ ਇਹ ਭੁੱਲ ਜਾਂਦੇ, ਆਖਰ ਜਿੱਤਦਾ 'ਚਾਂਦਨੀ ਚੌਕ' ਹੁੰਦਾ!

# ਆਰ. ਐਸ. ਐਸ. ਦੀ ਸਿਆਸਤ ਅਤੇ ਨਾਗਰਿਕ ਰਜਿਸਟਰ

**ਸਰਦਾਰਾ ਸਿੰਘ ਮਾਹਿਲ**
ਫੋਨ: +91-98152-11079

ਕੌਮੀ ਨਾਗਰਿਕ ਰਜਿਸਟਰ (ਐਨ. ਆਰ. ਸੀ.) ਸਿਆਸੀ ਹਲਕਿਆਂ ਵਿਚ ਵਿਵਾਦ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਦੁਆਲੇ ਵਿਵਾਦ ਇਸ ਕਰਕੇ ਤਿੱਖਾ ਹੋਇਆ, ਕਿਉਂਕਿ ਕੇਂਦਰ ਸਰਕਾਰ ਨੇ ਇਸ ਨੂੰ ਫਿਰਕੂ ਰੰਗਤ ਦੇ ਕੇ ਜਿਥੇ ਇਸ ਨੂੰ ਚੋਣ ਪੈਂਤੜੇ ਵਜੋਂ ਵਰਤਿਆ ਹੈ, ਉਥੇ ਇਸ ਨੂੰ ਆਪਣੇ ਫਾਸ਼ੀ ਹੱਲ ਦਾ ਏਜੰਡਾ ਬਣਾ ਲਿਆ ਹੈ। ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਅਸਾਮ ਐਨ.ਆਰ.ਸੀ. ਬਾਰੇ ਕਿਹਾ ਕਿ ਪੂਰੇ ਦੇਸ਼ ਵਿਚ ਇਹ ਰਜਿਸਟਰ ਬਣਾਇਆ ਜਾਵੇਗਾ ਅਤੇ ਦੇਸ਼ ਵਿਚ ਇਕ ਵੀ ਘੁਸਪੈਠੀਆ ਨਹੀਂ ਰਹਿਣ ਦਿੱਤਾ ਜਾਵੇਗਾ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰਿਆਣਾ ਵਿਚ ਰਜਿਸਟਰ ਤਿਆਰ ਕਰਨ ਦਾ ਐਲਾਨ ਕਰ ਦਿੱਤਾ। ਆਰ.ਐਸ.ਐਸ. ਵਲੋਂ ਗਿਣੇ ਮਿਥੇ ਢੰਗ ਨਾਲ ਇਹ ਪ੍ਰਵਚਨ ਪ੍ਰਚੱਲਿਤ ਕੀਤਾ ਜਾ ਰਿਹਾ ਹੈ ਕਿ ਦੇਸ਼ ਵਿਚ ਵੱਡੀ ਗਿਣਤੀ ਵਿਚ ਗੈਰ ਕਾਨੂੰਨੀ ਤੌਰ 'ਤੇ ਮੁਸਲਮਾਨਾਂ ਨੇ ਘੁਸਪੈਠ ਕਰ ਲਈ ਹੈ, ਉਹ ਦੇਸ਼ ਦੇ ਵਸੋਂ-ਮੁਹਾਂਦਰੇ (ਡੈਮੋਗ੍ਰਾਫੀ) ਨੂੰ ਬਦਲਣਾ ਚਾਹੁੰਦੇ ਹਨ ਜਿਸ ਨਾਲ ਹਿੰਦੂ ਘੱਟ ਗਿਣਤੀ ਵਿਚ ਰਹਿ ਜਾਣਗੇ।

ਭਾਜਪਾ-ਸੰਘ ਦੀ ਇਸ ਯੋਜਨਾ ਦਾ ਉਦੇਸ਼ ਜਿਥੇ ਇਹ ਖਤਰਾ ਦਿਖਾ ਕੇ ਹਿੰਦੂਆਂ ਨੂੰ ਗੋਲਬੰਦ ਕਰਕੇ ਆਪਣਾ ਵੋਟ ਬੈਂਕ ਪੱਕਾ ਕਰਨਾ ਹੈ, ਉਥੇ ਮੁਲਕ ਭਰ ਵਿਚ ਮੁਸਲਮਾਨਾਂ ਅਤੇ ਹੋਰ ਘੱਟ ਗਿਣਤੀਆਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰਨਾ ਹੈ। ਸੰਘ ਲਈ ਅਸਾਮ ਐਨ.ਆਰ.ਸੀ. ਅਸਾਮ ਲਈ ਨਹੀਂ ਬਲਕਿ ਬੰਗਾਲ ਵਿਚ ਆਪਣਾ ਹਿੰਦੂ ਵੋਟ ਬੈਂਕ ਗੋਲਬੰਦ ਕਰਨ ਵੱਲ ਸੇਧਿਤ ਸੀ; ਕਿਉਂਕਿ ਬੰਗਲਾਦੇਸ਼ ਵਿਚੋਂ ਲੋਕ ਪੱਛਮੀ ਬੰਗਾਲ ਵਿਚ ਵੀ ਆਏ ਹਨ ਅਤੇ ਪੱਛਮੀ ਬੰਗਾਲ ਵਿਚ ਸੰਘ ਇਕ ਅਰਸੇ ਤੋਂ ਵਸੋਂ-ਮੁਹਾਂਦਰੇ ਦੀ ਤਬਦੀਲੀ ਦਾ ਹਊਆ ਖੜ੍ਹਾ ਕਰਕੇ ਆਪਣਾ ਹਿੰਦੂ ਵੋਟ ਬੈਂਕ ਤਿਆਰ ਕਰਨ ਵਿਚ ਲੱਗਿਆ ਹੋਇਆ ਹੈ। ਅਸਾਮ ਵਿਚ ਐਨ.ਆਰ.ਸੀ. ਲਾਗੂ ਕਰਕੇ ਇਹ ਬੰਗਾਲ ਵਿਚ ਹਿੰਦੂਆਂ ਨੂੰ ਸੰਦੇਸ਼ ਦੇਣਾ ਚਾਹੁੰਦਾ ਸੀ ਕਿ ਬੰਗਾਲ ਵਿਚ ਐਨ.ਆਰ.ਸੀ. ਲਾਗੂ ਕਰਕੇ ਇਥੋਂ ਵੀ ਬੰਗਲਾਦੇਸ਼ੀਆਂ ਨੂੰ ਕੱਢਿਆ ਜਾਵੇਗਾ।

ਕੇਂਦਰ ਸਰਕਾਰ ਨੇ ਸਰਹੱਦ ਪਾਰੋਂ ਪਰਵਾਸ ਦੇ ਮਸਲੇ ਨੂੰ ਨੰਗੇ ਚਿੱਟੇ ਰੂਪ ਵਿਚ ਫਿਰਕੂ ਬਣਾ ਧਰਿਆ, ਜਦੋਂ ਉਸ ਨੇ ਇਹ ਐਲਾਨ ਕੀਤਾ ਕਿ ਪਰਵਾਸ ਕਰਕੇ ਆਏ ਹਿੰਦੂਆਂ ਨੂੰ ਵਾਪਿਸ ਨਹੀਂ ਭੇਜਿਆ ਜਾਵੇਗਾ, ਬਲਕਿ ਮੁਸਲਮਾਨਾਂ ਤੇ ਹੋਰਾਂ ਨੂੰ ਵਾਪਿਸ ਭੇਜਿਆ ਜਾਵੇਗਾ। ਇਸ ਪਿੱਛੇ ਦਲੀਲ ਇਹ ਹੈ ਕਿ ਭਾਰਤ ਹਿੰਦੂਆਂ ਦਾ ਆਪਣਾ ਮੁਲਕ ਹੈ। ਇਉਂ ਭਾਜਪਾ ਸਰਕਾਰ ਨੇ ਸੰਵਿਧਾਨ ਵਿਚ 'ਧਰਮ ਨਿਰਪੱਖ' ਸ਼ਬਦ ਅਤੇ ਇਸ ਦੀ ਰੂਹ ਨੂੰ ਮਨਮਾਨੇ ਢੰਗ ਨਾਲ, ਬਿਨਾ ਸੰਵਿਧਾਨ ਵਿਚ ਸੋਧ ਕੀਤਿਆਂ ਹੀ ਕੁਚਲ ਦਿੱਤਾ ਹੈ ਅਤੇ ਭਾਜਪਾ ਦੀ ਦਲੀਲ ਅਨੁਸਾਰ ਭਾਰਤ ਹਿੰਦੂ ਮੁਲਕ ਹੈ।

ਸੰਘ ਨੇ ਅਸਾਮ ਵਿਚ ਪਰਵਾਸੀ ਬੰਗਲਾਦੇਸ਼ੀ ਮੁਸਲਮਾਨਾਂ ਦਾ ਬਹੁਤ ਵੱਡਾ ਖਤਰਾ ਖੜ੍ਹਾ ਕਰ ਦਿੱਤਾ। ਕਦੀ ਕਿਹਾ ਜਾਂਦਾ ਹੈ ਕਿ 80 ਲੱਖ ਬੰਗਲਾਦੇਸ਼ੀ ਮੁਸਲਮਾਨ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਹਨ ਅਤੇ ਕਦੀ ਇਹ ਅੰਕੜਾ ਇਕ ਕਰੋੜ ਤੱਕ ਵੀ ਪਹੁੰਚਾ ਦਿੱਤਾ ਜਾਂਦਾ ਹੈ। ਇਹ ਆਮ ਅਸਾਮੀ ਦੇ ਮਨ ਵਿਚ ਡਰ ਬਿਠਾਉਣ ਲਈ ਕਾਫੀ ਸੀ। ਇਸ ਪੈਂਤੜੇ 'ਤੇ ਸੰਘ ਨੇ ਚੋਣਾਂ ਜਿਤ ਕੇ ਅਸਾਮ ਵਿਚ ਸਰਕਾਰ ਬਣਾ ਲਈ ਪਰ ਹਕੀਕਤ ਵਿਚ ਜਦ ਕੌਮੀ ਨਾਗਰਿਕ ਰਜਿਸਟਰ ਬਣਨਾ ਸ਼ੁਰੂ ਹੋਇਆ ਅਤੇ ਇਸ ਦੇ ਨਤੀਜੇ ਸਾਹਮਣੇ ਆਏ ਤਾਂ ਸਾਰੇ ਕੂੜ-ਪ੍ਰਚਾਰ ਦੀ ਫੂਕ ਨਿਕਲ ਗਈ। ਰਜਿਸਟਰ ਦਾ ਖਰੜਾ ਤਿਆਰ ਹੋਇਆ ਤਾਂ ਇਸ ਤੋਂ ਬਾਹਰ ਰਹਿ ਗਏ ਲੋਕਾਂ ਦੀ ਗਿਣਤੀ 40 ਲੱਖ ਸੀ। ਇਸ ਤੇ ਅਸਾਮ ਵਿਚ ਕਾਫੀ ਰੌਲਾ ਹੋਇਆ। ਇਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਦੀ ਅਸਾਮ ਇਕਾਈ ਨੇ ਵੀ ਇਸ ਦਾ ਵਿਰੋਧ ਕੀਤਾ। ਸਿੱਟੇ ਵਜੋਂ ਇਤਰਾਜ਼ ਮੰਗੇ ਗਏ। ਨਾਗਰਿਕਾਂ ਦੀ ਜੋ ਅੰਤਿਮ ਸੂਚੀ ਤਿਆਰ ਹੋਈ, ਉਸ ਅਨੁਸਾਰ ਬਾਹਰ ਰਹਿ ਗਏ ਲੋਕਾਂ ਦੀ ਗਿਣਤੀ 19 ਲੱਖ ਹੈ। ਪਹਿਲਾਂ ਤਾਂ ਇਹੀ ਝੂਠ ਬੇਨਕਾਬ ਹੋਇਆ: ਕਿਥੇ 80 ਲੱਖ ਜਾਂ ਇਕ ਕਰੋੜ, ਤੇ ਕਿਥੇ 19 ਲੱਖ!

ਉਂਜ, ਸਭ ਤੋਂ ਦਿਲਚਸਪ ਗੱਲ ਹੈ ਕਿ ਇਸ ਵਿਚ ਬਹੁਗਿਣਤੀ ਬੰਗਲਾਦੇਸ਼ੀ ਮੁਸਲਮਾਨਾਂ ਦੀ ਨਹੀਂ ਬਲਕਿ ਹਿੰਦੂਆਂ ਦੀ ਹੈ। ਇਸ ਵਿਚੋਂ 13 ਲੱਖ ਹਿੰਦੂ ਹਨ। ਰਜਿਸਟਰ ਤੋਂ ਬਾਹਰ ਰਹਿ ਗਏ 19,06,657 ਲੋਕਾਂ ਵਿਚ 6.7 ਲੱਖ ਨਾ ਤਾਂ ਮੁਸਲਮਾਨ ਹਨ ਅਤੇ ਨਾ ਹੀ ਬੰਗਾਲੀ ਹਨ। ਬਾਹਰ ਰਹਿ ਗਏ ਲੋਕਾਂ ਵਿਚੋਂ 4,30,000 ਲੋਕ ਉਹ ਹਨ ਜੋ ਕਿਸੇ ਖਾਸ ਗਰੁੱਪ ਦੀ ਗਿਣਤੀ ਵਿਚ ਨਹੀਂ ਆਉਂਦੇ। ਇਸ ਮਾਮਲੇ ਨਾਲ ਜੁੜੇ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਲੋਕ ਉਹ ਹਨ ਜੋ ਬਾਕੀ ਭਾਰਤ 'ਚੋਂ ਆ ਕੇ ਇਥੇ ਵਸ ਗਏ ਹਨ।

ਸੰਘ ਅਤੇ ਅਸਾਮ ਵਿਚ ਇਸ ਦੀ ਭਾਈਵਾਲ ਆਸੂ (ਆਲ ਅਸਾਮ ਸਟੂਡੈਂਟਸ ਯੂਨੀਅਨ) ਇਹ ਪ੍ਰਚਾਰਦੇ ਰਹੇ ਹਨ ਕਿ ਕਰੋੜ ਦੇ ਕਰੀਬ ਬੰਗਲਾਦੇਸ਼ੀ ਮੁਸਲਮਾਨ ਚੋਰੀ ਛਿਪੇ ਘੁਸਪੈਠ ਕਰਕੇ ਅਸਾਮ ਵਿਚ ਵਸ ਗਏ ਹਨ। ਹੁਣ ਸਾਹਮਣੇ ਆਇਆ ਹੈ ਕਿ ਬੰਗਲਾਦੇਸ਼ੀ ਮੁਸਲਮਾਨਾਂ ਦੀ ਗਿਣਤੀ ਸਿਰਫ 4 ਲੱਖ 86 ਹਜ਼ਾਰ ਹੈ। ਇਸ ਤੋਂ ਇਕ ਵਾਰੀ ਫਿਰ ਸਪਸ਼ਟ ਹੋ ਜਾਂਦਾ ਹੈ ਕਿ ਇਹ ਪ੍ਰਚਾਰ ਹਿਟਲਰ ਤੇ ਉਸ ਦੇ ਪ੍ਰਚਾਰ ਮੰਤਰੀ ਗੋਇਬਲਜ਼ ਦੇ ਸਿਧਾਂਤ 'ਤੇ ਆਧਾਰਿਤ ਹੈ ਕਿ ਲੋਕਾਂ ਵਿਚ ਦੱਬ ਕੇ ਝੂਠ ਪ੍ਰਚਾਰੀ ਜਾਓ, ਝੂਠ ਫੜਿਆ ਵੀ ਜਾਵੇ, ਮੰਨੋ ਨਾ ਬਲਕਿ ਉਸੇ ਝੂਠ ਨੂੰ ਦੱਬ ਕੇ ਪ੍ਰਚਾਰੋ।

ਇਹ ਸੰਘ ਹੀ ਹੈ ਜਿਸ ਨੇ ਇਸ ਮੁੱਦੇ ਨੂੰ ਫਿਰਕੂ ਰੰਗਤ ਦਿੱਤੀ ਹੈ। ਉਂਜ ਇਹ ਮਸਲਾ ਕਾਫੀ ਪੁਰਾਣਾ ਹੈ। ਅਸਾਮ ਵਿਚ ਪਹਿਲਾ ਨਾਗਰਿਕ ਰਜਿਸਟਰ 1951 ਵਿਚ ਬਣਾਇਆ ਗਿਆ ਸੀ ਪਰ ਇਸ ਨੂੰ ਬਿਨਾ ਲਾਗੂ ਕੀਤੇ ਹੀ ਕੂੜੇ ਦੇ ਢੇਰ ਵਿਚ ਦਬਾ ਦਿੱਤਾ ਗਿਆ। ਉਂਜ, ਅਸਾਮੀ ਹਾਕਮ ਜਮਾਤ ਇਸ ਨੂੰ ਸੁਲਗਾਉਂਦੀ ਰਹੀ ਹੈ। 1979 ਵਿਚ ਇਸ ਤੇ ਵੱਡਾ ਅੰਦੋਲਨ ਸ਼ੁਰੂ ਹੋਇਆ। ਇਹ ਅੰਦੋਲਨ 1979 ਤੋਂ 1983 ਤੱਕ ਆਲ ਅਸਾਮ ਸਟੂਡੈਂਟਸ ਯੂਨੀਅਨ ਦੀ ਅਗਵਾਈ ਵਿਚ ਚੱਲਿਆ।

ਇਹ ਅੰਦੋਲਨ ਭਾਵੇਂ ਪਰਵਾਸੀਆਂ ਨੂੰ ਬਾਹਰ ਕੱਢਣ ਦੇ ਮਸਲੇ ਨੂੰ ਲੈ ਕੇ ਸ਼ੁਰੂ ਹੋਇਆ ਸੀ ਪਰ ਜਲਦੀ ਹੀ ਇਹ ਬੰਗਾਲੀ ਵਿਰੋਧੀ ਰੁਖ ਵੀ ਅਖਤਿਆਰ ਕਰ ਗਿਆ, ਬੰਗਾਲੀ ਸਕੂਲਾਂ ਨੂੰ ਅੱਗਾਂ ਲਾ ਦਿੱਤੀਆਂ ਗਈਆਂ। ਬੰਗਾਲੀਆਂ ਦੇ ਵਪਾਰਕ ਅਦਾਰਿਆਂ 'ਤੇ ਹਮਲੇ ਕੀਤੇ ਗਏ। ਇਹੀ ਨਹੀਂ, ਬੰਗਾਲੀਆਂ 'ਤੇ ਜਿਸਮਾਨੀ ਹਮਲੇ ਵੀ ਕੀਤੇ ਗਏ। ਇਸ ਅੰਦੋਲਨ ਦਾ ਸ਼ਾਵਨੀ ਰੁਖ ਇਥੇ ਹੀ ਨਹੀਂ ਰੁਕਿਆ, ਕੋਕਰਾਝਾੜ ਜ਼ਿਲ੍ਹੇ ਵਿਚ ਝਾਰਖੰਡ ਤੋਂ ਜਾ ਕੇ ਵਸੇ ਕਬਾਇਲੀਆਂ 'ਤੇ ਹਮਲੇ ਹੋਣ ਲੱਗੇ। ਕਬਾਇਲੀਆਂ ਨਾਲ ਇਸ ਦਾ ਟਕਰਾਅ ਵੀ ਹੋਇਆ। ਮੁਸਲਿਮ-ਵਿਰੋਧੀ ਤਾਂ ਇਹ ਸ਼ੁਰੂ ਤੋਂ ਸੀ। ਇਹੀ ਨਹੀਂ, ਇਸ ਨੇ ਦਹਿਸ਼ਤੀ ਰੁਖ ਵੀ ਅਖਤਿਆਰ ਕਰ ਲਿਆ। 18 ਫਰਵਰੀ 1983 ਨੂੰ ਨੌਗਾਉਂ ਜ਼ਿਲ੍ਹੇ ਦੀ ਨੈਲੀ ਨਾਮ ਦੀ ਜਗ੍ਹਾ 'ਤੇ ਬਹੁਤ ਭਿਆਨਕ ਕਤਲੇਆਮ ਹੋਇਆ। ਇਸ ਵਿਚ 14 ਪਿੰਡਾਂ ਦੇ ਮੁਸਲਮਾਨਾਂ ਨੂੰ ਸ਼ਿਕਾਰ ਬਣਾਇਆ ਗਿਆ। ਸਰਕਾਰੀ ਅੰਕੜਿਆਂ ਅਨੁਸਾਰ ਇਸ ਕਤਲੇਆਮ ਵਿਚ ਮਰਨ ਵਾਲਿਆਂ ਦੀ ਗਿਣਤੀ 2191 ਸੀ ਪਰ ਗੈਰ ਸਰਕਾਰੀ ਤੌਰ 'ਤੇ ਮਾਰੇ ਗਏ ਲੋਕਾਂ ਦੀ ਗਿਣਤੀ 10,000 ਦੇ ਆਸਪਾਸ ਸੀ।

ਅੰਤ ਵਿਚ ਆਲ ਅਸਾਮ ਸਟੂਡੈਂਟਸ ਯੂਨੀਅਨ ਅਤੇ ਕੇਂਦਰ ਸਰਕਾਰ ਵਿਚਕਾਰ ਸਮਝੌਤਾ ਹੋਇਆ ਜੋ ਅਸਾਮ ਸਮਝੌਤੇ ਵਜੋਂ ਜਾਣਿਆ ਜਾਂਦਾ ਹੈ। ਇਸ ਸਮਝੌਤੇ ਅਨੁਸਾਰ 26 ਮਾਰਚ 1971, ਜਦੋਂ ਬੰਗਲਾਦੇਸ਼ ਬਣਿਆ, ਨੂੰ ਵੰਡ ਰੇਖਾ ਮੰਨ ਲਿਆ ਗਿਆ। ਇਸ ਤੋਂ ਬਾਅਦ ਆਏ ਬੰਗਲਾਦੇਸ਼ੀਆਂ ਨੂੰ ਅਸਾਮ ਵਿਚੋਂ ਕੱਢਿਆ ਜਾਣਾ ਸੀ। ਸੰਘ ਅਤੇ ਆਸੂ ਦੋਵੇਂ ਸ਼ਾਵਨਵਾਦੀ ਜਥੇਬੰਦੀਆਂ ਹਨ। ਇਸੇ ਆਧਾਰ 'ਤੇ ਇਨ੍ਹਾਂ ਦਾ ਗਠਜੋੜ ਹੋਇਆ ਹੈ। ਹੁਣ ਇਨ੍ਹਾਂ ਐਨ.ਆਰ.ਸੀ. ਨੂੰ ਆਪਣੇ ਅਸਲ ਏਜੰਡੇ ਨੂੰ ਲਾਗੂ ਕਰਨ ਦਾ ਸੰਦ ਬਣਾਇਆ ਹੋਇਆ ਹੈ।

ਅਸਾਮ ਵਿਚ ਭਾਸ਼ਾਈ-ਨਸਲੀ ਮਾਮਲਾ ਇਤਿਹਾਸ ਦੀ ਪੈਦਾਵਾਰ ਹੈ। ਇਸ ਵਿਚ ਸੰਘ ਨੇ ਧਰਮ ਵੀ ਸ਼ਾਮਿਲ ਕਰ ਲਿਆ ਹੈ। ਇਤਿਹਾਸ ਵਿਚ ਸਬੂਤ ਮੌਜੂਦ ਹਨ ਕਿ ਅਸਾਮ ਵਿਚ ਸਦੀਆਂ ਤੋਂ ਮੁਸਲਮਾਨ ਵਸ ਰਹੇ ਹਨ। ਅਹੋਮ ਕਬੀਲਾ ਜਿਸ ਦੇ ਨਾਂ 'ਤੇ ਇਸ ਖੇਤਰ ਦਾ ਨਾਂ ਅਹੋਮ ਪਿਆ (ਜੋ ਬਸਤੀਵਾਦ ਦੌਰਾਨ ਅਸਾਮ ਹੋ ਗਿਆ), 1228 ਵਿਚ ਇਥੇ ਆ ਕੇ ਵਸਿਆ ਸੀ। ਮੁਸਲਮਾਨਾਂ ਦੇ ਇਸ ਤੋਂ ਪਹਿਲਾਂ ਵੀ ਵਸੇਬੇ ਦੇ ਸਬੂਤ ਹਨ। ਹੇਠਲੇ ਅਸਾਮ ਦਾ ਖੇਤਰ ਬ੍ਰਹਮਪੁੱਤਰ ਵਾਦੀ ਦਾ ਖੇਤਰ ਹੈ। ਇਥੇ ਸੇਮ ਅਤੇ ਛੰਭ ਬਹੁਤ ਵਿਸ਼ਾਲ ਖੇਤਰ ਵਿਚ ਫੈਲੇ ਹੋਏ ਸਨ। ਇਸ ਜ਼ਮੀਨ ਵਿਚ ਕੋਈ ਖੇਤੀ ਨਹੀਂ ਹੋ ਰਹੀ ਸੀ। ਪੂਰਬੀ ਬੰਗਾਲ (ਹੁਣ ਬੰਗਲਾਦੇਸ਼) ਦੇ ਮੁਸਲਮਾਨ ਕਿਸਾਨ ਅਜਿਹੇ ਖੇਤਰ ਵਿਚ ਖੇਤੀ ਕਰਨ ਦੇ ਮਾਹਿਰ ਸਨ ਕਿਉਂਕਿ ਉਹ ਪਹਿਲਾਂ ਹੀ ਧਾਨ, ਪਟਸਨ ਅਤੇ ਪਾਣੀ ਵਾਲੀਆਂ ਹੋਰ ਫ਼ਸਲਾਂ ਦੀ ਖੇਤੀ ਕਰਦੇ ਸਨ।

ਇਹ ਕਿਸਾਨ ਜ਼ਿਆਦਾਤਰ ਘੁਮੰਤਰੂ ਸਨ। ਇਹ 12ਵੀਂ ਸਦੀ ਦੇ ਅਖੀਰ ਅਤੇ 13ਵੀਂ ਸਦੀ ਦੇ ਆਰੰਭ ਵਿਚ ਹੇਠਲੇ ਅਸਾਮ ਵਿਚ ਆ ਕੇ ਵਸਦੇ ਰਹੇ। 1826 ਵਿਚ ਅਸਾਮ ਬਰਤਾਨਵੀ ਰਾਜ ਤਹਿਤ ਆ ਗਿਆ। ਬਸਤੀਵਾਦੀ ਹਾਕਮਾਂ ਨੇ ਆਪਣਾ ਮਾਲੀਆ ਵਧਾਉਣ ਲਈ ਹੇਠਲੇ ਅਸਾਮ ਦੇ ਬੇਆਬਾਦ ਖੇਤਰ ਵਿਚ ਯੋਜਨਾਬੱਧ ਢੰਗ ਨਾਲ ਪੂਰਬੀ ਬੰਗਾਲ ਦੇ ਮੁਸਲਮਾਨ ਕਿਸਾਨਾਂ ਨੂੰ ਵਸਾਉਣਾ ਸ਼ੁਰੂ ਕਰ ਦਿੱਤਾ। ਪੂਰਬੀ ਬੰਗਾਲ ਵਿਚ ਜਗੀਰਦਾਰੀ ਦਮਨ ਅਤੇ ਹੇਠਲੇ ਅਸਾਮ ਵਿਚ ਮੁਫਤ ਮਿਲਦੀ ਜ਼ਮੀਨ ਕਾਰਨ ਇਸ ਦੌਰ ਵਿਚ ਵੀ ਹੇਠਲੇ ਅਸਾਮ ਵਿਚ ਵੱਡੀ ਪੱਧਰ 'ਤੇ ਆ ਕੇ ਵਸੇ।

ਬਸਤੀਵਾਦੀਆਂ ਨੇ ਅਸਾਮ ਵਿਚ ਚਾਹ ਦੀ ਖੇਤੀ ਸ਼ੁਰੂ ਕੀਤੀ। ਚਾਹ ਦੇ ਬਾਗ਼ਾਂ ਵਿਚ ਜ਼ਿਆਦਾਤਰ ਕਬਾਇਲੀ ਅਤੇ ਚੀਨੀ ਮਜ਼ਦੂਰ ਕੰਮ ਕਰਦੇ ਸਨ ਪਰ ਉਨ੍ਹਾਂ ਦੇ ਬਾਗੀ ਰੁਖ ਨੂੰ ਦੇਖਦਿਆਂ ਬਸਤੀਵਾਦੀਆਂ ਨੇ ਯੋਜਨਾਬੱਧ ਢੰਗ ਨਾਲ ਹਟਾ ਕੇ ਉਨ੍ਹਾਂ ਦੀ ਥਾਂ ਬੰਗਾਲੀ ਮਜ਼ਦੂਰਾਂ ਅਤੇ ਸੰਥਾਲਾਂ ਨੂੰ ਕੰਮ 'ਤੇ ਲਾਇਆ। ਅਸਾਮੀ ਲੋਕ ਪੜ੍ਹੇ ਲਿਖੇ ਨਾ ਹੋਣ ਕਰਕੇ ਬਸਤੀਵਾਦੀਆਂ ਨੇ ਪੜ੍ਹੇ-ਲਿਖੇ ਬੰਗਾਲੀਆਂ ਨੂੰ ਲਿਆ ਕੇ ਉਨ੍ਹਾਂ ਨੂੰ ਸਿਲਹਟ ਵਿਚ ਵਸਾਇਆ ਅਤੇ ਨੌਕਰੀਆਂ 'ਤੇ ਲਾਇਆ। ਹੇਠਲੇ ਅਸਾਮ ਜੋ ਪੂਰਬੀ ਬੰਗਾਲ ਨਾਲ ਲੱਗਦਾ ਸੀ, ਬੰਗਾਲੀ ਸਕੂਲ ਖੋਲ੍ਹੇ ਗਏ। ਸਰਕਾਰੀ ਨੌਕਰੀਆਂ ਵਿਚ ਕਿਉਂਕਿ ਬੰਗਾਲੀ ਲੋਕਾਂ ਦੀ ਭਰਮਾਰ ਸੀ, ਇਸ ਕਰਕੇ 1836 ਵਿਚ ਬਰਤਾਨਵੀ ਸ਼ਾਸਕਾਂ ਨੇ ਬੰਗਾਲੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਐਲਾਨ ਦਿੱਤਾ ਅਤੇ ਅਸਾਮੀ ਨੂੰ ਬੰਗਾਲੀ ਦੀ ਉਪ-ਭਾਸ਼ਾ ਕਰਾਰ ਦੇ ਦਿੱਤਾ। ਇਸ ਨਾਲ ਅਸਾਮੀ-ਬੰਗਾਲੀ ਵਿਰੋਧ ਦੀ ਨੀਂਹ ਹੋਰ ਪੱਕੀ ਹੋ ਗਈ।

1947 ਵਿਚ ਪਾਕਿਸਤਾਨ ਬਣਾਉਣ ਲਈ ਪੰਜਾਬ ਅਤੇ ਬੰਗਾਲ ਨੂੰ ਵੰਡ ਦਿੱਤਾ ਗਿਆ। ਪੰਜਾਬ ਵਿਚ ਵੱਡੀ ਪੱਧਰ 'ਤੇ ਵਸੋਂ ਦਾ ਤਬਾਦਲਾ ਹੋਇਆ। ਪੰਜਾਬ ਵਿਚ ਭਿਆਨਕ ਕਤਲੇਆਮ ਹੋਇਆ ਜਿਸ ਵਿਚ 10 ਲੱਖ ਹਿੰਦੂ, ਮੁਸਲਮਾਨ ਅਤੇ ਸਿੱਖ ਪੰਜਾਬੀ ਮਾਰੇ ਗਏ। ਤਕਰੀਬਨ ਇਸੇ ਸਮੇਂ ਪੂਰਬ ਵਿਚ ਹੇਠਲੇ ਅਸਾਮ ਵਿਚ ਮੁਸਲਮਾਨ ਵਿਰੋਧੀ ਦੰਗੇ ਭੜਕ ਪਏ ਅਤੇ ਵੱਡੀ ਗਿਣਤੀ ਵਿਚ ਮੁਸਲਮਾਨ ਮਾਰੇ ਗਏ। ਡਰਦੇ ਮਾਰੇ ਮੁਸਲਮਾਨ ਲੋਅਰ ਅਸਾਮ 'ਚੋਂ ਪੂਰਬੀ ਪਾਕਿਸਤਾਨ ਚਲੇ ਗਏ ਪਰ ਪੰਜਾਬ ਤੋਂ ਉਲਟ ਨਹਿਰੂ-ਲਿਆਕਤ ਪੈਕਟ ਤਹਿਤ ਇਨ੍ਹਾਂ ਨੂੰ ਵਾਪਸ ਲਿਆਂਦਾ ਗਿਆ। ਉਂਜ, ਇਸ ਤੋਂ ਮੁਸਲਮਾਨਾਂ ਅਤੇ ਅਸਾਮੀਆਂ ਵਿਚ ਦਰਾੜ ਪੈ ਗਈ।

1947 ਤੋਂ ਬਾਅਦ ਵਿਰੋਧ ਤਿੱਖੇ ਹੁੰਦੇ ਗਏ। ਇਸ ਵਿਚ ਕੇਂਦਰ ਸਰਕਾਰ ਦੀ ਵੀ ਅਸਾਮੀ ਹਾਕਮ ਜਮਾਤਾਂ ਨੂੰ ਸ਼ਹਿ ਸੀ। ਇਹ ਅੰਤਰ-ਵਿਰੋਧ 1979 ਵਿਚ ਅੰਦੋਲਨ ਦਾ ਰੂਪ ਲੈ ਗਈ ਜੋ ਬਾਅਦ ਵਿਚ ਫਿਰਕੂ ਅਤੇ ਸ਼ਾਵਨਵਾਦੀ ਰੁਖ ਅਖਤਿਆਰ ਕਰ ਗਿਆ।

ਪਰਵਾਸ ਭੂਮੰਡਲੀ ਵਰਤਾਰਾ ਹੈ। ਇਸ ਦਾ ਮਕਸਦ ਚਾਹੇ ਲਾਲਚ ਹੋਵੇ ਜਾਂ ਕਾਰਨ ਮਜਬੂਰੀ ਹੋਵੇ, ਪਰਵਾਸ ਦੇ ਕਾਰਨ ਆਮ ਤੌਰ 'ਤੇ ਆਰਥਿਕ ਹੁੰਦੇ ਹਨ। ਪੂੰਜੀਵਾਦ ਦੇ ਵਧਾਰੇ ਅਤੇ ਗਲੋਬਲੀ ਪ੍ਰਬੰਧ ਹੋਣ ਕਰਕੇ ਪਰਵਾਸ ਵਿਚ ਵਧੇਰੇ ਤੇਜ਼ੀ ਆਈ ਹੈ। ਕੈਨੇਡਾ, ਅਮਰੀਕਾ, ਆਸਟਰੇਲੀਆ

*(ਬਾਕੀ ਅਗਲੇ ਸਫੇ 'ਤੇ)*

# ਮੁਜਰਿਮ ਪੁਲਿਸ ਵਾਲਿਆਂ ਦੀ ਸਜ਼ਾ ਮੁਆਫੀ ਅਤੇ ਸਰਕਾਰਾਂ

ਮੋਦੀ ਸਰਕਾਰ ਵਲੋਂ ਹਾਲ ਹੀ ਵਿਚ ਪੰਜਾਬ ਦੀ ਕੈਪਟਨ ਸਰਕਾਰ ਦੀ ਸਿਫਾਰਸ਼ ਦੇ ਆਧਾਰ 'ਤੇ ਪੰਜ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮੁਆਫੀ, ਰਾਜਕੀ ਦਹਿਸ਼ਤਵਾਦ ਅਤੇ ਹਾਕਮ ਜਮਾਤ ਦੀ ਪੁਸ਼ਤ-ਪਨਾਹੀ ਦਾ ਇਕ ਹੋਰ ਨਮੂਨਾ ਹੈ। ਇਹ ਮੁਆਫੀ ਮਹਿਜ਼ 5 ਮੁਲਾਜ਼ਮਾਂ ਤਕ ਸੀਮਤ ਨਹੀਂ ਰਹੇਗੀ। ਪੰਜਾਬ ਸਰਕਾਰ ਨੇ 45 ਪੁਲਿਸ ਮੁਲਾਜ਼ਮਾਂ ਅਤੇ ਅਫਸਰਾਂ ਦੀ ਸਜ਼ਾ ਰੱਦ ਕਰਨ ਦੀ ਸਿਫਾਰਸ਼ ਕੀਤੀ ਹੈ ਜਿਨ੍ਹਾਂ ਵਿਚ ਮਨੁੱਖੀ ਹੱਕਾਂ ਦੇ ਘੁਲਾਟੀਏ ਜਸਵੰਤ ਸਿੰਘ ਖਾਲੜਾ ਦੇ ਅਗਵਾ ਅਤੇ ਹਿਰਾਸਤ ਵਿਚ ਕਤਲ ਲਈ ਜ਼ਿੰਮੇਵਾਰ ਅਧਿਕਾਰੀ ਵੀ ਦੱਸੇ ਜਾਂਦੇ ਹਨ। ਇਹ ਉਹ ਮਾਮਲੇ ਹਨ ਜਿਨ੍ਹਾਂ ਦੇ ਸੰਗੀਨ ਜੁਰਮ ਅਦਾਲਤ ਵਿਚ ਸਾਬਤ ਹੋਣ ਜਾਣ 'ਤੇ ਦੋਸ਼ੀਆਂ ਨੂੰ ਘੱਟੋ-ਘੱਟ ਸਜ਼ਾ ਸੁਣਾਈ ਗਈ ਸੀ।

ਸਜ਼ਾ ਮੁਆਫੀ ਨੂੰ ਜਾਇਜ਼ ਠਹਿਰਾਉਣ ਲਈ ਹੁਕਮਰਾਨਾਂ ਵਲੋਂ ਇਹ ਦਾਅਵਾ ਕੀਤਾ ਗਿਆ ਕਿ ਸੰਗੀਨ ਜੁਰਮਾਂ ਵਿਚ ਸਜ਼ਾਵਾਂ ਭੁਗਤ ਰਹੇ ਖਾਲਿਸਤਾਨੀ ਕੈਦੀਆਂ ਨੂੰ ਵੀ ਰਿਹਾਅ ਕੀਤਾ ਜਾ ਰਿਹਾ ਹੈ। ਹਕੀਕਤ ਇਹ ਹੈ ਕਿ ਜਿਨ੍ਹਾਂ ਕਥਿਤ ਖਾਲਿਸਤਾਨੀਆਂ ਨੂੰ ਰਿਹਾਅ

**ਬੂਟਾ ਸਿੰਘ**
ਫੋਨ: +91-94634-64342

ਕਰਨ ਦਾ ਐਲਾਨ ਕੀਤਾ ਗਿਆ ਹੈ, ਉਹ ਕਾਨੂੰਨ ਤੇ ਨਿਯਮਾਂ ਅਨੁਸਾਰ ਨਿਸ਼ਚਿਤ ਕੈਦ ਬਹੁਤ ਪਹਿਲਾਂ ਪੂਰੀ ਕਰ ਚੁੱਕੇ ਹਨ। ਉਨ੍ਹਾਂ ਦੀ ਰਿਹਾਈ ਤਾਂ ਬਹੁਤ ਸਾਲ ਪਹਿਲਾਂ ਹੀ ਹੋ ਜਾਣੀ ਚਾਹੀਦੀ ਸੀ। ਇਉਂ ਸਰਕਾਰ ਦੀ ਇਹ ਦਲੀਲ ਨਿਰਾ ਝੂਠ ਦਾ ਪੁਲੰਦਾ ਹੈ।

1980ਵਿਆਂ ਅਤੇ 1990ਵਿਆਂ ਦੌਰਾਨ ਪੰਜਾਬ ਪੁਲਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਵਲੋਂ ਖਾਲਿਸਤਾਨ ਪੱਖੀ ਨੌਜਵਾਨਾਂ ਅਤੇ ਪੂਰੀ ਤਰ੍ਹਾਂ ਬੇਕਸੂਰ ਲੋਕਾਂ ਜਾਂ ਉਨ੍ਹਾਂ ਲਈ ਹਾਅ ਦਾ ਨਾਅਰਾ ਮਾਰਨ ਵਾਲਿਆਂ ਨੂੰ ਅਗਵਾ ਕਰ ਕੇ ਝੂਠੇ ਪੁਲਿਸ ਮੁਕਾਬਲਿਆਂ ਰਾਹੀਂ ਜਾਂ ਹੋਰ ਢੰਗਾਂ ਨਾਲ ਕਤਲ ਕਰ ਦਿੱਤਾ ਗਿਆ। ਖਾਲਿਸਤਾਨੀ ਅਤਿਵਾਦ ਨਾਲ ਲੜਨ ਦੇ ਨਾਂ ਹੇਠ ਵਰਦੀਧਾਰੀਆਂ ਨੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਦਿਨ-ਦਿਹਾੜੇ ਅਗਵਾ ਕਰਕੇ ਮਾਰਨ ਦੇ ਸੰਗੀਨ ਜੁਰਮ ਕੀਤੇ। ਸਬੂਤ ਮਿਟਾਉਣ ਲਈ ਲਾਸ਼ਾਂ ਨੂੰ ਅਣਪਛਾਤੀਆਂ ਕਰਾਰ ਦੇ ਕੇ ਪੁਲਿਸ ਵਲੋਂ ਸ਼ਮਸ਼ਾਨਘਾਟਾਂ ਵਿਚ ਖੁਦ ਹੀ ਸਾੜ ਦਿੱਤਾ ਗਿਆ। ਪੰਜਾਬ, ਖਾਸ ਕਰਕੇ ਮਾਝਾ ਖੇਤਰ ਵਿਚ ਹਜ਼ਾਰਾਂ ਲੋਕਾਂ ਨੂੰ ਖਾਲਿਸਤਾਨੀ ਅਤਿਵਾਦ ਨੂੰ ਖਤਮ ਕਰਨ ਦੇ ਨਾਂ ਹੇਠ ਮਾਰਿਆ ਗਿਆ।

ਸੀ.ਸੀ.ਡੀ.ਪੀ. (ਪੰਜਾਬ ਵਿਚ ਲਾਪਤਾ ਲੋਕਾਂ ਬਾਰੇ ਤਾਲਮੇਲ ਕਮੇਟੀ) ਵਲੋਂ ਤਿਆਰ ਕੀਤੀ ਰਿਪੋਰਟ 'ਰੈਡਿਊਸਡ ਟੂ ਐਸ਼ਿਜ਼' ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਐਸੇ 672 ਮਾਮਲਿਆਂ ਦਾ ਵੇਰਵਾ ਦਿੱਤਾ ਗਿਆ ਹੈ। ਅਣਪਛਾਤੀਆਂ ਲਾਸ਼ਾਂ ਦਾ ਸੱਚ ਸਾਹਮਣੇ ਲਿਆਉਣ ਵਾਲੇ ਜਸਵੰਤ ਸਿੰਘ ਖਾਲੜਾ ਨੂੰ ਕੇ.ਪੀ.ਐਸ. ਗਿੱਲ ਦੇ ਇਸ਼ਾਰੇ 'ਤੇ ਵਰਦੀਧਾਰੀ ਕਾਤਲਾਂ ਨੇ ਅਗਵਾ ਕਰਨ ਤੋਂ ਬਾਅਦ ਮਾਰ ਕੇ ਖਪਾ ਦਿੱਤਾ। ਜਦੋਂ 1992-1994 ਦੇ ਸਾਲਾਂ ਵਿਚ ਹਥਿਆਰਬੰਦ ਖਾਲਿਸਤਾਨੀ ਲਹਿਰ ਲਗਭਗ ਦਮ ਤੋੜ ਚੁੱਕੀ ਸੀ, ਉਦੋਂ ਬੇਅੰਤ ਸਿੰਘ ਦੀ ਹਕੂਮਤ ਹੇਠ ਕੇ.ਪੀ.ਐਸ. ਗਿੱਲ ਦੀਆਂ ਸਿੱਧੀਆਂ ਹਦਾਇਤਾਂ ਉਪਰ ਉਨ੍ਹਾਂ ਬੇਸ਼ੁਮਾਰ ਨੌਜਵਾਨਾਂ ਨੂੰ ਫੜ-ਫੜ ਕੇ ਫਰਜ਼ੀ ਮੁਕਾਬਲਿਆਂ ਵਿਚ ਕਤਲ ਕਰ ਦਿੱਤਾ ਗਿਆ ਜਾਂ ਉਂਜ ਹੀ ਮਾਰ ਕੇ ਖਪਾ ਦਿੱਤਾ ਗਿਆ ਜਿਨ੍ਹਾਂ ਦਾ ਲਹਿਰ ਨਾਲ ਕਦੇ ਕੋਈ ਮਾਮੂਲੀ ਸਬੰਧ ਵੀ ਰਿਹਾ ਸੀ ਅਤੇ ਕਈਆਂ ਦਾ ਤਾਂ ਕੋਈ ਸਬੰਧ ਵੀ ਨਹੀਂ ਸੀ। ਇਹ ਤੱਥ ਭਾਰਤੀ ਹੁਕਮਰਾਨ ਜਮਾਤ ਵਲੋਂ ਪੁਲਿਸ ਅਤੇ ਹੋਰ ਸਰਕਾਰੀ ਲਸ਼ਕਰਾਂ ਨੂੰ ਕਾਨੂੰਨ ਤੋਂ ਛੋਟ ਦੇਣ ਦਾ ਮੂੰਹ ਬੋਲਦਾ ਸਬੂਤ ਹਨ। ਉਸ ਦੌਰ ਵਿਚ ਇਹ ਸੰਤਾਪ ਪੰਜਾਬ ਨੇ ਭੋਗਿਆ। ਕਸ਼ਮੀਰ, ਉਤਰ-ਪੂਰਬੀ ਰਿਆਸਤਾਂ ਅਤੇ ਨਕਸਲੀ ਜ਼ੋਰ ਵਾਲੇ ਸੂਬਿਆਂ ਵਿਚ ਤਿੰਨ ਦਹਾਕਿਆਂ ਤੋਂ ਕਤਲੇਆਮ ਅੱਜ ਵੀ ਜਾਰੀ ਹੈ ਜੋ ਇੰਨਾ ਘਿਨਾਉਣਾ ਹੈ ਕਿ ਸੁਪਰੀਮ ਕੋਰਟ ਨੂੰ ਵੀ ਮਨੀਪੁਰ ਦੇ ਐਸੇ 1500 ਕਤਲਾਂ ਦਾ ਨੋਟਿਸ ਲੈ ਕੇ ਉਨ੍ਹਾਂ ਵਿਚੋਂ ਚੁਣਵੇਂ ਮਾਮਲਿਆਂ ਦੀ ਜਾਂਚ ਕਰਵਾਉਣੀ ਪਈ।

ਬਲੈਕ ਕੈਟਾਂ ਦੀ ਸਿੱਖ ਨੌਜਵਾਨਾਂ ਦੀ ਨਸਲਕੁਸ਼ੀ ਵਿਚ ਖਾਸ ਭੂਮਿਕਾ ਰਹੀ ਹੈ ਜਿਸ ਦੇ ਕੁਝ ਖੁਲਾਸੇ ਪਿੰਕੀ 'ਕੈਟ' ਵਲੋਂ ਕੀਤੇ ਗਏ। ਜਲੰਧਰ ਦੇ ਸੁੱਖੀ 'ਕੈਟ' ਮਾਮਲੇ ਵਿਚ ਉਦੋਂ ਡੀ.ਜੀ.ਪੀ. ਐਸ.ਐਸ. ਵਿਰਕ (ਕੈਪਟਨ ਅਮਰਿੰਦਰ ਸਿੰਘ ਦਾ ਨਜ਼ਦੀਕੀ) ਨੇ ਮੰਨਿਆ ਸੀ ਕਿ ਪੰਜਾਬ ਪੁਲਿਸ ਨੇ 300 ਦੇ ਕਰੀਬ ਕੈਟਾਂ ਨੂੰ ਬਾਹਰਲੇ ਮੁਲਕਾਂ ਵਿਚ ਸੈਟਲ ਕੀਤਾ ਹੋਇਆ ਹੈ। ਏ.ਐਸ.ਆਈ. ਸੁਰਜੀਤ ਸਿੰਘ ਨੇ ਮਨੁੱਖੀ ਅਧਿਕਾਰ ਕਮਿਸ਼ਨ ਅੱਗੇ ਗਵਾਹੀ ਦਿੱਤੀ ਸੀ ਕਿ ਉਹ 83 ਫਰਜ਼ੀ ਮੁਕਾਬਲਿਆਂ ਦਾ ਚਸ਼ਮਦੀਦ ਗਵਾਹ ਹੈ। ਇਸੇ ਤਰ੍ਹਾਂ ਬਾਜ਼ੀਗਰ, ਕੁਲਦੀਪ ਸਿੰਘ, ਦਰਸ਼ਨ ਸਿੰਘ ਆਦਿ ਵਲੋਂ ਵੀ ਫਰਜ਼ੀ ਮੁਕਾਬਲਿਆਂ ਦਾ ਸੱਚ ਕਬੂਲਿਆ ਗਿਆ। ਜਦੋਂ ਆਹਲਾ ਅਧਿਕਾਰੀਆਂ ਨਾਲ ਅਣਬਣ ਅਤੇ ਨਾਰਾਜ਼ਗੀ ਕਾਰਨ ਸਾਬਕਾ ਕੈਟ ਐਸੇ ਖੁਲਾਸੇ ਕਰਦੇ ਹਨ ਤਾਂ ਬਹੁਤ ਕੁਝ ਜੱਗ ਜ਼ਾਹਰ ਕਰ ਦਿੰਦੇ ਹਨ।

ਖਾਲਿਸਤਾਨੀ ਲਹਿਰ ਦੌਰਾਨ ਪੁਲਿਸ ਮੁਕਾਬਲਿਆਂ ਵਿਚ ਕਤਲਾਂ ਦਾ ਵਰਤਾਰਾ ਪੰਜਾਬ ਤਕ ਹੀ ਸੀਮਤ ਨਹੀਂ ਸੀ। ਯੂ.ਪੀ. ਪੁਲਿਸ ਨੇ 12 ਜੁਲਾਈ 1991 ਨੂੰ ਪੀਲੀਭੀਤ ਜ਼ਿਲ੍ਹੇ ਵਿਚ ਗਿਆਰਾਂ ਸਿੱਖ ਸ਼ਰਧਾਲੂਆਂ ਨੂੰ ਬੱਸ ਵਿਚੋਂ ਲਾਹ ਕੇ ਅਤੇ ਖਤਰਨਾਕ ਖਾਲਿਸਤਾਨੀ ਕਰਾਰ ਦੇ ਕੇ ਮੁਕਾਬਲਿਆਂ ਵਿਚ ਕਤਲ ਕਰ ਦਿੱਤਾ ਸੀ। ਉਹ ਸਾਰੇ ਪਟਨਾ ਤੋਂ ਧਾਰਮਿਕ ਸਥਾਨਾਂ ਦੀ ਯਾਤਰਾ ਕਰਕੇ ਵਾਪਸ ਆ ਰਹੇ ਸਨ। ਉਸ ਮਾਮਲੇ ਵਿਚ 47 ਕਾਤਲ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ। ਹੁਕਮਰਾਨ ਕਿਸ ਤਰ੍ਹਾਂ ਆਪਣੇ ਚਹੇਤੇ ਪੁਲਿਸ ਅਧਿਕਾਰੀਆਂ ਦਾ ਬਚਾਓ ਅਤੇ ਪੁਸ਼ਤਪਨਾਹੀ ਕਰਦੇ ਹਨ, ਇਸ ਦੀ ਮਿਸਾਲ ਆਰ.ਡੀ. ਤ੍ਰਿਪਾਠੀ ਹੈ ਜੋ ਪੀਲੀਭੀਤ ਕਾਂਡ ਦੇ ਵਕਤ ਐਸ.ਪੀ. (ਸਿਟੀ) ਸੀ। ਸੀ.ਬੀ.ਆਈ. ਨੇ ਚਲਾਕੀ ਨਾਲ ਉਸ ਦਾ ਨਾਂ ਇਸ ਮਾਮਲੇ ਵਿਚੋਂ ਕੱਢ ਕੇ ਉਸ ਨੂੰ ਬਚਾ ਲਿਆ।

ਇਸੇ ਤਰ੍ਹਾਂ ਇਕ ਕਥਿਤ ਖਾਲਿਸਤਾਨੀ ਬਸ਼ੀਰ ਮੁਹੰਮਦ ਅਤੇ ਉਸ ਦੀ ਪਤਨੀ ਦਾ ਮਾਮਲਾ ਹੈ। ਉਹ ਪੰਜਾਬ ਤੋਂ ਭੱਜ ਕੇ ਪੱਛਮੀ ਬੰਗਾਲ ਵਿਚ ਚਲੇ ਗਏ ਸਨ। ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਉਥੇ ਜਾ ਕੇ ਸੁੱਤੇ ਪਿਆਂ ਨੂੰ ਹੀ ਗੋਲੀਆਂ ਨਾਲ ਭੁੰਨ ਸੁੱਟਿਆ ਸੀ। ਪੱਛਮੀ ਬੰਗਾਲ ਸਰਕਾਰ ਨੇ ਕਾਤਲ ਵਰਦੀਧਾਰੀਆਂ ਉਪਰ ਕੇਸ ਚਲਾ ਕੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਦਿਵਾਈ ਸੀ ਪਰ ਕੇਂਦਰ ਸਰਕਾਰ ਨੇ ਸਜ਼ਾ ਰੱਦ ਕਰਕੇ ਉਨ੍ਹਾਂ ਨੂੰ ਸਰਕਾਰੀ ਸੇਵਾ ਕਾਲ ਦੇ ਪੂਰੇ ਲਾਭ ਅਤੇ ਤਰੱਕੀਆਂ ਦੇ ਕੇ ਨਿਵਾਜਿਆ। ਉਸ ਕਾਤਲ ਗਰੋਹ ਦਾ ਮੁਖੀ ਇੰਸਪੈਕਟਰ ਪਿੱਛੇ ਜਿਹੇ ਬਤੌਰ ਸੀਨੀਅਰ ਪੁਲਿਸ ਕਪਤਾਨ ਰਿਟਾਇਰ ਹੋਇਆ ਹੈ। ਇਸ ਤਰ੍ਹਾਂ ਦੀਆਂ ਸੈਂਕੜੇ ਮਿਸਾਲਾਂ ਮਿਲ ਜਾਣਗੀਆਂ।

ਰਾਜਕੀ ਦਹਿਸ਼ਤਵਾਦ ਦੇ ਬਰਬਾਦ ਕੀਤੇ ਹਜ਼ਾਰਾਂ ਪਰਿਵਾਰਾਂ ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਵਲੋਂ ਨਿਆਂ ਲੈਣ ਲਈ ਭਾਵੇਂ ਸੁਪਰੀਮ ਕੋਰਟ ਅਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ 2500 ਤੋਂ ਉਪਰ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਪਰ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਾਮਲਿਆਂ ਨੂੰ ਛੱਡ ਕੇ ਜ਼ਾਹਰਾ ਗੁਨਾਹਗਾਰ



ਅਧਿਕਾਰੀਆਂ ਨੂੰ ਕੋਈ ਸਜ਼ਾ ਨਹੀਂ ਹੋਈ। ਸਜ਼ਾ ਦੀ ਤਾਂ ਗੱਲ ਛੱਡੋ ਉਲਟਾ ਕਸੂਰਵਾਰ ਪੁਲਿਸ ਅਧਿਕਾਰੀਆਂ ਨੂੰ ਸਜ਼ਾਵਾਂ ਤੋਂ ਬਚਾਉਣ ਲਈ ਮੁਕੱਦਮਿਆਂ ਉਪਰ ਅਤੇ ਉਨ੍ਹਾਂ ਦੀਆਂ ਪੂਰੀਆਂ ਤਨਖਾਹਾਂ ਸਮੇਤ ਨੌਕਰੀ ਦੇ ਸਮੁੱਚੇ ਮਾਲੀ ਲਾਭ ਮੁਹੱਈਆ ਕਰਾਉਣ ਉਪਰ ਸਰਕਾਰੀ ਖਜ਼ਾਨੇ ਵਿਚੋਂ ਸਿੱਧੇ-ਅਸਿੱਧੇ ਢੰਗਾਂ ਨਾਲ ਕਰੋੜਾਂ ਰੁਪਏ ਹਰ ਸਾਲ ਖਰਚੇ ਜਾ ਰਹੇ ਹਨ। ਮ੍ਰਿਤਕਾਂ ਦੇ ਵਾਰਿਸਾਂ ਅਤੇ ਸੰਸਥਾਵਾਂ ਦੇ ਅਣਥੱਕ ਯਤਨਾਂ ਨਾਲ ਕੁਝ ਮਾਮਲਿਆਂ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਕਤਲਾਂ ਅਤੇ ਹੋਰ ਜੁਰਮਾਂ ਦੇ ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਸੀ.ਬੀ.ਆਈ. ਦੀਆਂ ਵਿਸ਼ੇਸ਼ ਅਦਾਲਤਾਂ ਵਲੋਂ ਉਮਰ ਕੈਦ ਜਾਂ ਹੋਰ ਸਜ਼ਾਵਾਂ ਸੁਣਾਈਆਂ ਗਈਆਂ। ਇਸੇ ਸਿਲਸਿਲੇ ਵਿਚ ਉਪਰੋਕਤ 45 ਪੁਲਿਸ ਮੁਲਾਜ਼ਮਾਂ ਨੂੰ ਸਜ਼ਾਵਾਂ ਹੋਈਆਂ ਜਿਨ੍ਹਾਂ ਵਿਚੋਂ 22 ਪੁਲਿਸ ਅਧਿਕਾਰੀ/ਮੁਲਾਜ਼ਮ ਤਾਂ ਜੇਲ੍ਹਾਂ ਵਿਚ ਬੰਦ ਹਨ ਜਦਕਿ 23 ਦੋਸ਼ੀ ਪੁਲਿਸ ਮੁਲਾਜ਼ਮਾਂ ਨੂੰ ਉਚ ਅਦਾਲਤਾਂ ਨੇ ਜ਼ਮਾਨਤ ਉਪਰ ਰਿਹਾਅ ਕੀਤਾ ਹੋਇਆ ਹੈ, ਜਾਂ ਉਨ੍ਹਾਂ ਦੀ ਸਜ਼ਾ ਮੁਲਤਵੀ ਕੀਤੀ ਗਈ ਹੈ।

ਹਰ ਹਾਕਮ ਜਮਾਤੀ ਪਾਰਟੀ ਮੁਜਰਿਮ ਪੁਲਿਸ ਅਧਿਕਾਰੀਆਂ ਦੀ ਪਿੱਠ 'ਤੇ ਹੈ। ਸਾਬਕਾ ਪੁਲਿਸ ਇੰਸਪੈਕਟਰ ਗੁਰਮੀਤ ਸਿੰਘ ਪਿੰਕੀ ਉਰਫ ਪਿੰਕੀ ਕੈਟ' ਜੋ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਦਾ ਖਾਸ ਚਹੇਤਾ 'ਸੁਪਰ ਸ਼ੂਟਰ' ਸੀ, ਨੂੰ ਬਾਦਲ ਸਰਕਾਰ ਵਲੋਂ ਮਈ 2014 ਵਿਚ ਉਮਰ ਕੈਦ ਵਿਚ ਖਾਸ ਰਿਆਇਤ ਦਿੱਤੀ ਗਈ। ਉਸ ਨੂੰ ਕਤਲ ਦੇ ਜੁਰਮ ਵਿਚ ਮਹਿਜ਼ 7 ਸਾਲ 7 ਮਹੀਨੇ ਦੀ 'ਉਮਰ ਕੈਦ' ਹੀ ਕੱਟਣੀ ਪਈ। ਉਸ ਨੂੰ ਚੁੱਪ-ਚੁਪੀਤੇ ਰਿਹਾਅ ਕਰਕੇ ਨੌਕਰੀ ਉਪਰ ਬਹਾਲ ਕਰ ਦਿੱਤਾ ਗਿਆ ਸੀ। ਇਸ ਦਾ ਤਿੱਖਾ ਵਿਰੋਧ ਹੋਣ 'ਤੇ ਬਾਦਲ ਹਕੂਮਤ ਨੂੰ ਉਸ ਨੂੰ ਨੌਕਰੀ ਤੋਂ ਹਟਾਉਣਾ ਪਿਆ। ਭੜਕੇ ਹੋਏ ਪਿੰਕੀ 'ਕੈਟ' ਨੇ ਰਾਜਕੀ ਦਹਿਸ਼ਤਵਾਦ ਦੇ ਸਨਸਨੀਖੇਜ਼ ਖੁਲਾਸੇ ਕਰਕੇ ਲਹੂ ਲਿੱਬੜੇ ਚਿਹਰੇ ਬੇਨਕਾਬ ਕਰ ਦਿੱਤੇ। ਉਸ ਨੇ ਪ੍ਰੋਫੈਸਰ ਰਾਜਿੰਦਰ ਸਿੰਘ ਬੁਲਾਰਾ ਸਮੇਤ 50 ਫਰਜ਼ੀ ਮੁਕਾਬਲਿਆਂ ਦਾ ਚਸ਼ਮਦੀਦ ਗਵਾਹ ਹੋਣਾ ਮੰਨਿਆ। ਉਸ ਨੇ ਦੱਸਿਆ ਕਿ ਕਿਵੇਂ ਤਤਕਾਲੀ ਐਸ.ਐਸ.ਪੀ. ਸੁਮੇਧ ਸੈਣੀ ਦੀ ਪਿੰਕਾ ਮੁਹਾਲੀ ਨੂੰ ਪੁਲਿਸ ਹਿਰਾਸਤ ਵਿਚ ਕਤਲ ਕਰਨ ਅਤੇ ਇਕ ਦੁੱਧ ਚੁੰਘਦੇ ਬੱਚੇ ਸਮੇਤ ਖਾਲਸਤਾਨੀ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਦੇ ਚਾਰ ਜੀਆਂ ਨੂੰ ਪੂਹਲੇ ਨਿਹੰਗ ਦੇ ਗਰੋਹ ਕੋਲੋਂ ਕਤਲ ਕਰਵਾਉਣ ਵਿਚ ਸਿੱਧੀ ਭੂਮਿਕਾ ਸੀ।

ਇਨ੍ਹਾਂ ਖੁਲਾਸਿਆਂ ਦੇ ਮੁਕਾਬਲੇ ਰਾਜਕੀ ਦਹਿਸ਼ਤਵਾਦ ਦੀ ਅਸਲ ਹਕੀਕਤ ਅਤਿਅੰਤ ਭਿਆਨਕ ਸੀ। ਆਪ-ਹੁਦਰੇ ਅਧਿਕਾਰੀ ਆਪਣੇ ਮੁਫਾਦ ਲਈ ਆਪਣੇ ਤੌਰ 'ਤੇ ਕੁਝ ਘਿਨਾਉਣੇ ਕਤਲ ਤਾਂ ਕਰ ਸਕਦੇ ਹਨ ਲੇਕਿਨ ਇਕ ਦਹਾਕੇ ਤੱਕ ਤਾਕਤ ਦਾ ਬੇਦਰੇਗ ਇਸਤੇਮਾਲ ਅਤੇ ਕਤਲੇਆਮ ਹੁਕਮਰਾਨ ਜਮਾਤ ਦੀ ਬਾਕਾਇਦਾ ਨੀਤੀ ਤਹਿਤ ਹੋਇਆ ਜੋ ਰਾਜ ਵਿਰੋਧੀ ਲਹਿਰਾਂ ਨੂੰ ਦਬਾਉਣ ਲਈ ਗੈਰ ਕਾਨੂੰਨੀ ਗਰੋਹਾਂ ਦੇ ਇਸਤੇਮਾਲ ਅਤੇ ਫਰਜ਼ੀ ਪੁਲਿਸ ਮੁਕਾਬਲਿਆਂ ਸਮੇਤ ਹਰ ਤਰ੍ਹਾਂ ਦੀਆਂ ਲਾਕਾਨੂੰਨੀਆਂ ਉਪਰ ਟੇਕ ਰੱਖਦੀ ਹੈ। ਕੇ.ਪੀ.ਐਸ.ਗਿੱਲ, ਸੁਮੇਧ ਸੈਣੀ ਵਰਗੇ ਪੁਲਿਸ ਅਫਸਰਾਂ ਨੂੰ ਦਿੱਤੀਆਂ ਤਰੱਕੀਆਂ ਤੇ ਸਰਕਾਰੀ ਸਨਮਾਨ ਹੈਰਾਨੀਜਨਕ ਨਹੀਂ, ਕਿਉਂਕਿ ਉਹ ਤਾਂ ਮਹਿਜ਼ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅਤੇ ਅਕਾਲੀ ਦਲ ਅਤੇ ਹੋਰ ਹਾਕਮ ਜਮਾਤੀ ਪਾਰਟੀਆਂ ਦੀ ਸਹਿਮਤੀ ਨਾਲ ਕਤਲੇਆਮ ਕਰਕੇ 'ਅਮਨ-ਕਾਨੂੰਨ' 'ਬਹਾਲ' ਕਰ ਰਹੇ ਸਨ। ਉਨ੍ਹਾਂ ਨੂੰ ਜ਼ਿੰਮੇਵਾਰੀ ਦੇ ਕੇ ਰਾਜਕੀ ਦਹਿਸ਼ਤਵਾਦ ਦੀ ਸਰਕਾਰੀ ਨੀਤੀ ਲਾਗੂ ਕਰਾਉਣ ਵਾਲੇ ਅਸਲੀ ਮੁਜਰਿਮ ਭਾਰਤੀ ਹੁਕਮਰਾਨ ਹਨ। ਘੱਟੋ-ਘੱਟ ਪੰਜ ਪ੍ਰਧਾਨ ਮੰਤਰੀਆਂ, ਉਨ੍ਹਾਂ ਦੇ ਕੇਂਦਰੀ ਗ੍ਰਹਿ ਮੰਤਰੀਆਂ, ਉਨ੍ਹਾਂ ਦੇ ਥਾਪੇ ਗਵਰਨਰਾਂ ਸਮੇਤ ਮੌਕੇ ਦੀ ਸਿਆਸੀ ਲੀਡਰਸ਼ਿਪ ਦੀ ਹਕੂਮਤੀ ਦਹਿਸ਼ਤਵਾਦ ਵਿਚ ਮੁੱਖ ਭੂਮਿਕਾ ਸੀ ਜਿਨ੍ਹਾਂ ਨੇ ਇਸ ਬਹਾਨੇ ਰਾਜਕੀ ਦਹਿਸ਼ਤਵਾਦ (ਪੁਲਿਸ, ਸੁਰੱਖਿਆ ਬਲਾਂ ਅਤੇ ਖਾਸ ਮੌਕਿਆਂ ਉਪਰ ਫੌਜ) ਨੂੰ ਖੁੱਲ੍ਹੀ ਛੁੱਟੀ ਦਿੱਤੀ ਸੀ ਕਿ ਕੋਈ ਵੀ ਲਾਕਾਨੂੰਨੀ, ਨਾਜਾਇਜ਼ ਤੇ ਸਾਜ਼ਿਸ਼ੀ ਢੰਗ ਅਖਤਿਆਰ ਕਰੋ ਪਰ 'ਦਹਿਸ਼ਤਵਾਦ ਨੂੰ ਖਤਮ ਕਰੋ', 'ਦਹਿਸ਼ਤਵਾਦ' ਜਿਸ ਨੂੰ ਪੈਦਾ ਕਰਨ ਦੀ ਮੁੱਖ ਮੁਜਰਿਮ ਖੁਦ ਕਾਂਗਰਸ ਹੀ ਸੀ।

ਲਿਹਾਜ਼ਾ, ਪੁਲਿਸ/ਸੁਰੱਖਿਆ ਬਲਾਂ ਅਤੇ ਕੈਟ ਗਰੋਹਾਂ ਦੇ ਘਿਨਾਉਣੇ ਕਿਰਦਾਰਾਂ ਦੀ ਗੱਲ ਕਰਦਿਆਂ ਮੁੱਖ ਸਵਾਲ ਰਾਜਸੀ ਸੂਤਰਧਾਰਾਂ ਦੀ ਭੂਮਿਕਾ ਉਪਰ ਉਠਣਾ ਚਾਹੀਦਾ ਹੈ। ਸਿਰਫ ਪੁਲਿਸ ਅਫਸਰਾਂ ਦੀ ਜਵਾਬਦੇਹੀ ਕਿਉਂ, ਉਨ੍ਹਾਂ ਰਾਜਸੀ ਆਗੂਆਂ ਦੀ ਕਿਉਂ ਨਹੀਂ ਜਿਨ੍ਹਾਂ ਦੇ ਇਸ਼ਾਰੇ 'ਤੇ ਪੁਲਿਸ ਅਧਿਕਾਰੀ ਇਹ ਕੁਝ ਕਰਦੇ ਸਨ ਅਤੇ ਅੱਜ ਵੀ ਕਰ ਰਹੇ ਹਨ? ਚਾਹੇ ਕਾਂਗਰਸ ਹੈ ਜਾਂ ਅਕਾਲੀ ਦਲ, ਉਹ ਵੋਟਾਂ ਬਟੋਰਨ ਲਈ ਪੁਲਿਸ ਦੇ ਜ਼ੁਲਮਾਂ ਦੀ ਜਾਂਚ ਕਰਾਉਣ ਦੇ ਵਾਅਦੇ ਕਰਦੇ ਹਨ; ਲੇਕਿਨ ਸੱਤਾ ਵਿਚ ਆ ਕੇ ਸੁਮੇਧ ਸੈਣੀ ਵਰਗਿਆਂ ਨੂੰ ਤਰੱਕੀਆਂ ਦਿੰਦੇ ਹਨ। ਬਾਦਲਾਂ ਵਲੋਂ 2007 'ਚ ਕੁਝ ਫਰਜ਼ੀ ਮੁਕਾਬਲਿਆਂ ਦੀ ਜੋ ਜਾਂਚ ਸਾਬਕਾ ਡੀ.ਜੀ.ਪੀ. ਜੇ.ਪੀ. ਬਿਰਦੀ ਤੋਂ ਕਰਵਾਈ ਸੀ, ਉਹ ਵੀ ਜਨਤਕ ਨਹੀਂ ਕੀਤੀ ਗਈ। ਆਪਣੇ ਹੱਥੀਂ ਇਹ ਸਾਰੇ ਪਾਪ ਕਰਵਾਉਣ ਵਾਲੀ ਕਾਂਗਰਸ ਤੋਂ ਨਿਆਂ ਦੀ ਉਮੀਦ ਕੀਤੀ ਹੀ ਨਹੀਂ ਜਾ ਸਕਦੀ।

ਪੂਰੇ ਮੁਲਕ ਵਿਚ ਵੱਡੇ-ਵੱਡੇ ਕਤਲੇਆਮ ਕਰਨ ਵਾਲੇ ਅਧਿਕਾਰੀਆਂ, ਮਕਤੂਲਾਂ ਅਤੇ ਥਾਵਾਂ ਦੇ ਨਾਂ ਹੀ ਵੱਖਰੇ ਹਨ, ਨੀਤੀ ਇਕ ਹੀ ਹੈ। ਉਚ ਪੁਲਿਸ ਅਧਿਕਾਰੀ ਅਦਾਲਤਾਂ ਵਿਚ ਤਲਬ ਹੀ ਨਹੀਂ ਕੀਤੇ ਜਾਂਦੇ। ਜ਼ਿਆਦਾ ਰੌਲਾ ਪੈਣ 'ਤੇ ਵੱਧ ਤੋਂ ਵੱਧ ਆਮ ਪੁਲਿਸ ਮੁਲਾਜ਼ਮਾਂ ਅਤੇ ਕੁਝ ਮਾਤਹਿਤ ਪੁਲਿਸ ਅਧਿਕਾਰੀਆਂ ਨੂੰ ਥੋੜ੍ਹੇ ਚਿਰ ਲਈ ਮੁਕੱਦਮੇ ਵਿਚ ਸ਼ਾਮਲ ਕਰਕੇ, ਜਾਂ ਕੁਝ ਮਿਸਾਲਾਂ ਵਿਚ ਬਲੀ ਦੇ ਬੱਕਰੇ ਬਣਾ ਕੇ, ਆਹਲਾ ਅਧਿਕਾਰੀਆਂ ਨੂੰ ਸਾਫ ਬਚਾ ਲਿਆ ਜਾਂਦਾ ਹੈ। 1970ਵਿਆਂ ਦੀ ਨਕਸਲੀ ਲਹਿਰ ਤੋਂ ਲੈ ਕੇ ਅੱਜ ਤਕ ਦਹਿ-ਹਜ਼ਾਰਾਂ ਦੀ ਤਾਦਾਦ ਵਿਚ ਬਣਾਏ ਪੁਲਿਸ ਮੁਕਾਬਲਿਆਂ ਵਿਚੋਂ ਸ਼ਾਇਦ ਹੀ ਕਿਸੇ ਮਾਮਲੇ ਵਿਚ ਮੁਜਰਿਮ ਅਧਿਕਾਰੀਆਂ ਨੂੰ ਸਜ਼ਾ ਹੋਈ ਹੋਵੇ। ਪਿੱਛੇ ਜਿਹੇ ਗੁਜਰਾਤ ਦੇ ਸਾਬਕਾ ਪੁਲਿਸ ਅਧਿਕਾਰੀ ਡੀ.ਜੀ. ਵਣਜਾਰਾ ਨੂੰ ਜਿਵੇਂ ਸੋਹਰਾਬੁਦੀਨ ਸ਼ੇਖ ਵਰਗੇ ਚਰਚਿਤ ਫਰਜ਼ੀ ਮੁਕਾਬਲਿਆਂ ਵਿਚੋਂ ਬਰੀ ਕੀਤਾ ਗਿਆ ਅਤੇ ਇਸ਼ਰਤ ਜਹਾਂ ਮੁਕੱਦਮੇ ਦੇ ਅਦਾਲਤੀ ਅਮਲ ਦੇ ਬਾਵਜੂਦ ਜਿਵੇਂ ਆਰ.ਐਸ.ਐਸ. ਦੇ ਚੋਟੀ ਦੇ ਆਗੂਆਂ ਵਲੋਂ ਉਸ ਦਾ ਸ਼ਾਹੀ ਸਵਾਗਤ ਕੀਤਾ ਗਿਆ, ਉਹ ਪੁਲਿਸ ਅਤੇ ਮੁਜਰਿਮ ਸਿਆਸਤਦਾਨਾਂ ਦੇ ਗਠਜੋੜ ਨੂੰ ਬਚਾਉਣ ਵਿਚ ਸਬੰਧਤ ਜੱਜਾਂ ਦੀ ਪੱਖਪਾਤੀ ਭੂਮਿਕਾ ਅਤੇ ਅਦਾਲਤੀ ਅਮਲ ਵਿਚ ਸੱਤਾਧਾਰੀ ਧਿਰ ਦੀ ਦਖਲਅੰਦਾਜ਼ੀ ਦੀ ਹੀ ਮਿਸਾਲ ਸੀ।

ਅਪਰੈਲ 1987 ਵਿਚ ਹਾਸ਼ਿਮਪੁਰਾ (ਯੂ.ਪੀ.) ਦੇ 42 ਮੁਸਲਮਾਨਾਂ ਨੂੰ ਹਿਰਾਸਤ ਵਿਚ ਲੈ ਕੇ ਬੇਰਹਿਮੀ ਨਾਲ ਕਤਲ ਵਾਲੇ ਵਰਦੀਧਾਰੀਆਂ ਨੂੰ ਪਿੱਛੇ ਜਿਹੇ ਅਦਾਲਤ ਵਲੋਂ ਸਾਫ ਬਰੀ ਕਰ ਦਿੱਤਾ ਗਿਆ। ਭਾਜਪਾ ਦੇ ਤੱਤਕਾਲੀ ਮੁੱਖ ਮੰਤਰੀ ਕਲਿਆਣ ਸਿੰਘ ਨੇ ਨੈਨੀਤਾਲ ਕਾਂਡ ਲਈ ਜ਼ਿੰਮੇਵਾਰ ਕਾਤਲ ਪੁਲਿਸ ਮੁਲਾਜ਼ਮਾਂ ਦੀ ਤਾਰੀਫ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ 'ਬਹਾਦਰੀ' ਦੇ ਇਨਾਮਾਂ ਨਾਲ ਵੀ ਨਿਵਾਜਿਆ ਸੀ। ਅਕਾਲੀ ਆਗੂਆਂ ਆਪਣੇ ਗੱਠਜੋੜ ਭਾਈਵਾਲਾਂ, ਭਾਜਪਾ ਦੀ ਘਿਨਾਉਣੀ ਭੂਮਿਕਾ ਬਾਰੇ ਕਦੇ ਜ਼ੁਬਾਨ ਨਹੀਂ ਖੋਲ੍ਹਦੇ, ਕਿਉਂਕਿ ਬਾਦਲ ਖੁਦ ਨਕਸਲੀ ਇਨਕਲਾਬੀਆਂ ਨੂੰ ਮੁਕਾਬਲਿਆਂ ਵਿਚ ਕਤਲ ਕਰਾਉਂਦਾ ਰਿਹਾ।

1987 ਵਿਚ ਮੇਰਠ ਦੇ ਹੀ ਮਲਿਆਨਾ ਕਤਲੇਆਮ ਦੇ ਪੀੜਤ ਅਜੇ ਤਕ ਅਦਾਲਤਾਂ ਵਿਚ ਧੱਕੇ ਖਾ ਰਹੇ ਹਨ। 1993 'ਚ ਮੁੰਬਈ ਦੀ ਸੁਲੇਮਾਨ ਉਸਮਾਨ ਬੇਕਰੀ ਕਾਂਡ ਲਈ ਜ਼ਿੰਮੇਵਾਰ ਮੁੰਬਈ ਦੇ ਸਾਬਕਾ ਐਸ.ਪੀ. ਆਰ.ਡੀ. ਤਿਆਗੀ ਅਤੇ ਉਸ ਦੇ ਮਾਤਹਿਤ 16 ਪੁਲਿਸ ਮੁਲਾਜ਼ਾਂ ਨੂੰ ਹੇਠਲੀ ਅਦਾਲਤ ਨੇ ਮਹਿਜ਼ ਝਾੜ-ਝੰਬ ਕਰਕੇ ਛੱਡ ਦਿੱਤਾ ਸੀ; ਹਾਲਾਂਕਿ ਸ੍ਰੀਕ੍ਰਿਸ਼ਨਾ ਕਮਿਸ਼ਨ ਰਿਪੋਰਟ ਨੇ ਆਪਣੀ ਜਾਂਚ ਵਿਚ ਉਸ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਸੀ। ਬਾਅਦ ਵਿਚ ਉਸ ਨੂੰ ਤਰੱਕੀ ਦੇ ਕੇ ਪੁਲਿਸ ਕਮਿਸ਼ਨਰ ਬਣਾ ਦਿੱਤਾ ਗਿਆ। ਉਸ ਦੇ 'ਸਪੈਸ਼ਲ ਓਪਰੇਸ਼ਨ ਸੁਕਐਡ' ਨੇ ਸੁਲੇਮਾਨ ਉਸਮਾਨ ਬੇਕਰੀ ਦੇ ਨੌਂ ਕਿਰਤੀਆਂ ਨੂੰ ਮਾਰ ਮੁਕਾਇਆ ਸੀ। ਮੁਕੱਦਮਾ ਅਜੇ ਚੱਲਿਆ ਵੀ ਨਹੀਂ ਸੀ ਕਿ ਇਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ। ਸੁਪਰੀਮ ਕੋਰਟ ਵਲੋਂ ਹੇਠਲੀ ਅਦਾਲਤ ਦੇ ਇਸ ਫੈਸਲੇ ਨੂੰ ਬਰਕਰਾਰ ਰੱਖੇ ਜਾਣ ਕਾਰਨ ਤਿਆਗੀ ਅਤੇ ਉਸ ਦੀ ਪੁਲਿਸ ਟੀਮ ਕਤਲੇਆਮ ਦੀ ਜਵਾਬਦੇਹੀ ਤੋਂ ਸਾਫ ਬਚ ਗਈ। ਅਦਾਲਤੀ ਢਾਂਚੇ ਦੇ ਇਸ ਤਰ੍ਹਾਂ ਦੇ ਅਨਿਆਂ ਦੀਆਂ ਬੇਸ਼ੁਮਾਰ ਮਿਸਾਲਾਂ ਹਨ।

ਕੈਪਟਨ ਸਰਕਾਰ ਵਲੋਂ ਸੰਗੀਨ ਵਹਿਸ਼ੀ ਜੁਰਮਾਂ ਲਈ ਜ਼ਿੰਮੇਵਾਰ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਦੀ ਸਜ਼ਾ ਰੱਦ ਕਰਨ ਦੀ ਸਿਫਾਰਸ਼ ਪੀੜਤ ਪਰਿਵਾਰਾਂ ਨਾਲ ਘੋਰ ਬੇਇਨਸਾਫੀ ਤਾਂ ਹੈ ਹੀ; ਇਹ ਪੁਲਿਸ, ਫੌਜ ਅਤੇ ਨੀਮ ਫੌਜੀ ਬਲਾਂ ਲਈ ਸਪਸ਼ਟ ਸੰਦੇਸ਼ ਵੀ ਹੈ ਕਿ ਨਿਆਂ ਪਾਲਿਕਾ ਤੋਂ ਡਰਨ ਦੀ ਲੋੜ ਨਹੀਂ, ਤੁਸੀਂ ਜਿੰਨੇ ਮਰਜ਼ੀ ਕਤਲ, ਅਗਵਾ ਅਤੇ ਬਲਾਤਕਾਰ ਕਰੋ; ਸਰਕਾਰੀ ਛੱਤਰ-ਛਾਇਆ ਹੇਠ ਤੁਹਾਡਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਇਹ ਉਨ੍ਹਾਂ ਨੂੰ ਮਨੁੱਖੀ ਹੱਕਾਂ ਨੂੰ ਪੈਰਾਂ ਹੇਠ ਕੁਚਲਣ ਦਾ ਲਾਇਸੰਸ ਹੈ। ਇਹ ਸਜ਼ਾ ਮੁਆਫੀ ਨਿਆਂ ਦੇ ਨੁਕਤਾ-ਨਜ਼ਰ ਤੋਂ ਬਹੁਤ ਹੀ ਖਤਰਨਾਕ ਹੈ ਜੋ ਕਥਿਤ ਅਤਿਵਾਦੀ ਲਹਿਰਾਂ ਦੌਰਾਨ ਸਟੇਟ ਦੀ ਦਰਿੰਦਗੀ ਦਾ ਸ਼ਿਕਾਰ ਹੋਏ ਨਾਗਰਿਕਾਂ ਤੋਂ ਅਦਾਲਤੀ ਅਮਲ ਰਾਹੀਂ ਨਿਆਂ ਹਾਸਲ ਕਰਨ ਦਾ ਆਖਰੀ ਮੌਕਾ ਵੀ ਖੋਹ ਲੈਂਦੀ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਮਿਲ ਕੇ ਲੋਕਾਂ ਵਲੋਂ ਆਪਣੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਅਦਾਲਤਾਂ 'ਚੋਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ 'ਤੇ ਤੁਲੀਆਂ ਹੋਈਆਂ ਹਨ।

ਸਮੂਹ ਇਨਸਾਫਪਸੰਦ ਜਮਹੂਰੀ ਤਾਕਤਾਂ ਨੂੰ ਨਾ ਸਿਰਫ ਸੰਗੀਨ ਜੁਰਮਾਂ ਦੇ ਦੋਸ਼ੀ ਪੁਲਸ ਅਧਿਕਾਰੀਆਂ ਦੀਆਂ ਸਜ਼ਾਵਾਂ ਰੱਦ ਕਰਨ ਦੇ ਫੈਸਲੇ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ ਸਗੋਂ ਇਹ ਮੰਗ ਵੀ ਕਰਨੀ ਚਾਹੀਦੀ ਹੈ ਕਿ ਉਸ ਕਾਲੇ ਦੌਰ ਵਿਚ ਜ਼ਿੰਮੇਵਾਰ ਸਿਆਸੀ ਆਗੂਆਂ ਸਮੇਤ ਸਾਰੇ ਹੀ ਦੋਸ਼ੀਆਂ ਉਪਰ ਢੁਕਵੇਂ ਮੁਕੱਦਮੇ ਚਲਾ ਕੇ ਪੀੜਤ ਪਰਿਵਾਰਾਂ ਨੂੰ ਨਿਆਂ ਦਿੱਤਾ ਜਾਵੇ।

# ਸੰਘ ਦੀ ਸਿਆਸਤ

*(ਪਿਛਲੇ ਸਫੇ ਦੀ ਬਾਕੀ)*

ਆਦਿ ਵਿਚ ਪਰਵਾਸੀ ਭਾਰੂ ਹਨ, ਉਹੀ ਰਾਜ ਕਰਦੇ ਹਨ, ਉਨ੍ਹਾਂ ਦਾ ਮੁਲਕ ਹੈ, ਉਨ੍ਹਾਂ ਦੀ ਭਾਸ਼ਾ। ਮੂਲ-ਨਿਵਾਸੀ ਘੱਟ ਗਿਣਤੀ (ਕੈਨੇਡਾ ਵਿਚ 7 ਪ੍ਰਤੀਸ਼ਤ ਮੂਲਵਾਸੀ) ਅਤੇ ਅਪ੍ਰਸੰਗਿਕ ਹਨ। ਪਰਵਾਸ ਦੇ ਵਰਤਾਰੇ ਨੂੰ ਉਲਟ-ਗੇੜਾ ਨਹੀਂ ਦਿੱਤਾ ਜਾ ਸਕਦਾ ਪਰ ਪੱਛਮ ਵਿਚ ਮੁੜ ਉੱਭਰ ਰਿਹਾ ਨਵ-ਫਾਸ਼ੀਵਾਦ, ਪਰਵਾਸੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਫਾਸ਼ੀਵਾਦ ਦੀ ਜ਼ਮੀਨ ਆਰਥਿਕ ਸੰਕਟ ਹੁੰਦਾ ਹੈ ਅਤੇ ਉਹ ਪਰਵਾਸੀਆਂ ਨੂੰ ਇਸ ਦਾ ਕਾਰਨ ਦੱਸਦੇ ਹਨ ਕਿ ਪਰਵਾਸੀ ਸਾਡੀਆਂ ਨੌਕਰੀਆਂ ਖਾ ਗਏ, ਸਾਡਾ ਧਨ ਆਪਣੇ ਮੁਲਕਾਂ ਨੂੰ ਭੇਜ ਰਹੇ ਹਨ। ਡੋਨਾਲਡ ਟਰੰਪ ਵਲੋਂ ਚਾਰ ਗੈਰ-ਗੋਰੀਆਂ ਪਾਰਲੀਮੈਂਟ ਮੈਂਬਰਾਂ ਨੂੰ ਆਪਣੇ ਦੇਸ਼ ਚਲੇ ਜਾਣ ਦੀ ਸਲਾਹ ਫਾਸ਼ੀ ਟਿੱਪਣੀ ਸੀ। ਭਾਰਤ ਵਿਚ ਸੰਘ ਫਾਸ਼ੀਵਾਦ ਪਰਵਾਸੀਆਂ ਦੇ ਨਾਂ 'ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

ਭਾਰਤੀ ਸਟੇਟ ਤੱਤ ਵਿਚ ਏਕਾਤਮਕ ਅਤੇ ਰੂਪ ਵਿਚ ਸੰਘਾਤਮਕ ਹੈ। ਰੂਪ ਵਿਚ ਇਹ ਰਾਜਾਂ ਦੀ ਯੂਨੀਅਨ ਹੈ ਅਤੇ ਇਹ ਰਾਜ ਭਾਸ਼ਾਈ ਸੂਬੇ ਹਨ। ਇਸ ਕਰਕੇ ਉਨ੍ਹਾਂ ਦੀ ਭਾਸ਼ਾਈ ਪਛਾਣ ਜ਼ਰੂਰੀ ਹੈ। ਵਰਤਮਾਨ ਪ੍ਰਸੰਗ ਵਿਚ ਕਿਸੇ ਖੇਤਰ ਦੀ ਵਸੋਂ ਬਣਤਰ ਜਾਂ ਵਸੋਂ-ਮੁਹਾਂਦਰਾ ਨਹੀਂ ਬਦਲੀ ਜਾਣੀ ਚਾਹੀਦੀ। ਭਾਰਤ ਵਿਚ ਵਸਣ ਵਾਲੇ ਸਭ ਲੋਕਾਂ ਨੂੰ ਨਾਗਰਿਕ ਅਧਿਕਾਰ ਮਿਲਣੇ ਚਾਹੀਦੇ ਹਨ ਪਰ ਇਸ ਨਾਲ ਕਿਸੇ ਇਕ ਰਾਜ ਦਾ ਵਸੋਂ-ਮੁਹਾਂਦਰਾ ਅਤੇ ਭਾਸ਼ਾਈ ਮੁਹਾਂਦਰਾ ਨਾ ਬਦਲੇ, ਇਸ ਲਈ ਪਰਵਾਸੀਆਂ ਨੂੰ ਵੱਖ ਵੱਖ ਖੇਤਰਾਂ ਵਿਚ ਵੰਡ ਕੇ ਵਸਾਇਆ ਜਾਣਾ ਚਾਹੀਦਾ ਹੈ।

# ਕਿਊਬਾ ਦੀ ਕ੍ਰਾਂਤੀ ਦਾ ਯੋਧਾ ਚੀ ਗਵੇਰਾ

ਸੰਸਾਰ ਵਿਚ ਆਪਣੇ ਮਤਲਬ ਲਈ ਲੜਨ ਵਾਲੇ ਬਹੁਤ ਹਨ, ਪਰ ਜੋ ਇਨਸਾਨ ਉਨ੍ਹਾਂ ਲੋਕਾਂ ਲਈ ਲੜੇ, ਸੰਘਰਸ਼ ਕਰੇ, ਜਿਨ੍ਹਾਂ ਨਾਲ ਨਾ ਤਾਂ ਉਸ ਦੀ ਕੋਈ ਸਾਂਝ ਹੈ, ਨਾ ਕੋਈ ਭਾਈਚਾਰਾ, ਬੱਸ ਦਿਲ ਵਿਚ ਜਨੂੰਨ ਹੋਵੇ ਕਿ ਕਿਸੇ 'ਤੇ ਜ਼ੁਲਮ ਨਹੀਂ ਹੋਣ ਦੇਣਾ, ਅਜਿਹਾ ਹੀ ਇੱਕ ਯੋਧਾ ਸੀ, ਅਰਨੈਸਟੋ ਚੀ ਗਵੇਰਾ, ਜਿਸ ਨੂੰ ਕਿਊਬਾ ਦੀ ਕ੍ਰਾਂਤੀ ਦਾ ਮਹਾਂਨਾਇਕ, ਕੌਮਾਂਤਰੀ ਕ੍ਰਾਂਤੀ ਦਾ ਹੀਰੋ ਤੇ ਹੋਰ ਬਹੁਤ ਸਾਰੇ ਨਾਂਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਚੀ ਗਵੇਰਾ ਦਾ ਜਨਮ 14 ਜੂਨ 1928 ਨੂੰ ਅਰਜਨਟੀਨਾ ਦੇ ਸ਼ਹਿਰ ਰੋਜ਼ੇਰਿਓ ਵਿਚ ਹੋਇਆ।

**ਹਰਮਿੰਦਰ ਸਿੰਘ ਕੈਂਥ**

ਚੀ ਨੂੰ ਬਚਪਨ ਤੋਂ ਹੀ ਦਮੇ ਦੀ ਬਿਮਾਰੀ ਸੀ, ਜੋ ਮੌਤ ਤੱਕ ਉਸ ਦੇ ਨਾਲ ਰਹੀ, ਪਰ ਬਿਮਾਰੀ ਦੇ ਬਾਵਜੂਦ ਉਹ ਚੰਗਾ ਅਥਲੀਟ ਸੀ। ਉਸ ਨੂੰ ਬਚਪਨ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਕ ਪੈ ਗਿਆ। ਦਮੇ ਦੀ ਬਿਮਾਰੀ ਕਾਰਨ ਹੀ ਉਸ ਨੇ ਡਾਕਟਰੀ ਕਰਨ ਦੀ ਸੋਚੀ। 1953 ਵਿਚ ਡਾਕਟਰੀ ਦੀ ਪੜ੍ਹਾਈ ਪੂਰੀ ਕੀਤੀ। ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਉਸ ਨੇ ਆਪਣੇ ਮਿੱਤਰ ਨਾਲ ਮੋਟਰਸਾਈਕਲ 'ਤੇ ਚਿੱਲੀ, ਕੋਲੰਬੀਆ, ਪੀਰੂ ਤੇ ਵੈਨਜ਼ੂਏਲਾ ਦਾ ਦੌਰਾ ਕੀਤਾ। ਇਸ ਦੌਰਾਨ ਉਸ ਨੇ ਲੋਕਾਂ ਦੀ ਗਰੀਬੀ ਤੇ ਦੁੱਖ ਦਰਦ ਦੇਖੇ, ਜਿਸ ਕਾਰਨ ਉਸ ਦਾ ਮਨ ਬਹੁਤ ਬੇਚੈਨ ਹੋ ਗਿਆ।

ਸੰਨ 1954 ਵਿਚ ਉਸ ਨੇ ਬੋਲੀਵੀਆ, ਕੋਲੰਬੀਆ, ਕੋਸਟਾਰਿਕਾ, ਪਨਾਮਾ ਤੇ ਹੋਰ ਲਾਤੀਨੀ ਦੇਸ਼ਾਂ ਦੀ ਯਾਤਰਾ ਕੀਤੀ। ਇਸ ਯਾਤਰਾ ਦੌਰਾਨ ਉਸ ਨੇ ਕੋਹੜ ਆਸ਼ਰਮਾਂ ਵਿਚ ਜਾ ਕੇ ਕੋਹੜੀਆਂ ਦਾ ਇਲਾਜ ਕੀਤਾ। ਜਦੋਂ ਉਸ ਨੇ ਡਾਕਟਰੀ ਪੂਰੀ ਕੀਤੀ ਤਾਂ ਉਸ ਵੇਲੇ ਅਰਜਨਟੀਨਾ ਵਿਚ ਪੀਰੋਨ ਨਾਂ ਦੇ ਤਾਨਾਸ਼ਾਹ ਦੀ ਸਰਕਾਰ ਸੀ ਤੇ ਉਸ ਸਮੇਂ ਨੌਜਵਾਨਾਂ ਦੇ ਡਾਕਟਰ ਬਣਨ ਲਈ ਫੌਜੀ ਨੌਕਰੀ ਜ਼ਰੂਰੀ ਸੀ। ਚੀ ਦੀ ਇਹ ਨੌਕਰੀ ਕਰਨ ਦੀ ਉਕਾ ਹੀ ਇੱਛਾ ਨਹੀਂ ਸੀ, ਜਿਸ ਕਰਕੇ ਉਹ ਬਰਫ ਵਰਗੇ ਠੰਡੇ ਪਾਣੀ ਨਾਲ ਨਹਾਤਾ ਤੇ ਉਸ ਨੂੰ ਦਮੇ ਦਾ ਦੌਰਾ ਪੈ ਗਿਆ। ਉਹ ਮੈਡੀਕਲ ਬੋਰਡ ਅੱਗੇ ਪੇਸ਼ ਹੋਇਆ ਤਾਂ ਉਸ ਨੂੰ ਛੁੱਟੀ ਮਿਲ ਗਈ।

ਇਸ ਪਿਛੋਂ ਚੀ ਦੱਖਣੀ ਅਮਰੀਕਾ ਦੀ ਯਾਤਰਾ 'ਤੇ ਇਕੱਲਾ ਨਿਕਲ ਪਿਆ। ਸਭ ਤੋਂ ਪਹਿਲਾਂ ਉਹ ਬੋਲੀਵੀਆ ਗਿਆ। ਉਥੇ ਕਾਲੋਨੀਆਂ ਵਿਚ ਮਜ਼ਦੂਰਾਂ ਦੇ ਹਾਲਾਤ ਦੇਖੇ ਤਾਂ ਸਰਕਾਰ ਦੇ ਸੁਧਾਰ ਉਸ ਨੂੰ ਸਿਰਫ ਖਾਨਾਪੂਰਤੀ ਲੱਗੇ। ਬੋਲੀਵੀਆ ਦੀ ਰਾਜਧਾਨੀ ਵਿਚ ਰਹਿੰਦਿਆਂ ਹੀ ਉਸ ਨੂੰ ਗੁਆਟੇਮਾਲਾ ਦੀ ਅਰਬੈਂਜ਼ ਸਰਕਾਰ ਵਲੋਂ ਲੋਕ ਭਲਾਈ ਦੇ ਕੀਤੇ ਜਾ ਰਹੇ ਕੰਮਾਂ ਬਾਰੇ ਪਤਾ ਲੱਗਾ ਤਾਂ ਉਹ ਉਥੇ ਪਹੁੰਚ ਗਿਆ। ਗੁਆਟੇਮਾਲਾ ਦੀ ਸਰਕਾਰ ਨੇ ਅਮਰੀਕਾ ਦੀ ਬਹੁ-ਕੌਮੀ ਕੰਪਨੀ 'ਯੂਨਾਈਟਿਡ ਫਰੂਟ ਕੰਪਨੀ' ਤੋਂ 556 ਹਜ਼ਾਰ ਹੈਕਟੇਅਰ ਜ਼ਮੀਨ ਜ਼ਬਤ ਕਰਕੇ ਆਮ ਲੋਕਾਂ ਵਿਚ ਵੰਡ ਦਿੱਤੀ ਤੇ ਮਜ਼ਦੂਰਾਂ ਦਾ ਮਿਹਨਤਾਨਾ ਦੁੱਗਣਾ ਕਰ ਦਿੱਤਾ, ਜਿਸ ਕਰਕੇ ਗੁਆਟੇਮਾਲਾ ਦੀ ਅਰਬੈਂਜ਼ ਸਰਕਾਰ ਅਮਰੀਕਾ ਦੀਆਂ ਅੱਖਾਂ ਵਿਚ ਖਟਕਦੀ ਸੀ ਤੇ ਅਮਰੀਕਾ ਅਰਬੈਂਜ਼ ਸਰਕਾਰ ਦਾ ਤਖਤਾ ਪਲਟਣ ਲਈ ਬਜ਼ਿਦ ਸੀ। ਇਸ ਵਿਚ ਅਮਰੀਕਾ ਸਫਲ ਵੀ ਹੋਇਆ। ਉਥੋਂ ਦੀ ਸੱਤਾ ਅਮਰੀਕੀ ਸਮਰਥਕ ਕਸਟਿਕੋ ਆਰਾਮ ਨੂੰ ਦੇ ਦਿੱਤੀ ਗਈ ਤੇ ਰਾਸ਼ਟਰਪਤੀ ਅਰਬੈਂਜ਼ ਅਰਜਨਟੀਨਾ ਚਲਾ ਗਿਆ। ਚੀ ਨੇ ਉਸ ਪਿਛੋਂ ਅਰਬੈਂਜ਼ ਦੇ ਸਮਰਥਨ ਲਈ ਜਨਤਾ ਨੂੰ ਇੱਕ-ਜੁਟ ਕਰਦਿਆਂ ਰੋਸ ਮੁਜ਼ਾਹਰਿਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਸ ਕਾਰਨ ਚੀ ਸੀ. ਆਈ. ਏ. ਦੀ ਹਿੱਟ ਲਿਸਟ 'ਤੇ ਆ ਗਿਆ ਤੇ ਬਾਅਦ ਵਿਚ ਬਾਗੀਆਂ ਨੂੰ ਦੇਸ਼ ਨਿਕਾਲਾ ਦੇ ਕੇ ਮੈਕਸੀਕੋ ਭੇਜ ਦਿੱਤਾ ਗਿਆ। ਚੀ ਵੀ ਉਨ੍ਹਾਂ ਵਿਚ ਸ਼ਾਮਿਲ ਸੀ।

ਮੈਕਸੀਕੋ ਪਹੁੰਚ ਕੇ ਚੀ ਨੇ ਸ਼ਰਨਾਰਥੀ ਕੈਂਪਾਂ ਵਿਚ ਲੋਕਾਂ ਦਾ ਇਲਾਜ ਕਰਨਾ ਸ਼ੁਰੂ ਕਰ ਦਿੱਤਾ। ਇੱਕ ਕੈਂਪ ਵਿਚ ਰਾਉਲ ਕਾਸਤਰੋ ਆਇਆ, ਉਸ ਦੀ ਉਂਗਲੀ 'ਤੇ ਜ਼ਖਮ ਸੀ। ਇਤਫਾਕ ਵਸ ਰਾਉਲ ਚੀ ਕੋਲ ਹੀ ਇਲਾਜ ਕਰਵਾਉਣ ਆ ਗਿਆ। ਚੀ ਨੇ ਕਿਹਾ ਕਿ ਜ਼ਖਮ ਗਹਿਰਾ ਹੋਣ ਕਾਰਨ 6-7 ਦਿਨ ਪੱਟੀ ਕਰਵਾਉਣੀ ਪਵੇਗੀ। ਕਾਸਤਰੋ ਅਗਲੇ ਦਿਨ ਫਿਰ ਆਇਆ ਤਾਂ ਦੋਹਾਂ ਵਿਚਾਲੇ ਗੱਲਬਾਤ ਦਾ ਸਿਲਸਿਲਾ ਚੱਲ ਪਿਆ। ਇਸ ਦੌਰਾਨ ਜਦ ਚੀ ਨੇ ਕਾਸਤਰੋ ਨੂੰ ਉਨ੍ਹਾਂ ਦੇ ਆਗੂ ਬਾਰੇ ਪੁੱਛਿਆ ਤਾਂ ਰਾਉਲ ਕਾਸਤਰੋ ਨੇ ਜਵਾਬ ਦਿੱਤਾ ਕਿ ਉਸ ਦਾ



*ਚੀ ਗਵੇਰਾ*

ਵੱਡਾ ਭਰਾ ਫਿਦੇਲ ਕਾਸਤਰੋ ਉਨ੍ਹਾਂ ਦਾ ਆਗੂ ਹੈ। ਚੀ ਨੇ ਉਸ ਨੂੰ ਮਿਲਣ ਦੀ ਇੱਛਾ ਜਾਹਰ ਕੀਤੀ।

ਅਗਲੇ ਹੀ ਦਿਨ ਚੀ ਤੇ ਫਿਦੇਲ ਕਾਸਤਰੋ ਦੀ ਮੁਲਾਕਾਤ ਹੋਈ। ਫਿਦੇਲ ਨੇ ਚੀ ਨੂੰ ਪੁੱਛਿਆ, "ਤੁਸੀਂ ਕੀ ਕਰਦੇ ਹੋ?" ਚੀ ਨੇ ਜਵਾਬ ਦਿੱਤਾ, "ਮੈਂ ਡਾਕਟਰ ਹਾਂ ਅਤੇ ਮਜ਼ਦੂਰਾਂ ਤੇ ਲੋੜਵੰਦਾਂ ਦਾ ਇਲਾਜ ਕਰਦਾ ਹਾਂ।"

ਫਿਦੇਲ ਨੇ ਚੀ ਨੂੰ ਕਿਹਾ, "ਤੁਸੀਂ ਕੋਹੜ ਦਾ ਇਲਾਜ ਕਰਦੇ ਹੋ, ਕੀ ਤੁਹਾਡੇ ਇਲਾਜ ਕਰਨ ਨਾਲ ਕੋਹੜ ਘਟ ਰਿਹਾ ਹੈ ਜਾਂ ਵਧ ਰਿਹਾ ਹੈ?"

ਚੀ ਨੇ ਕਿਹਾ, "ਮੈਂ 10 ਰੋਗੀ ਠੀਕ ਕਰਦਾ ਹਾਂ ਤੇ ਅਗਲੇ ਦਿਨ 20 ਆ ਜਾਂਦੇ ਹਨ। 20 ਠੀਕ ਕਰਦਾ ਹਾਂ ਤਾਂ ਅਗਲੇ ਦਿਨ 50 ਆ ਜਾਂਦੇ ਹਨ। ਇਸ ਤਰ੍ਹਾਂ ਤਾਂ ਕੋਹੜ ਵੱਧ ਹੀ ਰਿਹਾ ਹੈ।"

ਫਿਦੇਲ ਨੇ ਚੀ ਨੂੰ ਕਿਹਾ, "ਤੇਰੇ ਇਲਾਜ ਦੇ ਬਾਵਜੂਦ ਕੋਹੜ ਵਧ ਰਿਹਾ ਹੈ ਤਾਂ ਇਹ ਖਤਮ ਕਿਵੇਂ ਹੋਵੇਗਾ?" ਚੀ ਨਿਰਉਤਰ ਹੋ ਗਿਆ। ਫਿਦੇਲ ਨੇ ਕਿਹਾ, "ਸੋਚ ਲੈ। ਜਦੋਂ ਤੈਨੂੰ ਪਤਾ ਲੱਗ ਜਾਵੇ ਤਾਂ ਮੇਰੇ ਕੋਲ ਆ ਜਾਵੀਂ।"


ਇਸ ਪਿਛੋਂ ਚੀ ਕਈ ਦਿਨ-ਰਾਤ ਸੋਚਦਾ ਰਿਹਾ ਤੇ ਉਸ ਦਾ ਮਨ ਬੇਚੈਨ ਰਿਹਾ, ਪਰ ਉਸ ਨੂੰ ਕੋਈ ਉਤਰ ਨਾ ਸੁੱਝਾ। ਉਹ ਮੁੜ ਫਿਦੇਲ ਕਾਸਤਰੋ ਕੋਲ ਗਿਆ ਤੇ ਕਿਹਾ, "ਮੈਨੂੰ ਕੁਝ ਵੀ ਸਮਝ ਨਹੀਂ ਆ ਰਿਹਾ ਕਿ ਕੋਹੜ ਕਿਵੇਂ ਖਤਮ ਹੋਵੇਗਾ, ਪਰ ਮੈਂ ਇਸ ਨੂੰ ਕਿਸੇ ਵੀ ਕੀਮਤ 'ਤੇ ਖਤਮ ਕਰਨਾ ਚਾਹੁੰਦਾ ਹਾਂ।"

ਫਿਦੇਲ ਕਾਸਤਰੋ ਨੇ ਕਿਹਾ, "ਜਦੋਂ ਤੱਕ ਤੂੰ ਇਹ ਨਹੀਂ ਪਤਾ ਕਰੇਂਗਾ ਕਿ ਕੋਹੜ ਕਿਥੋਂ ਪੈਦਾ ਹੁੰਦਾ ਹੈ, ਤੂੰ ਇਸ ਨੂੰ ਖਤਮ ਨਹੀਂ ਕਰ ਸਕਦਾ। ਜਾ ਕੇ ਦੇਖ ਲੋਕ ਕਿੰਨੇ ਗੰਦੇ ਹਾਲਾਤ ਵਿਚ ਰਹਿ ਰਹੇ ਹਨ। ਉਨ੍ਹਾਂ ਕੋਲ ਖਾਣ ਲਈ ਰੋਟੀ ਨਹੀਂ ਤੇ ਰਹਿਣ ਲਈ ਵੀ ਗੰਦੀਆਂ ਬਸਤੀਆਂ ਹਨ। ਸਾਰੇ ਸੋਮਿਆਂ 'ਤੇ ਸਰਮਾਏਦਾਰਾਂ ਦਾ ਕਬਜ਼ਾ ਹੈ। ਜੇ ਕੋਹੜ ਨੂੰ ਖਤਮ ਕਰਨਾ ਹੈ ਤਾਂ ਉਨ੍ਹਾਂ ਦੇ ਹਾਲਾਤ ਬਦਲਨੇ ਪੈਣਗੇ।"

ਚੀ ਨੇ ਕਿਹਾ, "ਲੋਕਾਂ ਦੇ ਹਾਲਾਤ ਕਿਵੇਂ ਬਦਲੇ ਜਾ ਸਕਦੇ ਹਨ?" ਤਾਂ ਫਿਦੇਲ ਕਾਸਤਰੋ ਨੇ ਬੰਦੂਕ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਸ ਲਈ ਹਥਿਆਰ ਚੁੱਕਣੇ ਪੈਣਗੇ, ਕਿਉਂਕਿ ਇਸ ਤੋਂ ਬਿਨਾ ਕੋਈ ਹੋਰ ਚਾਰਾ ਨਹੀਂ। ਚੀ ਨੇ ਬੰਦੂਕ ਚੁੱਕੀ ਤੇ ਕਿਹਾ, "ਮੈਂ ਹੁਣ ਜਾਣ ਗਿਆ ਹਾਂ ਕਿ ਮੇਰੀ ਮੰਜ਼ਿਲ ਤੇ ਰਸਤਾ ਕੀ ਹੈ?"

ਇਸ ਪਿਛੋਂ ਚੀ ਤੇ ਫਿਦੇਲ ਕ੍ਰਾਂਤੀ ਦੀਆਂ ਯੋਜਨਾਵਾਂ ਬਣਾਉਂਦੇ ਤੇ ਲੋਕਾਂ ਨੂੰ ਇਕਜੁੱਟ ਕਰਦੇ। ਉਨ੍ਹਾਂ ਨੇ ਕਿਊਬਾ ਪਹੁੰਚਣ ਲਈ ਗਰਹਮਾ ਨਦੀ ਦੀ ਚੋਣ ਕੀਤੀ ਤੇ ਨਵੰਬਰ 1956 ਵਿਚ ਕਿਸ਼ਤੀ ਰਾਹੀਂ ਯਾਤਰਾ ਸ਼ੁਰੂ ਕੀਤੀ। ਕਿਸ਼ਤੀ ਵਿਚ ਸਿਰਫ ਕੁਝ ਲੋਕ ਹੀ ਬੈਠ ਸਕਦੇ ਸਨ, ਪਰ ਫਿਦੇਲ ਕਾਸਤਰੋ, ਰਾਉਲ ਕਾਸਤਰੋ ਤੇ ਚੀ ਸਮੇਤ ਕੁੱਲ 81 ਲੋਕ ਕਿਸ਼ਤੀ ਵਿਚ ਸਵਾਰ ਹੋ ਗਏ। ਰਸਤੇ ਵਿਚ ਕੁਝ ਲੋਕ ਡੁੱਬਣ ਕਰਕੇ ਮਰ ਗਏ। 25 ਨਵੰਬਰ 1956 ਨੂੰ ਕਿਊਬਾ ਪਹੁੰਚਦੇ ਸਾਰ ਹੀ ਬਤਿਸਤਾ ਦੀਆਂ ਫੌਜਾਂ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਰਾਉਲ, ਫਿਦੇਲ ਤੇ ਚੀ ਸਮੇਤ ਸਿਰਫ 20 ਸਾਥੀ ਹੀ ਬਚ ਸਕੇ। ਚੀ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਅਗਲੇ ਕਈ ਦਿਨ ਫੌਜੀ ਤੇ ਹਵਾਈ ਹਮਲਿਆਂ ਦਾ ਸਾਹਮਣਾ ਕਰਦਿਆਂ ਕ੍ਰਾਂਤੀਕਾਰੀ ਜੰਗਲਾਂ ਰਾਹੀਂ ਅੱਗੇ ਵਧਦੇ ਰਹੇ। ਚੀ ਸਿਆਰਾ ਮੇਤਰਾ ਦੀਆਂ ਪਹਾੜੀਆਂ ਵਿਚ ਲੁਕ ਗਿਆ, ਜਿੱਥੇ ਉਨ੍ਹਾਂ ਨੇ ਮਜ਼ਦੂਰਾਂ ਤੇ ਕਿਸਾਨਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਉਨ੍ਹਾਂ ਨੇ ਇਨ੍ਹਾਂ ਪਹਾੜੀਆਂ ਦੇ ਨਾਲ ਬਤਿਸਤਾ ਫੌਜ ਦੀਆਂ ਚੌਕੀਆਂ ਖਦੇੜ ਦਿੱਤੀਆਂ ਤੇ ਕਈ ਜ਼ਮੀਨੀ ਸੁਧਾਰ ਕੀਤੇ। 2 ਜੂਨ 1959 ਨੂੰ ਆਪਣੀ ਹੀ ਇੱਕ ਇਨਕਲਾਬੀ ਸਾਥਣ ਅਲੇਡਾ ਮਾਰਚ ਨਾਲ ਚੀ ਨੇ ਵਿਆਹ ਕਰਵਾ ਲਿਆ, ਜਿਸ ਦੀ ਕੁੱਖੋਂ ਚਾਰ ਬੱਚਿਆਂ ਨੇ ਜਨਮ ਲਿਆ। ਚੀ ਨੇ ਸਿੱਧੀ ਲੜਾਈ ਦੀ ਥਾਂ ਗੁਰੀਲਾ ਯੁੱਧ ਦੀ ਹਮਾਇਤ ਕੀਤੀ।

ਦੋ ਸਾਲ ਪੂਰਾ ਖੂਨੀ ਸੰਘਰਸ਼ ਚੱਲਿਆ ਅਤੇ ਅੰਤ 31 ਦਸੰਬਰ 1958 ਨੂੰ ਕ੍ਰਾਂਤੀ ਦੀ ਜਿੱਤ ਹੋਈ ਤੇ ਬਤਿਸਤਾ ਰਾਜ ਦਾ ਤਖਤਾ ਪਲਟ ਹੋ ਗਿਆ। ਫਿਦੇਲ ਕਾਸਤਰੋ ਨੂੰ ਰਾਸ਼ਟਰਪਤੀ ਚੁਣਿਆ ਗਿਆ ਤੇ ਚੀ ਗਵੇਰਾ ਨੂੰ ਕਿਊਬਾ ਦੀ ਨਾਗਰਿਕਤਾ ਦੇ ਕੇ ਸਰਕਾਰ ਵਿਚ ਅਹਿਮ ਅਹੁਦਾ ਦਿੱਤਾ ਗਿਆ। ਚੀ ਨੂੰ ਕਿਊਬਾ ਦੇ ਕੇਂਦਰੀ ਬੈਂਕ ਦਾ ਮੁਖੀ ਬਣਾਉਣ ਦੇ ਨਾਲ ਖੇਤੀਬਾੜੀ ਤੇ ਉਦਯੋਗ ਮਹਿਕਮੇ ਦਾ ਮੁਖੀ ਵੀ ਬਣਾਇਆ ਗਿਆ, ਪਰ ਚੀ ਕਦੇ ਵੀ ਆਪਣੇ ਦਫਤਰ ਵਿਚ



**ਫਿਦੇਲ ਕਾਸਤਰੋ**

ਕੁਰਸੀ 'ਤੇ ਨਹੀਂ ਬੈਠਿਆ। ਉਹ ਆਪ ਤੇ ਆਪਣੇ ਅਫਸਰਾਂ ਨੂੰ ਨਾਲ ਲੈ ਕੇ ਖੇਤਾਂ ਵਿਚ ਮਜ਼ਦੂਰਾਂ ਨਾਲ ਕੰਮ ਕਰਦਾ, ਤਾਂ ਜੋ ਅਫਸਰ ਜ਼ਮੀਨੀ ਮੁਸ਼ਕਿਲਾਂ ਬਾਰੇ ਜਾਣ ਕੇ ਸਹੀ ਯੋਜਨਾਵਾਂ ਬਣਾਉਣ।

ਫਿਦੇਲ ਕਾਸਤਰੋ ਤੇ ਚੀ ਗਵੇਰਾ ਨੇ ਪੂਰੀ ਦੁਨੀਆਂ ਨੂੰ ਕਿਊਬਾ ਦੇ ਲੋਕ ਰਾਜ ਦਾ ਸ਼ੀਸ਼ਾ ਦਿਖਾਇਆ। ਅੱਜ ਕਿਊਬਾ ਵਿਚ 60 ਵਿਅਕਤੀਆਂ ਪਿੱਛੇ ਇੱਕ ਡਾਕਟਰ ਹੈ, ਜਦੋਂ ਕਿ ਭਾਰਤ ਵਿਚ 1300 ਪਿੱਛੇ ਇੱਕ ਡਾਕਟਰ।

ਜਦੋਂ ਕਿਊਬਾ ਵਿਚ ਸਭ ਪਾਸੇ ਸ਼ਾਂਤੀ ਹੋ ਗਈ ਤਾਂ ਚੀ ਨੇ ਫਿਦੇਲ ਨੂੰ ਕਿਹਾ, "ਕਿਊਬਾ ਵਿਚ ਹੁਣ ਲੋਕ ਰਾਜ ਸਥਾਪਿਤ ਹੋ ਚੁਕਾ ਹੈ, ਪਰ ਸੰਸਾਰ ਦੇ ਬਹੁਤੇ ਦੇਸ਼ ਅਜੇ ਵੀ ਸਰਮਾਏਦਾਰੀ ਦਾ ਸ਼ਿਕਾਰ ਹਨ। ਮੈਂ ਉਨ੍ਹਾਂ ਲਈ ਕੁਝ ਕਰਨਾ ਚਾਹੁੰਦਾ ਹਾਂ ਤੇ ਮੈਨੂੰ ਇਜਾਜ਼ਤ ਦਿਓ।"

ਫਿਦੇਲ ਨੇ ਭਰੇ ਮਨ ਨਾਲ ਚੀ ਗਵੇਰਾ ਨੂੰ ਵਿਦਾ ਕੀਤਾ। ਇਸ ਪਿਛੋਂ ਉਸ ਨੇ ਕਈ ਦੇਸ਼ਾਂ ਵਿਚ ਕ੍ਰਾਂਤੀ ਦਾ ਬਿਗਲ ਵਜਾਇਆ ਅਤੇ ਬ੍ਰਾਜ਼ੀਲ ਤੇ ਕਾਂਗੋ ਵਰਗੇ ਕਈ ਦੇਸ਼ਾਂ ਵਿਚ ਕ੍ਰਾਂਤੀ ਦੀ ਚਿਣਗ ਲਾਉਣ ਪਿਛੋਂ ਬੋਲੀਵੀਆ ਵਿਚ ਹੋ ਰਹੇ ਜ਼ੁਲਮਾਂ ਦਾ ਬਦਲਾ ਲੈਣ ਲਈ ਚਲਾ ਗਿਆ। ਹੁਣ ਤੱਕ ਉਹ ਅਮਰੀਕਾ ਦਾ ਸਭ ਤੋਂ ਵੱਡਾ ਦੁਸ਼ਮਣ ਬਣ ਚੁਕਾ ਸੀ। 8 ਅਕਤੂਬਰ 1967 ਨੂੰ ਬੋਲੀਵੀਆ ਦੇ ਜੰਗਲਾਂ ਵਿਚ 1800 ਅਮਰੀਕੀ ਸੈਨਿਕਾਂ ਦੀ ਟੁਕੜੀ ਨੇ ਚੀ ਗਵੇਰਾ ਨੂੰ ਘੇਰਾ ਪਾ ਲਿਆ ਤੇ ਉਸ ਨੂੰ ਗੋਲੀ ਮਾਰਨ ਦਾ ਹੁਕਮ ਦਿੱਤਾ।

9 ਅਕਤੂਬਰ 1967 ਨੂੰ ਇੱਕ ਕਮਾਂਡਰ ਜਦੋਂ ਚੀ ਗਵੇਰਾ ਨੂੰ ਗੋਲੀ ਮਾਰਨ ਲੱਗਾ ਤਾਂ ਉਸ ਨੇ ਦੇਖਿਆ ਕਿ ਉਹ ਕੁਝ ਸੋਚ ਰਿਹਾ ਸੀ। ਉਸ ਨੇ ਪੁੱਛਿਆ, "ਤੂੰ ਆਪਣੇ ਅਮਰ ਹੋਣ ਬਾਰੇ ਸੋਚ ਰਿਹਾ ਏਂ?" ਚੀ ਗਵੇਰਾ ਨੇ ਕਿਹਾ, "ਨਹੀਂ! ਮੈਂ ਤਾਂ ਇਨਕਲਾਬ ਦੀ ਅਮਰਤਾ ਬਾਰੇ ਸੋਚ ਰਿਹਾਂ, ਤੇ ਸੋਚ ਰਿਹਾਂ ਕਿ ਜਿਸ ਦਿਨ ਲੋਕ ਜ਼ੁਲਮਾਂ ਖਿਲਾਫ ਉਠ ਖੜ੍ਹਨਗੇ ਤਾਂ ਉਹ ਤੁਹਾਨੂੰ ਤਬਾਹ ਕਰ ਦੇਣਗੇ।"

ਅਜੇ ਚੀ ਬੋਲ ਹੀ ਰਿਹਾ ਸੀ ਕਿ ਕਮਾਂਡਰ ਨੇ ਗੋਲੀ ਚਲਾ ਦਿੱਤੀ ਤੇ ਉਸ 'ਤੇ ਇੱਕ ਪਿੱਛੋਂ ਇੱਕ ਨੌਂ ਗੋਲੀਆਂ ਚਲਾਈਆਂ। ਫਿਰ ਉਸ ਦੇ ਹੱਥ ਕੱਟ ਦਿੱਤੇ ਗਏ ਤਾਂ ਕਿ ਹੱਥਾਂ ਦੇ ਨਿਸ਼ਾਨ ਲਏ ਜਾ ਸਕਣ।

ਬੋਲੀਵੀਆ ਸਰਕਾਰ ਨੇ ਐਲਾਨ ਕੀਤਾ ਕਿ ਉਹ ਚੀ ਦੀ ਡਾਇਰੀ 10 ਲੱਖ ਡਾਲਰ 'ਚ ਵੇਚਣ ਲਈ ਤਿਆਰ ਹੈ, ਪਰ ਫਿਦੇਲ ਕਾਸਤਰੋ ਨੇ ਟੀ. ਵੀ. 'ਤੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ ਕਿ ਚੀ ਗਵੇਰਾ ਦੀ ਡਾਇਰੀ ਦੀ ਅਸਲੀ ਨਕਲ ਕਿਸੇ ਸ਼ੁਭਚਿੰਤਕ ਨੇ ਪਹਿਲਾਂ ਹੀ ਸਾਡੇ ਤੱਕ ਪਹੁੰਚਾ ਦਿੱਤੀ ਹੈ, ਤੇ ਜਲਦੀ ਹੀ ਛਾਪ ਵੀ ਦਿੱਤੀ ਜਾਵੇਗੀ। ਫਿਦੇਲ ਕਾਸਤਰੋ ਜਾਣਦਾ ਸੀ ਕਿ ਚੀ ਗਵੇਰਾ ਡਾਇਰੀ ਲਿਖਦਾ ਸੀ ਤੇ ਉਹ ਡਾਇਰੀ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਬਣੇਗੀ।

# ਗ੍ਰੀਕ ਦਾ ਸੁਪਰਮੈਨ 'ਹਰਕੁਲੀਸ'

ਹਰਕੁਲੀਸ ਦੇ ਨਾਂ ਤੋਂ ਹੀ ਮਨ ਵਿਚ ਇਕ ਅਜਿਹੇ ਆਦਮੀ ਦੇ ਨਕਸ਼ ਉਭਰਦੇ ਹਨ, ਜੋ ਬੇਹੱਦ ਬਲਵਾਨ ਹੋਵੇ। ਜਾਂਬਾਜ਼ੀ ਨਾਲ ਭਰੇ ਹੈਰਤਅੰਗੇਜ਼ ਕਾਰਨਾਮਿਆਂ ਅਤੇ ਕ੍ਰਿਸ਼ਮਿਆਂ ਦਾ ਕਥਾਨਾਇਕ ਕਈ ਸਾਲ ਪਹਿਲਾਂ ਗ੍ਰੀਸ ਵਿਚ ਪੈਦਾ ਹੋਇਆ ਸੀ।

ਗ੍ਰੀਸ ਵਿਚ ਅੱਜ ਵੀ ਹਰਕੁਲੀਸ ਨੂੰ

**ਅਮਰਜੀਤ ਚੰਦਰ, ਲੁਧਿਆਣਾ**
**ਫੋਨ: 91-94176-00014**

ਦੇਵਤੇ ਵਾਂਗ ਪੂਜਿਆ ਜਾਂਦਾ ਹੈ। ਉਸ ਦੀ ਬਹਾਦਰੀ ਦੇ ਕਿੱਸੇ ਤਾਂ ਪੂਰੀ ਦੁਨੀਆਂ ਵਿਚ ਮਸ਼ਹੂਰ ਹਨ। ਗ੍ਰੀਸ ਦੇ ਬੱਚੇ ਬਚਪਨ ਤੋਂ ਹੀ ਹਰਕੁਲੀਸ ਦੇ ਕਿੱਸੇ ਸੁਣ ਸੁਣ ਕੇ ਉਸ ਨੂੰ ਆਪਣਾ ਆਦਰਸ਼-ਪੁਰਸ਼ ਮੰਨ ਲੈਂਦੇ ਹਨ। ਉਨ੍ਹਾਂ ਲਈ ਹਰਕੁਲੀਸ ਸੁਪਰਮੈਨ ਹੈ, ਜੋ ਹਰ ਅਸੰਭਵ ਕੰਮ ਨੂੰ ਸੰਭਵ ਕਰ ਸਕਦਾ ਹੈ।


ਹਰਕੁਲੀਸ ਦਾ ਬਚਪਨ ਤਕਲੀਫਾਂ ਨਾਲ ਭਰਪੂਰ ਸੀ। ਉਸ ਦੇ ਮਾਤਾ-ਪਿਤਾ ਜੀਯਸ ਅਤੇ ਹੇਰਾ ਕਿਸੇ ਵਜ੍ਹਾ ਕਰਕੇ ਹਰਕੁਲੀਸ ਨਾਲ ਨਫਰਤ ਕਰਦੇ ਸਨ। ਉਨ੍ਹਾਂ ਨੇ ਬਚਪਨ ਵਿਚ ਹੀ ਉਸ ਨੂੰ ਮਾਰਨ ਲਈ ਬੇਹੱਦ ਜ਼ਹਿਰੀਲੇ ਸੱਪ ਹਰਕੁਲੀਸ 'ਤੇ ਛੱਡ ਦਿੱਤੇ ਸਨ, ਪ੍ਰੰਤੂ 'ਜਾਕੋ ਰਾਖੇ ਸਾਈਆਂ, ਮਾਰ ਸਕੇ ਨ ਕੋਇ' ਕਹਾਵਤ ਨੂੰ ਸੱਚ ਕਰਦਾ ਹਰਕੁਲੀਸ ਬਚ ਗਿਆ।

ਜਵਾਨੀ ਵਿਚ ਹਰਕੁਲੀਸ ਨੇ ਮੇਗਾਰਾ ਨਾਂ ਦੀ ਇਕ ਬੇਹੱਦ ਖੂਬਸੂਰਤ ਲੜਕੀ ਨਾਲ ਵਿਆਹ ਕੀਤਾ। ਮੇਗਾਰਾ ਤੋਂ ਹਰਕੁਲੀਸ ਨੂੰ ਇਕ ਪੁੱਤਰ ਦੀ ਦਾਤ ਮਿਲੀ, ਪਰ ਹਰਕੁਲੀਸ ਦੇ ਮਾਤਾ-ਪਿਤਾ ਨੇ ਉਸ ਨੂੰ ਪਤਿਆ ਕੇ ਉਸ ਕੋਲੋਂ ਉਸ ਦੀ ਪਤਨੀ ਅਤੇ ਪੁੱਤਰ ਦਾ ਕਤਲ ਕਰਵਾ ਦਿੱਤਾ।

ਹਰਕੁਲੀਸ ਦੀ ਇਸ ਕਰਤੂਤ ਦੀ ਖਬਰ ਜਦ ਉਸ ਵੇਲੇ ਦੇ ਗ੍ਰੀਕ ਸਮਰਾਟ ਡੇਲਫੀ ਨੂੰ ਮਿਲੀ ਤਾਂ ਉਹ ਹਰਕੁਲੀਸ 'ਤੇ ਬੇਹੱਦ ਗੁੱਸੇ ਹੋਇਆ। ਡੇਲਫੀ ਉਸ ਨੂੰ ਮੌਤ ਦੀ ਸਜ਼ਾ ਦੇਣਾ ਚਾਹੁੰਦਾ ਸੀ, ਪਰ ਦਰਬਾਰੀਆਂ ਦੇ ਸਮਝਾਉਣ 'ਤੇ ਬਾਦਸ਼ਾਹ ਡੇਲਫੀ ਨੇ ਹਰਕੁਲੀਸ ਨੂੰ ਆਪਣੇ ਰਾਜ ਤੋਂ ਬਾਰਾਂ ਸਾਲ ਲਈ ਬੇਦਖਲ ਕਰ ਕੇ ਬਾਦਸ਼ਾਹ ਯੂਰੇਸਥਿਯਸ ਦੀ ਸੇਵਾ ਵਿਚ ਭੇਜ ਦਿੱਤਾ।

ਯੂਰੇਸਥਿਯਸ ਨੇ ਹਰਕੁਲੀਸ ਨੂੰ ਬਾਰਾਂ ਅਜਿਹੇ ਔਖੇ ਕੰਮ ਦੱਸੇ, ਜੋ ਪੂਰੇ ਕਰਨੇ ਕਿਸੇ ਵੀ ਆਮ ਆਦਮੀ ਲਈ ਅਸੰਭਵ ਸਨ। ਹਰਕੁਲੀਸ ਨੇ ਬੜੀ ਹੁਸ਼ਿਆਰੀ ਅਤੇ ਕੁਸ਼ਲਤਾ ਨਾਲ ਉਹ ਸਾਰੇ ਕੰਮ ਪੂਰੇ ਕੀਤੇ। ਇਨ੍ਹਾਂ ਕੰਮਾਂ ਨੇ ਹੀ ਹਰਕੁਲੀਸ ਨੂੰ ਹੀਰੋ ਵਾਂਗ ਮਸ਼ਹੂਰ ਕਰ ਦਿੱਤਾ।

ਇਕ ਖੂੰਖਾਰ ਸ਼ੇਰ ਨਾਲ ਯੁੱਧ ਕਰਕੇ ਬਿਨਾ ਕਿਸੇ ਹਥਿਆਰ ਦੇ ਹਰਕੁਲੀਸ ਨੇ ਸ਼ੇਰ ਨੂੰ ਮਾਰ ਮੁਕਾਇਆ। ਇਥੋਂ ਹੀ ਉਸ ਦੀ ਵੀਰਤਾ ਅਤੇ ਹਿੰਮਤ ਦਾ ਸਫਰ ਸ਼ੁਰੂ ਹੋਇਆ।



*ਹਰਕੁਲੀਸ ਦਾ ਇਕ ਬੁੱਤ*

ਇਸ ਪਿਛੋਂ ਕਿਹਾ ਜਾਂਦਾ ਹੈ ਕਿ ਉਸ ਨੇ ਇਕ ਰਾਖਸ਼ਸ਼ ਨੂੰ ਮਾਰ ਮੁਕਾਇਆ।

ਹਰਕੁਲੀਸ ਦਾ ਇਕ ਹੋਰ ਹੈਰਤਅੰਗੇਜ਼ ਕਾਰਨਾਮਾ ਸੀ, ਸਮਰਾਟ ਆਗਸਟਨ ਦੇ ਤਿੰਨ ਸੌ ਬਲਦਾਂ ਦੇ ਅਸਤਬਲ ਦੀ ਸਫਾਈ। ਇਹ ਅਸਤਬਲ ਐਨਾ ਲੰਮਾ-ਚੌੜਾ ਸੀ ਕਿ ਪਿਛਲੇ ਤੀਹ ਸਾਲਾਂ ਤੋਂ ਇਸ ਦੀ ਸਫਾਈ ਨਹੀਂ ਸੀ ਹੋ ਸਕੀ। ਹੀਰੋ ਹਰਕੁਲੀਸ ਨੇ ਇਸ ਅਸਤਬਲ ਦੀ ਸਫਾਈ ਲਈ ਦੋ ਨਦੀਆਂ ਦਾ ਮੂੰਹ ਅਸਤਬਲ ਵਲ ਮੋੜ ਦਿੱਤਾ ਅਤੇ ਇਕ ਦਿਨ ਵਿਚ ਪੂਰੇ ਅਸਤਬਲ ਨੂੰ ਚਮਕਾ ਦਿੱਤਾ।

ਹਰਕੁਲੀਸ ਦੇ ਦੂਜੇ ਵੀਰਤਾ ਭਰੇ ਕੰਮਾਂ ਵਿਚ ਯੂਰੇਸਥਿਯਸ ਨੂੰ ਚੌਕੀਦਾਰੀ ਕਰਨ ਵਾਲਾ 'ਸਿਰਬੇਰਸ' ਨਾਂ ਦਾ ਵਿਲੱਖਣ ਕੁੱਤਾ ਲਿਆ ਕੇ ਦੇਣਾ ਹੈ, ਸਪੇਰਾਇਡਸ ਤੋਂ ਤਿੰਨ ਸੁਨਹਿਰੇ ਸੇਬ ਲਿਆਉਣਾ, ਸਟਾਯਸਪਲਸ ਨਾਂ ਦੇ ਖਤਰਨਾਕ ਪਰਿੰਦਿਆਂ ਨੂੰ ਮਾਰਨਾ, ਨਰਭਕਸ਼ੀ ਘੋੜਿਆਂ ਨੂੰ ਫੜਨਾ ਅਤੇ ਅਮੇਜਨ ਨਦੀ ਦੀ ਰਾਣੀ ਹਿੱਪੋਲਾਯਟਾ ਦੇ ਬੇਲਟ ਨੂੰ ਵਾਪਸ ਕਰਨ ਵਰਗੇ ਕੰਮ ਵੀ ਸ਼ਾਮਿਲ ਸਨ। ਅੱਜ ਗ੍ਰੀਸ ਵਿਚ ਹਰਕੁਲੀਸ ਨੂੰ ਬਹਾਦਰੀ, ਹਿੰਮਤ, ਦਲੇਰੀ ਅਤੇ ਬੁੱਧੀਮਾਨੀ ਦਾ ਜੀਵਨ ਪ੍ਰਤੀਕ ਮੰਨਿਆ ਜਾਂਦਾ ਹੈ।

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

## ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

ਫੋਨ: 317-750-1900

# Chevron Station For Sale

## *In Florida*

**Very High Volume Store**
**Totally Renovated**

New Pumps, Coolers, Floor, Bathroom, Office, New Kitchen, New Roof. Remodeled store.

It's neighborhood store and 30k car count on the street. A lot roof tops around

165 -170 K inside sales (High Margins)
60 K Gallons

*3000 lotto commission *Uhaul - ATM - 2k
*Rent:14k NNN *LONG LEASE

**Asking Price: 575K**
plus inventory

**Please only serious inquires.**

Email us: sunkap1@icloud.com

43/8

# ਭਾਈ ਸੱਜਣ ਸਿੰਘ ਜੀ ਦੀ ਰਹਿਨੁਮਾਈ ਹੇਠ



ਭਾਈ ਸੱਜਣ ਸਿੰਘ ਜੀ

## ਸ੍ਰੀ ਗੁਰੂ ਰਾਮਦਾਸ ਇੰਟਰਨੈਸ਼ਨਲ ਨਿਸ਼ਕਾਮ ਸੇਵਾ ਸੁਸਾਇਟੀ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ 'ਚ 50 ਕਮਰਿਆਂ ਦੀ ਇਮਾਰਤ ਉਸਾਰੀ ਅਧੀਨ!

## ਮਕਸਦ

* ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਮੁਫਤ ਰਿਹਾਇਸ਼ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ 12ਵੀਂ ਤੱਕ ਦੀ ਵਿੱਦਿਆ ਮੁਫਤ ਦਿੱਤੀ ਜਾਵੇਗੀ।
* ਇਨ੍ਹਾਂ ਬੱਚਿਆਂ ਨੂੰ ਧਾਰਮਿਕ ਵਿੱਦਿਆ ਪ੍ਰਦਾਨ ਕੀਤੀ ਜਾਵੇਗੀ।
* ਪੰਗਤ ਵਿਚ ਸੰਗਤ ਦੇ ਸਿਧਾਂਤ ਅਨੁਸਾਰ ਲੰਗਰ ਉਪਲਬਧ ਹੋਵੇਗਾ।
* ਇਸ ਇਮਾਰਤ ਦੇ ਅੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੋਵੇਗਾ।





ਗੁਰੂ ਪਿਆਰੀ ਸਾਧ ਸੰਗਤ ਜੀ,

ਅੱਜ ਦੇ ਇਸ ਪਦਾਰਥਵਾਦੀ ਯੁੱਗ ਵਿਚ ਹਰ ਕਿਸੇ ਨੇ ਆਪੋਧਾਪ ਪਈ ਹੋਈ ਹੈ, ਪਰ ਗੁਰੂ ਸਾਹਿਬਾਨ ਦੇ ਸਿਧਾਂਤ ਤੇ ਕੋਈ ਵਿਰਲਾ ਹੀ ਪਹਿਰਾ ਦੇ ਰਿਹਾ ਹੈ। ਗਰੀਬ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਅਤੇ ਉਨ੍ਹਾਂ ਨੂੰ ਸਮੇਂ ਦੇ ਨਾਲ ਤੋਰਨ ਦੀ ਕਿਸੇ ਕੋਲ ਵਿਹਲ ਨਹੀਂ।ਅਸੀਂ ਆਪ ਸਭ ਦੇ ਸਹਿਯੋਗ ਨਾਲ ਇਕ ਇਹੋ ਜਿਹਾ ਓਟ ਆਸਰਾ ਬਣਾਉਣ ਜਾ ਰਹੇ ਹਾਂ ਜਿੱਥੋਂ ਗਰੀਬ ਗੁਰਬਿਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਈ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ।ਇਹ ਜੀਵਨ ਨਾਸ਼ਵਾਨ ਹੈ, ਇਸ ਲਈ ਗੁਰੂ ਦੀ ਬਖਸ਼ੀ ਮਾਇਆ ਵਿਚੋਂ ਜੇਕਰ ਅਸੀਂ ਦੂਜਿਆਂ ਦੇ ਜੀਵਨ ਨੂੰ ਸੁਧਾਰਨ ਵਿਚ ਦਾਨ ਕਰਦੇ ਹਾਂ ਤਾਂ ਬਿਨਾਂ ਸ਼ੱਕ ਪ੍ਰਮਾਤਮਾ ਉਸ ਦਾਨ ਦੇ ਬਦਲੇ ਤੁਹਾਨੂੰ ਸੰਤੁਸ਼ਟੀ ਜ਼ਰੂਰ ਬਖਸ਼ੇਗਾ। ਸੋ ਮੇਰੀ ਆਪ ਸਭ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਆਪ ਜੀ ਇਸ ਪ੍ਰੋਜੈਕਟ ਵਿਚ ਆਪਣਾ ਹਿੱਸਾ ਪਾਓ ਅਤੇ ਗਰੀਬ ਗੁਰਬਿਆਂ ਦੇ ਜੀਵਨ ਨੂੰ ਉੱਚਾ ਚੁੱਕਣ ਵਿਚ ਸਹਿਯੋਗ ਕਰਨ ਦਾ ਮਾਣ ਹਾਸਲ ਕਰੋ।

– ਭਾਈ ਸੱਜਣ ਸਿੰਘ



### ਦਾਨੀ ਸੱਜਣ ਹੇਠ ਲਿਖੇ ਅਕਾਊਂਟ ਵਿਚ ਦਾਨ ਭੇਜ ਸਕਦੇ ਹਨ

Account Name : SHRI GURU RAMDAS GURMAT SOCIETY INC.
Bank : CAPITAL ONE
Routing Number : 0 2 1 4 0 7 9 1 2
Account number : 7 5 2 8 8 9 9 3 4 6

### ਸਥਾਨ

ਟੈਂਪਲ ਕਲੋਨੀ, ਸ੍ਰੀ ਅੰਮ੍ਰਿਤਸਰ ਸਾਹਿਬ,
ਤਾਰਾਂ ਵਾਲਾ ਪੁਲ ਦੇ ਕੋਲ

# ਸਮੁੱਚੀ ਮਾਨਵਤਾ ਦੇ ਰਹਿਬਰ ਬਾਬਾ ਨਾਨਕ: ਬੰਸੀ ਕੌਲ

ਦਵੀ ਦਵਿੰਦਰ ਕੌਰ

*ਇਸ ਵੇਲੇ ਪੰਜਾਬ ਭਰ ਵਿਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨਮਿਤ ਲਾਈਟ ਐਂਡ ਸਾਊਂਡ ਸ਼ੋਅ ਅਤੇ ਹੋਰ ਪ੍ਰੋਗਰਾਮ ਚੱਲ ਰਹੇ ਹਨ। ਸੀ.ਕੇ. ਡਾਇਰੈਕਟ ਵਲੋਂ ਸੰਜੀਵ ਪਸਰੀਚਾ ਤੇ ਅੰਜਲੀ ਪਸਰੀਚਾ ਦੀ ਅਗਵਾਈ 'ਚ ਲਾਈਟ ਐਂਡ ਸਾਊਂਡ ਸ਼ੋਅ, ਮਿਊਜ਼ੀਅਮ ਅਤੇ ਸੁਲਤਾਨਪੁਰ ਲੋਧੀ 'ਚ ਹੋਣ ਵਾਲਾ ਵੱਡਾ ਨਾਟਕ ਬੰਸੀ ਕੌਲ ਨੇ ਤਿਆਰ ਕੀਤਾ ਹੈ। ਐਨ.ਐਸ.ਡੀ. ਪਾਸ 70 ਸਾਲਾ ਬੰਸੀ ਕੌਲ ਪਦਮਸ੍ਰੀ, ਕਾਲੀਦਾਸ ਸਨਮਾਨ ਜਿਹੇ ਹਾਸਲਾਂ ਤੋਂ ਇਲਾਵਾ ਥੀਏਟਰ ਤੇ ਸਿਨੇਮਾ ਦੀ ਅਜ਼ੀਮ ਹਸਤੀ ਹਨ। ਇਸ ਲਾਈਟ ਐਂਡ ਸਾਊਂਡ ਸ਼ੋਅ ਦੇ ਬਹਾਨੇ ਉਨ੍ਹਾਂ ਨਾਲ ਕਈ ਪਹਿਲੂਆਂ 'ਤੇ ਗੱਲਬਾਤ ਹੋਈ ਜਿਸ ਦੇ ਅੰਸ਼ ਪਾਠਕਾਂ ਦੀ ਨਜ਼ਰ ਹਨ:*



*ਬੰਸੀ ਕੌਲ ਦੇ ਤਿਆਰ ਕਰਵਾਏ ਲਾਈਟ ਐਂਡ ਸਾਊਂਡ ਸ਼ੋਅ ਦੀ ਝਲਕ।*

**ਪੰਜਾਬ ਨਾਲ ਤੁਹਾਡੀ ਕੋਈ ਵਿਸ਼ੇਸ਼ ਸਾਂਝ ਜਾਪਦੀ ਹੈ?**

-ਹਾਂ, ਜੰਮੂ ਕਸ਼ਮੀਰ ਦਾ ਬਾਕੀ ਮੁਲਕ ਨਾਲ ਸਬੰਧ ਪੰਜਾਬ ਰਾਹੀਂ ਹੀ ਹੈ। ਗੁਰੂ ਤੇਗ ਬਹਾਦਰ ਜੀ ਸਦਕਾ ਕਸ਼ਮੀਰੀ ਪੰਡਿਤਾਂ ਦੀ ਇਸ ਰੂਹਾਨੀ ਧਰਤੀ (ਪੰਜਾਬ) ਨਾਲ ਸਾਂਝ ਹੋਰ ਪੱਕੀ ਹੋਈ। ਡੋਗਰੀ ਤੇ ਪੰਜਾਬੀ ਮੈਨੂੰ ਪਿਆਰੀਆਂ ਲੱਗਦੀਆਂ ਹਨ ਅਤੇ ਮੈਂ ਪੰਜਾਬੀ ਬੋਲਦਾ ਵੀ ਹਾਂ। ਇਹ ਜ਼ੁਬਾਨਾਂ ਤਾਂ ਸਾਡੇ ਖੂਨ 'ਚ ਹਨ। ਮੇਰੀ ਪਤਨੀ ਅੰਜਨਾ ਪੁਰੀ ਦੇ ਵਡੇਰੇ ਸ੍ਰੀ ਬਿਹਾਰੀ ਲਾਲ ਪੁਰੀ ਤੇ ਸ੍ਰੀ ਬਿਸ਼ਨ ਦਾਸ ਪੁਰੀ ਸਨ। ਇਨ੍ਹਾਂ ਦਾ ਪੰਜਾਬੀ ਵਿਆਕਰਨ ਵਿਚ ਵੱਡਾ ਯੋਗਦਾਨ ਸੀ। ਸ੍ਰੀ ਬਿਹਾਰੀ ਲਾਲ ਪੁਰੀ ਨੇ ਸ਼ਬਦ ਜੋੜ ਤੇ ਪੰਜਾਬੀ ਵਿਆਕਰਨ ਦੀਆਂ ਕਈ ਕਿਤਾਬਾਂ ਲਿਖੀਆਂ।



*ਲਾਈਟ ਐਂਡ ਸਾਊਂਡ ਸ਼ੋਅ ਦੀ ਇਕ ਹੋਰ ਝਲਕ।*

**ਇਹ ਲਾਈਟ ਐਂਡ ਸਾਊਂਡ ਸ਼ੋਅ ਦਰਿਆਵਾਂ ਕੰਢੇ ਵੀ ਕਰ ਰਹੇ ਹੋ। ਇਸ ਦੀ ਵਜ੍ਹਾ?**

-ਪੰਜਾਬ ਦਾ ਤਾਂ ਨਾਮ ਹੀ ਪੰਜ ਦਰਿਆਵਾਂ ਕਰਕੇ ਪਿਆ ਹੈ। ਪੰਜਾਬ ਦੀ ਅਤੇ ਬਾਬਾ ਨਾਨਕ ਦੀ ਪਾਣੀਆਂ, ਦਰਿਆਵਾਂ ਨਾਲ ਰੂਹਾਨੀ ਸਾਂਝ ਹੈ। ਸੋ ਇਹ ਸ਼ੋਅ ਦਰਿਆਵਾਂ ਕੰਢੇ ਵੀ ਕੀਤੇ ਜਾ ਰਹੇ ਹਨ। ਬਾਬਾ ਨਾਨਕ ਦਾ ਕਾਇਨਾਤ ਨੂੰ ਪਿਆਰ ਕਰਨ ਦਾ ਸੁਨੇਹਾ ਵੀ ਇਸੇ ਰਾਹੀਂ ਬਿਹਤਰ ਢੰਗ ਨਾਲ ਦਿੱਤਾ ਜਾਵੇਗਾ।

**ਸ੍ਰੀ ਗੁਰੂ ਨਾਨਕ ਦੇਵ 'ਤੇ ਇਹ ਸ਼ੋਅ ਤਿਆਰ ਕਰਨ ਲੱਗਿਆਂ ਕਿਵੇਂ ਮਹਿਸੂਸ ਹੋਇਆ?**

-ਮੈਂ ਉਸ ਮਹਾਨ ਫੱਕਰ ਬਾਰੇ ਇਸ ਬਹਾਨੇ ਕੁਝ ਜਾਣਨ ਦੀ ਇੱਛਾ ਰੱਖਦਾ ਸੀ ਅਤੇ ਆਪਣੇ ਕੰਮ ਰਾਹੀਂ ਮੈਂ ਉਨ੍ਹਾਂ ਦੇ ਮਾਨਵਤਾ ਪ੍ਰਤੀ ਪ੍ਰੇਮ, ਵੰਡ ਕੇ ਛਕਣ, ਕਿਰਤ ਕਰਨ ਤੇ ਕਾਇਨਾਤ ਨਾਲ ਇਕਸੁਰਤਾ ਜਿਹੇ ਵੱਡੇ ਕਾਰਜ ਸਾਹਮਣੇ ਲਿਆਉਣ ਦਾ ਯਤਨ ਕਰ ਰਿਹਾ ਹਾਂ। ਬਾਬਾ ਨਾਨਕ ਸਾਰੀ ਮਾਨਵਤਾ ਲਈ ਹਨ। ਉਹ ਕਿਸੇ ਇਕ ਭਾਈਚਾਰੇ ਨਾਲ ਸਬੰਧਤ ਨਹੀਂ।

**ਅੱਜ ਦੇ ਦੌਰ ਵਿਚ ਜਦੋਂ ਧਰਮ ਨੂੰ ਹਠਧਰਮੀ ਬਣਾਇਆ ਜਾ ਰਿਹਾ ਹੈ ਤਾਂ ਤੁਸੀਂ ਕੀ ਸੋਚਦੇ ਹੋ?**

-ਅਸਲ ਵਿਚ ਇਹ ਰੁਝਾਨ ਹੀ ਬਣ ਰਿਹਾ ਹੈ ਕਿ ਸਮਾਜ ਸੁਧਾਰਕਾਂ ਦੀਆਂ ਚੰਗਿਆਈਆਂ ਨੂੰ ਮਿਥ ਕੇ ਗਾਇਬ ਕੀਤਾ ਜਾ ਰਿਹਾ ਹੈ ਤੇ ਸਵਾਰਥੀ ਹਿੱਤ ਪੂਰੇ ਜਾ ਰਹੇ ਹਨ। ਅਜਿਹੇ ਦੌਰ ਵਿਚ ਮੈਨੂੰ, ਬੰਸੀ ਕੌਲ ਨੂੰ ਨਾਨਕ ਜਿਹੇ ਫਕੀਰ 'ਤੇ ਕੰਮ ਕਰਨਾ ਲਾਜ਼ਮੀ ਹੈ। ਮੈਂ ਤਾਂ ਕਹਾਂਗਾ, ਸਭ ਨੂੰ ਆਪਣੇ ਤੋਂ ਇਲਾਵਾ ਦੂਜੇ ਧਰਮਾਂ ਬਾਰੇ ਕੰਮ ਕਰਨਾ ਚਾਹੀਦਾ ਹੈ। ਮਸਲਨ ਗੈਰ ਹਿੰਦੂ ਰਾਮ ਲੀਲਾ ਖੇਡੇ। ਇਸ ਤੋਂ ਤੁਸੀਂ ਬੜਾ ਕੁਝ ਸਿੱਖਦੇ ਹੋ।

**ਤੁਸੀਂ ਸੱਤਰਵਿਆਂ ਦੌਰਾਨ ਪੰਜਾਬ ਵਿਚ ਲੰਮਾ ਸਮਾਂ ਰਹੇ ਹੋ?**

-ਮੈਂ 1976 ਵਿਚ ਅੰਮ੍ਰਿਤਸਰ ਆ ਗਿਆ ਸੀ। ਉਥੇ ਗੁਰਸ਼ਰਨ ਸਿੰਘ (ਭਾਅਜੀ) ਅੰਮ੍ਰਿਤਸਰ ਸਕੂਲ ਆਫ ਡਰਾਮਾ ਨੂੰ ਸਮਝਿਆ, ਰਲ ਕੇ ਨਾਟਕ ਲਿਖੇ, ਦੋ ਨਾਟਕ ਨਿਰਦੇਸ਼ਿਤ ਵੀ ਕੀਤੇ ਜਿਨ੍ਹਾਂ ਵਿਚੋਂ ਇਕ 'ਧਮਕ ਨਗਾਰੇ ਦੀ' ਵੀ ਸੀ।

**ਸੱਤਰਵਿਆਂ ਦਾ ਦੌਰ ਜ਼ਿਹਨੀ ਤੌਰ 'ਤੇ ਵਿਗਸਣ ਅਤੇ ਸਾਹਿਤ, ਕਲਾ ਲਈ ਬੜਾ ਜ਼ਰਖੇਜ਼ ਸੀ, ਤੁਹਾਡੀ ਇਸ ਬਾਰੇ ਕੀ ਰਾਏ ਹੈ?**


-ਉਹ ਪਾਸ਼, ਅਮਰਜੀਤ ਚੰਦਨ ਤੇ ਹੋਰ ਸਿਰਜਣਾਤਮਕ ਤੇ ਦਲੇਰ ਲੋਕਾਂ ਦਾ ਦੌਰ ਸੀ। ਉਦੋਂ ਦੇ ਜਥੇਬੰਦ ਲੋਕ ਭਗਤ ਸਿੰਘ ਨੌਜਵਾਨ ਸਭਾ ਦੀਆਂ ਸ਼ਾਖਾਵਾਂ ਵਾਂਗ ਹੀ ਸਨ। ਇਹ ਸਾਰੇ ਲੋਕ ਮੰਚ, ਸਾਹਿਤ ਕਲਾ ਤੇ ਕਿਸਾਨੀ ਤੇ ਕਿਰਤ ਨਾਲ ਜੁੜੇ ਹੋਏ ਲੋਕ ਸਨ। ਇਹ ਉਹ ਦੌਰ ਸੀ ਜਦੋਂ ਗੁਰਸ਼ਰਨ ਸਿੰਘ ਹੋਰਾਂ ਨੇ ਨਿੱਕੀ ਕਿਸਾਨੀ ਨਾਲ ਸਬੰਧਤ ਹੋਰ ਭਾਸ਼ਾਵਾਂ ਦੇ ਨਾਵਲ ਤੇ ਸਾਹਿਤ ਦੀਆਂ ਹੋਰ ਵਿਧਾਵਾਂ 'ਚ ਹੋਏ ਕੰਮ ਅਨੁਵਾਦ ਕਰਵਾ ਕੇ ਪੰਜਾਬੀ 'ਚ ਛਪਵਾਏ ਸਨ। ਅਸਲ 'ਚ ਉਹ ਸਮਾਂ ਹੀ ਬੜਾ ਸ਼ਾਨਦਾਰ ਸੀ। ਇਨ੍ਹਾਂ ਸਾਰੇ ਸ਼ਾਨਦਾਰ ਲੋਕਾਂ 'ਚੋਂ ਬੜੇ ਸਾਰੇ ਫੜੇ ਗਏ ਤੇ ਕੁਝ ਤੁਰ ਗਏ *(ਇਹ ਕਹਿ ਬੰਸੀ ਕੌਲ ਕਿੰਨਾ ਚਿਰ ਚੁੱਪ ਹੋ ਗਏ। ਉਨ੍ਹਾਂ ਨੇ ਐਨਕ ਥਾਣੀਂ ਬੜਾ ਕੁਝ ਲੁਕੋਣ ਦਾ ਯਤਨ ਕੀਤਾ)*।

**ਉਸ ਦੌਰ ਵਿਚ ਅਜਿਹੀ ਕੀ ਖਾਸੀਅਤ ਸੀ?**

-ਉਤਰੀ ਭਾਰਤ ਵਿਚ ਸਾਹਿਤ ਤੇ ਕਲਾ ਦੀ ਉਹ ਲਹਿਰ ਬਹੁਤ ਸ਼ਕਤੀਸ਼ਾਲੀ ਸੀ ਤੇ ਬਹੁਤ ਵਿਸ਼ਲੇਸ਼ਣਕਾਰੀ ਸੀ। ਉਦੋਂ ਕੋਈ ਵੀ ਸਿਰਜਣਸ਼ੀਲ ਬੰਦਾ ਦੂਜੇ ਦਾ ਦੁਸ਼ਮਣ ਨਹੀਂ ਸੀ।

**ਕੀ ਉਹ ਦੌਰ 'ਬੀਤਿਆ ਵੇਲਾ' ਬਣ ਗਿਆ ਹੈ?**

-ਸਾਡੀ ਨਾ-ਸਮਝੀ ਇਹ ਰਹੀ ਕਿ ਅਸੀਂ ਆਪਣੇ ਦੋਸਤਾਂ (ਸਮਾਜ ਦੇ ਦੋਸਤਾਂ) ਨੂੰ ਦੁਸ਼ਮਣ ਸਮਝ ਲਿਆ ਜਦੋਂਕਿ ਸਾਹਿਤ ਤੇ ਕਲਾ ਦੇ ਰੂਪ 'ਚ ਸਮਕਾਲੀ ਵਿਸ਼ਲੇਸ਼ਣ ਸਰਕਾਰਾਂ ਦੇ, ਸਾਡੇ ਮੁਲਕ ਦੇ ਬੜਾ ਕੰਮ ਆ ਸਕਦਾ ਸੀ। ਹੁਣ ਉਸ ਨਾ-ਸਮਝੀ ਦੇ ਸਿੱਟੇ ਸੰਸਾਰ ਭਰ 'ਚ ਨਜ਼ਰ ਆ ਰਹੇ ਹਨ।



*ਬੰਸੀ ਕੌਲ*

**ਕੀ ਇਸ ਕਵਾਇਦ ਵਿਚ ਸੱਤਾ ਦੀ ਵੀ ਭੂਮਿਕਾ ਰਹੀ ਹੈ?**

-ਹਾਂ, ਸੱਤਾਧਾਰੀਆਂ ਦੇ ਆਪਣੇ ਡਰਾਂ ਕਾਰਨ ਹੀ ਤਾਂ ਇਹ ਕੁਝ ਵਾਪਰਿਆ। ਇਨ੍ਹਾਂ ਨੇ ਦੇਸ਼ ਦੀ ਇਕ ਪੂਰੀ ਪੀੜ੍ਹੀ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ। ਸੱਤਾ ਤੇ ਮੰਡੀ ਦੀ ਰਣਨੀਤੀ ਹੀ ਇਹ ਹੁੰਦੀ ਹੈ।

**ਤੁਹਾਡੇ ਮੁਤਾਬਿਕ ਅਸੀਂ ਕਿੱਥੇ-ਕਿੱਥੇ ਕੀ ਗੁਆਇਆ ਹੈ?**

-ਵੀਹਵੀਂ ਸਦੀ ਦੌਰਾਨ ਮੀਡੀਆ 'ਚ ਵਿਸ਼ਾ ਵਸਤੂ ਤੇ ਖਬਰ ਵਿਚਾਲੇ ਸਪਸ਼ਟ ਫਾਸਲਾ ਆ ਗਿਆ ਹੈ। ਕਲਾ ਤੇ ਸਾਹਿਤ ਸਣੇ ਸੱਤਾਧਾਰੀ ਨਿਜ਼ਾਮ ਨੇ ਉਸ ਸਾਰੇ ਕੁਝ 'ਤੇ ਕਬਜ਼ਾ ਕਰ ਲਿਆ ਹੈ, ਜਿਥੋਂ ਵਿਸ਼ਾ ਵਸਤੂ ਫੈਲਾਇਆ ਜਾ ਸਕਦਾ ਹੈ। ਮਸਲਨ ਵੱਡੇ-ਵੱਡੇ ਅਖਬਾਰਾਂ, ਚੈਨਲਾਂ 'ਤੇ ਹਰ ਤਰ੍ਹਾਂ ਦੀ ਖਬਰ ਹੁੰਦੀ ਹੈ, ਪਰ "ਪਿੰਡ ਨੇ ਹੱਸਣਾ ਬੰਦ ਕਰ ਦਿੱਤਾ ਹੈ।" ਇਹ ਉਸ ਲਈ ਖਬਰ ਨਹੀਂ ਹੈ। ਮੇਰਾ ਮੰਨਣਾ ਹੈ ਕਿ ਕਲਾ ਤੇ ਸਾਹਿਤ ਨੇ ਆਪਣਾ ਕੰਮ ਕਰਨਾ ਬੰਦ ਕਰ ਦਿੱਤਾ ਹੈ। ਮੰਡੀ ਤੇ ਨਿਜ਼ਾਮ ਨੇ ਇਕ ਸਮਾਂਤਰ ਵਿਸ਼ਾ ਵਸਤੂ ਉਸਾਰ ਦਿੱਤਾ ਹੈ। ਇਨ੍ਹਾਂ ਨੂੰ ਭੁੱਖ ਤੇ ਦੁੱਖ ਨਾਲ ਮਰ ਰਹੇ ਲੋਕ ਨਜ਼ਰ ਨਹੀਂ ਆ ਰਹੇ। ਵਿਸ਼ਲੇਸ਼ਣ ਕਰਨ ਲੱਗਿਆਂ ਸਮਾਜ ਤੇ ਸਪੇਸ ਦਾ ਧਿਆਨ ਰੱਖਿਆ ਜਾਣਾ ਜ਼ਰੂਰੀ ਹੈ ਅਤੇ ਥੁੜਾਂ ਮਾਰੇ ਸਭ ਪਾਸਿਓਂ ਅਣਗੌਲੇ ਲੋਕਾਂ ਨੂੰ ਦੇਖਣਾ ਤੇ ਉਨ੍ਹਾਂ ਦੀ ਬਾਤ ਛੇੜਨੀ ਜ਼ਰੂਰੀ ਹੈ।

**ਹੁਣ ਬਹੁਤਾ ਵਿਸ਼ਾ ਵਸਤੂ ਰਾਸ਼ਟਰ ਵਿਰੋਧੀ ਕਰਾਰ ਦਿੱਤਾ ਜਾ ਰਿਹਾ ਹੈ?**

-ਕਲਾ ਤੇ ਸਾਹਿਤ ਦਾ ਜੋ ਵਿਸ਼ਾ ਵਸਤੂ ਲੋਕਾਂ ਦੇ ਹੱਕ 'ਚ ਹੈ, ਉਹ ਕਦੇ ਮੁਲਕ ਤੇ ਰਾਸ਼ਟਰ ਵਿਰੋਧੀ ਨਹੀਂ ਹੋ ਸਕਦਾ ਬਲਕਿ ਚੰਗੇ ਵਿਸ਼ਾ ਵਸਤੂ ਨੂੰ ਰੋਕਣ ਵਾਲੇ ਰਾਸ਼ਟਰ ਵਿਰੋਧੀ ਹੁੰਦੇ ਹਨ।

**ਫਿਰ ਅਜਿਹੇ ਕਸੂਤੇ ਦੌਰ ਵਿਚ ਦੁਸ਼ਮਣ ਦੀ ਸ਼ਨਾਖਤ ਕਿਵੇਂ ਕੀਤੀ ਜਾਵੇ ਤੇ ਉਸ ਦੇ ਟਾਕਰੇ ਲਈ ਕੀ ਕੀਤਾ ਜਾਵੇ?**

-ਪਹਿਲਾਂ ਸੰਘਰਸ਼ ਤੇ ਲੜਾਈ ਆਹਮੋ-ਸਾਹਮਣੇ ਹੁੰਦੇ ਸਨ। ਦੁਸ਼ਮਣ ਸਾਹਮਣੇ ਹੁੰਦਾ ਸੀ ਪਰ ਹੁਣ ਹਾਲਾਤ ਬਿਲਕੁਲ ਬਦਲ ਗਏ ਹਨ। ਦੁਸ਼ਮਣ ਬਹੁਤ ਜ਼ਹੀਨ ਹੈ, ਉਸ ਕੋਲ ਸ਼ਕਤੀ ਹੈ ਤੇ ਇਸੇ ਸ਼ਕਤੀ ਦੇ ਦਮ 'ਤੇ ਉਹ ਦੁਨੀਆਂ ਭਰ ਦੇ ਜ਼ਹੀਨ ਲੋਕਾਂ ਨੂੰ ਖਰੀਦ ਕੇ ਆਪਣੇ ਲਈ ਵਰਤਦਾ ਹੈ। ਇਸ ਦੁਸ਼ਮਣ ਨੇ ਹਾਲਾਤ ਬਹੁਤ ਗੁੰਝਲਦਾਰ ਬਣਾ ਦਿੱਤੀ ਹੈ ਤੇ ਇਸ ਨੂੰ ਮਾਤ ਦੇਣ ਲਈ ਉਸ ਪੱਧਰ ਦੀ ਜ਼ਹੀਨਤਾ ਤੇ ਅਤਿ ਆਧੁਨਿਕ ਸਾਧਨਾਂ ਦੀ ਜ਼ਰੂਰਤ ਹੈ। ਨਾਲ ਹੀ ਜਾਗਰੂਕਤਾ ਲਾਜ਼ਮੀ ਹੈ। ਇਸ ਦੌਰ ਵਿਚ ਕਵੀ ਤੇ ਲੇਖਕ ਦਾ ਹੋਣਾ ਜ਼ਰੂਰੀ ਹੈ।

**ਕੀ ਮੰਡੀ ਅਤੇ ਸਿਆਸੀ ਨਿਜ਼ਾਮ ਧਰਮ ਤੇ ਸਭਿਆਚਾਰ ਨੂੰ ਸੰਦ ਵਜੋਂ ਵਰਤ ਰਿਹਾ ਹੈ?**

-ਅਜਿਹੇ ਵੇਲੇ ਕਲਾਕਾਰਾਂ, ਲੇਖਕਾਂ ਤੇ ਜਾਗਦੇ ਮਨੁੱਖਾਂ ਨੂੰ ਮਹਾਂਭਾਰਤ, ਰਮਾਇਣ ਤੇ ਹੋਰ ਸਾਰੇ ਧਾਰਮਿਕ ਗ੍ਰੰਥ ਇਨ੍ਹਾਂ ਆਸਰੇ ਨਹੀਂ ਛੱਡਣੇ ਬਣਦੇ। ਆਮ ਮਨੁੱਖ, ਲੇਖਕ ਤੇ ਕਲਾਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣਾ ਦਖਲ ਹਰ ਥਾਂ ਬਰਕਰਾਰ ਰੱਖੇ ਤੇ ਮੰਡੀ ਤੇ ਸਿਆਸਤ ਦੀ ਹਿੱਤਾਂ ਤੋਂ ਪ੍ਰੇਰਿਤ ਘੁਸਪੈਠ ਰੋਕੇ। ਇਸੇ ਕਰਕੇ ਗੈਰ-ਹਿੰਦੂ ਲਈ ਰਾਮ ਲੀਲਾ ਖੇਡਣੀ ਤੇ ਹਿੰਦੂ ਲਈ ਦੂਜੇ ਧਰਮਾਂ ਬਾਰੇ ਜਾਣਨਾ ਜ਼ਰੂਰੀ ਹੈ।

**ਤੁਹਾਥੋਂ ਕਸ਼ਮੀਰ ਕਦੋਂ ਛੁੱਟਿਆ?**

-ਮੈਂ 1965 'ਚ ਘਰੋਂ ਨਿਕਲਿਆ। ਪੰਜਾਬ ਤੇ ਦਿੱਲੀ ਰਿਹਾ। ਇਸ ਦੌਰਾਨ ਮੈਂ ਸਾਈਨ ਬੋਰਡ ਲਿਖੇ। ਟਰੱਕ ਪੇਂਟ ਕੀਤੇ। ਮੇਰਾ ਪਰਿਵਾਰ ਕਸ਼ਮੀਰ ਤੋਂ 30 ਸਾਲ ਪਹਿਲਾਂ ਉਜੜ ਗਿਆ। ਵੱਸਦਾ ਮੈਂ ਦਿੱਲੀ ਤੋਂ ਭੂਪਾਲ ਹਾਂ, ਪਰ ਕਸ਼ਮੀਰ ਹਰ ਵੇਲੇ ਮੇਰੀ ਸੰਵੇਦਨਾ 'ਚ ਹਾਜ਼ਰ ਰਹਿੰਦਾ ਹੈ ਤੇ ਨਾਲ ਹੀ ਮੇਰਾ ਖੁਦ ਨਾਲ ਅਹਿਦ ਹੈ ਕਿ ਜਦੋਂ ਵੀ ਮੇਰੇ ਲਾਗੇ ਕਿਸੇ ਘੱਟ ਗਿਣਤੀ ਨਾਲ ਵਧੀਕੀ ਹੋਵੇਗੀ, ਮੈਂ ਜ਼ਰੂਰ ਬੋਲਾਂਗਾ, ਉਸ ਦੇ ਹੱਕ ਵਿਚ ਖੜ੍ਹਾਂਗਾ।

## ਰਿਸਰਚ ਸਕਾਲਰ ਗੱਜਣਵਾਲਾ ਸੁਖਮਿੰਦਰ ਸਿੰਘ ਦਾ ਸਨਮਾਨ

**ਪਰਥ, ਆਸਟਰੇਲੀਆ (ਬਿਊਰੋ):** ਪੰਜਾਬੀ ਲੇਖਕ ਤੇ ਰਿਸਰਚ ਸਕਾਲਰ ਗੱਜਣਵਾਲਾ ਸੁਖਮਿੰਦਰ ਸਿੰਘ ਦੀ ਪੁਸਤਕ 'ਗੁਰੂ ਸਾਹਿਬਾਨ ਦੇ ਮੁਸਲਮਾਨ ਮੁਰੀਦ' ਬਾਰੇ ਇਥੇ ਗੁਰਦੁਆਰਾ ਪਰਥ ਵਿਖੇ ਵਿਚਾਰ-ਚਰਚਾ ਹੋਈ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ. ਗੱਜਣਵਾਲਾ ਦਾ ਸਿਰੋਪਾਓ ਦੇ ਕੇ ਉਚੇਚਾ ਸਨਮਾਨ ਕੀਤਾ।




ਇਸ ਮੌਕੇ ਬੋਲਦਿਆਂ ਸ. ਗੱਜਣਵਾਲਾ ਨੇ ਕਿਹਾ ਕਿ ਹਰ ਸੱਚਾ ਧਰਮ ਇਸ ਗੱਲ ਦੀ ਹਰਗਿਜ਼ ਹਾਮੀ ਨਹੀਂ ਭਰਦਾ ਕਿ ਦੂਜੇ ਮਜ਼੍ਹਬਾਂ, ਫਿਰਕਿਆਂ ਦੇ ਲੋਕਾਂ ਦੇ ਜਿਉਣ ਦਾ ਹੱਕ ਖੋਹ ਲਿਆ ਜਾਵੇ। ਬਾਬੇ ਨਾਨਕ ਦਾ ਉਦਾਸੀਆਂ ਰਾਹੀਂ ਦੇਸ-ਵਿਦੇਸ਼ ਦਾ ਭ੍ਰਮਣ ਜ਼ਿੰਦਗੀ ਦੇ ਅਸਲ ਸੱਚ ਨੂੰ ਪ੍ਰਗਟਾਉਣ ਦੀ ਵਿਸ਼ਾਲ ਯਾਤਰਾ ਸੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਮਾਨਵਤਾ ਦੇ ਭਲੇ ਲਈ ਜਬਰ ਦਾ ਵਿਰੋਧ ਕਰਦਿਆਂ ਮਾਨਵੀ ਹੱਕਾਂ ਦੀ ਰਾਖੀ ਲਈ ਸ਼ਬਦ ਸੰਦੇਸ਼ ਰਾਹੀਂ ਆਪਣੀ ਗੱਲ ਲੋਕਾਈ ਦੇ ਸਨਮੁੱਖ ਰੱਖੀ। ਪਹਿਲੇ ਪਾਤਸ਼ਾਹ ਦੇ ਆਗਮਨ ਤੋਂ ਪਹਿਲਾਂ ਦਾ ਨੈਤਿਕ ਵਿਧਾਨ ਜਾਤਮੁਖੀ ਤੇ ਸਮਾਜਕ ਬਰਾਬਰੀ ਤੋਂ ਵਾਂਝਾ ਸੀ ਅਤੇ ਸਾਕਾਰਾਤਮਕ ਨਹੀਂ ਸੀ। ਸਿੱਖ ਲਹਿਰ ਨੇ ਇਕ ਨਵੇਂ ਸਦਾਚਾਰਕ ਵਿਧਾਨ ਨੂੰ ਜਨਮ ਦਿੱਤਾ।

ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਨਵਤੇਜ ਕੌਰ ਉਪਲ ਨੇ ਕਿਹਾ ਕਿ ਸ. ਗੱਜਣਵਾਲਾ ਦੀ ਪੁਸਤਕ ਅੱਜ ਦੇ ਯੁਗ ਵਿਚ ਬਹੁਤ ਹੀ ਨੇਕ ਉਪਰਾਲਾ ਹੈ ਤੇ ਵੱਖ ਵੱਖ ਧਰਮਾਂ ਦੇ ਲੋਕਾਂ ਨੂੰ ਨੇੜੇ ਲਿਆਉਣ ਦਾ ਸ਼ਲਾਘਾਯੋਗ ਕਦਮ ਹੈ।

ਜਨਰਲ ਸਕੱਤਰ ਜਰਨੈਲ ਸਿੰਘ ਭੌਰ ਨੇ ਦੱਸਿਆ ਕਿ ਅਸੀਂ ਗੁਰੂ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਥੇ ਬੇਘਰੇ ਲੋਕਾਂ ਤਕ ਲੰਗਰ ਪਹੁੰਚਾਉਣ ਲਈ ਵਿਸ਼ੇਸ਼ ਫੂਡ ਡਰਾਈਵ ਚਲਾ ਰਹੇ ਹਾਂ।

ਵਿਚਾਰ-ਚਰਚਾ ਵਿਚ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ, ਗੁਰਮੁਖ ਸਿੰਘ, ਪ੍ਰਭਜੋਤ ਸਿੰਘ, ਹਰਿੰਦਰਜੀਤ ਸਿੰਘ ਗਿੱਲ ਅਤੇ ਬਲਵਿੰਦਰ ਸਿੰਘ ਕਿਸ਼ਨਪੁਰਾ ਨੇ ਵੀ ਹਿੱਸਾ ਲਿਆ।

## ਕਸ਼ਮੀਰ 'ਚ ਪੰਜਾਬ ਦੇ ਵਪਾਰੀਆਂ 'ਤੇ ਅਤਿਵਾਦੀ ਹਮਲਾ

**ਸ੍ਰੀਨਗਰ:** ਸ਼ੋਪੀਆਂ ਜ਼ਿਲ੍ਹੇ 'ਚ ਅਤਿਵਾਦੀਆਂ ਦੇ ਹਮਲੇ 'ਚ ਪੰਜਾਬ ਦੇ ਇਕ ਸੇਬ ਵਪਾਰੀ ਦੀ ਮੌਤ ਹੋ ਗਈ ਜਦੋਂ ਕਿ ਇਕ ਹੋਰ ਜਖਮੀ ਹੋ ਗਿਆ। ਇਕ ਹੋਰ ਹਮਲੇ 'ਚ ਅਤਿਵਾਦੀਆਂ ਨੇ ਛੱਤੀਸਗੜ੍ਹ ਦੇ ਇਕ ਮਜ਼ਦੂਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਧਰ, ਅਨੰਤਨਾਗ 'ਚ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ ਲਸ਼ਕਰ ਕਮਾਂਡਰ ਸਣੇ 3 ਅਤਿਵਾਦੀ ਮਾਰੇ ਗਏ। ਸ਼ੋਪੀਆਂ 'ਚ ਅਤਿਵਾਦੀਆਂ ਵੱਲੋਂ ਚਰਨਜੀਤ ਸਿੰਘ ਤੇ ਸੰਜੇ ਨਾਂ ਦੇ ਵਪਾਰੀਆਂ ਨੂੰ ਗੋਲੀਆਂ ਮਾਰੀਆਂ ਗਈਆਂ, ਜਿਸ ਪਿਛੋਂ ਉਨ੍ਹਾਂ ਨੇ ਪੁਲਵਾਮਾ ਦੇ ਜ਼ਿਲ੍ਹਾ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਜਿਥੇ ਚਰਨਜੀਤ ਸਿੰਘ ਦੀ ਮੌਤ ਹੋ ਗਈ ਜਦੋਂ ਕਿ ਸੰਜੇ ਦੀ ਹਾਲਤ ਅਜੇ ਵੀ ਗੰਭੀਰ ਬਣੀ ਹੋਈ ਹੈ। ਉਧਰ ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਸੁਰੱਖਿਆ ਬਲਾਂ ਨੂੰ ਉਸ ਵੇਲੇ ਇਕ ਵੱਡੀ ਸਫਲਤਾ ਮਿਲੀ ਜਦੋਂ ਉਨ੍ਹਾਂ ਵੱਲੋਂ ਲਸ਼ਕਰ ਦੇ ਚੋਟੀ ਦੇ ਸਥਾਨਕ ਕਮਾਂਡਰ ਨਿਸਾਰ ਅਹਿਮਦ ਗੁਲਜ਼ਾਰ ਸਮੇਤ ਤਿੰਨ ਅਤਿਵਾਦੀਆਂ ਨੂੰ ਮੁਕਾਬਲੇ ਦੌਰਾਨ ਹਲਾਕ ਕਰ ਦਿੱਤਾ ਗਿਆ ਜਦਕਿ ਇਸ ਮੁਕਾਬਲੇ 'ਚ ਫੌਜ ਦਾ ਇਕ ਜਵਾਨ ਲੱਤ 'ਚ ਗੋਲੀ ਲੱਗਣ ਕਾਰਨ ਜਖਮੀ ਹੋ ਗਿਆ।

### ਕਸ਼ਮੀਰੀ ਸੇਬਾਂ 'ਤੇ ਲਿਖਿਆ 'ਆਜ਼ਾਦੀ' ਤੇ 'ਬੁਰਹਾਨ ਵਾਨੀ'

**ਜੰਮੂ:** ਕਠੂਆ ਜ਼ਿਲ੍ਹੇ ਵਿਚ ਫਲ ਵਪਾਰੀਆਂ ਵੱਲੋਂ ਖਰੀਦੇ ਗਏ ਕਸ਼ਮੀਰੀ ਸੇਬਾਂ ਦੇ ਡੱਬਿਆਂ ਉਤੇ 'ਹਮੇਂ ਆਜ਼ਾਦੀ ਚਾਹੀਏ', 'ਮੁਝੇ ਬੁਰਹਾਨ ਵਾਨੀ ਪਸੰਦ ਹੈ' ਤੇ 'ਜ਼ਾਕਿਰ ਮੂਸਾ ਵਾਪਸ ਆਓ' ਜਿਹੇ ਸੁਨੇਹੇ ਲਿਖੇ ਹੋਏ ਮਿਲੇ ਹਨ। ਇਸ ਤੋਂ ਬਾਅਦ ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫਲ ਵਪਾਰੀਆਂ ਨੇ ਕਿਹਾ ਕਿ ਜੇ ਸਰਕਾਰ ਕਾਰਵਾਈ ਕਰਨ ਵਿਚ ਨਾਕਾਮ ਰਹੀ ਤਾਂ ਉਹ ਕਸ਼ਮੀਰੀ ਸੇਬ ਦੀ ਖਰੀਦ ਦਾ ਬਾਈਕਾਟ ਕਰਨਗੇ ਕਿਉਂਕਿ ਇਨ੍ਹਾਂ ਸੁਨੇਹਿਆਂ ਕਾਰਨ ਲੋਕ ਇਨ੍ਹਾਂ ਨੂੰ ਖਰੀਦਣ ਤੋਂ ਇਨਕਾਰ ਕਰ ਰਹੇ ਹਨ।

# ਵਿਲੱਖਣ ਵਿਧੀ ਨਾਲ ਲਿਖਿਆ ਨਾਵਲ 'ਸਿੰਘਾਸਣ'


## ਪੁਸਤਕ-ਚਰਚਾ

ਜੇ ਤੁਸੀਂ ਸਾਹਿਤ ਪੜ੍ਹਨ ਦੇ ਰਸਤੇ ਤੁਰੇ ਹੋ ਤਾਂ ਤੁਸੀਂ ਕਿਸ ਤਰ੍ਹਾਂ ਦਾ ਸਾਹਿਤ ਪੜ੍ਹਨਾ ਚਾਹ ਰਹੇ ਹੋ? ਇਸ ਸਬੰਧੀ ਤੁਹਾਡੀਆਂ ਰੁਚੀਆਂ ਹਮੇਸ਼ਾ ਬਦਲਦੀਆਂ ਰਹਿੰਦੀਆਂ ਹਨ। ਜੇ ਤੁਸੀਂ ਲਗਾਤਾਰ ਇਕ ਹੀ ਤਰ੍ਹਾਂ ਦਾ ਸਾਹਿਤ ਪੜ੍ਹ ਰਹੇ ਹੋ ਤਾਂ ਹੋ ਸਕਦਾ ਹੈ, ਪਾਠਕ ਵਜੋਂ ਤੁਸੀਂ ਕਿਸੇ ਮਾਨਸਿਕ ਖੜੋਤ ਦਾ ਸ਼ਿਕਾਰ ਹੋਵੋ। ਮਸਲਨ ਪਿਛਲੇ ਚਾਰ-ਪੰਜ ਸਾਲਾਂ ਤੋਂ ਕਈ ਤਰ੍ਹਾਂ ਦੀਆਂ ਸਾਹਿਤਕ

ਜਤਿੰਦਰ ਔਲਖ

ਧਾਰਾਵਾਂ ਨਾਲ ਮੇਰੀ ਗੂੜ੍ਹ ਪਈ, ਇਸ ਦੌਰਾਨ ਵਿਸ਼ਵ ਸਾਹਿਤ ਦੇ ਬਹੁਤ ਸਾਰੇ ਕਲਾਸਿਕ ਨਾਵਲ, ਮੋਟੀਵੇਸ਼ਨਲ ਸਾਹਿਤ, ਹਾਂਪੱਖੀ ਸੋਚ, ਆਪਣੀ ਹੋਂਦ, ਮਨ ਦੀ ਗਹਿਰਾਈ, ਬ੍ਰਹਿਮੰਡੀ ਅਲੌਕਿਕਤਾ ਜਾਣਨ ਲਈ ਰੂਹਾਨੀ ਅਤੇ ਬੋਧ ਸਾਹਿਤ ਨਾਲ ਮੇਰਾ ਵਾਹ ਵਾਸਤਾ ਪਿਆ। ਇਸ ਕਿਸਮ ਦੀ ਰੀਡਿੰਗ ਵਿਚ ਦਲਾਈਲਾਮਾ, ਸਵਾਮੀ ਪਰਮਹੰਸ ਯੋਗਾਨੰਦ ਅਤੇ ਬਾਬਾ ਨਾਨਕ ਮੇਰੇ ਲਈ ਆਦਰਸ਼ਕ ਹਨ। ਛਪ ਰਹੀ ਪੰਜਾਬੀ ਕਵਿਤਾ ਦੀਆਂ ਬਹੁਤੀਆਂ ਕਿਤਾਬਾਂ ਮੇਰੇ ਤੱਕ ਪਹੁੰਚ ਜਾਂਦੀਆਂ ਹਨ ਅਤੇ ਕੁਝ ਉਚੇਚੀਆਂ ਮੰਗਵਾ ਕੇ ਵੀ ਪੜ੍ਹਦਾ ਹਾਂ, ਪਰ ਪੰਜਾਬੀ ਕਹਾਣੀ ਅਤੇ ਨਾਵਲ ਵਿਚ ਮੇਰੀ ਦਿਲਚਸਪੀ ਕੁਝ ਘੱਟ ਹੋਈ ਹੈ।

ਪਿਛਲੀ ਮੱਸਿਆ 'ਤੇ ਜਲੰਧਰ ਗੇੜਾ ਲੱਗਾ ਤਾਂ ਸ੍ਰੀ ਰਾਜਿੰਦਰ ਬਿਮਲ ਤੋਂ ਹੋਰ ਬਹੁਤ ਸਾਰੀਆਂ ਪੁਸਤਕਾਂ ਦੇ ਨਾਲ ਸੁਰਿੰਦਰ ਸੋਹਲ ਦਾ ਹਾਲ ਹੀ 'ਚ ਛਪਿਆ ਨਾਵਲ 'ਸਿੰਘਾਸਣ' ਵੀ ਲੈ ਆਇਆ। ਵਿਦੇਸ਼ੀਂ ਵੱਸਦੇ ਪੰਜਾਬੀ ਲੇਖਕਾਂ 'ਚ ਸੁਰਿੰਦਰ




ਸੋਹਲ ਨੇ ਆਪਣੀ ਵਿਲੱਖਣ ਪਛਾਣ ਬਣਾਈ ਹੈ। ਲੇਖਕ ਅਤੇ ਕਵੀ ਹੋਣ ਦੇ ਨਾਲ ਨਾਲ ਉਹ ਸੁਹਿਰਦ ਪਾਠਕ ਵੀ ਹੈ। ਆਮ ਕਰਕੇ ਗਲਪ ਸਾਹਿਤ ਪੜ੍ਹਨ ਵੇਲੇ ਅਨੁਭਵ ਹੁੰਦਾ ਹੈ ਕਿ ਪੁਸਤਕ ਦਾ ਪਹਿਲਾ ਕੁੱਝ ਹਿੱਸਾ ਤੁਹਾਨੂੰ ਵਿਸ਼ੇਸ਼ ਤਰੱਦਦ ਅਤੇ ਧਿਆਨ ਲਾ ਕੇ ਪੜ੍ਹਨਾ ਪੈਂਦਾ ਹੈ। ਹੌਲੀ-ਹੌਲੀ ਪੜ੍ਹਦਿਆਂ ਪੁਸਤਕ ਵਿਚਲੀ ਕਥਾ ਵਿਚ ਤੁਹਾਡੀ ਦਿਲਚਸਪੀ ਬਣ ਜਾਂਦੀ ਹੈ, ਪਰ ਸੋਹਲ ਦਾ ਨਾਵਲ 'ਸਿੰਘਾਸਣ' ਇੱਕ ਅਜਿਹੀ ਰਚਨਾ ਹੈ, ਜਿਸ ਨੂੰ ਤੁਸੀਂ ਪੜ੍ਹਨ ਬੈਠਦੇ ਹੋ ਤਾਂ ਪਹਿਲੀਆਂ ਇੱਕ ਦੋ ਸਤਰਾਂ ਹੀ ਤੁਹਾਡੇ ਮਨ 'ਤੇ ਹਾਵੀ ਹੋ ਜਾਂਦੀਆਂ ਹਨ। ਤੁਹਾਡੀ ਮਾਨਸਿਕਤਾ ਪੁਸਤਕ ਅੱਗੇ ਆਤਮ ਸਮਰਪਣ ਕਰ ਦਿੰਦੀ ਹੈ। ਪਤਾ ਹੀ ਨਹੀਂ ਲੱਗਦਾ ਤੁਸੀਂ ਪੁਸਤਕ ਪੜ੍ਹ ਰਹੇ ਹੋ ਜਾਂ ਪੁਸਤਕ ਤੁਹਾਨੂੰ ਪੜ੍ਹ ਰਹੀ ਹੈ। ਇਹ ਪੁਸਤਕ ਪੜ੍ਹਦਿਆਂ ਤੁਸੀਂ ਬਹੁਤ ਕੁਝ ਪੜ੍ਹਦੇ ਹੋ ਜਿਵੇਂ ਆਪਣੇ ਆਪ ਨੂੰ, ਸਮਾਜ ਨੂੰ ਅਤੇ ਕੁਝ-ਕੁਝ ਭਵਿੱਖ ਨੂੰ ਪੜ੍ਹਨ ਦੀ ਚਾਹ ਪੈਦਾ ਹੁੰਦੀ ਹੈ। ਇਹੀ ਸੁਰਿੰਦਰ ਸੋਹਲ ਅਤੇ 'ਸਿੰਘਾਸਣ' ਦੀ ਕਾਮਯਾਬੀ ਹੈ। ਇਹ ਮਨੋਵਿਗਿਆਨਕ ਨਾ ਹੁੰਦਿਆਂ ਵੀ ਕਈ ਤਰ੍ਹਾਂ ਦੀਆਂ ਮਾਨਸਿਕ ਪਹੇਲੀਆਂ ਗੁੰਝਲਾਂ ਦੇ ਰੂਬਰੂ ਕਰਵਾਉਂਦੀ ਹੈ।

ਇਸ ਨਾਵਲ ਦਾ ਪਲਾਟ ਇੱਕ ਜੰਗਲ ਹੈ ਅਤੇ ਇਸ ਦੇ ਸਾਰੇ ਪਾਤਰ ਜਾਨਵਰ ਹਨ। ਲੂੰਬੜ ਆਪਣੀਆਂ ਚਾਲਾਂ-ਕੁਚਾਲਾਂ ਰਾਹੀਂ ਰਾਜੇ ਸ਼ੇਰ ਦੇ 'ਸਿੰਘਾਸਣ' ਨੂੰ ਹਥਿਆਉਣਾ ਚਾਹੁੰਦਾ ਹੈ। ਉਸ ਦੀਆਂ ਚਾਲਾਂ-ਕੁਚਾਲਾਂ ਜੰਗਲ ਦੀ ਸਹਿਜ ਅਤੇ



ਸੁਰਿੰਦਰ ਸੋਹਲ

ਸਮਾਜਵਾਦੀ ਰਵਾਨੀ ਵਿਚ ਖਲਲ ਪਾਉਂਦੀਆਂ ਹਨ। ਨਾਵਲ ਦੇ ਪਹਿਲੇ ਭਾਗ ਦੇ ਸ਼ੁਰੂਆਤੀ ਕਾਂਡ ਪੜ੍ਹਦਿਆਂ ਕਾਰਲ ਮਾਰਕਸ ਦੇ ਸਮਾਜਕ ਵਿਕਾਸ ਦੇ ਸਿਧਾਂਤ ਦਾ ਚੇਤਾ ਆਉਣਾ ਲਾਜ਼ਮੀ ਹੈ।

ਸ਼ੁਰੂਆਤੀ ਯੁੱਗ ਨੂੰ ਕਾਰਲ ਮਾਰਕਸ ਪੁਰਾਤਨ ਸਮਾਜਵਾਦੀ ਯੁੱਗ ਕਹਿੰਦਾ ਹੈ। ਲੂੰਬੜ ਦਾ ਸੱਤਾ ਹਥਿਆਉਣ ਦਾ ਲੋਭ ਅਤੇ ਮਨੁੱਖ ਦੁਆਰਾ ਕੁਦਰਤੀ ਸਾਧਨਾਂ ਨੂੰ ਹੜੱਪ ਕਰਨ ਦੀ ਲਾਲਸਾ ਇਸ ਪੁਰਾਤਨ ਸਮਾਜਵਾਦੀ ਯੁੱਗ ਦਾ ਅੰਤ ਕਰਦੀ ਹੈ। ਅੱਗੇ ਜੰਗਲ ਬਹੁਤ ਸਾਰੀਆਂ ਵਿਸੰਗਤੀਆਂ, ਮਹਾਂਮਾਰੀਆਂ ਅਤੇ ਅਪਰਾਧਾਂ-ਸੰਘਰਸ਼ਾਂ ਦੇ ਰੂਬਰੂ ਹੁੰਦਾ ਹੈ।

ਨਾਵਲ ਦਾ ਅੰਤ ਸੁਖਾਂਤ ਹੈ ਅਤੇ ਨਾਵਲ ਦੀ ਸਭ ਤੋਂ ਖਾਸ ਗੱਲ ਜੋ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ, ਉਹ ਵਾਰਤਾਲਾਪ ਲਈ ਵਰਤੀ ਗਈ ਭਾਸ਼ਾ ਹੈ, ਵਾਕ ਬਣਤਰ ਅਤੇ ਸ਼ਬਦਾਂ ਦੀ ਚੋਣ, ਹਰ ਪਾਤਰ ਦੇ ਵਾਰਤਾਲਾਪ ਨੂੰ ਬੇਹੱਦ ਰੌਚਕ ਬਣਾ ਦਿੰਦੀ ਹੈ। ਨਾਵਲ ਦਾ ਵਾਰਤਾਲਾਪ ਬੋਲ-ਚਾਲ ਦੀ ਆਮ ਭਾਸ਼ਾ ਵਿਚ ਹੋਣ ਦੇ ਬਾਵਜੂਦ ਬੇਹੱਦ ਸਰਲ, ਦਿਲਚਸਪ ਅਤੇ ਅਨੇਕ ਸੰਦਰਭਾਂ ਪ੍ਰਤੀ ਸਾਨੂੰ ਨਵਾਂ ਚਿੰਤਨ ਅਤੇ ਦ੍ਰਿਸ਼ਟੀਕੋਣ ਦਿੰਦਾ ਹੈ।

ਬੇਸ਼ੱਕ ਨਾਵਲ ਕਿਤੇ ਵੀ ਸੰਦੇਸ਼ ਮੁਖੀ ਨਹੀਂ ਹੁੰਦਾ ਸਗੋਂ ਨਾਵਲਕਾਰ ਖੁਦ ਵੀ ਗਾਇਬ ਹੈ। 'ਸਿੰਘਾਸਣ' ਪੰਜਾਬੀ ਗਲਪ ਵਿਚ ਇੱਕ ਵਿਲੱਖਣ ਅਤੇ ਬਿਲਕੁਲ ਵੱਖਰੀ ਵਿਧੀ ਨਾਲ ਲਿਖਿਆ ਨਾਵਲ ਹੈ। ਮੇਰਾ ਪੂਰਾ ਵਿਸ਼ਵਾਸ ਹੈ ਕਿ ਭਵਿੱਖ ਵਿਚ ਇਸ ਨਾਵਲ ਨੂੰ ਅਹਿਮ ਕਲਾਸਿਕ ਕ੍ਰਿਤ ਵਜੋਂ ਪੜ੍ਹਿਆ ਵਿਚਾਰਿਆ ਜਾਂਦਾ ਰਹੇਗਾ।

'ਸਿੰਘਾਸਣ' ਦਾ ਪ੍ਰਕਾਸ਼ਕ ਸ੍ਰੀ ਰਾਜਿੰਦਰ ਬਿਮਲ ਕੁਕਨੂਸ ਪ੍ਰਕਾਸ਼ਕ, ਜਲੰਧਰ ਹੈ। ਪ੍ਰਕਾਸ਼ਕ ਨਾਲ ਸੰਪਰਕ ਫੋਨ: 91-94635-40352 ਰਾਹੀਂ ਕੀਤਾ ਜਾ ਸਕਦਾ ਹੈ।


# ਸਮਾਨੰਤਰ ਜਗਤ ਦੀਆਂ ਦਿਸਦੀਆਂ ਹਨ ਝਲਕਾਂ: 'ਖੁੱਲ੍ਹੀ ਖਿੜਕੀ ਵਿਚੋਂ'

ਧਨਵੰਤ ਸਿੰਘ ਗੁਰਾਇਆ ਗਜ਼ਲ ਸੰਗ੍ਰਿਹ 'ਖੁੱਲ੍ਹੀ ਖਿੜਕੀ ਵਿਚੋਂ' ਨਾਲ ਪੰਜਾਬੀ ਗਜ਼ਲ ਕਾਵਿ ਵਿਚ ਪ੍ਰਵੇਸ਼ ਹਾਸਲ ਕਰਦਾ ਹੈ। ਇਹ ਗਜ਼ਲ ਸੰਗ੍ਰਿਹ ਉਸ ਦੀ ਕਈ ਵਰ੍ਹਿਆਂ ਦੀ ਗਜ਼ਲ ਸਾਧਨਾ ਦਾ ਪ੍ਰਤੀਫਲ ਬਣ ਕੇ ਪ੍ਰਗਟ ਹੁੰਦਾ ਹੈ। ਇਸ ਵਿਚ 118 ਗਜ਼ਲਾਂ ਦਰਜ ਹਨ। ਗਜ਼ਲ ਦੀ ਰਚਨਾ ਰਾਹੀਂ ਕਵੀ ਆਪਣੇ ਦਿਲ ਦੀਆਂ ਉਦਾਸੀਆਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਅੰਦਰੋਂ ਬਾਹਰ ਤੱਕ ਦੀ ਯਾਤਰਾ ਕਰਕੇ ਮਨੁੱਖ ਦੁਨੀਆਂ ਨਾਲ ਸਾਂਝ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: 91-98885-10185

ਪਾ ਸਕਦਾ ਹੈ। ਕਵੀ ਸਮਝਦਾ ਹੈ ਕਿ ਦੁਨੀਆਂ ਵਿਚੋਂ ਜੇ ਸੁਗੰਧੀਆਂ ਮਿਲ ਸਕਣ ਤਾਂ ਉਨ੍ਹਾਂ ਨੂੰ ਮਨ ਵਿਚ ਵਸਾ ਲੈਣ ਨਾਲ ਗੁੱਸੇ-ਗਿਲ੍ਹੇ ਭੁਲਾਏ ਜਾ ਸਕਦੇ ਹਨ। ਇਹ ਗਜ਼ਲ ਕਾਵਿ ਗੂੜ੍ਹੀਆਂ ਮਨੁੱਖੀ ਸਾਂਝਾਂ ਵਿਚ ਵਿਸ਼ਵਾਸ ਪ੍ਰਗਟਾਉਂਦਾ ਹੈ। ਦੋਸਤੀਆਂ ਪੁਗਾਉਣ ਤੇ ਦੋਸਤਾਂ ਨੂੰ ਵੇਖ ਕੇ ਖੁਸ਼ ਰਹਿਣ ਵਿਚ ਹੀ ਭਲਾਈ ਸਮਝਣੀ ਚਾਹੀਦੀ ਹੈ। ਦੁੱਖ ਸੁੱਖ ਵਿਚ ਸਵੈ-ਕਾਬੂ ਦੀ ਲੋੜ ਹੁੰਦੀ ਹੈ। ਅਡੋਲ ਨਿਹਚਾ ਰੱਖ ਕੇ ਜ਼ਿੰਦਗੀ ਦੀਆਂ ਧੁੱਪਾਂ ਛਾਂਵਾਂ ਨਾਲ ਨਜਿੱਠਿਆ ਜਾ ਸਕਦਾ ਹੈ। ਦਿਸ਼ਾ ਮਿਥ ਕੇ ਚੱਲਣ ਨਾਲ ਹੀ ਮਨੁੱਖ ਕਿਸੇ ਟਿਕਾਣੇ 'ਤੇ ਪਹੁੰਚ ਸਕਦਾ ਹੈ।

ਕਵੀ ਸਮਝਦਾ ਹੈ ਕਿ ਸਮੇਂ ਦੇ ਬਦਲਣ ਨਾਲ ਦੋਸਤੀਆਂ/ਸਾਕੇਦਾਰੀਆਂ ਦੇ ਅਰਥ ਬਦਲਦੇ ਰਹਿੰਦੇ ਹਨ। ਹਵਾ ਦਾ ਰੁਖ ਵੇਖ ਕੇ ਲੋਕ ਝਟ ਰਸਤੇ ਬਦਲ ਲੈਂਦੇ ਹਨ। ਕਈ ਵਾਰ ਗਲਤਫਹਿਮੀਆਂ ਸਬੰਧਾਂ ਵਿਚ ਖੱਟਾਸ ਪੈਦਾ ਕਰ ਦਿੰਦੀਆਂ ਹਨ। ਦੂਜੇ ਪਾਸੇ ਬੰਦੇ ਨੂੰ ਜੇ ਕਿਸੇ ਆਪਣੇ ਦਾ ਸਾਥ ਮਿਲਦਾ ਰਹੇ ਤਾਂ ਉਹ ਸਹਿਜੇ ਹੀ ਥਲਾਂ ਨੂੰ ਗਾਹ ਸਕਦਾ ਹੈ, ਅੰਬਰਾਂ ਤੱਕ ਉਡਾਣ




ਧਨਵੰਤ ਸਿੰਘ ਗੁਰਾਇਆ

ਭਰਨ ਦੀ ਕਲਪਨਾ ਕਰ ਸਕਦਾ ਹੈ। ਕਿਸੇ ਆਪਣੇ ਦੇ ਕਹੇ ਪਿਆਰ ਦੇ ਦੋ ਬੋਲ ਹੀ ਜ਼ਿੰਦਗੀ ਲਈ ਧਰਵਾਸ ਬਣ ਸਕਦੇ ਹਨ। ਮੁਹੱਬਤ ਹੈ ਤਾਂ ਜ਼ਿੰਦਗੀ ਹੈ। ਕਵੀ ਫਕੀਰਾਂ ਵਰਗੀ ਸੋਚ ਤੇ ਰਹਿਣੀ-ਬਹਿਣੀ ਦਾ ਕਾਇਲ ਹੈ। ਕਵੀ ਨੂੰ ਵਿਸ਼ਵਾਸ ਹੈ ਕਿ ਮਨੁੱਖ ਨੂੰ ਆਸ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ। ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣਾ ਚਾਹੀਦਾ ਹੈ। ਇਸੇ ਲਈ ਕਵੀ ਹਰ ਰੋਜ਼ ਨਵੇਂ ਸੂਰਜ ਦੀ ਭਾਲ ਵਿਚ ਰਹਿੰਦਾ ਹੈ। ਉਹ ਹਰਫਾਂ ਦਾ ਗਿਆਨ ਹਾਸਲ ਕਰਨਾ ਤੇ ਵੰਡਣਾ ਚਾਹੁੰਦਾ ਹੈ। ਉਹ ਜਾਣਦਾ ਹੈ ਕਿ ਸੱਚ ਕਹਿਣਾ, ਸੁਣਨਾ ਤੇ ਹਜ਼ਮ ਕਰਨਾ ਬਹੁਤ ਔਖਾ ਹੁੰਦਾ ਹੈ। ਜ਼ਿੰਦਗੀ ਦੇ ਸਫਰ ਵਿਚ ਉਹ ਆਪਣੇ ਆਪ ਨੂੰ ਕਦੇ ਵੀ ਭਟਕਣ ਤੇ ਬੇਚੈਨੀ ਦੇ ਸਨਮੁਖ ਹੋਣ ਲਈ ਤਤਪਰ ਰੱਖਦਾ ਹੈ।

ਕੁਝ ਗੱਲਾਂ ਕਵੀ ਨੂੰ ਪ੍ਰੇਸ਼ਾਨ ਕਰਦੀਆਂ ਹਨ। ਜਦੋਂ ਉਹ ਵੇਖਦਾ ਹੈ ਕਿ ਪੱਥਰਾਂ ਦੇ ਸ਼ਹਿਰ ਵਿਚ ਲੋਕ ਪੱਥਰ ਹੋ ਗਏ ਹਨ, ਮਨੁੱਖ ਅੰਦਰੋਂ ਖੋਖਲਾ ਹੁੰਦਾ ਚਲਾ ਜਾ ਰਿਹਾ ਹੈ, ਹਵਾ-ਪਾਣੀ-ਵਾਤਾਵਰਣ ਪ੍ਰਦੂਸ਼ਿਤ ਹੁੰਦੇ ਚਲੇ ਜਾ ਰਹੇ ਹਨ, ਨੇਤਾ ਲੋਕ ਦੇਸ਼ ਨੂੰ ਲੁੱਟ ਰਹੇ ਹਨ, ਲੋਕ ਭ੍ਰਿਸ਼ਟਾਚਾਰ, ਮਿਲਾਵਟ ਤੇ ਲੁੱਟ-ਖਸੁੱਟ ਦੇ ਪੁੜਾਂ ਵਿਚਾਲੇ ਪਿਸ ਰਹੇ ਹਨ, ਧਰਮ ਦੇ ਨਾਂ 'ਤੇ ਲੋਕ ਵੰਡੇ ਜਾ ਰਹੇ ਹਨ, ਸਰਕਾਰਾਂ ਕੂੜ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕਰਦੀਆਂ ਹਨ, ਗੁੰਡਾਗਰਦੀ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੈ, ਸਰਕਾਰਾਂ ਹਕੂਮਤ ਦੇ ਨਸ਼ੇ ਵਿਚ ਚੂਰ ਹਨ, ਹਰੇਕ ਛੋਟਾ-ਵੱਡਾ ਨੇਤਾ ਕੁਰਸੀ-ਦੌੜ ਵਿਚ ਹੈ, ਸਰਕਾਰੀ ਤਸ਼ੱਦਦ ਤੋਂ ਲੋਕ ਦੁਖੀ ਹਨ, ਇਸ ਸਿਸਟਮ ਵਿਚ ਸਾਧਾਰਨ ਮਨੁੱਖ ਨੂੰ ਇਨਸਾਫ ਦੀ ਕੋਈ ਉਮੀਦ ਨਹੀਂ, ਬੰਦਾ ਮੰਡੀ ਵਿਚ ਵਿਕਣ ਵਾਲੀ ਵਸਤੂ ਬਣਦਾ ਜਾ ਰਿਹਾ ਹੈ, ਮਨੁੱਖ ਸਹਿਮ ਹੇਠ ਜੀਅ ਰਿਹਾ ਹੈ, ਪਰਵਾਸੀ ਜੀਵਨ ਦਾ ਸੰਤਾਪ ਝੱਲਣਾ ਬਹੁਤ ਕਠਿਨ ਹੈ, ਆਲਮੀ ਤਪਸ਼ ਨੇ ਧਰਤੀ ਦਾ ਬਹੁਤਾ ਹਿੱਸਾ ਲੂਹ ਸੁੱਟਿਆ ਹੈ, ਪਾਣੀ ਦਾ ਸੰਕਟ ਵਿਕਰਾਲ ਰੂਪ ਧਾਰ ਰਿਹਾ ਹੈ ਤਾਂ ਕਵੀ ਦੇ ਮਨ ਅੰਦਰਲੀ ਖਲਬਲੀ ਵਧਦੀ ਹੈ। ਅਜਿਹੇ ਕਈ ਹੋਰ ਸਰੋਕਾਰ ਹਨ, ਜੋ ਕਵੀ ਦੀਆਂ ਪ੍ਰੇਸ਼ਾਨੀਆਂ ਵਧਾਉਂਦੇ ਹਨ।

ਗਜ਼ਲਾਂ ਦੇ ਸ਼ਿਅਰਾਂ ਰਾਹੀਂ ਸੰਕੇਤ ਮਾਤਰ ਗੱਲਾਂ ਕਰਕੇ ਉਹ ਪਾਠਕ ਦਾ ਧਿਆਨ ਮੰਗਦਾ




ਹੈ। ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਦੀ ਦਿਲ ਵਲੂੰਧਰਣ ਵਾਲੀ ਘਟਨਾ ਕਵੀ ਨੂੰ ਹੁਣ ਵੀ ਹਲੂਣ ਜਾਂਦੀ ਹੈ। ਕਵੀ ਸਾਹਿਬਜ਼ਾਦਿਆਂ ਦੀਆਂ ਅਦੁੱਤੀ ਸ਼ਹਾਦਤਾਂ ਨੂੰ ਯਾਦ ਕਰਕੇ ਸਿਰ ਝੁਕਾਉਂਦਾ ਹੈ ਤੇ ਸਿੱਖ ਧਰਮ ਦੀ ਅਮੀਰ ਵਿਰਾਸਤ ਨੂੰ ਸੰਭਾਲ ਕੇ ਰੱਖਣ ਤੇ ਉਸ ਤੋਂ ਪ੍ਰੇਰਨਾ ਤੇ ਅਗਵਾਈ ਲੈਣ ਲਈ ਕਹਿੰਦਾ ਹੈ। ਦਹਿਸ਼ਤ ਦੇ ਕਾਲੇ ਦੌਰ ਨੂੰ ਯਾਦ ਕਰਕੇ ਕਵੀ ਦਾ ਮਨ ਅਜੇ ਵੀ ਦਹਿਲ ਜਾਂਦਾ ਹੈ। ਆਪਣੀਆਂ ਗਜ਼ਲਾਂ ਦੇ ਸ਼ਿਅਰਾਂ ਦੇ ਮਾਧਿਅਮ ਰਾਹੀਂ ਅਜਿਹੀਆਂ ਤੇ ਕਈ ਹੋਰ ਗੱਲਾਂ ਕਰਕੇ ਕਵੀ ਆਪਣੀ ਸਮਾਜਕ ਤੇ ਸਾਹਿਤਕ ਜ਼ਿੰਮੇਵਾਰੀ ਨੂੰ ਪਛਾਣਦਾ ਹੈ।

ਕਵੀ ਨੂੰ ਗਜ਼ਲ ਦੇ ਜ਼ਾਬਤੇ ਤੇ ਰਚਨਾ ਪ੍ਰਬੰਧ ਬਾਰੇ ਜਾਣਕਾਰੀ ਹੈ। ਗਜ਼ਲਾਂ ਵਿਚ ਮੁਹਾਵਰੇ, ਬਿੰਬ, ਅਲੰਕਾਰ, ਵਿਅੰਗ ਆਦਿ ਦੀ ਵਰਤੋਂ ਕਰਨੀ ਉਹ ਜਾਣਦਾ ਹੈ। ਸ਼ਬਦਾਂ ਦੀ ਚੋਣ ਤੇ ਜੜਤ ਉਸ ਨੂੰ ਆਉਂਦੀ ਹੈ। ਕਲਪਨਾ ਦੀ ਉਡਾਣ ਭਰਨ ਦਾ ਉਹ ਚੰਗਾ ਅਭਿਆਸੀ ਹੈ। ਖੂਬਸੂਰਤ, ਢੁਕਵੇਂ ਤੇ ਉਚਿਤ ਸ਼ਬਦਾਂ ਦੇ ਪ੍ਰਯੋਗ ਨਾਲ ਉਹ ਗਜ਼ਲ ਨੂੰ ਪੁਖਤਗੀ ਦੇਣ ਵਿਚ ਸਫਲ ਹੈ। ਗਜ਼ਲ ਦੇ ਸ਼ਿਅਰਾਂ ਤੇ ਮਿਸਰਿਆਂ, ਮਤਲੇ ਤੇ ਮਕਤੇ ਦੀ ਥਾਂ-ਸਿਰ ਕੀਤੀ ਢੁਕਵੀਂ ਜੜਤ ਉਸ ਦੇ ਸ਼ਿਅਰਾਂ ਨੂੰ ਅਸਰਦਾਰ ਬਣਾਉਣ ਵਿਚ ਸਹਾਈ ਹੁੰਦੀ ਹੈ। ਇੰਜ ਉਸ ਦੀ ਗਜ਼ਲ ਟੁੰਬਵਾਂ ਪ੍ਰਭਾਵ ਪਾਉਂਦੀ ਹੈ। ਕਾਫੀਏ ਤੇ ਰਦੀਫ ਦੀ ਫੱਬਤ-ਜੜਤ ਉਸ ਦੀ ਗਜ਼ਲ ਨੂੰ ਮੁੱਲਵਾਨ ਬਣਾਉਣ ਵਿਚ ਸਹਾਈ ਹੁੰਦੀ ਹੈ। ਉਹ ਸ਼ਿਅਰਾਂ ਦੀ ਉਸਾਰੀ ਕਰਨੀ ਤੇ ਨਿਭਾਓ ਕਰਨਾ ਭਲੀ-ਭਾਂਤ ਜਾਣਦਾ ਹੈ। ਮੈਂ ਮਨ ਦੀਆਂ ਅੰਤਰੀਵ ਗਹਿਰਾਈਆਂ ਵਿਚੋਂ ਇਸ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ।

## ਸੰਪਾਦਕ ਦੀ ਡਾਕ

# ਖਾਮੋਸ਼ੀ ਜ਼ੁਰਮ ਹੈ... !

**ਮਾਨਯੋਗ ਸੰਪਾਦਕ ਜੀ,**

ਖੁੱਲ੍ਹੀ ਜੇਲ੍ਹ ਬਣਾ ਦਿੱਤੇ ਗਏ ਕਸ਼ਮੀਰ ਦੇ ਆਵਾਮ ਲਈ ਹਾਅ ਦਾ ਨਾਹਰਾ ਵੱਜਦਾ ਕਿਤਿਉਂ ਨਹੀਂ ਸੁਣ ਰਿਹਾ! ਦੇਸ਼ ਭਰ ਵਿਚ ਸਹਿਮ ਭਰੀ ਖਾਮੋਸ਼ੀ ਛਾਈ ਪਈ ਹੈ। ਅਜਿਹੇ ਹਾਲਾਤ ਦੇਖ ਕੇ ਮੈਨੂੰ ਸਰਹਿੰਦ ਦੀ ਇਤਿਹਾਸਕ ਖਾਮੋਸ਼ੀ ਵਾਲਾ ਬਿਰਤਾਂਤ ਯਾਦ ਆ ਗਿਆ।

ਚੰਡੀਗੜ੍ਹ ਦੇ ਇਕ ਗੁਰਦੁਆਰੇ ਵਿਚ ਸਵਰਗੀ ਗਿਆਨੀ ਸੋਹਣ ਸਿੰਘ ਸੀਤਲ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫਤਿਹ ਵਾਲਾ ਪ੍ਰਸੰਗ ਸੁਣਾਉਂਦਿਆਂ ਦੱਸਿਆ ਸੀ ਕਿ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਸੂਬੇਦਾਰ ਵਜੀਦ ਖਾਨ ਦੇ ਮਾਰੇ ਜਾਣ ਪਿਛੋਂ ਸਿੱਖ ਸੈਨਿਕ ਸਰਹਿੰਦ ਨਗਰ ਵਿਚ ਵੜ ਕੇ ਇੱਕ ਵਾਢਿਉਂ ਕਤਲੇਆਮ ਕਰਨ ਲੱਗੇ। ਬਾਬਾ ਬੰਦਾ ਸਿੰਘ ਦੇ ਕੁਝ ਸਾਥੀਆਂ ਨੇ ਬਾਬਾ ਜੀ ਨੂੰ ਕਿਹਾ ਕਿ ਇੰਜ ਕਰਨੋਂ ਸਿੱਖ ਸੈਨਿਕਾਂ ਨੂੰ ਰੋਕਿਆ ਜਾਵੇ, ਕਿਉਂਕਿ ਆਮ ਸਰਹਿੰਦ ਵਾਸੀਆਂ ਦਾ ਕੀ ਕਸੂਰ ਹੈ?

ਕਹਿੰਦੇ ਨੇ, ਬਾਬਾ ਜੀ ਨੇ ਰੋਹ 'ਚ ਆਏ ਸਿੱਖਾਂ ਨੂੰ ਵਰਜ ਤਾਂ ਦਿੱਤਾ, ਪਰ ਉਨ੍ਹਾਂ ਆਪਣੇ ਸਾਥੀ ਜਥੇਦਾਰਾਂ ਨੂੰ ਕਿਹਾ ਕਿ ਜਿਸ ਨਗਰ-ਖੇੜੇ ਦੇ ਵਸਨੀਕਾਂ ਨੇ ਸ਼ੀਰ-ਖੋਰ ਮਾਸੂਮ ਬੱਚਿਆਂ ਨੂੰ ਕੋਹ ਕੋਹ ਕੇ ਕਤਲ ਕੀਤੇ ਜਾਣ 'ਤੇ ਵੀ ਖਾਮੋਸ਼ੀ ਧਾਰੀ ਰੱਖੀ, ਕੀ ਉਹ ਘੱਟ ਗੁਨਾਹਗਾਰ ਹਨ?

ਰੱਬ ਜਾਣੇ ਇਹ ਵਾਰਤਾ ਇਤਿਹਾਸਕ ਤੌਰ 'ਤੇ ਕਿੰਨੀ ਕੁ ਸਹੀ ਹੋਵੇਗੀ, ਪਰ ਇਸ ਵਿਚਲੇ ਤੱਥ ਕਿ ਜ਼ੁਲਮ ਹੁੰਦਾ ਦੇਖਣ-ਸੁਣਨ ਵਾਲਿਆਂ ਦੀ ਖਾਮੋਸ਼ੀ ਨੂੰ ਸੱਚ ਮੁੱਚ ਗੁਨਾਹ ਹੀ ਮੰਨਿਆ ਜਾ ਸਕਦਾ ਹੈ। ਇਕ ਸ਼ੇਅਰ ਵੀ ਅਜਿਹੀ ਭਾਵਨਾ ਦੀ ਤਸਦੀਕ ਕਰਦਾ ਪ੍ਰਤੀਤ ਹੁੰਦਾ ਹੈ,

ਖਾਮੋਸ਼ੀ ਜ਼ੁਰਮ ਹੈ
ਜਬ ਮੂੰਹ ਮੇਂ ਜ਼ੁਬਾਂ ਹੋ 'ਅਕਬਰ'
ਖਾਮੋਸ਼ ਰਹਨਾ ਭੀ ਤੋ
ਹੈ ਜ਼ਾਲਿਮ ਕੀ ਹਮਾਇਤ ਕਰਨਾ।

ਆਪਣੇ ਪੰਜਾਬ ਵਿਚ ਅਕਾਲੀ ਦਲ ਦੇ ਮਾਨਵੀ ਹੱਕ ਹਕੂਕਾਂ ਲਈ ਜੂਝਣ ਵਾਲੇ ਖਾਸੇ ਨੂੰ ਪਰਿਵਾਰਵਾਦ ਦਾ ਗ੍ਰਹਿਣ ਲੱਗ ਚੁਕਾ ਹੈ। ਹੁਣ ਕੁਝ ਖੱਬੇ ਪੱਖੀ ਧਿਰਾਂ ਸਰਕਾਰੀ ਚੱਕੀ 'ਚ ਪਿਸਦੇ ਜਾ ਰਹੇ ਕਸ਼ਮੀਰ ਲਈ ਆਵਾਜ਼ ਬੁਲੰਦ ਕਰ ਰਹੀਆਂ ਹਨ ਜਾਂ ਕੁਝ ਅਖਬਾਰਾਂ ਕਲਮ ਰਾਹੀਂ ਬਣਦਾ ਫਰਜ਼ ਨਿਭਾ ਰਹੀਆਂ ਹਨ, ਬਾਕੀਆਂ ਦੀ ਖਾਮੋਸ਼ੀ ਨਿਰਾਸ਼ਾ ਵਧਾ ਰਹੀ ਹੈ!

-ਤਰਲੋਚਨ ਸਿੰਘ ਦੁਪਾਲਪੁਰ

## ਮਿਨੀ ਕਹਾਣੀ

# ਵੱਡਾ ਮਦਾਰੀ

ਮਦਾਰੀ ਦਾ ਖੇਡ ਸ਼ੁਰੂ ਹੋਇਆ ਹੀ ਸੀ ਕਿ ਉਸ ਨੇ ਡੁਗਡੁੱਗੀ ਵਜਾਉਂਦਿਆਂ ਅਖਾੜੇ ਦਾ ਗੇੜਾ ਪੂਰਾ ਕਰ ਚਾਦਰ ਵਿਛਾ ਆਪਣੇ ਪੁੱਤ ਨੂੰ ਲੈ ਕੇ ਤਮਾਸ਼ਾ ਦਿਖਾਉਣਾ ਸ਼ੁਰੂ ਕਰ ਦਿੱਤਾ। ਉਸੇ ਵੇਲੇ ਇੱਕ ਵੱਡੀ ਗੱਡੀ ਆ ਕੇ ਰੁਕੀ।

"ਮੈਂ ਯਾਰ ਤੁਹਾਨੂੰ ਘਰੇ ਲੱਭਦਾ ਫਿਰਦਾਂ, ਤੁਸੀਂ ਇੱਥੇ ਤਮਾਸ਼ਾ ਵੇਖਣ ਲੱਗੇ ਹੋਂ। ਨੇਤਾ ਜੀ ਪਹੁੰਚਣ ਵਾਲੇ ਹਨ, ਜਿਨ੍ਹਾਂ ਚੋਣ ਫੰਡ ਦੇਣਾ, ਜਮ੍ਹਾਂ ਕਰਵਾਓ ਅਤੇ ਸਟੇਜ ਕੋਲ ਪਹੁੰਚੋ।" ਸਰਪੰਚ ਨੇ ਇੱਕੋ ਸਾਹ ਕਈ ਕੁਝ ਕਹਿ ਦਿੱਤਾ।

ਕਈਆਂ ਨੇ ਆਪਣੀ ਜੇਬ ਵਿਚੋਂ ਨੋਟਾਂ ਦੀਆਂ ਥੱਦੀਆਂ ਕੱਢ ਫੜਾ ਆਪਣਾ ਨਾਂ ਲਿਖਾ ਦਿੱਤਾ। ਕੁਝ ਗੱਡੀ ਵਿਚ ਬੈਠ ਬਾਕੀ ਪੈਦਲ ਉਨ੍ਹਾਂ ਦੇ ਮਗਰ ਤੁਰ ਪਏ। ਰਹਿੰਦੀ ਕਸਰ ਲੱਚਰ ਜਿਹੇ ਗੀਤਾਂ ਦੀ ਆਵਾਜ਼ ਨੇ ਪੂਰੀ ਕਰ ਦਿੱਤੀ, ਜੋ ਨੇਤਾ ਜੀ ਦੇ ਆਉਣ ਤੋਂ ਪਹਿਲਾਂ ਲੋਕਾਂ ਨੂੰ ਇਕੱਠਾ ਕਰਨ ਵਾਲੀ ਗਾਇਕ ਜੋੜੀ ਦੀ ਸੀ। ਸਭ ਉਧਰ ਨੂੰ ਭੱਜ ਉਠੇ। ਮਦਾਰੀ ਨੇ ਉਦਾਸੀ ਵਿਚ ਆਪਣੀ ਖਾਲੀ ਚਾਦਰ ਇਕੱਠੀ ਕੀਤੀ।

"ਬਾਪੂ, ਇਹ ਕੀ ਹੋ ਗਿਆ। ਸਭ ਲੋਕ...।" ਮਦਾਰੀ ਦੇ ਪੁੱਤ ਦੀ ਮਸਾਂ ਹੀ ਆਵਾਜ਼ ਨਿਕਲੀ।

"ਪੁੱਤ ਇੱਥੇ ਅੱਜ ਵੱਡਾ ਮਦਾਰੀ ਆਉਣਾ। ਅਸੀਂ ਤਾਂ ਦਸ-ਪੰਦਰਾਂ ਮਿੰਟ ਹੱਥ ਫੇਰੀ ਕਰ ਲੋਕਾਂ ਦਾ ਮਨੋਰੰਜਨ ਕਰਦੇ ਹਾਂ, ਉਹ ਪੰਜ ਸਾਲ ਲੋਕਾਂ ਨੂੰ ਬੁੱਧੂ ਬਣਾਉਂਦਾ। ਨੋਟ, ਰੇਤ, ਬਜਰੀ ਅਤੇ ਹੋਰ ਕਈ ਕੁਝ ਗਾਇਬ ਕਰਦਾ। ਲੋਕ ਉਸ ਨੂੰ ਨੋਟ ਅਤੇ ਵੋਟ ਦੇ ਕੇ ਵੱਡਾ ਤਮਾਸ਼ਾ ਵੇਖਦੇ ਆ।" ਮਦਾਰੀ ਖਾਲੀ ਪੇਟ ਤੇ ਚਾਦਰ ਲੈ ਪੁੱਤ ਨੂੰ ਘੜੀਸਦਾ ਅਗਲੇ ਪਿੰਡ ਨੂੰ ਤੁਰ ਪਿਆ।

-ਗੁਰਮੀਤ ਸਿੰਘ ਮਰਾੜ੍ਹ

# ਗੁਲਾਮ ਦੇ ਬਾਰਾਂ ਵਰ੍ਹੇ

***ਗੱਲ 1841 ਦੀ ਹੈ। ਨਿਊ ਯਾਰਕ ਦੇ ਉਤਰ ਵਿਚ ਜਨਮੇ ਸਿਆਹਫਾਮ (ਕਾਲੇ) ਸੋਲੋਮਨ ਨਾਰਥਅੱਪ (10 ਜੁਲਾਈ 1807 ਜਾਂ 1808) ਦੇ ਘਰ ਤੀਜਾ ਬੱਚਾ ਹੋਣ ਵਾਲਾ ਸੀ। ਉਹ ਭਾਵੇਂ ਜ਼ਮੀਨ ਦਾ ਮਾਲਕ ਸੀ ਤੇ ਸੰਗੀਤਕਾਰ ਵੀ, ਫਿਰ ਵੀ ਦੋ ਬੰਦਿਆਂ ਨੇ ਉਸ ਨੂੰ ਅਗਵਾ ਕਰਕੇ ਗੁਲਾਮਾਂ ਦੀ ਮੰਡੀ ਵਿਚ ਵੇਚ ਦਿੱਤਾ। 1853 ਵਿਚ ਗਲੋਂ ਗੁਲਾਮੀ ਦਾ ਤੌਕ ਲਹਿਣ ਪਿਛੋਂ ਉਹਨੇ ਸਵੈ-ਕਥਨ ਲਿਖਿਆ: 'ਟਵੈਲਵ ਯੀਅਰਜ਼-ਏ ਸਲੇਵ।' ਇਹ ਕਿਸੇ ਵੀ ਗੁਲਾਮ ਦੀ ਲਿਖੀ ਪ੍ਰਥਮ ਸਵੈ-ਜੀਵਨੀ ਬਣ ਗਿਆ। ਪੇਸ਼ ਹੈ, ਇਸ ਦਾ ਇਕ ਹਿੱਸਾ। -ਸੰਪਾਦਕ***

## ਕਲਾ ਪਰਿਕਰਮਾ

ਝੱਲ ਦੇ ਝਾੜ-ਬੂਟ ਅਤੇ ਸੰਘਣੀ ਦੱਭ ਦੇ ਉਤੋਂ ਦੀ ਨਜ਼ਰ ਮਾਰਦਿਆਂ ਮੈਂ ਦੇਖਿਆ ਕਿ ਦੋ ਘੋੜ-ਸਵਾਰ ਜਲਦੀ ਨਾਲ ਅੱਗੇ ਵਧਦੇ ਆ ਰਹੇ ਸਨ ਤੇ ਉਨ੍ਹਾਂ ਦੇ ਪਿਛੇ 8-10 ਕੁੱਤਿਆਂ ਦੀ ਟੋਲੀ ਚੱਲ ਰਹੀ ਸੀ। ਮੈਂ ਭਾਵੇਂ ਦੂਰ ਸਾਂ, ਫਿਰ ਵੀ ਮੈਂ ਕੁੱਤਿਆਂ ਨੂੰ ਪਛਾਣ ਲਿਆ ਸੀ। ਉਹ ਨੇੜਲੇ ਫਾਰਮ ਤੋਂ ਸਨ ਜਿਨ੍ਹਾਂ ਨੂੰ ਦਲਦਲੀ ਝਾੜੀਆਂ ਅਤੇ ਵਿਸ਼ਾਲ ਝੱਲ ਦੇ ਕਿਨਾਰੇ ਦੀ ਦੱਭ 'ਚ ਛੁਪੇ ਭਗੌੜੇ ਗੁਲਾਮਾਂ ਨੂੰ ਲੱਭਣ ਲਈ ਵਰਤਿਆ ਜਾਂਦਾ ਹੈ।

ਖੂਨੀ ਕੁੱਤਿਆਂ ਦੀ ਇਹ ਨਸਲ ਲਹੂ-ਪੀਣੀ ਹੈ ਜੋ ਬਚ ਕੇ ਭੱਜੇ ਗੁਲਾਮਾਂ ਨੂੰ ਫੜਨ ਲਈ ਵਰਤੀ ਜਾਂਦੀ ਹੈ। ਕੁੱਤਿਆਂ ਦੀ ਇਹ ਨਸਲ ਉਤਰੀ


### ਸਲੋਮਨ ਨਾਰਥਅੱਪ

ਰਾਜਾਂ ਵਿਚ ਮਿਲਦੇ ਸ਼ਿਕਾਰੀ ਕੁੱਤਿਆਂ ਤੋਂ ਕਿਤੇ ਜ਼ਿਆਦਾ ਭਿਅੰਕਰ ਹੈ। ਆਪਣੇ ਮਾਲਕ ਦੇ ਸ਼ਿਸ਼ਕਾਰਨ 'ਤੇ ਉਹ ਕਾਲੇ ਗੁਲਾਮ 'ਤੇ ਝਪਟਦੇ ਹਨ ਅਤੇ ਦੰਦ ਖਭੋ ਕੇ ਉਸ ਨਾਲ ਇੰਜ ਲਟਕ ਜਾਂਦੇ ਹਨ ਜਿਵੇਂ ਬੁੱਲਡਾਗ ਚੌਪਏ ਦਾ ਸ਼ਿਕਾਰ ਕਰਨ ਵੇਲੇ ਕਰਦੇ ਸਨ।


ਝੱਲਾਂ ਵਿਚ ਇਨ੍ਹਾਂ ਦੇ ਭੌਂਕਣ ਦੀ ਆਵਾਜ਼ ਅਕਸਰ ਗੂੰਜਦੀ ਰਹਿੰਦੀ ਹੈ ਅਤੇ ਇਨ੍ਹਾਂ ਦੇ ਭੌਂਕਣ ਤੋਂ ਇਹ ਅੰਦਾਜ਼ਾ ਲਾਇਆ ਜਾਂਦਾ ਸੀ ਕਿ ਭੱਜੇ ਹੋਏ ਗੁਲਾਮ ਨੂੰ ਕਿਥੇ ਕੁ ਨੱਪਿਆ ਜਾ ਸਕਦਾ ਹੈ, ਜਿਵੇਂ ਪਰਬਤਾਂ ਦੇ ਪੈਰਾਂ ਵਿਚ ਦੌੜ ਰਹੇ ਸ਼ਿਕਾਰੀ ਕੁੱਤਿਆਂ ਦੀ ਆਵਾਜ਼ ਨੂੰ ਕੁਝ ਚਿਰ ਰੁਕ ਕੇ ਸੁਣਨ ਪਿਛੋਂ ਨਿਊ ਯਾਰਕ ਦਾ ਸ਼ਿਕਾਰੀ ਆਪਣੇ ਸਾਥੀ ਨੂੰ ਦੱਸਦਾ ਹੁੰਦਾ ਸੀ ਕਿ ਲੂੰਬੜੀ ਦਾ ਸ਼ਿਕਾਰ ਕਿਥੇ ਕੁ ਮਿਲੇਗਾ।

ਮੈਂ ਕਦੇ ਨਹੀਂ ਸੁਣਿਆ ਕਿ ਕੋਈ ਭਗੌੜਾ ਗੁਲਾਮ ਨਦੀ ਦੇ ਝੱਲ ਵਿਚੋਂ ਜਿੰਦਾ ਨਿਕਲ ਗਿਆ ਹੋਵੇ। ਇਸ ਦਾ ਵੱਡਾ ਕਾਰਨ ਇਹ ਸੀ ਕਿ ਮਾਲਕਾਂ ਵਲੋਂ ਗੁਲਾਮਾਂ ਨੂੰ ਤੈਰਨਾ ਹੀ ਨਹੀਂ ਸਿੱਖਣ ਦਿੱਤਾ ਜਾਂਦਾ ਸੀ ਤਾਂ ਜੋ ਉਹ ਨਦੀ ਹੀ ਪਾਰ ਨਾ ਕਰ ਸਕਣ। ਇਕ ਦੋ ਥਾਵਾਂ ਨੂੰ ਛੱਡ ਕੇ ਨਦੀ ਦਾ ਪਾਣੀ ਬਹੁਤ ਡੂੰਘਾ ਅਤੇ ਡੋਬੂ ਸੀ। ਪਿਛੇ ਪਈ ਮੌਤ ਤੋਂ ਬਚਣ ਲਈ ਭੱਜੇ ਹੋਏ ਗੁਲਾਮ ਨੂੰ ਇਸ ਦਲਦਲੀ ਝੱਲ ਵਲ ਆਉਣਾ ਹੀ ਪੈਂਦਾ ਸੀ। ਇਸ ਦਿਸ਼ਾ ਵੱਲ ਆਏ ਬਿਨਾ ਉਹ ਬਚ ਨਹੀਂ ਸੀ ਸਕਦੇ ਕਿਉਂਕਿ ਨਦੀ ਵਿਚ ਵੜਨ ਦਾ ਹੋਰ ਕੋਈ ਰਸਤਾ ਨਹੀਂ ਸੀ। ਇਉਂ ਜਾਨ ਬਚਾਉਣ ਲਈ ਦੌੜ ਰਹੇ ਗੁਲਾਮ ਕੋਲ ਸਿਰਫ ਦੋ ਹੀ ਰਸਤੇ ਬਚਦੇ ਸਨ: ਜਾਂ ਤਾਂ ਨਦੀ ਵਿਚ ਡੁੱਬ ਮਰੇ ਜਾਂ ਕੁੱਤਿਆਂ ਵਲੋਂ ਫੜਿਆ ਜਾਵੇ।

ਜੁਆਨੀ ਵੇਲੇ ਸਾਡੇ ਜ਼ਿਲ੍ਹੇ ਵਿਚ ਵਗਦੀ ਸਾਫ ਪਾਣੀ ਵਾਲੀ ਨਦੀ ਵਿਚ ਮੈਂ ਓਨਾ ਚਿਰ ਤੈਰਨਾ ਸਿੱਖਦਾ ਰਿਹਾ ਸਾਂ ਜਿੰਨਾ ਚਿਰ ਮੈਂ ਤੈਰਨ ਵਿਚ ਮਾਹਰ ਨਹੀਂ ਸੀ ਹੋ ਗਿਆ।




**ਸਲੋਮਨ ਨਾਰਥਅੱਪ ਦੀ ਪ੍ਰਸਿੱਧ ਕਿਤਾਬ ਦਾ ਮੁਖੜਾ।**




**ਸਲੋਮਨ ਨਾਰਥਅੱਪ ਦੀ ਯਾਦ ਵਿਚ ਲਾਈ ਪਲੇਕ ਜਿਸ ਵਿਚ ਉਸ ਬਾਰੇ ਵੇਰਵੇ ਦਿੱਤੇ ਹੋਏ ਹਨ।**

ਜਿੰਨਾ ਚਿਰ ਕੁੱਤੇ ਕਾਟਨ ਪਰੈਸ ਕੋਲ ਨਹੀਂ ਪਹੁੰਚ ਗਏ, ਤਦ ਤਕ ਮੈਂ ਵਾੜ ਓਹਲੇ ਖੜ੍ਹਾ ਰਿਹਾ। ਕੁੱਤਿਆਂ ਦਾ ਭੌਂਕਣਾ ਦੱਸਦਾ ਸੀ ਕਿ ਉਹ ਮੇਰੀ ਪੈੜ ਨੱਪੀ ਅੱਗੇ ਵਧ ਰਹੇ ਸਨ। ਮੈਂ ਦਲਦਲ ਵਲ ਭੱਜਿਆ। ਡਰ ਨੇ ਮੇਰੇ ਅੰਦਰ ਕੋਈ ਤਾਕਤ ਭਰ ਦਿੱਤੀ ਸੀ ਅਤੇ ਮੈਂ ਇਸ ਦੀ ਭਰਪੂਰ ਵਰਤੋਂ ਕਰ ਰਿਹਾ ਸਾਂ। ਭੌਂਕਦੇ ਹੋਏ ਕੁੱਤੇ ਮੇਰੇ ਨਜ਼ਦੀਕ-ਤਰ-ਨਜ਼ਦੀਕ ਆ ਰਹੇ ਸਨ। ਮੈਂ ਮਹਿਸੂਸ ਕੀਤਾ ਕਿ ਉਹ ਕਿਸੇ ਵੇਲੇ ਵੀ ਮੇਰੇ 'ਤੇ ਟੁੱਟ ਕੇ ਪੈ ਸਕਦੇ ਹਨ। ਲੱਗਿਆ, ਜਿਵੇਂ ਉਨ੍ਹਾਂ ਦੇ ਲੰਮੇ ਅਤੇ ਤਿੱਖੇ ਦੰਦ ਮੇਰੇ ਮਾਸ ਵਿਚ ਧਸ ਗਏ ਹੋਣ।

ਕੁੱਤੇ ਕਈ ਸਨ। ਮੈਨੂੰ ਪਤਾ ਸੀ ਕਿ ਉਹ ਮਿੰਟਾਂ ਸਕਿੰਟਾਂ ਵਿਚ ਪਾੜ ਕੇ ਮੈਨੂੰ ਮਾਰ ਦੇਣਗੇ। ਮੈਂ ਲੰਮਾ ਸਾਹ ਭਰਿਆ। ਘੁਟਦੇ ਹੋਏ ਦਮ ਨਾਲ ਮੈਂ ਪਰਮਾਤਮਾ ਨੂੰ ਬੇਨਤੀ ਕੀਤੀ ਕਿ ਉਹ ਮੇਰਾ ਬਚਾਅ ਕਰੇ ਅਤੇ ਮੈਨੂੰ ਘੱਟ ਡੂੰਘੇ ਪਾਣੀ ਦਾ ਪੱਤਣ ਅਤਾ ਕਰ ਦੇਵੇ ਜਿਸ ਵਿਚ ਮੈਂ ਟੁੱਭੀ ਮਾਰਾਂ ਤੇ ਕੁੱਤੇ ਔਝਲ ਪੈ ਜਾਣ। ਜਿਉਂ ਹੀ ਮੈਂ ਨਦੀ ਕਿਨਾਰੇ ਉਗੀ ਦੱਭ ਵਿਚੋਂ ਲੰਘਣ ਲੱਗਿਆ ਤਾਂ ਦੱਭ ਦੇ ਟਾਂਡੇ ਸ਼ੋਰ ਕਰਨ ਲੱਗੇ ਪਰ ਇਹ ਕੁੱਤਿਆਂ ਦੇ ਸ਼ੋਰ ਤੋਂ ਜ਼ਿਆਦਾ ਨਹੀਂ ਸੀ।

ਮੈਂ ਦੱਖਣ ਵਲ ਦੌੜਨਾ ਜਾਰੀ ਰੱਖਿਆ। ਉਂਜ ਇਹ ਕੇਵਲ ਮੇਰਾ ਅੰਦਾਜ਼ਾ ਹੀ ਸੀ ਕਿ ਮੈਂ ਦੱਖਣ ਵਲ ਜਾ ਰਿਹਾ ਸਾਂ, ਪੱਕਾ ਨਹੀਂ ਸੀ। ਅਖੀਰ ਮੈਂ ਨਦੀ ਦੇ ਉਸ ਪੱਤਣ 'ਤੇ ਪਹੁੰਚ ਗਿਆ ਜਿਥੇ ਪਾਣੀ ਗਿੱਟੇ-ਗਿੱਟੇ ਹੀ ਸੀ। ਹੁਣ ਕੁੱਤੇ ਮੈਥੋਂ ਥੋੜ੍ਹੀ ਦੂਰ ਰਹਿ ਗਏ ਸਨ। ਮੈਨੂੰ ਸੁਣਾਈ ਦੇ ਰਿਹਾ ਸੀ ਕਿ ਉਹ ਭੌਂਕਦੇ ਦੱਭ ਲਤਾੜਦੇ ਆ ਰਹੇ ਸਨ। ਉਨ੍ਹਾਂ ਦਾ ਭੌਂਕਣਾ ਦਲਦਲ ਦੁਆਲੇ ਗੂੰਜਣ ਲੱਗਿਆ ਸੀ।


ਜਿਉਂ ਹੀ ਮੈਂ ਨਦੀ ਦੇ ਪਾਣੀ ਕੋਲ ਪਹੁੰਚਿਆ, ਥੋੜ੍ਹਾ ਹੌਂਸਲਾ ਫੜ ਗਿਆ। ਮੈਂ ਸੋਚਿਆ ਕਿ ਜੇ ਪਾਣੀ ਥੋੜ੍ਹਾ ਹੋਰ ਡੂੰਘਾ ਹੁੰਦਾ ਤਾਂ ਕੁੱਤੇ ਮੇਰੀ ਸਰੀਰਕ ਗੰਧ ਬਾਰੇ ਭੰਬਲਭੂਸੇ ਵਿਚ ਪੈ ਸਕਦੇ ਸਨ ਅਤੇ ਮੈਂ ਉਨ੍ਹਾਂ ਤੋਂ ਬਚ ਕੇ ਨਿਕਲ ਜਾਂਦਾ ਪਰ ਜਿਉਂ ਹੀ ਮੈਂ ਪਾਣੀ ਵਿਚ ਅੱਗੇ ਵਧਿਆ ਤਾਂ ਪਾਣੀ ਪਹਿਲਾਂ ਪਿੰਜਣੀਆਂ ਤਕ, ਫਿਰ ਕਮਰ ਤਕ ਚੜ੍ਹ ਆਇਆ। ਜਦੋਂ ਦਾ ਮੈਂ ਨਦੀ ਵਿਚ ਵੜਿਆ ਸੀ, ਕੁਤਿਆਂ ਨੇ ਮੇਰੇ 'ਤੇ ਲਪਕਣਾ ਬੰਦ ਕਰ ਦਿੱਤਾ ਸੀ। ਸਪਸ਼ਟ ਸੀ ਕਿ ਉਹ ਉਲਝ ਗਏ ਸਨ। ਹੁਣ ਉਨ੍ਹਾਂ ਦੀ ਆਵਾਜ਼ ਪਿਛੇ ਰਹਿੰਦੀ ਜਾ ਰਹੀ ਸੀ। ਮੈਨੂੰ ਯਕੀਨ ਆ ਰਿਹਾ ਸੀ ਕਿ ਮੈਂ ਉਨ੍ਹਾਂ ਤੋਂ ਦੂਰ ਜਾ ਰਿਹਾ ਸਾਂ।

ਆਖਰ ਮੈਂ ਖੜ੍ਹ ਕੇ ਬਿੜਕ ਲਈ ਤਾਂ ਹਵਾ ਦੇ ਕੰਧਾੜੇ ਚੜ੍ਹੀਆਂ ਉਨ੍ਹਾਂ ਦੀ ਦਹਾੜਾਂ ਫਿਰ ਮੇਰੇ ਕੰਨੀ ਪਈਆਂ ਜਿਸ ਦਾ ਮਤਲਬ ਸੀ ਕਿ ਮੈਂ ਅਜੇ ਸੁਰੱਖਿਅਤ ਨਹੀਂ ਸੀ। ਪਾਣੀ ਦੀ ਰੁਕਾਵਟ ਦੇ ਬਾਵਜੂਦ ਦਲਦਲ ਦੀ ਦੱਭ ਵਿਚੋਂ ਜਿਥੋਂ ਮੈਂ ਲੰਘਿਆ ਸਾਂ, ਉਸ ਨੂੰ ਸੁੰਘ ਕੇ ਉਹ ਮੇਰੀ ਪੈੜ ਕੱਢ ਸਕਦੇ ਸਨ। ਆਖਰਕਾਰ ਮੇਰੀ ਖੁਸ਼ੀ ਨੂੰ ਮੈਂ ਚੌੜੀ ਨਦੀ 'ਤੇ ਪਹੁੰਚ ਗਿਆ। ਮੈਂ ਇਸ ਵਿਚ ਛਾਲ ਮਾਰ ਦਿੱਤੀ ਅਤੇ ਜਲਦੀ ਹੀ ਇਸ ਦੇ ਹੌਲੀ ਵਗਦੇ ਪਾਣੀ ਨੂੰ ਚੀਰ ਕੇ ਪਾਰ ਹੋ ਗਿਆ।

ਹੁਣ ਕੁੱਤੇ ਜ਼ਰੂਰ ਉਲਝ ਗਏ ਹੋਣਗੇ, ਕਿਉਂਕਿ ਨਦੀ ਦਾ ਪਾਣੀ ਭਗੌੜੇ ਕਾਲੇ ਗੁਲਾਮ ਦੇ ਪਿੰਡੇ ਦਾ ਉਹ ਵਚਿਤਰ ਮੁਸ਼ਕ ਵਹਾ ਕੇ ਲੈ ਗਿਆ ਸੀ ਜਿਸ ਨੂੰ ਸੁੰਘ ਕੇ ਸ਼ਿਕਾਰੀ ਕੁੱਤਿਆਂ ਨੇ ਮੇਰੀ ਟੋਹ ਲਾਉਣੀ ਸੀ।

## ਪੁਸਤਕ 'ਤੇ ਬਣੀ ਫਿਲਮ

***ਸੋਲੋਮਨ ਨਾਰਥਅੱਪ ਦੀ ਕਿਤਾਬ '12 ਯੀਅਰਜ਼ ਏ ਸਲੇਵ' ਉਤੇ ਇਸੇ ਨਾਂ ਹੇਠ 2013 ਵਿਚ ਫਿਲਮ ਬਣੀ। ਸਿਆਹਫਾਮ ਫਿਲਮਸਾਜ਼ ਸਟੀਵ ਮੈਕੁਇਨ ਵਲੋਂ ਨਿਰਦੇਸ਼ਤ ਇਸ ਫਿਲਮ ਵਿਚ ਸੋਲੋਮਨ ਨਾਰਥਅੱਪ ਵਾਲਾ ਕਿਰਦਾਰ ਸ਼ਿਵੈਟਲ ਈਓਫੋਰ ਨੇ ਨਿਭਾਇਆ। 134 ਮਿੰਟਾਂ ਦੀ ਇਹ ਫਿਲਮ ਸਭ ਤੋਂ ਪਹਿਲਾਂ 30 ਅਗਸਤ 2013 ਨੂੰ ਟੈਲੂਰਾਈਡ ਫਿਲਮ ਮੇਲੇ ਵਿਚ ਦਿਖਾਈ ਗਈ। ਫਿਰ 8 ਨਵੰਬਰ 2013 ਨੂੰ ਅਮਰੀਕਾ ਅਤੇ 10 ਜਨਵਰੀ 2014 ਨੂੰ ਇੰਗਲੈਂਡ ਵਿਚ ਰਿਲੀਜ਼ ਕੀਤੀ ਗਈ। ਇਹ ਫਿਲਮ ਦੋ-ਸਵਾ ਦੋ ਕਰੋੜ ਡਾਲਰ ਦੀ ਲਾਗਤ ਨਾਲ ਬਣੀ ਸੀ ਅਤੇ ਇਸ ਨੇ ਤਕਰੀਬਨ 19 ਕਰੋੜ ਡਾਲਰ ਦੀ ਕਮਾਈ ਕੀਤੀ। ਇਹ ਫਿਲਮ ਨੌਂ ਆਸਕਰ ਇਨਾਮਾਂ ਲਈ ਨਾਮਜ਼ਦ ਹੋਈ ਅਤੇ ਇਸ ਨੇ ਸਰਵੋਤਮ ਫਿਲਮ, ਸਰਵੋਤਮ ਪਟਕਥਾ ਅਤੇ ਸਰਵੋਤਮ ਸਹਾਇਕ ਅਦਾਕਾਰਾ ਦੇ ਤਿੰਨ ਆਸਕਰ ਇਨਾਮ ਜਿੱਤ ਲਏ। ਬੀ.ਸੀ.ਸੀ. ਵਲੋਂ 177 ਆਲੋਚਕਾਂ ਦੇ ਆਧਾਰ ਉਤੇ ਕਰਵਾਏ ਸਰਵੇਖਣ ਵਿਚ ਇਸ ਫਿਲਮ ਨੂੰ ਸਾਲ 2000 ਤੋਂ ਬਾਅਦ ਬਣੀਆਂ ਫਿਲਮਾਂ ਵਿਚੋਂ 44ਵੀਂ ਮਹਾਨ ਫਿਲਮ ਕਰਾਰ ਦਿੱਤਾ ਗਿਆ।***




# ਆਖ ਤਸਵੀਰਾਂ ਬੋਲਦੀਆਂ


***ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਨਵੰਬਰ 2019 ਹੈ। -ਸੰਪਾਦਕ***

## ਕੈਪਸ਼ਨ ਮੁਕਾਬਲਾ-401



***ਥੱਕ ਟੁੱਟ ਕੇ ਡੈਡੀ ਆਇਆ, ਟਰੈਕਟਰ ਲਿਆ ਮੋਟਰ 'ਤੇ ਲਾਇਆ।***
***ਆਪਾਂ ਵੀ ਕੁਝ ਹੱਥ ਵਟਾਈਏ, ਪਾਣੀ ਵਾਲੀ ਪਾਈਪ ਲਗਾਈਏ।***
***ਧੋ ਦੇਈਏ ਕੁਝ ਸੋਹਣਾ ਲੱਗੂ, ਕੱਲ ਨੂੰ ਜਦੋਂ ਖੇਤ ਵਿਚ ਭੱਜੂ।***

## ਕੈਪਸ਼ਨ ਮੁਕਾਬਲਾ-399



ਨਿਰਮਲ ਪਾਕ ਪਵਿੱਤਰ ਪਾਣੀ
ਵਿਚ ਖਾਲਾਂ ਦੇ ਵਗਦਾ ਸੀ।
ਪੁੱਤਾਂ ਵਰਗੀਆਂ ਫਸਲਾਂ ਤਾਈਂ
ਵਾਂਗ ਖੁਰਾਕਾਂ ਲੱਗਦਾ ਸੀ।
ਤ੍ਰੇਹ ਲੱਗਦੀ ਤਾਂ ਲਾ ਗੋਡਣੀ
ਚੂਲੀਆਂ ਭਰ ਪੀ ਲੈਂਦੇ ਸੀ।
ਉਸੇ ਤੋਂ ਹੁਣ ਡਰ ਹੈ ਲੱਗਦਾ
ਜਿਹਨੂੰ ਬਾਪੂ ਕਹਿੰਦੇ ਸੀ।

***-ਜਗਮੀਤ ਸਿੰਘ ਪੰਧੇਰ, ਕੈਨੇਡਾ***
***ਫੋਨ: 1-431-887-7222***

---

ਹਾੜ੍ਹ ਦਾ ਮਹੀਨਾ ਧੁੱਪ ਬੜੀ ਸੀ ਕਰਾਰੀ।
ਤ੍ਰੇਹ ਨੇ ਸਤਾਏ ਜਾਪੇ ਮੱਤ ਜਿਉਂ ਸੀ ਮਾਰੀ।
ਤੱਕ ਚੱਲਦੀ ਆੜ ਨੇੜੇ ਰੂਹ ਲਲਚਾਈ।
ਗੋਡਣੀ ਲਾ ਭਰੇ ਬੁੱਕ, ਪਿਆਸ ਬੁਝਾਈ।

***-ਸੇਵਾ ਸਿੰਘ ਨੂਰਪੁਰੀ***

---

ਗੋਡਣੀਆਂ ਲਾ ਕੇ, ਬੁੱਕਾਂ ਭਰਕੇ
ਬੱਚੇ ਪੀਂਦੇ ਵਗਦੇ ਆੜ 'ਚੋਂ ਪਾਣੀ।
ਤਾਜਾ-ਸਾਫ, ਕੂੜਾ ਨਾ ਕਰਕਟ
ਮੁੱਕਦੀ ਜਾਂਦੀ ਹੁਣ ਇਹ ਵੀ ਕਹਾਣੀ।
ਵਿਰਲਿਆਂ ਦੇ ਹਿੱਸੇ ਰਹਿ ਗਈ
ਖੇਤਾਂ, ਖੂਹਾਂ ਵਾਲੀ ਗੱਲ ਪੁਰਾਣੀ।

***-ਦਵਿੰਦਰ ਕੌਰ***

---

ਖੇਤੋਂ ਲੰਘਦੇ, ਲੱਗੀ ਬਹੁਤ ਪਿਆਸ।
ਖਾਲੀ ਹੱਥ ਕੋਈ ਪੇਸ਼ ਨਾ ਚਲਦੀ,
ਕਿੱਥੋਂ ਲੈਣ ਗਲਾਸ?
ਦੋਹਾਂ ਰਲ ਕੇ ਫੈਸਲਾ ਕੀਤਾ,
ਆੜ 'ਚੋਂ ਪਾਣੀ ਬੁੱਕਾਂ ਨਾਲ ਪੀਤਾ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਕੈਲੀਫੋਰਨੀਆ।***
***ਫੋਨ: 925-325-2486***

---

ਅੰਨੇਵਾਹ ਦੁਰਵਰਤੋਂ ਰਸਾਇਣਾਂ ਦੀ
ਜ਼ਹਿਰੀ ਕੀਤਾ ਜਮੀਨਦੋਜ਼ ਪਾਣੀ।
ਜਲ ਬੁੱਕ ਭਰ ਕੇ ਖਾਲੇ 'ਚੋਂ ਪੀ ਸੀ ਲੈਂਦੇ
ਹੋ ਗਈ ਹੁਣ ਬੀਤੇ ਦੀ ਕਹਾਣੀ।
ਜੈਵਿਕ ਖੇਤੀ ਵੱਲ ਮੁੜਨਾ ਪਊ, ਨਹੀਂ ਤਾਂ
ਖਤਮ ਹੋ ਜਾਣੇ ਮਨੁੱਖ, ਜਨੌਰ ਤੇ ਪ੍ਰਾਣੀ।

***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਪੰਜੀਵਾਦੀ ਕਾਰਖਾਨਿਆਂ ਤੇ ਕੀਟਨਾਸ਼ਕਾਂ ਨੇ
ਨਿਰਮਲ ਜਲ ਪੱਤਣਾਂ ਦੇ ਕੀਤੇ ਜ਼ਹਿਰੀ।
ਹੁਣ ਨਾ ਕੋਈ ਖਾਲਿਆਂ 'ਚੋਂ ਚੂਲੇ ਭਰਦਾ
ਬੰਦਾ ਤਰੱਕੀ ਕਰਦਾ ਹੋ ਗਿਆ ਸ਼ਹਿਰੀ।
ਸਫਾਖਾਨਿਆਂ 'ਚ ਲੱਗਦੇ ਮਰੀਜ਼ਾਂ ਦੇ ਢੇਰ
ਵਿਗੜੇ ਸੁਭਾਅ ਲੋਕਾਂ ਦੇ, ਭਰਦੀ ਕਚਹਿਰੀ।

***-ਜਗਜੀਤ ਕੌਰ, ਚੰਡੀਗੜ੍ਹ***

---

ਵਗਦਾ ਪਾਣੀ ਹਮੇਸ਼ਾ ਪਵਿੱਤਰ ਹੁੰਦਾ
ਰਹਿੰਦੇ ਹੋ ਜੇ ਉਥੇ, ਸਭ ਪਚਦਾ
ਕੋਈ ਫਰਕ ਨਹੀਂ ਪੈਂਦਾ।
ਬੈਕਟੀਰੀਆ ਉਸ ਪਾਣੀ 'ਚ ਵੀ
ਸਾਡੇ ਸਰੀਰ 'ਚ ਵੀ ਹੈ।
ਘੁਲਦੇ ਰਹਿੰਦੇ ਆਪਸ 'ਚ ਬੈਕਟੀਰੀਆ।
ਆੜ 'ਚ ਮਿਟੀ ਘੱਟਾ, ਤਿੜਾਂ
ਬਹੁਲਤਾ ਹੈ ਬੈਕਟੀਰੀਆ ਦੀ।
ਐਪਰ, ਜਾਓ ਬਾਹਰੋਂ ਕਿਸੇ ਮੁਲਖੋਂ
ਪੀਓ ਜੇ ਆੜ 'ਚ ਪਾਣੀ
ਕਰੂ ਪੇਟ ਕੁਰਬਲ ਕੁਰਬਲ।
ਯੋਗਤਾ ਨਹੀਂ ਹੈ ਸਰੀਰ 'ਚ
ਭਾਰਾ ਪਾਣੀ ਪਚਾਉਣ ਦੀ।
ਕੋਈ ਅਤਿਕਥਨੀ ਨਹੀਂ
ਅਸੀਂ ਸਭ ਡੀਕਾਂ ਲਾ ਲਾ ਪੀਤਾ ਹੋਇਆ
ਵਗਦੀ ਆੜ 'ਚੋਂ ਪਾਣੀ।

***-ਦਰਸ਼ਨਾਪਲ ਦੋਸਾਂਝ***

# ਆਰਥਕ ਵਿਕਾਸ ਦੀ ਆੜ ਵਿਚ ਕੁਦਰਤੀ ਸਰੋਤਾਂ ਦਾ ਉਜਾੜਾ

ਪਹਿਲੀ ਅਕਤੂਬਰ 2019 ਨੂੰ ਸੁਪਰੀਮ ਕੋਰਟ ਨੇ ਦੁਸਹਿਰੇ ਦੀਆਂ ਇਕ ਹਫਤੇ ਦੀਆਂ ਛੁੱਟੀਆਂ ਹੋਣ ਦੇ ਬਾਵਜੂਦ ਮੁੰਬਈ ਸ਼ਹਿਰ ਦੇ ਗੋਰੇਗਾਂਵ ਦੇ ਨੇੜੇ ਆਰੇ ਕਾਲੋਨੀ ਦੇ ਜੰਗਲੀ ਖੇਤਰ ਵਿਚ ਮੁੰਬਈ ਮੈਟਰੋ-3 ਦੇ ਕਾਰ ਸ਼ੈਡ ਬਣਾਉਣ ਲਈ ਵੱਢੇ ਜਾ ਰਹੇ ਦਰਖਤਾਂ ਨੂੰ ਬਚਾਉਣ ਲਈ ਕਾਨੂੰਨ ਦੇ ਵਿਦਿਆਰਥੀ ਰਿਸ਼ਵ ਰੰਜਨ ਦੇ ਚੀਫ ਜਸਟਿਸ ਨੂੰ ਲਿਖੇ ਪੱਤਰ ਦਾ ਨੋਟਿਸ ਲੈਂਦਿਆਂ ਵਿਸ਼ੇਸ਼ ਬੈਂਚ ਦਾ ਗਠਨ ਕਰਕੇ ਹੋਰ ਦਰਖਤ ਵੱਢਣ 'ਤੇ ਕੇਸ ਦੀ ਅਗਲੀ ਸੁਣਵਾਈ (21 ਅਕਤੂਬਰ) ਤੱਕ ਰੋਕ ਲਾ ਦਿੱਤੀ ਹੈ।



ਸੁਪਰੀਮ ਕੋਰਟ ਦਾ ਇਹ ਫੈਸਲਾ ਸੁਆਗਤਯੋਗ ਹੈ, ਪਰ ਮਹਾਰਾਸ਼ਟਰ ਦੇ ਮੁੰਬਈ ਸ਼ਹਿਰ ਦਾ ਇਹ ਕੇਸ ਸੁਪਰੀਮ ਕੋਰਟ

**ਡਾ. ਗੁਰਿੰਦਰ ਕੌਰ***
**ਫੋਨ: 408-493-9776**

ਤੱਕ ਕਿਉਂ ਅਤੇ ਕਿਵੇਂ ਪਹੁੰਚਿਆ, ਇਸ ਬਾਰੇ ਵੀ ਥੋੜ੍ਹਾ ਜਾਣ ਲੈਣਾ ਜ਼ਰੂਰੀ ਹੈ। ਮੁੰਬਈ ਦਾ ਆਰੇ ਜੰਗਲੀ ਖੇਤਰ 3 ਹਜ਼ਾਰ ਏਕੜ ਵਿਚ ਫੈਲਿਆ ਹੋਇਆ ਹੈ। ਇਹ ਖੇਤਰ ਸਰਕਾਰੀ ਰਿਕਾਰਡ ਅਨੁਸਾਰ ਸੰਜੇ ਗਾਂਧੀ ਨੈਸ਼ਨਲ ਪਾਰਕ ਦਾ ਅਨਿੱਖੜ ਹਿੱਸਾ ਹੈ। ਇੱਥੇ ਜੀਵ-ਜੰਤੂਆਂ ਅਤੇ ਬਨਸਪਤੀ ਦੀਆਂ ਅਨੇਕਾਂ ਵੰਨਗੀਆਂ ਹਨ। ਇਸ ਖੇਤਰ ਵਿਚ 5 ਲੱਖ ਤੋਂ ਵੱਧ ਦਰਖਤ, 38 ਤਰ੍ਹਾਂ ਦੇ ਧਰਤੀ ਉਤੇ ਰੀਂਗਣ ਵਾਲੇ ਜੀਵ-ਜੰਤੂ, 76 ਤਰ੍ਹਾਂ ਦੇ ਪੰਛੀ, 80 ਤਰ੍ਹਾਂ ਦੀਆਂ ਤਿਤਲੀਆਂ, ਚੀਤਿਆਂ ਦੇ ਨਾਲ ਹੋਰ ਵੀ ਕਈ ਕਿਸਮ ਦੇ ਜਾਨਵਰ ਹਨ। ਇਸ ਤੋਂ ਇਲਾਵਾ ਇੱਥੇ ਆਦਿਵਾਸੀਆਂ ਦੀਆਂ 27 ਝੌਂਪੜੀਆਂ ਵੀ ਹਨ। ਇਸ ਖੇਤਰ ਵਿਚ ਤੁਲਸੀ, ਵਿਹਾਰ ਅਤੇ ਪੁਵਾਈ ਨਾਂ ਦੀਆਂ ਤਿੰਨ ਝੀਲਾਂ ਵੀ ਹਨ, ਜਿਨ੍ਹਾਂ ਵਿਚੋਂ ਦੋ ਸੰਜੇ ਗਾਂਧੀ ਪਾਰਕ ਦੇ ਅੰਦਰ ਹਨ ਤੇ ਇਕ ਬਾਹਰ ਹੈ ਅਤੇ ਇਸ ਦੇ ਨਾਲ ਇੱਥੋਂ ਦੋ ਬਰਸਾਤੀ ਨਦੀਆਂ ਵੀ ਲੰਘਦੀਆਂ ਹਨ।

ਅਸਲ ਵਿਚ ਇਹ ਖੇਤਰ ਮੁੰਬਈ ਦੇ ਕੰਕਰੀਟ ਜੰਗਲ ਵਿਚ ਕੁਦਰਤ ਦੀ ਇਕ ਅਨਮੋਲ ਦਾਤ ਹੈ, ਜਿਸ ਦਾ ਸ਼ਹਿਰ ਵਾਸੀ ਵਿਹਲੇ ਸਮੇਂ ਵਿਚ ਅਨੰਦ ਮਾਣਦੇ ਹਨ। ਇੱਥੇ ਦਰਖਤਾਂ ਦੀ ਬਹੁਤਾਤ ਹੋਣ ਕਰਕੇ ਇਸ ਖੇਤਰ ਨੂੰ ਮੁੰਬਈ ਦੇ ਫੇਫੜੇ ਵੀ ਕਿਹਾ ਜਾਂਦਾ ਹੈ। ਵਾਤਾਵਰਣ ਕਾਰਕੁਨ ਅਤੇ ਕੁਝ ਗੈਰ-ਸਰਕਾਰੀ ਸੰਸਥਾਵਾਂ ਪਿਛਲੇ ਦੋ ਸਾਲਾਂ ਤੋਂ ਮੁੰਬਈ ਮਿਊਂਸਪਲ ਕਾਰਪੋਰੇਸ਼ਨ ਨਾਲ ਆਰੇ ਜੰਗਲੀ ਖੇਤਰ ਵਿਚ ਮੁੰਬਈ ਮੈਟਰੋ ਰੇਲਵੇ ਕਾਰਪੋਰੇਸ਼ਨ ਲਈ ਕਾਰ ਸ਼ੈਡ ਬਣਾਉਣ ਲਈ ਦਰਖਤ ਨਾ ਵੱਢਣ ਦੀ ਕਾਨੂੰਨੀ ਲੜਾਈ ਲੜ ਰਹੇ ਹਨ। ਮੁੰਬਈ ਮਿਊਂਸਪਲ ਕਾਰਪੋਰੇਸ਼ਨ ਨੇ 29 ਅਗਸਤ 2019 ਨੂੰ ਮੁੰਬਈ ਮੈਟਰੋ ਰੇਲਵੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰ ਆਰੇ ਦੇ ਇਸ ਜੰਗਲੀ ਖੇਤਰ ਵਿਚੋਂ 2185 ਦਰਖਤ ਵੱਢਣ ਦੀ ਮਨਜ਼ੂਰੀ ਦੇ ਦਿੱਤੀ ਸੀ, ਪਰ ਮੁੰਬਈ ਮਿਊਂਸਪਲ ਕਾਰਪੋਰੇਸ਼ਨ ਦੇ ਇਸ ਫੈਸਲੇ ਵਿਰੁਧ ਵਾਤਾਵਰਣ ਕਾਰਕੁਨਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਨੇ ਮੁੰਬਈ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰ ਦਿੱਤੀ।

ਮੁੰਬਈ ਹਾਈਕੋਰਟ ਨੇ 4 ਅਕਤੂਬਰ 2019 ਨੂੰ ਇਹ ਕਹਿੰਦਿਆਂ ਪਟੀਸ਼ਨ ਖਾਰਜ ਕਰ ਦਿੱਤੀ ਸੀ ਕਿ ਆਰੇ ਖੇਤਰ ਜੰਗਲੀ ਖੇਤਰ ਨਹੀਂ ਹੈ। ਇਹ ਪਟੀਸ਼ਨ ਖਾਰਜ ਹੋਣ ਤੋਂ ਕੁਝ ਘੰਟੇ ਬਾਅਦ ਹੀ ਮੁੰਬਈ ਰੇਲਵੇ ਕਾਰਪੋਰੇਸ਼ਨ ਨੇ ਆਰੇ ਜੰਗਲੀ ਖੇਤਰ ਦੇ ਦਰਖਤ ਵੱਢਣੇ ਸ਼ੁਰੂ ਕਰ ਦਿੱਤੇ ਸਨ। ਇਸ ਸਬੰਧੀ ਜਦੋਂ ਵਾਤਾਵਰਣ ਕਾਰਕੁਨਾਂ ਨੇ ਵਿਰੋਧ ਕੀਤਾ ਤਾਂ ਮੁੰਬਈ ਪੁਲਿਸ ਨੇ ਕੁਝ ਲੋਕਾਂ ਨੂੰ ਧਾਰਾ 144 ਅਧੀਨ ਗ੍ਰਿਫਤਾਰ ਕਰ ਲਿਆ ਅਤੇ ਦੋ ਦਿਨਾਂ (4 ਤੇ 5 ਅਕਤੂਬਰ) ਵਿਚ ਹੀ ਉਸ ਖੇਤਰ ਵਿਚੋਂ ਲੋੜੀਂਦੇ 2185 ਦਰਖਤਾਂ ਵਿਚੋਂ 2141 ਦਰਖਤ ਵੱਢ ਦਿੱਤੇ। ਇਸੇ ਮਸਲੇ ਵਿਚ ਸੁਪਰੀਮ ਕੋਰਟ ਨੇ 7 ਅਕਤੂਬਰ ਨੂੰ ਵਿਸ਼ੇਸ਼ ਬੈਂਚ ਦਾ ਗਠਨ ਕਰਕੇ ਉਸ ਖੇਤਰ ਵਿਚੋਂ ਹੋਰ ਦਰਖਤ ਵੱਢਣ 'ਤੇ ਰੋਕ ਲਾਉਂਦਿਆਂ ਹਿਰਾਸਤ ਵਿਚ ਲਏ ਲੋਕਾਂ ਨੂੰ ਛੱਡਣ ਦਾ ਆਦੇਸ਼ ਵੀ ਦੇ ਦਿੱਤਾ ਅਤੇ ਹੁਣ ਇਹ ਕੇਸ ਸੁਪਰੀਮ ਕੋਰਟ ਅਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਕੋਲ ਵਿਚਾਰ ਅਧੀਨ ਹੈ।

ਮੁੰਬਈ ਮੈਟਰੋ ਰੇਲਵੇ ਕਾਰਪੋਰੇਸ਼ਨ ਦਾ ਇਹ ਕਾਰ ਸ਼ੈਡ ਮਹਾਰਾਸ਼ਟਰ ਤੇ ਕੇਂਦਰ ਸਰਕਾਰ ਦੀ ਸਾਂਝੇਦਾਰੀ ਨਾਲ ਬਣ ਰਿਹਾ ਹੈ। ਇਸ ਨੂੰ ਬਣਾਉਣ ਲਈ 57 ਫੀਸਦ ਵਿੱਤੀ ਮਦਦ ਜਾਪਾਨ ਦੀ ਇਕ ਕੰਪਨੀ ਕਰ ਰਹੀ ਹੈ ਅਤੇ ਬਾਕੀ ਖਰਚ ਰਾਜ ਤੇ ਕੇਂਦਰ ਸਰਕਾਰਾਂ ਨੇ ਕਰਨਾ ਹੈ।

ਮਹਾਰਾਸ਼ਟਰ ਸਰਕਾਰ ਦਾ ਕਹਿਣਾ ਹੈ ਕਿ ਆਰੇ ਦਾ ਜੰਗਲੀ ਰਕਬਾ 3 ਹਜ਼ਾਰ ਏਕੜ ਹੈ, ਉਸ ਵਿਚੋਂ ਮੈਟਰੋ ਕਾਰ ਸ਼ੈਡ ਲਈ ਸਿਰਫ 3 ਫੀਸਦ ਖੇਤਰ ਦਿੱਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਮੁੰਬਈ ਵਿਚ ਕਾਰ ਸ਼ੈਡ ਬਣਾਉਣ ਲਈ ਹੋਰ ਢੁਕਵੀਂ ਥਾਂ ਵੀ ਨਹੀਂ ਹੈ।

ਦੂਜੇ ਪਾਸੇ ਵਾਤਾਵਰਣ ਕਾਰਕੁਨਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦਾ ਕਹਿਣਾ ਹੈ ਕਿ ਨੈਸ਼ਨਲ ਇਨਵਾਇਰਨਮੈਂਟ ਇੰਜੀਨੀਅਰਿੰਗ ਰਿਸਰਚ ਇੰਸਟੀਚੀਊਟ (ਐਨ. ਈ. ਈ. ਆਰ. ਆਈ.) ਅਤੇ ਆਈ. ਆਈ. ਟੀ. ਮੁੰਬਈ ਅਨੁਸਾਰ ਮੁੰਬਈ ਵਿਚ ਆਰੇ ਖੇਤਰ ਤੋਂ ਇਲਾਵਾ ਹੋਰ ਸੱਤ ਥਾਂਵਾਂ-ਕੰਜੂ ਮਾਰਗ, ਬੈਕਬਏ, ਕੁਲੀਨਾ, ਮਹਾਂਲਕਸ਼ਮੀ ਰੇਸ ਕੋਰਸ, ਬੀ. ਕੇ. ਸੀ., ਧਾਰਵੀ ਅਤੇ ਸੀਪਜ਼ 'ਤੇ ਕਾਰ ਸ਼ੈਡ ਬਣ ਸਕਦਾ ਹੈ। ਇਨ੍ਹਾਂ ਸੰਸਥਾਵਾਂ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਮੁੰਬਈ ਸ਼ਹਿਰ, ਜੋ ਲਗਭਗ ਹਰ ਸਾਲ ਮੌਨਸੂਨ ਆਉਣ ਨਾਲ ਹੜ੍ਹਾਂ ਦਾ ਸ਼ਿਕਾਰ ਹੋ ਜਾਂਦਾ ਹੈ, ਆਰੇ ਦਾ ਜੰਗਲੀ ਖੇਤਰ ਖਤਮ ਹੋ ਜਾਣ ਨਾਲ ਮੁੰਬਈ ਵਿਚ ਹੜ੍ਹ ਆਉਣ ਦੀ ਸੰਭਾਵਨਾ ਹੋਰ ਵਧ ਜਾਵੇਗੀ। ਇਸ ਤੋਂ ਇਲਾਵਾ ਆਰੇ ਦੇ ਜੰਗਲ ਮੁੰਬਈ ਦੇ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਕਾਬੂ ਕਰਨ ਦੇ ਨਾਲ ਨਾਲ ਇੱਥੋਂ ਦੇ ਤਾਪਮਾਨ ਨੂੰ ਸੰਤੁਲਨ ਵਿਚ ਰੱਖਣ ਲਈ ਬਹੁਤ ਯੋਗਦਾਨ ਪਾਉਂਦੇ ਹਨ।

ਜ਼ਿਕਰਯੋਗ ਹੈ ਕਿ ਫਰਨਾਂਡੇਜ਼ ਅਤੇ ਚੈਟਰਜੀ ਦੀ ਇਕ ਖੋਜ ਅਨੁਸਾਰ ਪਿਛਲੇ 40 ਸਾਲਾਂ ਵਿਚ ਮੁੰਬਈ ਦਾ ਹਰਿਆਲੀ ਵਾਲਾ ਹਿੱਸਾ 60 ਫੀਸਦ ਘਟ ਹੋ ਗਿਆ ਹੈ। ਸੰਜੇ ਗਾਂਧੀ ਨੈਸ਼ਨਲ ਪਾਰਕ ਅਤੇ ਆਰੇ ਖੇਤਰ ਵਿਚਲੀਆਂ ਤਿੰਨ ਝੀਲਾਂ ਦਾ ਰਕਬਾ ਵੀ ਪਿਛਲੇ 17 ਸਾਲਾਂ (2000-2017) ਵਿਚ ਗੈਰ-ਕਾਨੂੰਨੀ ਕਬਜ਼ਿਆਂ ਕਾਰਨ 30 ਫੀਸਦ ਘਟ ਗਿਆ ਹੈ। ਇਹ ਝੀਲਾਂ 19ਵੀਂ ਸਦੀ ਵਿਚ ਬ੍ਰਿਟਿਸ਼ ਸਰਕਾਰ ਨੇ ਸ਼ਹਿਰ ਨੂੰ ਪੀਣ ਵਾਲੇ ਪਾਣੀ ਦੀ ਪੂਰਤੀ ਲਈ




*ਮੁੰਬਈ ਸ਼ਹਿਰ ਦੇ ਗੋਰੇਗਾਂਵ ਦੇ ਨੇੜੇ ਆਰੇ ਕਾਲੋਨੀ ਦੇ ਜੰਗਲੀ ਖੇਤਰ ਵਿਚ ਮੁੰਬਈ ਮੈਟਰੋ-3 ਦੇ ਕਾਰ ਸ਼ੈਡ ਬਣਾਉਣ ਲਈ ਵੱਢੇ ਜਾ ਰਹੇ ਦਰਖਤਾਂ ਨੂੰ ਬਚਾਉਣ ਲਈ ਮੁਜ਼ਾਹਰਾ ਕਰ ਰਹੇ ਵਾਤਾਵਰਣ ਪ੍ਰੇਮੀ*

ਬਣਵਾਈਆਂ ਸਨ। ਇਕ ਹੋਰ ਖੋਜ ਅਨੁਸਾਰ ਮੁੰਬਈ ਦੀਆਂ 68 ਝੀਲਾਂ ਦੀ ਸੰਭਾਲ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਅਤੇ ਇਨ੍ਹਾਂ ਵਿਚੋਂ 63.2 ਫੀਸਦ ਵਿਚ ਤਾਂ ਕੂੜਾ-ਕਰਕਟ ਤੇ 32.4 ਫੀਸਦ ਵਿਚ ਮਲ-ਮੂਤਰ ਸੁੱਟਿਆ ਜਾ ਰਿਹਾ ਹੈ। ਸਵਾਲ ਹੈ ਕਿ ਜੇ ਅਸੀਂ ਆਰਥਕ ਵਿਕਾਸ ਦੇ ਨਾਂ 'ਤੇ ਇਸੇ ਤਰ੍ਹਾਂ ਆਪਣੇ ਕੁਦਰਤੀ ਸਰੋਤਾਂ ਦਾ ਉਜਾੜਾ ਕਰਦੇ ਰਹੇ ਤਾਂ ਦੇਸ਼ ਦੇ ਸਾਰੇ ਸ਼ਹਿਰ ਹਰ ਦਿਨ ਮਨੁੱਖਾਂ ਦੀ ਪੈਦਾ ਕੀਤੀ ਕਿਸੇ ਆਫਤ ਨਾਲ ਜੂਝ ਰਹੇ ਹੋਣਗੇ।

2013 ਵਿਚ ਉਤਰਾਖੰਡ ਤ੍ਰਾਸਦੀ ਵਿਚ ਹਜ਼ਾਰਾਂ ਲੋਕਾਂ ਦੀ ਮੌਤ ਪਹਾੜਾਂ ਅਤੇ ਜੰਗਲਾਂ ਦੀ ਅੰਨੇਵਾਹ ਕਟਾਈ ਕਾਰਨ ਹੋ ਗਈ ਸੀ। ਉਤਰਾਖੰਡ ਵਿਚ 2000 ਤੱਕ ਸੜਕਾਂ ਦੀ ਲੰਬਾਈ ਸਿਰਫ 8000 ਕਿਲੋਮੀਟਰ ਸੀ, ਪਰ ਆਰਥਕ ਵਿਕਾਸ ਦੀ ਅੰਨੀ ਦੌੜ ਲਈ ਰਾਜ ਵਿਚ ਸੜਕਾਂ ਦੀ ਲੰਬਾਈ 13 ਸਾਲਾਂ ਵਿਚ ਭਾਵ 2013 ਵਿਚ ਵਧਾ ਕੇ ਕੁਦਰਤੀ ਸਰੋਤਾਂ ਦੀ ਅਣਦੇਖੀ ਕਰਦਿਆਂ 24,000 ਕਿਲੋਮੀਟਰ ਕਰ ਦਿੱਤੀ, ਜਿਸ ਨਾਲ ਰਾਜ ਦੇ ਕੁਦਰਤੀ ਸਰੋਤਾਂ ਦੀ ਇੰਨੀ ਬਰਬਾਦੀ ਹੋਈ ਕਿ ਤ੍ਰਾਸਦੀ ਦੀ ਘਟਨਾ ਤੋਂ ਲੈ ਕੇ 6 ਸਾਲ ਬਾਅਦ ਵੀ ਹਾਲੇ ਤੱਕ ਉਤਰਾਖੰਡ ਉਭਰ ਨਹੀਂ ਸਕਿਆ। 2014 ਵਿਚ ਸ੍ਰੀਨਗਰ, 2015 ਵਿਚ ਚੇਨੱਈ ਅਤੇ 2018 ਤੇ 2019 ਵਿਚ ਕੇਰਲਾ ਨੇ ਵੀ ਇਸੇ ਤਰ੍ਹਾਂ ਆਰਥਕ ਵਿਕਾਸ ਦੀ ਮਾਰ ਝੱਲੀ ਹੈ। ਚੇਨੱਈ ਸ਼ਹਿਰ 2015 ਵਿਚ ਹੜ੍ਹ ਦੀ ਮਾਰ ਹੇਠ ਆਇਆ ਅਤੇ 2019 ਵਿਚ ਪਾਣੀ ਦੀ ਘਾਟ ਦੀ ਲਪੇਟ ਵਿਚ ਆਇਆ ਰਿਹਾ। ਦੋਹਾਂ ਤ੍ਰਾਸਦੀਆਂ ਦਾ ਇਕੋ ਇਕ ਕਾਰਨ ਕੁਦਰਤੀ ਸਰੋਤਾਂ ਦੀ ਅਣਦੇਖੀ ਹੈ।

ਆਰਥਕ ਵਿਕਾਸ ਦੀਆਂ ਤੇਜ਼ੀ ਨਾਲ ਸਿਖਰਾਂ ਛੋਂਹਦਿਆਂ ਸਰਕਾਰੀ ਅਦਾਰੇ ਇਹ ਭੁੱਲ ਜਾਂਦੇ ਹਨ ਕਿ ਵਿਕਾਸ ਦੇ ਨਾਲ ਨਾਲ ਸਾਫ ਹਵਾ, ਪਾਣੀ ਵਰਗੀਆਂ ਕੁਦਰਤੀ ਦਾਤਾਂ ਦੀ ਵੀ ਲੋਕਾਂ ਨੂੰ ਲੋੜ ਹੈ, ਕਿਉਂਕਿ ਇਨ੍ਹਾਂ ਕੁਦਰਤੀ ਸਰੋਤਾਂ ਤੋਂ ਬਿਨਾ ਅਸੀਂ ਇਕ ਪਲ ਵੀ ਜੀ ਨਹੀਂ ਸਕਦੇ। ਚੇਨੱਈ ਵਿਚ 2019 ਵਿਚ ਪਾਣੀ ਦੀ ਘਾਟ ਅਤੇ 2015 ਵਿਚ ਹੜ੍ਹ ਆਉਣ ਦਾ ਮੁੱਖ ਕਾਰਨ ਜਲਗਾਹਾਂ, ਦਰਿਆ ਦੇ ਵਹਾਅ ਖੇਤਰਾਂ, ਝੀਲਾਂ ਦੇ ਪਾਣੀ ਅਤੇ ਜੰਗਲੀ ਖੇਤਰਾਂ ਵਿਚ ਪਿਛਲੇ ਢਾਈ ਦਹਾਕਿਆਂ ਵਿਚ 25 ਫੀਸਦ ਕਮੀ ਆਉਣਾ ਤੇ ਕੰਕਰੀਟ ਜੰਗਲ ਵਿਚ 13 ਗੁਣਾ ਵਾਧਾ ਹੋਣਾ ਹੀ ਹੈ।

ਇਕ ਖੋਜ ਅਨੁਸਾਰ 20ਵੀਂ ਸਦੀ ਦੇ ਸ਼ੁਰੂ ਵਿਚ ਚੇਨੱਈ ਵਿਚ 60 ਵੱਡੇ ਤਲਾਬ ਅਤੇ ਝੀਲਾਂ, ਦੋ ਦਰਿਆ ਅਤੇ ਇਕ ਬਕਿੰਘਮ ਨਾਂ ਦੀ ਨਹਿਰ ਸੀ, ਜੋ ਲੋਕਾਂ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਦੇ ਸਨ, ਪਰ ਹੁਣ ਤਲਾਬਾਂ ਅਤੇ ਝੀਲਾਂ ਦੀ ਗਿਣਤੀ ਘਟ ਕੇ ਸਿਰਫ 28 ਰਹਿ ਗਈ ਹੈ। ਚੇਨੱਈ ਵਿਚ ਅਦੀਆਰ ਦਰਿਆ ਦੇ ਵਹਾਅ ਖੇਤਰ ਉਤੇ ਤਾਂ ਹਵਾਈ ਅੱਡਾ ਅਤੇ ਪਲਾਈਕਾਰਾਨਾਏ ਨਾਂ ਦੀ 6000 ਹੈਕਟੇਅਰ ਉਤੇ ਫੈਲੀ ਜਲਗਾਹ ਦੇ ਬਹੁਤ ਹਿੱਸੇ ਉਤੇ ਮਾਸ ਰੈਪਿਡ ਟਰਾਂਜ਼ਿਟ ਸਿਸਟਮ ਬਣਾ ਦਿੱਤਾ ਗਿਆ ਹੈ। ਇਹ ਸਾਰਾ ਵਿਕਾਸ ਜਲਸਰੋਤਾਂ ਦੀ ਕੀਮਤ ਉਤੇ ਹੋਇਆ ਹੈ, ਪਰ ਇਸ ਵਿਕਾਸ ਦੀ ਕੀਮਤ ਚੇਨਈ ਦੇ ਲੋਕਾਂ ਨੂੰ ਪਾਣੀ ਤੋਂ ਪਿਆਸੇ ਰਹਿ ਕੇ ਅਤੇ ਹੜ੍ਹ ਆਉਣ ਦੀ ਸੂਰਤ ਵਿਚ ਪਾਣੀ ਵਿਚ ਗੋਤੇ ਖਾ ਕੇ ਚੁਕਾਉਣੀ ਪਈ।

ਅਣਆਯੋਜਿਤ ਵਿਕਾਸ ਦੀ ਕੀਮਤ ਲਗਭਗ ਹਰ ਰਾਜ ਚੁਕਾ ਰਿਹਾ ਹੈ। ਹਰਿਆਣਾ ਵੱਲ ਨੂੰ ਰੇਗਿਸਤਾਨ ਦਾ ਵਾਧਾ ਵੀ ਅਰਾਵਲੀ ਪਹਾੜਾਂ ਦੇ ਬਹੁਤ ਥਾਂਵਾਂ ਤੋਂ ਦਰਖਤਾਂ ਦੀ ਵਢਾਈ ਹੀ ਹੈ। ਇਸ ਤੋਂ ਇਲਾਵਾ ਪੱਛਮੀ ਘਾਟਾਂ ਤੋਂ ਵਿਕਾਸ ਦੇ ਨਾਂ ਉਤੇ ਤੇਜ਼ੀ ਨਾਲ ਕੱਟੇ ਜਾਂਦੇ ਦਰਖਤ ਕੇਰਲਾ ਵਿਚ ਹਰ ਸਾਲ ਹੜ੍ਹ ਦਾ ਕਾਰਨ ਬਣ ਰਹੇ ਹਨ।

ਹਰ ਰਾਜ ਦੀ ਸਰਕਾਰ ਹਰ ਤਰ੍ਹਾਂ ਦੇ ਵਿਕਾਸ ਕਾਰਜਾਂ ਲਈ ਦਰਖਤ ਵਢਾਉਣ ਸਮੇਂ ਵਾਅਦਾ ਕਰਦੀ ਹੈ ਕਿ ਜਿੰਨੇ ਦਰਖਤ ਵੱਢੇ ਗਏ, ਉਸ ਤੋਂ 3-4 ਗੁਣਾ ਵੱਧ ਹੋਰ ਲਾਏ ਜਾਣਗੇ, ਪਰ ਇਹ ਵਾਅਦੇ ਕਦੇ ਪੂਰੇ ਨਹੀਂ ਹੁੰਦੇ। ਪੰਜਾਬ, ਜਿਸ ਦਾ ਜੰਗਲੀ ਖੇਤਰ ਦੇਸ਼ ਵਿਚ ਸਭ ਤੋਂ ਘਟ ਹੈ, ਜਿੱਥੇ ਸਿਰਫ 3.52 ਫੀਸਦ ਰਕਬੇ ਉਤੇ ਦਰਖਤ ਹਨ, ਪਰ ਇੱਥੇ ਵੀ ਬਠਿੰਡਾ-ਚੰਡੀਗੜ੍ਹ ਅਤੇ ਅੰਮ੍ਰਿਤਸਰ-ਦਿੱਲੀ ਚਾਰ ਮਾਰਗੀ ਸੜਕਾਂ ਲਈ ਵੱਢੇ ਗਏ ਦਰਖਤਾਂ ਦੀ ਥਾਂ ਕੋਈ ਨਵਾਂ ਰੁੱਖ ਨਹੀਂ ਲੱਗਾ, ਉਹ ਤਾਂ ਸਿਰਫ ਸਰਕਾਰੀ ਕਾਗਜ਼ਾਂ ਉਤੇ ਹੀ ਲਾਏ ਗਏ ਹਨ।

ਤਾਜ਼ਾ ਅੰਕੜਿਆਂ ਅਨੁਸਾਰ ਦੇਸ਼ ਵਿਚ ਪਿਛਲੇ ਦੋ ਸਾਲਾਂ ਵਿਚ ਜੰਗਲਾਂ ਥੱਲੇ ਇਕ ਫੀਸਦ ਰਕਬਾ ਵਧਿਆ ਹੈ, ਪਰ ਅਸਲ ਵਿਚ ਇਸ ਵਿਚੋਂ 82 ਫੀਸਦ ਰਕਬਾ ਖੇਤੀਬਾੜੀ ਖੇਤਰ ਵਿਚ ਵਧਿਆ ਅਤੇ ਸਿਰਫ 4.4 ਫੀਸਦ ਜੰਗਲਾਂ ਥੱਲੇ ਵਧਿਆ ਹੈ, ਜੋ ਇਕ ਤਾਂ ਬਹੁਤ ਹੀ ਘਟ ਹੈ ਅਤੇ ਦੂਜਾ ਨਵੇਂ ਲੱਗੇ ਬੂਟਿਆਂ ਨੂੰ ਵੱਡੇ ਦਰਖਤ ਬਣਨ ਵਿਚ ਬਹੁਤ ਸਾਲ ਲੱਗ ਜਾਂਦੇ ਹਨ, ਜੋ ਵਾਤਾਵਰਣ ਵਿਚ ਫੈਲੀਆਂ ਗਰੀਨ ਹਾਊਸ ਗੈਸਾਂ ਨੂੰ ਜਜ਼ਬ ਕਰਨ ਦੀ ਸਮਰੱਥਾ ਰੱਖਦੇ ਹਨ। ਦੇਸ਼ ਦਾ ਲਗਭਗ ਹਰ ਹਿੱਸਾ ਕਿਸੇ ਨਾ ਕਿਸੇ ਤਰ੍ਹਾਂ ਦੇ ਵਾਤਾਵਰਣ ਸੰਵੇਦਨਸ਼ੀਲ ਖੇਤਰ ਵਿਚ ਪੈਂਦਾ ਹੈ। ਇਸ ਲਈ ਭਾਵੇਂ ਅੰਕੜਿਆਂ ਵਿਚ ਹੇਰਾ-ਫੇਰੀ ਕਰਕੇ ਸਰਕਾਰਾਂ ਜੰਗਲਾਂ ਥੱਲੇ ਰਕਬਾ ਵਧਿਆ ਦਿਖਾ ਦਿੰਦੀਆਂ ਹਨ, ਪਰ ਤਰ੍ਹਾਂ ਤਰ੍ਹਾਂ ਦੀਆਂ ਕੁਦਰਤੀ ਆਫਤਾਂ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ 'ਚ ਵਾਪਰਦੀਆਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸਾਨੂੰ ਆਪਣੇ ਕੁਦਰਤੀ ਸੋਮਿਆਂ ਦੀ ਬਹੁਤ ਚੰਗੀ ਤਰ੍ਹਾਂ ਸੰਭਾਲ ਕਰਨੀ ਚਾਹੀਦੀ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਅਸਲੀ ਆਰਥਕ ਵਿਕਾਸ ਦਾ ਅਨੰਦ ਮਾਣ ਸਕਣ, ਨਾ ਕਿ ਅਖੌਤੀ ਆਰਥਕ ਵਿਕਾਸ ਨਾਲ ਵਧ ਰਹੀਆਂ ਕੁਦਰਤੀ ਆਫਤਾਂ ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿਚ ਜਾ ਪੈਣ। ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਵੀ ਮੁਆਫ ਨਹੀਂ ਕਰਨਗੀਆਂ।

---

*ਪ੍ਰੋਫੈਸਰ, ਜਿਓਗਰਾਫੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਭਾਰਤ ਦੇ ਇਤਰਾਜ਼ ਮਗਰੋਂ '1984 ਸਿੱਖ ਨਸਲਕੁਸ਼ੀ ਯਾਦਗਾਰ' ਹਟਾਈ

**ਨੌਰਵਿਚ, ਕੁਨੈਕਟੀਕੱਟ (ਬਿਊਰੋ):** ਭਾਰਤ ਦੇ ਵਿਰੋਧ ਤੇ ਸਰਕਾਰ ਵੱਲੋਂ ਕੀਤੀ ਗੁਜ਼ਾਰਸ਼ ਮਗਰੋਂ ਇੱਥੇ ਓਟਿਸ ਲਾਇਬਰੇਰੀ ਵਿਚ ਲਗਭਗ ਤਿੰਨ ਮਹੀਨੇ ਪਹਿਲਾਂ ਸਥਾਪਤ '1984 ਸਿੱਖ ਨਸਲਕੁਸ਼ੀ ਯਾਦਗਾਰ' ਨੂੰ ਉਥੋਂ ਹਟਾ ਦਿੱਤਾ ਗਿਆ ਹੈ। ਯਾਦਗਾਰ, 1984 ਵਿਚ ਭਾਰਤ 'ਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਮਾਰੇ ਗਏ ਸਿੱਖ ਪੀੜਤਾਂ ਨਾਲ ਸਬੰਧਤ ਸੀ। ਇਸ ਸਮਾਰਕ ਉਤੇ ਖਾਲਿਸਤਾਨੀ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਵੀ ਲੱਗੀ ਸੀ।

ਓਟਿਸ ਲਾਇਬਰੇਰੀ ਬੋਰਡ ਦੇ ਟਰੱਸਟੀਆਂ ਦੇ ਮੁਖੀ ਨਿਕੋਲਸ ਫੋਰਟਸਨ ਨੇ ਨੌਰਵਿਚ ਬੁਲਿਟਨ ਨੂੰ ਦੱਸਿਆ ਕਿ ਓਟਿਸ ਲਾਇਬਰੇਰੀ ਤੇ ਦਿ ਨੌਰਵਿਚ ਮੌਨੂਮੈਂਟਸ ਕਮੇਟੀ, ਯਾਦਗਾਰ 'ਤੇ ਲੱਗੀ ਪਲੇਕ (ਧਾਤ ਦੀ ਫੱਟੀ), ਝੰਡਿਆਂ ਤੇ ਤਸਵੀਰ ਨੂੰ ਉਥੋਂ ਹਟਾਉਣ ਲਈ ਸਾਂਝੇ ਤੌਰ ਉਤੇ ਸਹਿਮਤ ਹਨ। ਉਨ੍ਹਾਂ ਕਿਹਾ ਕਿ ਯਾਦਗਾਰ ਨੂੰ ਦੋ ਹਫਤੇ ਪਹਿਲਾਂ ਉਥੋਂ ਹਟਾ ਦਿੱਤਾ ਗਿਆ ਸੀ। ਸ਼ਹਿਰ ਵਿਚ ਸਿੱਖ ਭਾਈਚਾਰੇ ਦੇ ਆਗੂ ਤੇ ਮੁਕਾਮੀ ਕਾਰੋਬਾਰੀ ਸਵਰਨਜੀਤ ਸਿੰਘ ਖਾਲਸਾ ਨੇ ਯਾਦਗਾਰ ਲਈ ਕੁਝ ਰਾਸ਼ੀ ਦਾਨ ਵਜੋਂ ਦਿੱਤੀ ਸੀ। ਖਾਲਸਾ ਨੇ ਲਾਇਬਰੇਰੀ ਦੇ ਟਰੱਸਟੀਆਂ ਵੱਲੋਂ ਯਾਦਗਾਰ ਨੂੰ ਹਟਾਉਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਖੇਤਰ ਭਾਰਤ ਦੀ ਮਾਲਕੀ ਵਾਲਾ ਨਹੀਂ ਹੈ। ਇਸ ਫੈਸਲੇ ਤੋਂ (ਸਿੱਖ) ਭਾਈਚਾਰਾ ਖਾਸਾ ਨਾਰਾਜ਼ ਹੈ।

ਖਾਲਸਾ ਨੇ ਕਿਹਾ ਕਿ ਯਾਦਗਾਰ, 1984 ਵਿਚ ਸਿੱਖ ਭਾਈਚਾਰੇ ਨਾਲ ਵਾਪਰੇ ਭਾਣੇ ਨੂੰ ਦੱਸਣ ਦਾ 'ਨਿਵੇਕਲਾ ਮੌਕਾ' ਸੀ। ਯਾਦਗਾਰ 'ਤੇ ਲੱਗੀ ਪਲੇਕ, ਝੰਡੇ ਤੇ ਭਿੰਡਰਾਂਵਾਲੇ ਦੀ ਤਸਵੀਰ ਖਾਲਸਾ ਨੂੰ ਮੋੜ ਦਿੱਤੀ ਗਈ ਹੈ। ਖਾਲਸਾ ਨੇ ਕਿਹਾ ਕਿ ਯਾਦਗਾਰ ਨੂੰ ਸਿਟੀ ਹਾਲ ਵਿਚ ਤਬਦੀਲ ਕੀਤਾ ਜਾ ਸਕਦਾ ਹੈ। ਉਹ ਸਿਟੀ ਹਾਲ ਦੇ ਬਾਹਰ 9 ਨਵੰਬਰ ਨੂੰ ਇਸ ਸਬੰਧੀ ਇਕ ਸਮਾਗਮ ਕਰਵਾਉਣ ਦੀ ਯੋਜਨਾ ਬਣਾ ਰਹੇ ਹਨ।

ਉਧਰ, ਸ਼ਹਿਰ ਦੀ ਪਲੇਕਸ ਤੇ ਮੌਨੂਮੈਂਟਸ ਕਮੇਟੀ ਦੇ ਮੈਂਬਰਾਂ ਵਿਚ ਸ਼ੁਮਾਰ ਸਟੇਸੀ ਗੋਲਡ ਨੇ ਕਿਹਾ ਕਿ ਕਮੇਟੀ ਯਾਦਗਾਰ ਨੂੰ ਹਟਾਉਣ ਸਬੰਧੀ ਲਾਇਬਰੇਰੀ ਦੀ ਅਪੀਲ ਨਾਲ ਸਹਿਮਤ ਸੀ। ਕਮੇਟੀ ਦੇ ਹੋਰਨਾਂ ਮੈਂਬਰਾਂ ਵਿਚ ਜੋਅ ਡੀਲੁਸੀਆ ਤੇ ਕੌਂਸਲ ਪ੍ਰਧਾਨ ਪ੍ਰੋ. ਟੈਮ ਬਿਲ ਨੈਸ਼ ਸ਼ਾਮਲ ਹਨ। ਗੋਲਡ ਨੇ ਕਿਹਾ ਕਿ ਉਨ੍ਹਾਂ




ਫੈਸਲਾ ਕੀਤਾ ਕਿ ਇਹ (ਯਾਦਗਾਰ) ਲਾਇਬਰੇਰੀ ਦੇ ਮਿਸ਼ਨ ਲਈ ਢੁਕਵੀਂ ਨਹੀਂ ਸੀ। ਫੋਰਟਸਨ ਨੇ ਕਿਹਾ ਕਿ ਜੂਨ ਵਿਚ ਯਾਦਗਾਰ ਦੇ ਉਦਘਾਟਨ ਮਗਰੋਂ ਲਾਇਬਰੇਰੀ ਨੂੰ 'ਇਸ ਦੀ ਹਮਾਇਤ ਤੇ ਨੁਕਤਾਚੀਨੀ', ਦੋਵਾਂ ਤਰ੍ਹਾਂ ਦੇ ਪ੍ਰਤੀਕਰਮ ਮਿਲੇ। ਨੁਕਤਾਚੀਨੀ ਕਰਨ ਵਾਲਿਆਂ 'ਚ ਭਾਰਤ ਸਰਕਾਰ ਵੀ ਸ਼ੁਮਾਰ ਸੀ। ਫੋਰਟਸਨ ਨੇ ਕਿਹਾ ਕਿ ਨਿਊ ਯਾਰਕ ਸਥਿਤ ਭਾਰਤੀ ਕੌਂਸਲੇਟ ਤੋਂ ਓਟਿਸ ਲਾਇਬਰੇਰੀ ਦੇ ਕਾਰਜਕਾਰੀ ਡਾਇਰੈਕਟਰ ਬੌਬ ਫੇਅਰਵੈੱਲ ਨੂੰ ਯਾਦਗਾਰ ਬਾਰੇ ਫੋਨ ਵੀ ਆਇਆ। ਇਸ ਯਾਦਗਾਰ ਤੋਂ ਕੁਝ ਮੁਕਾਮੀ ਹਿੰਦੂ ਪਰੇਸ਼ਾਨ ਸਨ। ਗੋਲਡ ਨੇ ਕਿਹਾ, 'ਲਾਇਬਰੇਰੀ ਕਿਸੇ ਤਰ੍ਹਾਂ ਦੇ ਵਿਵਾਦ ਵਿਚ ਨਹੀਂ ਪੈਣਾ ਚਾਹੁੰਦੀ। ਕਿਉਂਕਿ ਇਹ ਇਕ ਗੈਰ ਸਿਆਸੀ ਜਥੇਬੰਦੀ ਹੈ। ਅਸੀਂ ਲਾਇਬਰੇਰੀ ਵਿਚ ਆਉਣ ਵਾਲਿਆਂ ਨੂੰ ਸੁਰੱਖਿਅਤ ਮਾਹੌਲ ਦੇਣਾ ਚਾਹੁੰਦੇ ਹਾਂ।'

1984 ਸਿੱਖ ਨਸਲਕੁਸ਼ੀ ਨਾਲ ਸਬੰਧਤ ਯਾਦਗਾਰ ਲਾਇਬਰੇਰੀ ਦੀ ਮੁੱਖ ਲੌਬੀ 'ਚ ਸਥਾਪਤ ਕੀਤੀ ਗਈ ਸੀ। ਕੰਧ 'ਤੇ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਤਸਵੀਰ ਹੇਠ ਗੁਰਦੁਆਰਿਆਂ ਦੀ ਰਾਖੀ ਦੌਰਾਨ ਮਾਰੇ ਗਏ ਸਿੱਖ ਸਿਪਾਹੀਆਂ ਦੇ ਮਾਣ ਵਿਚ ਪਲੇਕ (ਤਾਂਬੇ ਦੀ ਇਕ ਫੱਟੀ) ਲੱਗੀ ਸੀ। ਇਸ ਪਲੇਕ 'ਤੇ ਨਵੰਬਰ 1984 ਦੌਰਾਨ ਦੇਸ਼ ਵਿਚ ਭਰ ਸਿੱਖਾਂ ਦੀ ਨਸਲਕੁਸ਼ੀ ਲਈ ਚਲਾਈ ਗਈ ਮੁਹਿੰਮ ਨੂੰ ਸਰਕਾਰੀ ਸ਼ਹਿ ਹੋਣ ਦਾ ਦਾਅਵਾ ਕੀਤਾ ਗਿਆ ਸੀ। ਜੂਨ ਵਿਚ ਯਾਦਗਾਰ ਦੇ ਉਦਘਾਟਨ ਮੌਕੇ ਸ਼ਹਿਰ ਨਾਲ ਸਬੰਧਤ ਕਈ ਅਧਿਕਾਰੀ ਤੇ ਸਿੱਖ ਭਾਈਚਾਰੇ ਨਾਲ ਸਬੰਧਤ ਆਗੂ ਤੇ ਵੱਡੀ ਗਿਣਤੀ ਸਿੱਖ ਮੌਜੂਦ ਸਨ। ਇਹ ਅਮਰੀਕਾ ਵਿਚ ਆਪਣੀ ਤਰ੍ਹਾਂ ਦੀ ਪਹਿਲੀ ਯਾਦਗਾਰ ਸੀ।

# ਭਾਰਤ ਦੀ ਗਰੀਬੀ ਅਤੇ ਅਰਥ ਸ਼ਾਸਤਰ ਦਾ ਨੋਬੇਲ ਇਨਾਮ

ਇਸ ਵਰ੍ਹੇ ਦਾ ਅਰਥ ਸ਼ਾਸਤਰ ਦਾ ਨੋਬੇਲ ਇਨਾਮ ਮੈਸਾਚਿਊਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ (ਅਮਰੀਕਾ) ਦੇ ਅਭੀਜੀਤ ਬੈਨਰਜੀ ਤੇ ਐਸਥਰ ਡੁਫਲੋ ਅਤੇ ਹਾਰਵਰਡ ਯੂਨੀਵਰਸਿਟੀ ਦੇ ਮਾਈਕਲ ਕਰੇਮਰ ਨੂੰ ਮਿਲਣ ਉਤੇ ਖੁਸ਼ ਤਾਂ ਹੋਣਾ ਚਾਹੀਦਾ ਹੈ ਪਰ ਇਸ ਦੀ ਆਲੋਚਨਾਤਮਕ ਨਿਰਖ-ਪਰਖ ਵੀ ਜ਼ਰੂਰੀ ਹੈ।

ਪਹਿਲਾਂ, ਇਸ ਗੱਲ ਦੀ ਖੁਸ਼ੀ ਮਨਾਉਣੀ ਚਾਹੀਦੀ ਹੈ ਕਿ 1969 ਵਿਚ ਇਹ ਐਵਾਰਡ ਸ਼ੁਰੂ ਹੋਣ ਤੋਂ ਬਾਅਦ ਐਸਥਰ ਡੁਫਲੋ ਇਸ ਨੂੰ ਜਿੱਤਣ ਵਾਲੀ ਦੂਜੀ ਔਰਤ ਹੈ। ਅਰਥ ਸ਼ਾਸਤਰ ਦਾ ਨੋਬੇਲ

ਪ੍ਰੋ. ਪ੍ਰੀਤਮ ਸਿੰਘ

ਜਿੱਤਣ ਵਾਲੀ ਪਹਿਲੀ ਔਰਤ ਐਲਿਨੋਰ ਓਸਟਰੋਮ ਸੀ ਜੋ ਉਸ ਨੂੰ ਆਰਥਿਕ ਪ੍ਰਬੰਧਨ ਦੇ ਆਪਣੇ ਵਿਸ਼ਲੇਸ਼ਣ ਵਾਸਤੇ ਮਿਲਿਆ ਸੀ, ਖਾਸਕਰ ਸਾਂਝੇ ਵਾਤਾਵਰਨੀ ਵਸੀਲਿਆਂ ਨੂੰ ਸੰਭਾਲਣ ਲਈ, ਜਿਸ ਨਾਲ ਵਾਤਾਵਰਨੀ ਅਰਥ ਸ਼ਾਸਤਰ ਦਾ ਰੁਤਬਾ ਉਚਾ ਹੋਇਆ। ਐਸਥਰ ਡੁਫਲੋ ਇਸ ਇਨਾਮ ਦੀ ਹੁਣ ਤੱਕ ਦੀ ਸਭ ਤੋਂ ਛੋਟੀ ਉਮਰ ਦੀ ਜੇਤੂ ਵੀ ਹੈ ਤੇ ਇਸ ਸਾਲ ਦੇ ਕੁੱਲ 16 ਨੋਬੇਲ ਇਨਾਮ ਜੇਤੂਆਂ ਵਿਚੋਂ ਵੀ ਇਕੋ-ਇਕ ਔਰਤ ਹੈ। ਲਿੰਗ ਵਿਤਕਰਾ ਇਸ ਐਵਾਰਡ ਦੀ ਪੁਰਾਣੀ ਸਮੱਸਿਆ ਹੈ। ਦੁਨੀਆ ਦੀ ਹੁਣ ਤੱਕ ਦੀ ਸਭ ਤੋਂ ਨਾਮੀ ਔਰਤ ਅਰਥ ਸ਼ਾਸਤਰੀ, ਕੈਂਬਰਿਜ ਯੂਨੀਵਰਸਿਟੀ ਦੀ ਜੋਆਨ ਰੌਬਿਨਸਨ ਨੂੰ ਵਿਚਾਰਧਾਰਕ ਕਾਰਨਾਂ ਕਰ ਕੇ ਇਹ ਇਨਾਮ ਦਿੱਤਾ ਹੀ ਨਹੀਂ ਗਿਆ, ਹਾਲਾਂਕਿ ਨਾਮੁਕੰਮਲ ਮੁਕਾਬਲੇ ਸਬੰਧੀ ਉਸ ਦਾ ਕੰਮ ਪੂਰੀ ਤਰ੍ਹਾਂ ਮੁਕਾਬਲੇ ਵਾਲੇ ਬਾਜ਼ਾਰਾਂ ਬਾਰੇ ਧਾਰਨਾਵਾਂ ਤੋੜਨ ਪੱਖੋਂ ਮੋਹਰੀ ਸੀ।

ਵਿਕਾਸ ਅਰਥ ਸ਼ਾਸਤਰ ਪੜ੍ਹਾਉਂਦਿਆਂ ਇਹ ਮੇਰਾ ਤਜਰਬਾ ਰਿਹਾ ਹੈ ਕਿ ਜਦੋਂ ਵੀ ਮੈਂ ਅਰਥ ਸ਼ਾਸਤਰ ਸਿਧਾਂਤ ਅਤੇ ਨੀਤੀ ਵਿਚ ਲਿੰਗੀ ਵਿਤਕਰੇ ਦੇ ਵਿਸ਼ੇ ਉਤੇ ਪੜ੍ਹਾਇਆ ਤਾਂ ਜਮਾਤ ਵਿਚਲੀਆਂ ਵਿਦਿਆਰਥਣਾਂ (ਕੁੜੀਆਂ) ਨੇ ਇਸ ਨੂੰ ਬਹੁਤ ਪਸੰਦ ਕੀਤਾ ਅਤੇ ਪ੍ਰੇਰਿਤ ਵੀ ਮਹਿਸੂਸ ਕੀਤਾ। ਦੂਜੇ ਪਾਸੇ ਬਹੁਤੇ (ਸਾਰੇ ਨਹੀਂ) ਵਿਦਿਆਰਥੀਆਂ (ਮੁੰਡਿਆਂ) ਨੇ ਇਹ ਦੱਸੇ ਜਾਣ 'ਤੇ ਅਸਹਿਜ ਮਹਿਸੂਸ ਕੀਤਾ ਕਿ ਮੈਕਰੋ-ਇਕਨੌਮਿਕਸ ਦਾ ਕੇਂਦਰੀ ਸਿਧਾਂਤ, ਭਾਵ ਜੀ.ਡੀ.ਪੀ. (ਕੁੱਲ ਘਰੇਲੂ ਪੈਦਾਵਾਰ) ਤੱਕ ਲਿੰਗਕ ਪੱਖ ਤੋਂ ਪੱਖਪਾਤੀ ਹੈ ਕਿਉਂਕਿ ਇਹ ਸਿਰਫ ਮੰਡੀਯੋਗ ਵਸਤਾਂ ਤੇ ਸੇਵਾਵਾਂ ਦੇ ਮਾਪ ਉਤੇ ਆਧਾਰਤ ਹੈ ਅਤੇ ਘਰ ਵਿਚ ਔਰਤਾਂ ਦੇ ਕੰਮ ਨੂੰ ਨਜ਼ਰਅੰਦਾਜ਼ ਕਰਦਾ ਹੈ।

ਐਸਥਰ ਡੁਫਲੋ ਨੇ ਅਰਥ ਸ਼ਾਸਤਰ ਦੇ ਲਿੰਗਕ ਘੇਰੇ ਬਾਰੇ ਚੰਗੀ ਤਰ੍ਹਾਂ ਵਾਕਫ ਹੋਣ ਕਾਰਨ ਐਵਾਰਡ ਜਿੱਤਣ ਤੋਂ ਬਾਅਦ ਠੀਕ ਹੀ ਆਖਿਆ: "ਜ਼ਾਹਰ ਹੋ ਗਿਆ ਹੈ ਕਿ ਅਰਥ ਸ਼ਾਸਤਰ ਵਿਚ ਔਰਤ ਲਈ ਨਾ ਸਿਰਫ ਸਫਲ ਹੋਣਾ ਸੰਭਵ ਹੈ ਸਗੋਂ ਇਸ ਸਫਲਤਾ ਦੀ ਮਾਨਤਾ ਪਾਉਣਾ ਵੀ। ਮੈਨੂੰ ਉਮੀਦ ਹੈ ਕਿ ਇਸ ਨਾਲ ਹੋਰ ਅਨੇਕਾਂ ਲੋਕਾਂ ਨੂੰ ਵੀ ਪ੍ਰੇਰਨਾ ਮਿਲੇਗੀ, ਬਹੁਤ ਸਾਰੀਆਂ ਔਰਤਾਂ ਨੂੰ ਕੰਮ ਜਾਰੀ ਰੱਖਣ ਦੀ ਪ੍ਰੇਰਨਾ ਅਤੇ ਬਹੁਤ ਸਾਰੇ ਮਰਦਾਂ ਨੂੰ ਇਹ ਪ੍ਰੇਰਨਾ ਕਿ ਉਹ ਉਨ੍ਹਾਂ (ਔਰਤਾਂ) ਨੂੰ ਉਹ ਇੱਜ਼ਤ ਦੇਣ, ਜਿਸ ਦੀਆਂ ਉਹ ਕਿਸੇ ਵੀ ਹੋਰ ਇਨਸਾਨ ਵਾਂਗ ਹੱਕਦਾਰ ਹਨ।"

ਦੂਜਾ, ਇਸ ਕਾਰਨ ਵੀ ਖੁਸ਼ੀ ਮਨਾਈ ਜਾਣੀ ਹੈ, ਕਿਉਂਕਿ ਐਸਥਰ ਡੁਫਲੋ ਦਾ ਪਤੀ ਅਤੇ ਉਸ ਦਾ ਪੀ.ਐਚ.ਡੀ. ਸੁਪਰਵਾਈਜ਼ਰ ਅਭੀਜੀਤ ਬੈਨਰਜੀ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐਨ.ਯੂ.) ਦਾ ਸਾਬਕਾ ਵਿਦਿਆਰਥੀ ਹੈ। ਬਿਨਾਂ ਸ਼ੱਕ ਜੇ.ਐਨ.ਯੂ. ਭਾਰਤ ਦੀ ਬਿਹਤਰੀਨ ਯੂਨੀਵਰਸਿਟੀ ਹੈ ਤੇ ਇਹ ਵਿਕਾਸਸ਼ੀਲ ਸੰਸਾਰ ਦੀਆਂ ਵੀ ਬਿਹਤਰੀਨ ਯੂਨੀਵਰਸਿਟੀਆਂ ਵਿਚ ਸ਼ੁਮਾਰ ਹੈ। ਪਿਛਲੇ ਕਈ ਸਾਲਾਂ ਤੋਂ ਇਸ ਯੂਨੀਵਰਸਿਟੀ ਦੀ ਫੈਕਲਟੀ ਅਤੇ ਵਿਦਿਆਰਥੀ ਸਿਆਸੀ ਅਤੇ ਸ਼ਾਤਿਰ ਹਮਲਿਆਂ ਦਾ ਸ਼ਿਕਾਰ ਹਨ। ਇਹੀ ਨਹੀਂ, ਉਨ੍ਹਾਂ ਨੂੰ ਅਫਸੋਸਨਾਕ ਢੰਗ ਨਾਲ ਆਪਣੇ ਹੀ ਮੁਲਕ ਦੀ ਸਰਕਾਰ ਦੇ ਹਮਲੇ ਵੀ ਝੱਲਣੇ ਪੈ ਰਹੇ ਹਨ। ਉਮੀਦ ਹੈ ਕਿ ਇਸ ਇਨਾਮ ਨਾਲ ਭਾਰਤ ਵਿਚ ਉਚੇਰੀ ਸਿੱਖਿਆ ਦੇ ਕਰਤਿਆਂ-ਧਰਤਿਆਂ ਨੂੰ ਇਸ ਯੂਨੀਵਰਸਿਟੀ 'ਤੇ ਮਾਣ ਮਹਿਸੂਸ ਹੋਵੇਗਾ ਅਤੇ ਉਹ ਇਸ ਦੇ ਅਕਾਦਮਿਕ ਵਸੀਲਿਆਂ, ਭਾਵ ਫੈਕਲਟੀ ਤੇ ਵਿਦਿਆਰਥੀਆਂ ਦੀ ਕਦਰ ਕਰਨਗੇ।

ਤੀਜਾ, ਇਨਾਮ ਦੀ ਇਸ ਕਾਰਨ ਵੀ ਖੁਸ਼ੀ ਮਨਾਈ ਜਾਣੀ ਚਾਹੀਦੀ ਹੈ ਕਿ ਇਸ ਨੇ ਵਿਕਾਸ ਅਰਥ ਸ਼ਾਸਤਰ ਦੇ ਖੇਤਰ ਨੂੰ ਸਨਮਾਨਿਆ ਹੈ ਤੇ ਗਰੀਬੀ ਦੇ ਖਾਤਮੇ ਸਬੰਧੀ ਆਲਮੀ ਚੁਣੌਤੀ ਵਲ ਧਿਆਨ ਖਿੱਚਿਆ ਹੈ, ਕਿਉਂਕਿ ਇਸ ਚੁਣੌਤੀ ਨੇ ਲਗਾਤਾਰ ਕਰੋੜਾਂ ਲੋਕਾਂ ਦਾ ਜਿਊਣਾ ਮੁਹਾਲ ਕੀਤਾ ਹੋਇਆ ਹੈ। ਦੁਨੀਆ ਭਰ ਵਿਚ 70 ਕਰੋੜ ਤੋਂ ਵੱਧ ਲੋਕ ਭਾਰੀ ਗੁਰਬਤ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ। ਉਹ ਵੀ ਉਦੋਂ, ਜਦੋਂ ਅਸੀਂ ਸੰਸਾਰ ਬੈਂਕ ਦੀ ਪਰਿਭਾਸ਼ਾ ਨੂੰ ਮੰਨਦੇ ਹਾਂ ਜਿਸ ਮੁਤਾਬਕ 1.90 ਡਾਲਰ (ਕਰੀਬ 135 ਰੁਪਏ) ਰੋਜ਼ਾਨਾ ਤੋਂ ਘੱਟ 'ਤੇ ਗੁਜ਼ਾਰਾ ਕਰਨ ਵਾਲਾ ਗਰੀਬ ਮੰਨਿਆ ਜਾਂਦਾ ਹੈ, ਹਾਲਾਂਕਿ ਇਸ ਪਰਿਭਾਸ਼ਾ 'ਤੇ ਕਾਫੀ ਸਵਾਲ ਉਠਦੇ ਹਨ। ਇਸ ਤੋਂ ਇਲਾਵਾ ਹੋਰ ਕਰੋੜਾਂ ਲੋਕ ਇਸ ਗਰੀਬੀ ਲਕੀਰ ਤੋਂ ਰਤਾ ਕੁ ਉਚਾ ਜੀਵਨ ਜੀਅ ਰਹੇ ਹਨ ਜਿਨ੍ਹਾਂ ਨੂੰ 'ਨਾਜ਼ੁਕ ਹਾਲਤ ਵਾਲੇ ਗਰੀਬ' ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਤਿੰਨਾਂ ਵਿਚੋਂ ਇਕ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ ਅਤੇ ਵਿਕਾਸਸ਼ੀਲ ਮੁਲਕਾਂ ਵਿਚ ਬਹੁਤੇ ਬੱਚੇ ਪੜ੍ਹਨ, ਲਿਖਣ ਤੇ ਗਣਿਤ ਦਾ ਮੁੱਢਲਾ ਗਿਆਨ ਹਾਸਲ ਕੀਤੇ ਬਿਨਾ ਹੀ ਸਕੂਲ ਛੱਡ ਜਾਂਦੇ ਹਨ।



ਅਭੀਜੀਤ ਬੈਨਰਜੀ ਤੇ ਐਸਥਰ ਡੁਫਲੋ ਨੇ ਭਾਰਤ 'ਤੇ ਕੰਮ ਕੀਤਾ ਹੈ, ਜਦੋਂਕਿ ਮਾਈਕਲ ਕਰੇਮਰ ਨੇ ਅਫਰੀਕਾ ਖਾਸਕਰ ਕੀਨੀਆ 'ਤੇ। ਇਹ ਇਨਾਮ ਉਨ੍ਹਾਂ ਦੇ ਕੰਮ ਲਈ ਹੋਰ ਰਾਹ ਖੋਲ੍ਹੇਗਾ ਪਰ ਨਾਲ ਹੀ ਇਹ ਉਨ੍ਹਾਂ ਦੀ ਤਿੱਖੀ ਨਿਰਖ-ਪਰਖ ਦਾ ਰਾਹ ਵੀ, ਜਿਹੜੀ ਉਨ੍ਹਾਂ ਦੇ ਮਾਮਲੇ ਵਿਚ ਐਨੀ ਪਹਿਲਾਂ ਨਹੀਂ ਸੀ ਹੁੰਦੀ। ਜਿਉਂ ਹੀ ਉਨ੍ਹਾਂ ਦੀ ਕਿਤਾਬ 'ਪੂਅਰ ਇਕਨੌਮਿਕਸ: ਏ ਰੈਡੀਕਲ ਥਿੰਕਿੰਗ ਔਫ ਦਿ ਵੇਅ ਟੂ ਫਾਈਟ ਗਲੋਬਲ ਪੌਵਰਟੀ' (ਗਰੀਬੀ ਦਾ ਅਰਥ ਸ਼ਾਸਤਰ: ਆਲਮੀ ਗਰੀਬੀ ਦੇ ਟਾਕਰੇ ਦੇ ਤਰੀਕੇ ਪ੍ਰਤੀ ਰੈਡੀਕਲ ਸੋਚ) ਆਈ ਤਾਂ ਮੈਂ ਖਰੀਦ ਕੇ ਪੜ੍ਹਨੀ ਸ਼ੁਰੂ ਕਰ ਦਿੱਤੀ। ਇਹ ਇੰਨੀ ਦਿਲਚਸਪ ਹੈ ਕਿ ਮੈਂ ਇਸ ਨੂੰ ਪੂਰੀ ਪੜ੍ਹੇ ਬਿਨਾ ਨਾ ਛੱਡ ਸਕਿਆ। ਅਖੀਰ 'ਤੇ ਮੈਂ ਉਨ੍ਹਾਂ ਦੇ ਅੰਦਾਜ਼ ਤੋਂ ਪ੍ਰਭਾਵਿਤ ਮਹਿਸੂਸ ਕੀਤਾ ਪਰ ਉਨ੍ਹਾਂ ਦੀਆਂ ਦਲੀਲਾਂ ਨਾਲ ਨਾ ਸਹਿਮਤ ਹੋ ਸਕਿਆ।

ਉਨ੍ਹਾਂ ਦੀ ਵਿਧੀਆਤਮਕ ਨਜ਼ਰੀਏ ਤੋਂ ਸਭ ਤੋਂ ਵੱਡੀ ਆਲੋਚਨਾ ਇਹ ਹੈ ਕਿ ਉਨ੍ਹਾਂ ਦੀ ਪਹੁੰਚ ਗਰੀਬੀ ਤੇ ਗਰੀਬੀ ਦੇ ਕਾਰਨਾਂ ਨੂੰ ਅਤੇ ਗਰੀਬੀ 'ਚੋਂ ਬਾਹਰ ਨਿਕਲਣ ਦੇ ਤਰੀਕਿਆਂ ਨੂੰ ਵਿਅਕਤੀਗਤ ਬਣਾਉਂਦੀ ਹੈ। ਉਨ੍ਹਾਂ ਦਾ ਰੈਂਡਮਾਈਜ਼ਡ ਕੰਟਰੋਲ ਟਰਾਇਲਜ਼ (ਆਰਟੀਸੀਜ਼) ਤਰੀਕਾ ਕਿਉਂਕਿ ਕਲੀਨਿਕਲ ਮੈਡੀਸਨ ਤੋਂ ਲਿਆ ਗਿਆ ਹੈ, ਇਸ ਕਾਰਨ ਇਸ ਤਰੀਕੇ ਤੋਂ ਹੋਣ ਵਾਲੀ ਸਮੱਸਿਆ ਦੀ ਵਿਆਖਿਆ ਲਈ ਉਸੇ ਖੇਤਰ ਤੋਂ ਮਿਸਾਲ ਦਿੱਤੀ ਜਾ ਸਕਦੀ ਹੈ। ਕੋਈ ਡਾਕਟਰ ਕਿਸੇ ਬਿਮਾਰੀ (ਜਿਵੇਂ ਮੋਟਾਪਾ) ਪ੍ਰਤੀ ਵਿਅਕਤੀਗਤ ਪਹੁੰਚ ਅਪਣਾ ਕੇ ਮਰੀਜ਼ ਨੂੰ ਦਵਾਈਆਂ ਦੇ ਸਕਦਾ ਹੈ, ਜਿਸ ਨਾਲ ਉਸ ਨੂੰ ਆਰਜ਼ੀ ਰਾਹਤ ਮਿਲ ਸਕਦੀ ਹੈ ਪਰ ਜੇ ਇਹ ਬਿਮਾਰੀ ਵੱਡੇ ਪੱਧਰ 'ਤੇ ਫੈਲ ਜਾਵੇ, ਤਾਂ ਵੀ ਡਾਕਟਰੀ ਖੇਤਰ ਵਲੋਂ ਮੋਟਾਪੇ ਦਾ ਕਾਰਨ ਬਣਦੀਆਂ ਆਮ ਸਮਾਜਿਕ ਹਾਲਤਾਂ, ਜਿਵੇਂ ਖਾਣ-ਪੀਣ, ਕੰਮ ਤੇ ਰੁਜ਼ਗਾਰ ਦੀ ਕਿਸਮ ਅਤੇ ਖੁਰਾਕੀ ਵਸਤਾਂ ਦੀ ਮਾਰਕਿਟਿੰਗ ਆਦਿ ਵਲ ਜੇ ਧਿਆਨ ਨਹੀਂ ਦਿੱਤਾ ਜਾਂਦਾ ਤਾਂ ਇਹ ਉਸ ਖੇਤਰ ਦੀ ਕਮਜ਼ੋਰੀ ਮੰਨੀ ਜਾਵੇਗੀ।

ਜਿਵੇਂ ਕਿ ਅਸੀਂ ਸਮੁੱਚੇ ਤੌਰ 'ਤੇ ਮੋਟਾਪੇ ਲਈ ਸਾਰੇ ਦਾ ਸਾਰਾ ਕਿਸੇ ਇਕ ਮੋਟੇ ਬੰਦੇ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ, ਉਵੇਂ ਹੀ ਕਿਸੇ ਗਰੀਬ ਨੂੰ ਉਸ ਦੀ ਗਰੀਬੀ ਲਈ ਜ਼ਿੰਮੇਵਾਰ ਦੱਸਣਾ ਬੌਧਿਕ ਅਤੇ ਨੈਤਿਕ ਤੌਰ 'ਤੇ ਗਲਤ ਗੱਲ ਹੈ। ਆਰਸੀਟੀ ਤਰੀਕੇ ਦਾ ਖਿਆਲ ਹੈ ਕਿ ਗਰੀਬ ਬੰਦੇ ਨੂੰ ਜਿਹੜੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ, ਉਨ੍ਹਾਂ ਨਾਲ ਸਿੱਝਣ ਦੇ ਉਸ ਦੇ ਮੌਜੂਦਾ ਢੰਗ-ਤਰੀਕੇ ਵਿਚ ਛੋਟੀਆਂ-ਛੋਟੀਆਂ ਤਬਦੀਲੀਆਂ (ਜਿਨ੍ਹਾਂ ਨੂੰ 'ਦਖਲ' ਆਖਿਆ ਗਿਆ ਹੈ) ਦੀ ਲੋੜ ਹੁੰਦੀ ਹੈ ਅਤੇ ਸਵਾਲ ਸਿਰਫ ਇਹ ਦੇਖਣ ਦਾ ਹੁੰਦਾ ਹੈ ਕਿ ਆਖਰ ਕਿਹੜੀਆਂ ਛੋਟੀਆਂ ਤਬਦੀਲੀਆਂ ਕਾਰਗਰ ਹੋਣਗੀਆਂ। ਇਸ ਤਰ੍ਹਾਂ ਇਹ ਤਰੀਕਾ 'ਕੀ ਕਾਰਗਰ ਹੋਵੇਗਾ' ਦੀ ਹੀ ਖੁਸ਼ੀ ਮਨਾਉਂਦਾ ਹੈ ਅਤੇ ਇਸ ਤਰ੍ਹਾਂ ਬਹੁਤ ਹੀ ਅਮਲੀ, ਨਾ ਕਿ ਸਿਧਾਂਤਕ ਹੋਣ ਦਾ ਝੂਠਾ ਪ੍ਰਭਾਵ ਦਿੰਦਾ ਹੈ।

ਇਸ ਤੋਂ ਵੀ ਵੱਡੀ ਵਿਧੀਆਤਮਕ ਸਮੱਸਿਆ ਉਦੋਂ ਉਭਰਦੀ ਹੈ, ਜਦੋਂ ਸੁਝਾਏ ਗਏ ਦਖਲ ਨੂੰ 'ਵਧਾਇਆ' ਜਾਂਦਾ ਹੈ, ਭਾਵ ਵੱਖੋ-ਵੱਖ ਪ੍ਰਸੰਗਾਂ ਨੂੰ ਵਿਚਾਰੇ ਬਿਨਾ ਵਿਆਪਕ ਕੀਤਾ ਜਾਂਦਾ ਹੈ। ਗਰੀਬੀ ਦੇ ਸਥੂਲ ਘੇਰੇ, ਜਿਵੇਂ ਜਾਇਦਾਦ ਸਬੰਧਾਂ ਦੀ ਬਣਤਰ, ਆਮਦਨ ਦੀ ਵੰਡ ਦਾ ਸਰੂਪ, ਮਾਲਕਾਂ ਤੇ ਮੁਲਾਜ਼ਮਾਂ ਦਰਮਿਆਨ ਸੌਦੇਬਾਜ਼ੀ ਦੀਆਂ ਨਾਬਰਾਬਰ ਤਾਕਤਾਂ ਅਤੇ ਪੁਰਸ਼-ਪ੍ਰਧਾਨੀ ਰਿਸ਼ਤਿਆਂ ਦਾ ਸੁਭਾਅ, ਜਾਤ ਸਬੰਧਾਂ ਦੀ ਲੜੀ ਅਤੇ ਬਹੁਗਿਣਤੀ-ਘੱਟਗਿਣਤੀ ਪਛਾਣ ਦੇ ਮੁੱਦਿਆਂ ਨੂੰ ਮਹਿਜ਼ 'ਉਲਝਾਵੇਂ' ਕਾਰਕ ਮੰਨ ਕੇ ਲਾਂਭੇ ਕਰ ਦਿੱਤਾ ਜਾਂਦਾ ਹੈ।

ਆਰ.ਸੀ.ਟੀ. ਪਹੁੰਚ ਦਾ ਇਕ ਹੋਰ ਗੰਭੀਰ ਵਿਧੀਆਤਮਕ ਨੁਕਸ ਗਰੀਬੀ ਦੇ ਐਥਨੋਗ੍ਰਾਫਿਕ (ਮਾਨਵ ਜਾਤੀ ਵਿਗਿਆਨ ਸਬੰਧੀ) ਅਧਿਐਨਾਂ ਵਿਚ ਦਿਖਾਇਆ ਗਿਆ ਹੈ ਕਿ ਗਿਣਨਾਤਮਕ ਤਰੀਕਿਆਂ ਨੂੰ ਦਿੱਤੀ ਗਈ ਹੱਦੋਂ ਵੱਧ ਤਵੱਜੋ ਨੇ ਇਸ ਨੂੰ ਗੁਣਾਤਮਕ ਨਜ਼ਰੀਏ ਤੋਂ ਮਹਿਰੂਮ ਕਰ ਦਿੱਤਾ ਹੈ। ਇਸ ਨੁਕਸ ਨੂੰ ਇਹ ਗੱਲ ਤਸਲੀਮ ਕਰਦਿਆਂ ਮਾਨਤਾ ਵੀ ਦਿੱਤੀ ਗਈ ਹੈ ਕਿ ਮਿਲੀਜੁਲੀ ਪਹੁੰਚ ਬਿਹਤਰ ਹੋ ਸਕਦੀ ਹੈ, ਪਰ ਤਾਂ ਵੀ ਇਹ ਪਹੁੰਚ ਮੂਲ ਰੂਪ ਵਿਚ ਗੁਣਾਤਮਕ ਤਰੀਕਿਆਂ ਦੀ ਵਿਰੋਧੀ ਬਣੀ ਰਹਿੰਦੀ ਹੈ। ਇਕੋਨੋਮੀਟ੍ਰੀਸ਼ੀਅਨਾਂ (ਅੰਕੜਿਆਂ ਤੇ ਗਣਿਤ ਆਧਾਰਤ ਅਰਥ ਸ਼ਾਸਤਰੀ) ਨੇ ਆਰ.ਸੀ.ਟੀ. ਪਹੁੰਚ 'ਤੇ ਉਲਟੇ ਪੱਖ ਤੋਂ ਵਾਰ ਕੀਤਾ ਹੈ, ਭਾਵ ਚੁਣੇ ਗਏ ਦਖਲਾਂ ਦੀ ਪ੍ਰਭਾਵਕਤਾ ਦਾ ਪਤਾ ਲਾਉਣ ਲਈ ਨਮੂਨਿਆਂ ਦੀ ਚੋਣ ਵਿਚ ਪਛਾਣ ਦੀ ਸਮੱਸਿਆ ਪੱਖੋਂ। ਇਖਲਾਕੀ ਫਿਲਾਸਫਰਾਂ ਨੇ ਅਜ਼ਮਾਇਸ਼ਾਂ ਲਈ ਤੀਜੀ ਦੁਨੀਆਂ ਦੇ ਸਭ ਤੋਂ ਗਰੀਬ ਲੋਕਾਂ ਨੂੰ ਵਰਤੇ ਜਾਣ 'ਤੇ ਨੈਤਿਕਤਾ ਦੇ ਸਵਾਲ ਉਠਾਏ ਹਨ।

ਇਸ ਪਹੁੰਚ ਦੇ ਸਿਆਸਤਦਾਨਾਂ, ਸਹਾਇਤਾ ਏਜੰਸੀਆਂ ਅਤੇ ਆਲਮੀ ਨੀਤੀ ਘਾੜਿਆਂ ਵਿਚ ਮਕਬੂਲ ਹੋਣ ਦਾ ਕਾਰਨ ਇਹ ਹੈ ਕਿ ਉਹ ਗਰੀਬੀ ਦੇ ਢਾਂਚਾਗਤ ਕਾਰਨਾਂ ਅਤੇ ਵਿਆਪਕ ਗਰੀਬੀ ਨਾਲ ਸਿੱਝਣ ਲਈ ਲੋੜੀਂਦੀਆਂ ਇਨਕਲਾਬੀ ਤਬਦੀਲੀਆਂ ਵਿਚ ਖੁਦ ਨੂੰ ਉਲਝਾਉਣ ਦੀ ਥਾਂ ਆਪਣੇ ਵਿਸ਼ੇਸ਼ ਦਖਲਾਂ ਦੇ ਫੌਰੀ ਨਤੀਜੇ ਦੇਖਣੇ ਚਾਹੁੰਦੇ ਹਨ।

# ਡਾਵਾਂਡੋਲ ਭਾਰਤੀ ਸਿੱਖਿਆ ਪ੍ਰਣਾਲੀ

ਜਦੋਂ ਤੋਂ ਅਭੀਜੀਤ ਬੈਨਰਜੀ ਨੂੰ ਅਰਥ ਸ਼ਾਸਤਰ ਦਾ ਨੋਬੇਲ ਪੁਰਸਕਾਰ ਮਿਲਿਆ ਹੈ, ਉਦੋਂ ਤੋਂ ਭਾਰਤ ਵਿਚ ਬਹਿਸ ਚੱਲ ਰਹੀ ਹੈ ਕਿ ਭਾਰਤ ਵਾਸੀਆਂ ਦੇ ਹੁਨਰ ਦਾ ਫੁੱਲ ਵਿਦੇਸ਼ ਵਿਚ ਜਾ ਕੇ ਹੀ ਕਿਉਂ ਖਿੜਦਾ ਹੈ? ਇਸ ਤੋਂ ਪਹਿਲਾਂ ਅਮਰਤਿਆ ਸੇਨ ਨੂੰ ਨੋਬੇਲ ਪੁਰਸਕਾਰ ਮਿਲਿਆ ਸੀ ਅਤੇ ਉਨ੍ਹਾਂ ਦਾ ਵੀ ਜ਼ਿਆਦਾਤਰ ਕੰਮ ਵਿਦੇਸ਼ ਵਿਚ ਰਹਿ ਕੇ ਹੀ ਹੋਇਆ ਹੈ। ਕਈ ਲੋਕਾਂ ਕੋਲ ਇਸ ਦਾ ਜਵਾਬ ਇਹ ਹੈ ਕਿ ਭਾਰਤ ਵਿਚ ਸਿੱਖਿਆ ਪ੍ਰਬੰਧ ਦਾ ਬੁਰਾ ਹਾਲ ਹੈ, ਇਸ ਲਈ ਹੁਨਰਮੰਦ ਭਾਰਤੀਆਂ ਨੂੰ ਵਿਦੇਸ਼ (ਖਾਸ ਕਰ ਯੂਰਪ ਜਾਂ

ਅਭੈ ਕਮਾਰ ਦੂਬੇ

ਅਮਰੀਕਾ) ਜਾਣਾ ਪੈਂਦਾ ਹੈ। ਜੇਕਰ ਉਹ ਅਜਿਹਾ ਨਾ ਕਰਨ ਤਾਂ ਭਾਰਤ ਵਿਚ ਉਨ੍ਹਾਂ ਦੇ ਹੁਨਰ ਦਾ ਮੁੱਲ ਨਹੀਂ ਪਵੇਗਾ। ਇਸ ਜਵਾਬ ਦਾ ਦੂਜਾ ਹਿੱਸਾ ਇਹ ਹੈ ਕਿ ਭਾਰਤ ਵਿਚ ਹੁਨਰਮੰਦਾਂ ਲਈ ਆਪਣੀ ਚਮਕ ਦਿਖਾਉਣ ਲਈ ਸੰਸਥਾਈ ਬੰਦੋਬਸਤ ਨਹੀਂ ਹੈ। ਮੋਟੇ ਤੌਰ 'ਤੇ ਇਹ ਦੋਵੇਂ ਕਾਰਨ ਸਹੀ ਹਨ।

ਹੁਣ ਤਾਂ ਸ਼ੱਕ ਹੈ ਕਿ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਅਭੀਜੀਤ ਬੈਨਰਜੀ ਸ਼ਾਇਦ ਆਖਰੀ ਭਾਰਤੀ ਹੋਣਗੇ ਜਿਨ੍ਹਾਂ ਦੀ ਉਚ ਸਿੱਖਿਆ ਭਾਰਤ ਵਿਚ (ਪ੍ਰੈਜ਼ੀਡੈਂਸੀ ਕਾਲਜ, ਕੋਲਕਾਤਾ ਤੇ ਜੇ.ਐਨ.ਯੂ., ਦਿੱਲੀ) ਤੋਂ ਹੋਈ ਹੋਵੇਗੀ। ਕਾਰਨ ਸਪਸ਼ਟ ਹੈ: ਅਭੀਜੀਤ ਬੈਨਰਜੀ ਦੇ ਪਿਤਾ ਦੀਪਕ ਬੈਨਰਜੀ ਜਿਸ ਪ੍ਰੈਜ਼ੀਡੈਂਸੀ ਕਾਲਜ ਵਿਚ ਪੜ੍ਹਾਉਂਦੇ ਸਨ ਅਤੇ ਜਿਸ ਵਿਚ ਉਨ੍ਹਾਂ ਦਾ ਬੇਟਾ ਪੜ੍ਹਿਆ, ਉਸ ਦਾ ਪੱਧਰ ਹੁਣ ਉਹੋ ਜਿਹਾ ਨਹੀਂ ਰਹਿ ਗਿਆ। ਇਹੀ ਹਾਲਤ ਜੇ.ਐਨ.ਯੂ. ਦੀ ਹੈ।

ਅੱਜ ਦੇ ਪ੍ਰੈਜ਼ੀਡੈਂਸੀ ਅਤੇ ਅੱਜ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਨਵੇਂ ਅਭੀਜੀਤ ਦਾ ਨਿਰਮਾਣ ਕਰਨ ਦੀ ਉਮੀਦ ਸਾਨੂੰ ਨਹੀਂ ਕਰਨੀ ਚਾਹੀਦੀ। ਇਹੋ ਹਾਲਤ ਅਤੀਤ ਦੀਆਂ ਬਿਹਤਰ ਯੂਨੀਵਰਸਿਟੀਆਂ ਦੀ ਹੋ ਚੁੱਕੀ ਹੈ। ਅੱਜ ਦੀ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਅਲਾਹਾਬਾਦ ਯੂਨੀਵਰਸਿਟੀ ਆਪਣੇ ਗੌਰਵਮਈ ਅਤੀਤ ਨੂੰ ਬਹੁਤ ਪਿੱਛੇ ਛੱਡ ਚੁੱਕੀਆਂ ਹਨ। ਕੀ ਅਭੀਜੀਤ ਬੈਨਰਜੀ ਦੇ ਪੱਧਰ ਦੇ ਲੋਕ ਆਪਣੇ ਬੱਚਿਆਂ ਨੂੰ ਭਾਰਤ ਵਿਚ ਪੜ੍ਹਾਉਣਾ ਪਸੰਦ ਕਰਨਗੇ? ਇਸ ਦਾ ਪੀੜ ਭਰਿਆ ਜਵਾਬ ਸਿਰਫ 'ਨਾਂਹ' ਵਿਚ ਹੀ ਦਿੱਤਾ ਜਾ ਸਕਦਾ ਹੈ। ਭਾਰਤ ਵਿਚ ਵਿਦਿਆ ਦੇ ਡਿਗਦੇ ਹੋਏ ਪੱਧਰ ਦਾ ਇਹੀ ਆਲਮ ਮੈਨੂੰ ਆਪਣੀ ਸੰਸਥਾ ਸੀ.ਐਸ.ਡੀ.ਐਸ. ਵਿਚ ਵੀ ਦਿਖਾਈ ਦਿੰਦਾ ਹੈ। ਜਦੋਂ ਇਥੇ ਨਵੀਆਂ ਨਿਯੁਕਤੀਆਂ ਹੁੰਦੀਆਂ ਹਨ ਤਾਂ ਸੰਸਥਾ ਵੀ ਉਨ੍ਹਾਂ ਨੂੰ ਪਹਿਲ ਦਿੰਦੀ ਹੈ ਜਿਨ੍ਹਾਂ ਦੀ ਪੀ.ਐਚ.ਡੀ. ਕਿਸੇ ਵਿਦੇਸ਼ੀ ਯੂਨੀਵਰਸਿਟੀ ਤੋਂ ਹੋਈ ਹੁੰਦੀ ਹੈ।

ਅੰਗਰੇਜ਼ਾਂ ਨੇ ਭਾਰਤ ਵਿਚ ਜੋ ਸਿੱਖਿਆ ਪ੍ਰਣਾਲੀ ਤਿਆਰ ਕੀਤੀ ਸੀ, ਉਸ ਵਿਚ ਸ਼ੁਰੂ ਤੋਂ ਹੀ ਮੌਲਿਕਤਾ ਦੀ ਗੁੰਜਾਇਸ਼ ਘੱਟ ਸੀ। ਉਸ ਦੇ ਕੇਂਦਰ ਵਿਚ ਭਾਰਤੀਆਂ ਨੂੰ ਜ਼ਿਆਦਾ 'ਉਪਯੋਗੀ ਗਿਆਨ' ਦੇਣ ਦਾ ਇਰਾਦਾ ਸੀ ਤਾਂ ਕਿ ਉਹ ਬਰਤਾਨਵੀ ਮਸ਼ੀਨਰੀ ਵਿਚ ਵਫਾਦਾਰ ਵਾਂਗ ਜਗ੍ਹਾ ਬਣਾ ਸਕਣ। ਉਂਜ, ਇਨ੍ਹਾਂ ਹੱਦਾਂ ਦੇ ਬਾਵਜੂਦ ਭਾਰਤ ਵਿਚ ਮੌਲਿਕ ਕੰਮ ਕਰਨ ਵਾਲੇ ਕੁਝ ਬੁੱਧੀਜੀਵੀ ਪੈਦਾ ਹੋਏ ਹਨ ਪਰ ਉਂਗਲਾਂ 'ਤੇ ਗਿਣਨ ਜੋਗੇ ਹੀ। ਇਨ੍ਹਾਂ ਲੋਕਾਂ ਦੀਆਂ ਪ੍ਰਾਪਤੀਆਂ ਉਨ੍ਹਾਂ ਦੀਆਂ ਨਿੱਜੀ ਕੋਸ਼ਿਸ਼ਾਂ ਅਤੇ ਪਰਿਵਾਰਕ ਪਿਛੋਕੜ ਦਾ ਨਤੀਜਾ ਰਹੀਆਂ ਹਨ। ਚੇਤੇ ਰਹੇ ਕਿ ਅਭੀਜੀਤ ਦੇ ਮਾਤਾ ਪਿਤਾ, ਦੋਵੇਂ ਹੀ ਅਰਥ ਸ਼ਾਸਤਰ ਦੇ ਪ੍ਰੋਫੈਸਰ ਸਨ ਅਤੇ ਅਮਰਤਿਆ ਸੇਨ ਦੀ ਮਾਂ ਮਹਾਨ ਵਿਦਵਾਨ ਸ਼ਿਤੀਮੋਹਨ ਸੇਨ ਦੀ ਬੇਟੀ ਸੀ ਅਤੇ ਉਨ੍ਹਾਂ ਦੇ ਪਿਤਾ ਰਸਾਇਣਕ ਵਿਗਿਆਨ ਦੇ ਅਧਿਆਪਕ ਸਨ। ਜੇਕਰ ਸਾਡੀ ਪ੍ਰਣਾਲੀ ਅਤੇ ਵਿਵਸਥਾ ਵਿਚ ਏਨਾ ਦਮ ਹੁੰਦਾ ਤਾਂ ਅੱਜ ਵਿਸ਼ਵ ਦੇ ਗਿਆਨ ਦੇ ਦਾਇਰਿਆਂ ਵਿਚ ਭਾਰਤੀ ਹਾਵੀ ਹੁੰਦੇ।

ਇਹ ਸਮੱਸਿਆ ਬੁਨਿਆਦੀ ਰੂਪ ਨਾਲ ਵਿਚਾਰਨਯੋਗ ਹੈ। ਸਾਡੇ ਜ਼ਮਾਨੇ ਦੇ ਇਕ ਵਿਦਵਾਨ ਅਤੇ ਇਤਿਹਾਸਕਾਰ ਰਣਜੀਤ ਗੁਹਾ ਨੇ ਇਸ ਦਾ ਕਾਰਨ ਖੋਜਿਆ ਹੈ। ਗੁਹਾ ਨੇ ਆਪਣੇ ਅਧਿਐਨ ਨਾਲ ਦਿਖਾਇਆ ਹੈ ਕਿ ਜਿਸ ਨੂੰ ਅਸੀਂ ਆਧੁਨਿਕ ਭਾਰਤੀ ਵਿਦਿਆ ਕਹਿੰਦੇ ਹਾਂ, ਉਹ ਦਰਅਸਲ 'ਨੌਕਰ ਨੂੰ ਦਿੱਤੀ ਜਾਣ ਵਾਲੀ ਤਾਲੀਮ' ਦੇ ਤੌਰ 'ਤੇ ਤਿਆਰ ਕੀਤੀ ਗਈ ਸੀ। ਅੰਗਰੇਜ਼ ਚਾਹੁੰਦੇ ਸਨ ਕਿ ਇਸ ਸਿੱਖਿਆ ਨੂੰ ਗ੍ਰਹਿਣ ਕਰਨ ਵਾਲਾ ਭਾਰਤੀ ਉਨ੍ਹਾਂ ਦੇ ਨੌਕਰ ਦੇ ਰੂਪ ਤੋਂ ਇਲਾਵਾ ਕਿਸੇ ਹੋਰ ਸ਼ੀਸ਼ੇ ਵਿਚ ਨਾ ਦੇਖ ਸਕੇ। ਇਸੇ ਪ੍ਰਸੰਗ ਵਿਚ ਗੁਹਾ ਨੇ ਉਪਨਿਵੇਸ਼ਕ ਸਿੱਖਿਆ ਪ੍ਰਣਾਲੀ ਅਤੇ ਉਸ ਤੋਂ ਬਾਅਦ ਭਾਰਤੀ ਸਿੱਖਿਆ ਪ੍ਰਣਾਲੀ ਵਿਚ ਅੰਗਰੇਜ਼ਾਂ ਦੀ ਭੂਮਿਕਾ 'ਤੇ ਉਂਗਲ ਚੁੱਕੀ ਹੈ।

**ਅਜੇ ਤੱਕ ਅਸੀਂ ਭੁਲੇਖੇ ਵਿਚ ਹਾਂ ਕਿ ਭਾਰਤ ਦੀ ਸਿੱਖਿਆ ਵਿਵਸਥਾ ਨੂੰ ਸੁਧਾਰਿਆ ਜਾ ਸਕਦਾ ਹੈ ਅਤੇ ਜੇਕਰ ਉਸ ਵਿਚ ਕੁਝ ਸੰਸਥਾਈ ਬਦਲਾਓ ਕੀਤੇ ਜਾਣ ਤਾਂ ਉਸ ਦੇ ਗਰਭ ਤੋਂ ਅਭੀਜੀਤ ਬੈਨਰਜੀਆਂ ਅਤੇ ਅਮਰਤਿਆ ਸੇਨਾਂ ਦਾ ਜਨਮ ਹੋਣਾ ਸ਼ੁਰੂ ਹੋ ਜਾਵੇਗਾ। ਰਣਜੀਤ ਗੁਹਾ ਦਾ ਅਧਿਐਨ ਦੱਸਦਾ ਹੈ ਕਿ ਅਜਿਹਾ ਹੋਣਾ ਸੰਭਵ ਹੀ ਨਹੀਂ ਹੈ।**

ਜ਼ਿਆਉਦੀਨ ਸਰਦਾਰ, ਅਸ਼ੀਸ਼ ਨੰਦੀ, ਮੈਰਿਲ ਵਿਨ ਡੇਵਿਜ਼ ਅਤੇ ਕਲਾਟ ਅਲਵਾਰਿਸ ਦੇ ਅਨੁਸਾਰ, ਇਸ ਬਸਤੀਵਾਦੀ ਸਿੱਖਿਆ ਪ੍ਰਣਾਲੀ ਦਾ ਨਤੀਜਾ ਭਾਰਤ ਦੇ ਬੌਧਿਕ ਕਤਲੇਆਮ ਵਿਚ ਨਿਕਲਦਾ ਹੈ। ਇਨ੍ਹਾਂ ਚਾਰ ਵਿਦਵਾਨਾਂ ਨੇ ਆਪਣੀ ਸਾਂਝੀ ਖੋਜ ਵਿਚ ਭਾਰਤ ਦੀ ਬਸਤੀਵਾਦੀ ਅਤੇ ਉਤਰ ਬਸਤੀਵਾਦੀ ਸਿੱਖਿਆ ਪ੍ਰਣਾਲੀ ਦੇ ਨਤੀਜਿਆਂ ਦੀ ਤੁਲਨਾ ਸਪੇਨੀਆਂ ਅਤੇ ਪੁਰਤਗਾਲੀਆਂ ਵਲੋਂ ਅਮੇਰ-ਇੰਡੀਅਨਾਂ ਦੇ ਕਤਲੇਆਮ ਨਾਲ ਕੀਤੀ ਹੈ। 'ਭਾਰਤੀ ਸਿੱਖਿਆ ਪ੍ਰਣਾਲੀ ਨੂੰ ਵਿਗਾੜਨ ਦੀ ਭਿਆਨਕਤਾ ਅਮਰੀਕੀ ਮਹਾਂਦੀਪ ਦੇ ਇਸਾਈਕਰਨ/ਗੁਲਾਮੀ ਥੋਪਣ ਤੋਂ ਘੱਟ ਨਹੀਂ ਹੈ। ਇਸ ਦਾ ਕਾਰਨ ਸਪਸ਼ਟ ਹੈ। ਉਥੇ ਇਸ ਦਾ ਨਤੀਜਾ ਲੱਖਾਂ ਲੋਕਾਂ ਦੇ ਸਮੂਹਕ ਕਤਲੇਆਮ ਦੇ ਰੂਪ ਵਿਚ ਨਿਕਲਿਆ; ਜਾਂ ਤਾਂ ਉਨ੍ਹਾਂ ਨੂੰ ਜ਼ਮੀਨ ਵਿਚ 6 ਫੁੱਟ ਹੇਠਾਂ ਗੱਡ ਦਿੱਤਾ ਗਿਆ ਜਾਂ ਸਾੜ ਦਿੱਤਾ ਗਿਆ। ਇਥੇ ਸਿੱਖਿਆ ਪ੍ਰਣਾਲੀ ਨੇ ਉਸ ਤੋਂ ਵੀ ਜ਼ਿਆਦਾ ਵੱਡੀ ਗਿਣਤੀ ਵਿਚ ਲੋਕਾਂ ਨੂੰ ਗੰਭੀਰ ਸਥਿਤੀ ਵਿਚ ਪਾ ਦਿੱਤਾ ਹੈ। ਉਨ੍ਹਾਂ ਦੇ ਦਿਮਾਗਾਂ ਨੂੰ ਲਕਵਾ ਮਾਰ ਚੁੱਕਾ ਹੈ। ਇਕ ਤਰ੍ਹਾਂ ਨਾਲ ਉਹ ਮਰ ਚੁੱਕੇ ਹਨ। ਛੇ ਫੁੱਟ ਹੇਠਾਂ ਦਫਨ ਕਰ ਦਿੱਤੇ ਗਏ ਅਮੇਰ-ਇੰਡੀਅਨਾਂ ਅਤੇ ਉਨ੍ਹਾਂ ਦੇ ਦਰਮਿਆਨ ਸਿਰਫ ਅੰਤਰ ਇਹ ਹੈ ਕਿ ਉਹ ਧਰਤੀ ਦੇ ਉਤੇ ਚੱਲਣ ਦਾ ਦਿਖਾਵਾ ਕਰ ਸਕਦੇ ਹਨ।'

ਅਜੇ ਤੱਕ ਅਸੀਂ ਭੁਲੇਖੇ ਵਿਚ ਹਾਂ ਕਿ ਭਾਰਤ ਦੀ ਸਿੱਖਿਆ ਵਿਵਸਥਾ ਨੂੰ ਸੁਧਾਰਿਆ ਜਾ ਸਕਦਾ ਹੈ ਅਤੇ ਜੇਕਰ ਉਸ ਵਿਚ ਕੁਝ ਸੰਸਥਾਈ ਬਦਲਾਓ ਕੀਤੇ ਜਾਣ ਤਾਂ ਉਸ ਦੇ ਗਰਭ ਤੋਂ ਅਭੀਜੀਤ ਬੈਨਰਜੀਆਂ ਅਤੇ ਅਮਰਤਿਆ ਸੇਨਾਂ ਦਾ ਜਨਮ ਹੋਣਾ ਸ਼ੁਰੂ ਹੋ ਜਾਵੇਗਾ। ਰਣਜੀਤ ਗੁਹਾ ਦਾ ਅਧਿਐਨ ਦੱਸਦਾ ਹੈ ਕਿ ਅਜਿਹਾ ਹੋਣਾ ਸੰਭਵ ਹੀ ਨਹੀਂ ਹੈ। ਜਦੋਂ ਤੱਕ ਇਹ ਪ੍ਰਣਾਲੀ ਠੀਕ ਚੱਲ ਰਹੀ ਸੀ ਅਤੇ ਉਸ ਦੇ ਕੰਮਕਾਜ ਵਿਚ ਜ਼ਿਆਦਾ ਗਿਰਾਵਟ ਨਹੀਂ ਆਈ ਸੀ, ਉਸ ਸਮੇਂ ਵੀ ਇਸ ਦੇ ਕਾਰਨ ਭਾਰਤੀ ਹੁਨਰ ਦਾ ਵਿਕਾਸ ਨਹੀਂ ਹੋ ਰਿਹਾ ਸੀ। ਬੈਨਰਜੀ ਅਤੇ ਸੇਨ ਉਸੇ ਜ਼ਮਾਨੇ ਦੀ ਦੇਣ ਹਨ।

ਮੋਦੀ ਸਰਕਾਰ ਨਵੀਂ ਸਿੱਖਿਆ ਪ੍ਰਣਾਲੀ ਲਾਗੂ ਕਰ ਰਹੀ ਹੈ। ਉਸ ਨਾਲ ਕੁਝ ਉਮੀਦਾਂ ਬਣਦੀਆਂ ਹਨ ਪਰ ਸਮੱਸਿਆਵਾਂ ਵੀ ਬਹੁਤ ਹਨ। ਡਰ ਇਹ ਲਗਦਾ ਹੈ ਕਿ ਇਸ ਨਵੀਂ ਪ੍ਰਣਾਲੀ ਵਿਚ ਜੋ ਵੀ ਸੰਭਾਵਨਾਵਾਂ ਹਨ, ਉਹ ਕਿਤੇ ਨਵੇਂ ਹੁਕਮਰਾਨਾਂ ਦੀਆਂ ਵਿਚਾਰਧਾਰਕ ਧਾਰਨਾਵਾਂ ਕਾਰਨ ਖਰਾਬ ਨਾ ਹੋ ਜਾਣ। ਉਪਰੋਂ ਸਾਡੀ ਨੌਕਰਸ਼ਾਹੀ (ਜੋ ਇਸ ਪ੍ਰਣਾਲੀ ਨੂੰ ਜ਼ਮੀਨ 'ਤੇ ਉਤਾਰੇਗੀ) ਦਾ ਯੋਜਨਾਵਾਂ ਲਾਗੂ ਕਰਨ ਦਾ ਇਤਿਹਾਸ ਵੀ ਸ਼ੱਕੀ ਹੈ।

# ਸੁਪਨਾ, ਸੰਭਾਵਨਾ ਅਤੇ ਸੱਚ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ, "ਸੁਪਨਿਆਂ ਦਾ ਨਾ ਆਉਣਾ ਬਹੁਤ ਦਰਦੀਲਾ। ਸੁਪਨਿਆਂ ਨੂੰ ਅਗਵਾ ਕਰਨਾ, ਘੋਰ ਅਪਰਾਧ; ਪਰ ਜਦ ਸੁਪਨਿਆਂ ਨੂੰ ਕਤਲ ਕਰ ਦਿਤਾ ਜਾਵੇ ਅਤੇ ਖਾਲੀ ਨੈਣਾਂ ਵਿਚ ਸੁਪਨਿਆਂ ਦੀ ਕਬਰ ਉਗ ਆਵੇ ਤਾਂ ਇਹ ਵਕਤ ਦਾ ਸਭ ਤੋਂ ਵੱਡਾ ਸਰਾਪ।" ਹਥਲੇ ਲੇਖ ਵਿਚ ਡਾ. ਭੰਡਾਲ ਸੁਪਨਿਆਂ ਦਾ ਸੁਪਨਾ ਲੈਂਦੇ ਕਹਿੰਦੇ ਨੇ, "ਜੀਵਨ ਵਿਚ ਜਿੰਨੀ ਜਲਦੀ ਆਪਣਾ ਟੀਚਾ ਮਿੱਥੋਗੇ, ਸੰਭਾਵਨਾ ਨੂੰ ਸੱਚ ਕਰਨ ਦਾ ਸੰਕਲਪ ਲਵੋਗੇ, ਪ੍ਰਾਪਤੀ ਤੀਕ ਮਾਨਸਿਕ ਅਤੇ ਸਰੀਰਕ ਬੇਚੈਨੀ ਵਿਚ ਰਹੋਗੇ ਤਾਂ ਸੱਚ ਤੁਹਾਡਾ ਹੋਵੇਗਾ।" ਉਨ੍ਹਾਂ ਦੀ ਨਸੀਹਤ ਹੈ, "ਕਦੇ ਵੀ ਸੁਪਨਾ ਚੋਰੀ ਨਾ ਕਰੋ, ਨਿਆਰੇ ਮੁਹਾਂਦਰੇ ਵਾਲਾ ਸੁਪਨਾ ਖੁਦ ਸਿਰਜੋ।...ਸੁਪਨਾ ਨਾ ਲੈਣ ਵਾਲੇ ਵਿਅਕਤੀ ਜਿਉਂਦੇ ਨਹੀਂ, ਸੁਪਨੇ ਸਿਰਫ ਜਿਉਂਦਿਆਂ ਨੂੰ ਆਉਂਦੇ। ਮਰੇ ਹੋਏ ਸੁਪਨੇ ਨਹੀਂ ਲੈ ਸਕਦੇ।" -ਸੰਪਾਦਕ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੁਪਨਾ, ਸੰਭਾਵਨਾ ਅਤੇ ਸੱਚ ਦਾ ਬਹੁਤ ਗੂੜ੍ਹਾ ਸਬੰਧ। ਇਕ-ਦੂਜੇ ਦੀ ਪੂਰਤੀ ਦਾ ਸਾਧਨ ਤੇ ਸਬੱਬ। ਇਕ-ਦੂਜੇ ਦੀ ਹੱਲਾਸ਼ੇਰੀ ਅਤੇ ਨਿਸ਼ਠਾ ਦੀ ਦਾਸਤਾਨ।

ਸਭ ਤੋਂ ਪਹਿਲਾਂ ਸੁਪਨਾ ਲੈਣਾ ਪੈਂਦਾ ਤਾਂ ਸੰਭਾਵਨਾ ਪੈਦਾ ਹੁੰਦੀ। ਇਸ ਸੰਭਾਵਨਾ ਵਿਚੋਂ ਹੀ ਸੱਚ ਪ੍ਰਗਟ ਹੁੰਦਾ, ਜੋ ਸਫਲਤਾ ਦੀ ਸਿਖਰ ਵੀ ਹੋ ਸਕਦਾ।

ਸੁਪਨਾ ਹਰੇਕ ਲੈਂਦਾ। ਹਰੇਕ ਦੇ ਸੁਪਨੇ ਦਾ ਰੰਗ ਵੱਖਰਾ। ਸੁਪਨਾ, ਉਮਰ, ਆਸ ਅਤੇ ਆਰਜ਼ੂ 'ਤੇ ਨਿਰਭਰ। ਕਿਸ ਨੇ, ਕਿਹੜਾ ਸੁਪਨਾ, ਕਦੋਂ ਲੈਣਾ ਅਤੇ ਸੁਪਨੇ ਦੇ ਕੀ ਅਰਥ ਹਨ? ਇਹ ਹਰ ਸ਼ਖਸ ਲਈ ਵੱਖ-ਵੱਖ। ਸੁਪਨੇ ਇਕਸਾਰ ਨਹੀਂ ਹੁੰਦੇ। ਇਨ੍ਹਾਂ ਦੀ ਵਿਭਿੰਨਤਾ, ਖੂਬਸੂਰਤੀ ਤੇ ਰੰਗ-ਬਰੰਗਤਾ ਕਾਰਨ ਹੀ ਦੁਨੀਆਂ ਖੂਬਸੂਰਤ ਅਤੇ ਜ਼ਿੰਦਗੀ ਬਹੁਤ ਹੀ ਹੁਸੀਨ।

ਸੁਪਨੇ ਬਹੁਤ ਕਿਸਮ ਦੇ ਹੁੰਦੇ। ਕਿਸੇ ਦਾ ਸੁਪਨਾ ਚੰਗੇਰੀ ਵਿਦਿਆ ਪ੍ਰਾਪਤ ਕਰਨਾ, ਕੋਈ ਜਵਾਨੀ ਦੇ ਰੰਗ ਤਮਾਸ਼ੇ ਮਾਣਨ ਤੀਕ ਸੀਮਤ, ਕਿਸੇ ਲਈ ਸੁਪਨਿਆਂ ਦੇ ਅਰਥ ਸਮਾਜ ਨੂੰ ਨਵੀਂ ਸੇਧ ਦੇਣ ਜਾਂ ਕਿਸੇ ਲਈ ਕੁਝ ਅਜਿਹਾ ਸਿਰਜਣਾ, ਜੋ ਵਿਲੱਖਣ ਅਤੇ ਵਿਕੋਲਿਤਰਾ ਹੋਵੇ। ਕੋਈ ਸੁਪਨਾ ਸਮਾਜ ਨੂੰ ਸਮਰਪਿਤ, ਕੋਈ ਪਰਿਵਾਰ ਨੂੰ ਅਤੇ ਕੋਈ ਦੇਸ਼ ਨੂੰ; ਪਰ ਕੁਝ ਸੁਪਨੇ ਖੁਦ ਨੂੰ ਹੀ ਅਰਪਿਤ ਹੁੰਦੇ। ਸੁਪਨਾ ਕੋਈ ਵੀ ਹੋਵੇ। ਇਹ ਤਾਂ ਹੀ ਸਾਰਥਕ, ਜੇ ਇਸ ਦੇ ਅਰਥ ਵਡੇਰੇ ਹੋਣ। ਅਰਥਹੀਣ ਸੁਪਨਿਆਂ ਦੀ ਕਾਹਦੀ ਸਾਰਥਕਤਾ?

ਸੁਪਨਾ ਅਜਿਹਾ ਹੋਵੇ ਕਿ ਸਮਾਜਕ ਸਰਦਲ ਨੂੰ ਚਮਤਕਾਰੀ ਅਹਿਸਾਸ ਹੋਵੇ, ਇਸ ਦੀਆਂ ਬਰੂਹਾਂ ਵਿਚ ਪਾਣੀ ਡੋਲਣ ਅਤੇ ਤੇਲ ਚੋਣ ਦਾ ਵੇਲਾ ਆਵੇ। ਸੁਪਨਾ ਲੋਕਾਈ, ਭਲਾਈ ਜਾਂ ਬੰਦਿਆਈ ਲਈ ਹੋਵੇ ਤਾਂ ਬਹੁਭਾਵੀ ਤੇ ਬਹੁਅਰਥੀ ਹੁੰਦਾ।

ਸੁਪਨਾ ਅਜਿਹਾ ਲੈਣਾ ਚਾਹੀਦਾ, ਜਿਸ ਦੀ ਸੰਭਾਵਨਾ ਹੋਵੇ, ਜਿਸ 'ਚੋਂ ਕਿਰਦੀਆਂ ਕਿਰਨਾਂ ਰੂਹ ਨੂੰ ਚਮਕਾਉਣ ਅਤੇ ਮਨ-ਮਸਤਕ ਨੂੰ ਖਿਆਲਾਂ ਦੀ ਤਾਜ਼ਗੀ ਤੇ ਭਰਪੂਰਤਾ ਬਖਸ਼ਣ।

ਸੁਪਨਾ, ਅੱਖਾਂ ਵਿਚ ਵੀ ਤੈਰਦਾ, ਸੋਚ-ਸੈਰ ਵੀ ਅਤੇ ਕਰਮ-ਯੋਗਤਾ ਦਾ ਕਿਆਮ ਵੀ। ਬਹੁਤ ਸਾਰੇ ਸੁਪਨੇ ਮਨ 'ਤੇ ਦਸਤਕ ਦਿੰਦੇ। ਕੁਝ ਸੁਪਨੇ ਅਸਲੀਅਤ ਦਾ ਬਾਣਾ ਪਹਿਨਣ ਲਈ ਤਿਆਰ, ਪਰ ਕੁਝ ਸੁਪਨੇ ਸਿਰਫ ਖਿਆਲੀ। ਅਜਿਹੇ ਸੁਪਨੇ ਸਿਰਫ ਸੁਪਨਾ ਲੈਣ ਲਈ ਹੀ ਹੁੰਦੇ, ਕਿਉਂਕਿ ਇਨ੍ਹਾਂ ਦੀ ਸੰਭਾਵਨਾ ਦੇ ਸੱਚ ਲਈ ਜਿਸ ਸਿਰੜ, ਸਾਧਨਾ ਅਤੇ ਸਮਰਪਣ ਦੀ ਲੋੜ ਹੁੰਦੀ, ਉਸ ਦੀ ਘਾਟ ਦਾ ਖੁਦ ਨੂੰ ਹੀ ਇਲਮ ਹੁੰਦਾ।

ਸੁਪਨਾ ਤਾਂ ਪੱਕੀ ਫਸਲ ਨੂੰ ਦੇਖ ਕੇ ਕਿਸਾਨ ਵੀ ਲੈਂਦਾ, ਜਵਾਨੀ ਦੀ ਦਹਿਲੀਜ਼ 'ਤੇ ਚੜ੍ਹ ਰਹੇ ਗਭਰੀਟ ਵੀ, ਪੂਰਨੇ ਪਾਉਂਦਿਆਂ ਜਵਾਕ ਦੇ ਨੈਣਾਂ ਵਿਚ ਵੀ ਤਰਦਾ ਜਾਂ ਘਰ ਦੀ ਉਸਾਰੀ ਲਈ ਇੱਟਾਂ ਢੋਂਦੇ ਮਜਦੂਰ ਨੂੰ ਆਪਣੇ ਘਰ ਦਾ ਵੀ ਆਉਂਦਾ।

ਸੁਪਨਾ ਅਤੇ ਇਸ ਦਾ ਸੱਚ ਸਿਰਫ ਇਕ, ਪਰ ਸੁਪਨੇ ਤੋਂ ਸੱਚ ਵੱਲ ਨੂੰ ਜਾਂਦੀਆਂ ਸੰਭਾਵਨਾਵਾਂ ਕਈ। ਸਭ ਤੋਂ ਅਸਾਨ, ਮਨ ਭਾਉਂਦੀ ਅਤੇ ਛੁਟੇਰੀ ਸੰਭਾਵਨਾ ਵਧੀਆ ਪ੍ਰਾਪਤੀ ਹੁੰਦੀ।

ਜਦ ਕੋਈ ਸੁਪਨੇ ਲੈਣ ਤੀਕ ਹੀ ਸੀਮਤ ਨਾ ਹੋ ਕੇ ਇਸ ਦੀ ਪੂਰਤੀ ਵੰਨੀਂ ਅਹੁਲਦਾ ਤਾਂ ਸੁਪਨੇ ਵਿਚੋਂ ਸੰਭਾਵਨਾਵਾਂ ਉਦੈ ਹੁੰਦੀਆਂ।

ਸਾਰੇ ਸੁਪਨੇ ਸੱਚ ਨਹੀਂ ਹੋ ਸਕਦੇ, ਪਰ ਬਹੁਤ ਸਾਰੇ ਸੁਪਨਿਆਂ ਦੇ ਸੱਚ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ। ਸੁਪਨੇ ਦੀ ਸੰਭਾਵਨਾ, ਸੁਪਨੇ ਦੀ ਪੂਰਤੀ ਲਈ ਲੋੜੀਂਦੇ ਉਦਮ, ਵਸੀਲੇ, ਯਤਨ ਅਤੇ ਸਿਰੜ 'ਤੇ ਨਿਰਭਰ। ਸੰਭਾਵਨਾ ਤਾਂ ਹੀ ਪੈਦਾ ਹੁੰਦੀ, ਜੇ ਇਸ ਸੁਪਨੇ ਦੀ ਸਮਝ ਹੋਵੇ। ਪੂਰਤੀ ਨੂੰ ਜਾਂਦੇ ਰਾਹਾਂ ਦੀ ਸਾਰ ਹੋਵੇ। ਸੁਪਨ-ਮਾਰਗ ਵਿਚ ਆਉਣ ਵਾਲੀਆਂ ਮੁਸ਼ਕਿਲਾਂ, ਔਕੜਾਂ ਦਾ ਅਹਿਸਾਸ ਹੋਵੇ। ਰਾਹ ਵਿਚ ਖੱਡਿਆਂ ਨੂੰ ਟੱਪਣ, ਖਾਈਆਂ ਨੂੰ ਮੇਟਣ ਅਤੇ ਰਾਹ ਦੇ ਕੰਡਿਆਂ ਨੂੰ ਮਿਧਣ ਦੀ ਆਰਜ਼ਾ ਹੋਵੇ। ਸਫਰ ਦੀਆਂ ਮੁਸ਼ਕਿਲਾਂ ਨੂੰ ਟੱਕਰਨ ਅਤੇ ਇਨ੍ਹਾਂ ਨੂੰ ਦਰੜ ਕੇ ਅੱਗੇ ਜਾਣ ਵਾਲਿਆਂ ਲਈ ਸੁਪਨਿਆਂ ਦੀਆਂ ਸੰਭਾਵਨਾਵਾਂ ਵੀ ਹਾਜ਼ਰ।

ਸੰਭਾਵਨਾ ਨੂੰ ਹਰ ਕੋਣ ਤੇ ਹਰ ਨੁਕਤੇ ਤੋਂ ਵਿਚਾਰ ਕੇ ਅਤੇ ਇਸ ਦੀ ਖੂਬਸੂਰਤੀ ਜਾਂ ਬਦਸੂਰਤੀ ਦੀ ਨਿਰਖ-ਪਰਖ ਕਰਕੇ ਰਾਹਾਂ ਦੀ ਨਿਸ਼ਾਨਦੇਹੀ ਤੇ ਦਿਸਹੱਦਿਆਂ ਦੇ ਹਾਣ ਦੀ ਸੋਚ ਕਰਕੇ ਹੀ ਸੰਭਾਵਨਾ ਨੂੰ ਹੱਕ-ਹਾਸਲ ਬਣਾ ਸਕਦੇ ਹਾਂ।

ਕੁਝ ਸੁਪਨਿਆਂ ਦੀ ਸੰਭਾਵਨਾ ਸਿਰਫ ਪੇਤਲੀ ਜਿਹੀ ਹੁੰਦੀ, ਜਦ ਕਿ ਕੁਝ ਦੀ ਬਹੁਤ ਗਾੜ੍ਹੀ। ਸੰਭਾਵਨਾ ਸਮਰੱਥਾ, ਸ਼ਕਤੀ, ਸਮਝ, ਸਾਧਨਾ ਅਤੇ ਸਿਰੜ ਨਾਲ ਲਬਰੇਜ਼ ਹੋਵੇ ਤਾਂ ਸੰਭਾਵਨਾ ਦਾ ਸੱਚ ਸਨਮੁੱਖ ਹੁੰਦਾ।

ਕੁਝ ਲੋਕ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਹੁੰਦੇ। ਕਾਮਯਾਬ ਹੋਣ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ਹੁੰਦੀਆਂ। ਮਾਪਿਆਂ ਦੇ ਨੈਣਾਂ ਵਿਚ ਸੁਪਨੇ ਹੁੰਦੇ, ਪਰ ਸੰਭਾਵਨਾ ਦੀ ਪੂਰਤੀ ਤਾਂ ਹੀ ਹੁੰਦੀ, ਜੇ ਸਿਆਣਪ ਤੇ ਸਖਤ ਮਿਹਨਤ ਅਤੇ ਪ੍ਰਤੀਬੱਧਤਾ ਦੀ ਪਾਣ ਚੜ੍ਹਾਈ ਜਾਵੇ। ਕੁਝ ਤਾਂ ਆਮ ਲਿਆਕਤ ਵਾਲੇ ਵੀ ਮਿਹਨਤ ਤੇ ਟੀਚੇ ਪ੍ਰਤੀ ਸਮਰਪਣ ਕਾਰਨ ਉਚੇਰੀਆਂ ਕਾਮਯਾਬੀਆਂ ਹਾਸਲ ਕਰਦੇ; ਪਰ ਕਈ ਵਾਰ ਕੁਝ ਲਾਇਕ ਲੋਕ ਵੀ ਆਪਣੀ ਗਲਤਫਹਿਮੀ ਨਾਲ ਮਿਹਨਤ ਤੋਂ ਗੁਰੇਜ਼ ਕਰਨ ਕਰਕੇ ਸਫਲ ਨਹੀਂ ਹੋ ਸਕਦੇ। ਸਫਲਤਾ ਵਿਚ ਵੱਧ ਹਿੱਸਾ ਮਿਹਨਤ ਦਾ ਹੁੰਦਾ, ਲਿਆਕਤ ਤਾਂ ਬਾਅਦ ਵਿਚ ਆਉਂਦੀ।

ਸੁਪਨੇ ਦਾ ਸੱਚ ਭਾਲਦੇ, ਜੋ ਮਰਦ ਅਖਵਾਣ। ਸਾਬਤ ਕਦਮੀਂ ਤੁਰਦਿਆਂ, ਉਚ-



ਮੰਜ਼ਿਲਾਂ ਪਾਣ। ਹਿੰਮਤ ਯਾਰ ਬਣਾ ਕੇ ਜਿਨ੍ਹਾਂ ਕਰੀ ਕਮਾਈ, ਉਨ੍ਹਾਂ ਦੇ ਸੁਪਨ-ਸੱਚ ਨੇ, ਖਾਲੀ ਰੂਹ ਰੁਸ਼ਨਾਈ। ਸਮਿਆਂ ਵੇ! ਤੇਰੀ ਬੀਹੀ ਵਿਚ ਕਈ ਸੁਪਨੇ ਮੋਏ, ਜਿਨ੍ਹਾਂ ਦੀ ਜੂਹੇ ਕਾਲ ਹੀ ਜਿੰਦ ਨੂੰ ਕੋਹੇ। ਸੁਪਨਸ਼ੀਲ ਅੱਖ ਦਾ ਨਾ ਕੋਈ ਸੁਪਨਾ ਤਿੜਕੇ, ਨਾ ਕਿਸੇ ਮਾਸੂਮ ਨੂੰ ਕੋਈ ਜਾਬਰ ਝਿੜਕੇ। ਬਾਲ-ਮਨਾਂ ਵਿਚ ਜਗਦੇ ਕੁਝ ਧਰੋ ਚਿਰਾਗ, ਤਾਂ ਕਿ ਮਿਟ ਜਾਣ ਮੱਥੇ ਦੇ ਲਿਖੇ ਕਾਲੇ ਭਾਗ। ਕਲਮਾਂ ਬੀਜਣ ਸੁਪਨੇ ਜੋ ਸਮੇਂ ਦੇ ਹਾਣੀ, ਤੇ ਕਲਮ-ਕੀਰਤੀ ਬਣ ਜੇ ਬਾਬੇ ਬਿਰਖ ਦੀ ਬਾਣੀ। ਤਿੜਕੇ ਹੋਏ ਸੁਪਨੇ ਦੇ ਜੋ ਭਰੇ ਤਰੋਪੇ, ਉਹੀ ਬਣਦੇ ਸੁਪਨੇ ਦੇ ਗਲ ਪਏ ਸਰੋਪੇ। ਸੁਪਨੇ ਵੰਨੀਂ ਜਾਣ ਦਾ ਸਫਰ ਰੱਖੋ ਜਾਰੀ, ਤਾਂ ਹੀ ਵਕਤ-ਵਿਰਾਸਤ ਨੇ ਜਾਣਾ ਬਲਿਹਾਰੀ।

ਸੰਭਾਵਨਾ ਨੂੰ ਸੰਭਾਵਨਾ ਹੀ ਨਾ ਰਹਿਣ ਦਿਓ, ਸਗੋਂ ਕਿਸੇ ਵੀ ਸੰਭਾਵਨਾ ਨੂੰ ਸੱਚ ਦੇ ਮਾਰਗ ਤੋਰਨ ਲਈ ਖੁਦ ਪਹਿਲ ਕਰੋ। ਸੁਪਨੇ ਤੋਂ ਸੰਭਾਵਨਾ ਅਤੇ ਸੰਭਾਵਨਾ ਤੋਂ ਸੱਚ ਦੇ ਸਫਰ ਦੀ ਪੂਰਨਤਾ ਵਿਚੋਂ ਹੀ ਕੁਝ ਹਾਸਲ ਹੁੰਦਾ।

ਸੰਭਾਵਨਾ ਨੂੰ ਸੱਚ ਬਣਾਉਣ ਲਈ ਨਿਸ਼ਠਾ, ਨਿਰੰਤਰਤਾ ਅਤੇ ਨੇਕ-ਨੀਤੀ ਦੀ ਲੋੜ। ਸਿਰਫ ਮੱਛੀ ਦੀ ਅੱਖ 'ਤੇ ਨਿਸ਼ਾਨਾ ਸੇਧਤ ਕਰਕੇ ਹੀ ਟੀਚਾ ਹਾਸਲ ਕਰ ਸਕਦੇ ਹਾਂ। ਭਟਕਣਾ ਵਿਚ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

ਜੀਵਨ ਵਿਚ ਜਿੰਨੀ ਜਲਦੀ ਆਪਣਾ ਟੀਚਾ ਮਿੱਥੋਗੇ, ਸੰਭਾਵਨਾ ਨੂੰ ਸੱਚ ਕਰਨ ਦਾ ਸੰਕਲਪ ਲਵੋਗੇ। ਪ੍ਰਾਪਤੀ ਤੀਕ ਮਾਨਸਿਕ ਅਤੇ ਸਰੀਰਕ ਬੇਚੈਨੀ ਵਿਚ ਰਹੋਗੇ ਤਾਂ ਸੱਚ ਤੁਹਾਡਾ ਹੋਵੇਗਾ। ਸਫਲਤਾ ਸਿਰਫ ਉਨ੍ਹਾਂ ਨੂੰ ਮਿਲਦੀ, ਜਿਨ੍ਹਾਂ ਵਿਚ ਮੰਜ਼ਿਲ 'ਤੇ ਪਹੁੰਚਣ ਦਾ ਸੁਦਾਅ ਤੇ ਚਾਅ ਹੋਵੇ। ਉਹ ਇਕ ਸੁਪਨੇ ਦੀ ਪੂਰਤੀ ਪਿਛੋਂ ਦੂਜਾ ਸੁਪਨਾ ਲੈਂਦੇ। ਉਨ੍ਹਾਂ ਲਈ ਸੁਪਨੇ ਲੈਣਾ ਅਤੇ ਇਨ੍ਹਾਂ ਨੂੰ ਪੂਰਾ ਕਰਨਾ, ਇਕ ਜੀਵਨ-ਜਾਚ। ਇਹ ਜੀਵਨ-ਜਾਚ ਜੇ ਹਰੇਕ ਵਿਅਕਤੀ ਦਾ ਕਰਮ-ਧਰਮ ਬਣ ਜਾਵੇ ਤਾਂ ਸੁਪਨਾ ਮਨ ਦਾ ਮਾਣ ਬਣਦਾ।

ਕੁਝ ਲੋਕ ਮਸ਼ਹੂਰ ਹੋਣ ਲਈ ਸੁਪਨਾ ਲੈਂਦੇ। ਚਕਾਚੌਂਧੀਂ ਮਸ਼ਹੂਰੀ ਚੰਗੇਰਾ ਕਰਕੇ ਨਹੀਂ, ਸਗੋਂ ਕੁਝ ਅਜਿਹਾ ਕਰਕੇ ਜੋ ਸਮਾਜ ਵਿਚ ਖਲਬਲੀ ਪੈਦਾ ਕਰੇ। ਕਿਸੇ ਨੀਚ ਹਰਕਤ, ਘਟੀਆ ਕਰਤੂਤ ਜਾਂ ਕਮੀਨਗੀ ਦੀ ਇੰਤਹਾ ਵਿਚੋਂ ਮਸ਼ਹੂਰ ਹੋਣ ਦਾ ਸੁਪਨਾ ਲੈਣਾ, ਸਭ ਤੋਂ ਵੱਡਾ ਗੁਨਾਹ। ਮਨੁੱਖਤਾ ਕਦੇ ਵੀ ਅਜਿਹੇ ਸੁਪਨਸਾਜ਼ਾਂ ਨੂੰ ਮੁਆਫ ਨਹੀਂ ਕਰਦੀ, ਪਰ ਜਦ ਕੋਈ ਸੁਪਨਾ ਕੁਝ ਚੰਗਾ ਕਰਨ ਦਾ ਹੋਵੇ, ਬੇਆਸੇ ਦੇ ਆਸ-ਚਿਰਾਗ ਵਿਚ ਰੂਹ-ਤੇਲ ਪਾਉਣਾ, ਸੁਗਮ-ਸੋਚ ਦੀ ਬੱਤੀ ਨਾਲ ਬਲਦਾ ਰੱਖਣਾ, ਸੁੰਨੇ ਵਿਹੜੇ ਨੂੰ ਹਾਸਿਆਂ ਦੀ ਹਵੇਲੀ ਬਣਾਉਣਾ ਜਾਂ ਕਿਸੇ ਬਾਪ ਦੀ ਲਾਚਾਰੀ ਨੂੰ ਦੂਰ ਕਰਨ ਤੇ ਬੁਢਾਪੇ ਦੀ ਡੰਗੋਰੀ ਬਣਨਾ ਜਾਂ ਕਿਸੇ ਅਰਥਹੀਣ ਹਰਫ ਨੂੰ ਪੂੰਝ ਕੇ ਇਸ 'ਚ ਅਰਥਾਂ ਦੀ ਸੂਹੀ ਭਾਅ ਪੈਦਾ ਕਰਨ ਦਾ ਹੁਨਰ ਆ ਜਾਵੇ ਤਾਂ ਸੁਪਨੇ ਦੀ ਸਾਰਥਕਤਾ ਆਪਣੀ ਹੋਂਦ 'ਤੇ ਮਾਣ ਕਰਦੀ।

ਕੁਝ ਲੋਕ ਸੁਪਨਾ ਲੈਂਦੇ, ਸੰਭਾਵਨਾ ਵੀ ਹੁੰਦੀ, ਪਰ ਇਸ ਦੇ ਸੱਚ ਤੋਂ ਟਾਲਾ ਵੱਟਦੇ, ਪਰ ਸੱਚ ਦੀ ਉਡੀਕ ਕਰਦੇ। ਬਿਨਾ ਮਿਹਨਤ ਦੇ ਕੁਝ ਹਾਸਲ ਨਹੀਂ ਹੋਵੇਗਾ। ਅਜਿਹੀ ਬੇਅਰਥ ਆਸ ਨੂੰ ਬੇਆਸ ਹੋਣਾ ਹੀ ਪੈਂਦਾ ਅਤੇ ਖੁਦ ਨੂੰ ਹਾਰ-ਹੀਣਤਾ ਵਿਚ ਕੋਹਣਾ ਹੀ ਪੈਂਦਾ।

ਕੁਝ ਲੋਕ ਸਿਰਫ ਸੁਪਨੇ ਹੀ ਲੈਂਦੇ। ਨਾ ਉਹ ਸੰਭਾਵਨਾ ਵੰਨੀਂ ਉਲਰਦੇ, ਤੇ ਸੱਚ ਦਾ ਤਾਂ ਉਹ ਧਿਆਨ ਵੀ ਨਹੀਂ ਧਰਦੇ। ਉਹ ਸਿਰਫ ਸੁਪਨਸਾਜ਼ ਹੁੰਦੇ।

ਰਾਤ ਵੇਲੇ ਲਏ ਸੁਪਨੇ ਨਿਰਾ ਛਲਾਵਾ। ਸੁਪਨੇ ਲੈਣੇ ਨੇ ਤਾਂ ਦਿਨ ਨੂੰ ਲਓ, ਆਪਣੇ ਅੰਤਰੀਵ ਵਿਚ ਉਤਾਰੋ ਅਤੇ ਸੁਪਨਿਆਂ ਦਾ ਹਾਣੀ ਬਣ ਕੇ ਇਸ ਦੀ ਸੰਪੂਰਨਤਾ ਨੂੰ ਜ਼ਿੰਦਗੀ ਦਾ ਲਕਸ਼ ਬਣਾਓ।

ਸੁਪਨਾ ਕੋਈ ਵੱਡਾ ਜਾਂ ਛੋਟਾ ਨਹੀਂ ਹੁੰਦਾ। ਸਿਰਫ ਇਸ ਦੀ ਸੰਭਾਵਨਾ ਦਾ ਸੱਚ ਹੀ ਇਸ ਨੂੰ ਵੱਡਾ ਜਾਂ ਛੋਟਾ ਬਣਾਉਂਦਾ। ਮਹਾਨ ਇਨਸਾਨ ਸੁਪਨਿਆਂ ਵਿਚੋਂ ਵੱਡਾ ਸੱਚ ਦੇਖਦੇ ਤਾਂ ਹੀ ਉਨ੍ਹਾਂ ਦਾ ਸੁਪਨਾ ਤੇ ਸੱਚ-ਦੋਵੇਂ ਹੀ ਵੱਡੇ। ਛੋਟੇ ਲੋਕ ਤਾਂ ਸੁਪਨਿਆਂ ਦੇ ਨਿੱਕੇ ਸੱਚ ਨਾਲ ਹੀ ਵੱਡੇਪਣ ਦਾ ਭਰਮ ਪਾਲਦੇ।

ਕਈ ਵਾਰ ਸੁਪਨੇ ਦਾ ਸੱਚ ਸਿਰ ਨੂੰ ਚੜ੍ਹ ਜਾਂਦਾ ਤਾਂ ਮਨੁੱਖ ਵਿਚੋਂ ਮਨੁੱਖਤਾ ਮਰ ਜਾਂਦੀ। ਉਹ ਇਨਸਾਨੀਅਤ ਦਾ ਮਰਸੀਆ ਪੜ੍ਹਨ ਤੀਕ ਹੀ ਸੀਮਤ ਹੁੰਦਾ। ਇਸ ਮਰਸੀਏ ਦੇ ਨਾਲ ਖੁਦ ਦਾ ਮਰਸੀਆ ਵੀ ਪੜ੍ਹਿਆ ਜਾਂਦਾ।

ਸੁਪਨਾ, ਸੰਭਾਵਨਾ ਅਤੇ ਇਸ ਦੇ ਸੱਚ ਨੂੰ ਨਿਮਰਤਾ ਤੇ ਹਲੀਮੀ ਨਾਲ ਹਜ਼ਮ ਕਰਨ ਵਾਲੇ ਮਾਨਵਤਾ ਦਾ ਮਾਣਮੱਤਾ ਮੁਹਾਂਦਰਾ। ਉਨ੍ਹਾਂ ਵਿਚੋਂ ਮਨਫੀ ਹੁੰਦਾ ਹੰਕਾਰ, ਹੈਂਕੜ, ਹੱਠਧਰਮੀ ਜਾਂ ਹਿਮਾਕਤ। ਉਹ ਠਰੰਮੇ ਤੇ ਸਹਿਜ ਦਾ ਸਿਰਨਾਵਾਂ।

ਸੁਪਨੇ ਤੋਂ ਸੰਭਾਵਨਾ ਤੇ ਫਿਰ ਇਸ ਦੇ ਸੱਚ ਦਾ ਸਫਰ ਬਹੁਤ ਲੰਮੇਰਾ। ਕਸ਼ਟਮਈ ਅਤੇ ਕਠਿਨਾਈਆਂ ਭਰਪੂਰ। ਬਹੁਤ ਵਾਰ ਟੁੱਟਣਾ ਪੈਂਦਾ, ਪਰ ਫਿਰ ਜੁੜ ਕੇ ਸਫਰ ਜਾਰੀ ਰਹਿੰਦਾ। ਇਸ ਟੁੱਟਣ ਤੇ ਜੁੜਨ ਦੀ ਪ੍ਰਕ੍ਰਿਆ ਵਿਚੋਂ ਜੋ ਆਪਣਾ ਲੋਹਾ ਮੰਨਵਾ ਲੈਂਦੇ, ਉਨ੍ਹਾਂ ਲਈ ਕੁਝ ਵੀ ਅਸੰਭਵ ਨਹੀਂ ਹੁੰਦਾ। ਸਿਰਫ ਦੇਰ ਹੋ ਸਕਦੀ, ਪਰ ਪ੍ਰਾਪਤੀ ਜਰੂਰ ਹੁੰਦੀ।

ਜਦ ਕਿਸੇ ਨੂੰ ਸੁਪਨਾ ਲੈਣ ਤੋਂ ਹੀ ਵਰਜਿਆ ਜਾਵੇ ਜਾਂ ਕਿਸੇ ਦੇ ਦੀਦਿਆਂ ਵਿਚ ਸਤਮਾਹੇ ਸੁਪਨੇ ਦਾ ਸੋਗ ਧਰ ਦਿਤਾ ਜਾਵੇ ਤਾਂ ਸੁਪਨ-ਸੱਟ ਸਦਾ ਚਸਕਦੀ। ਇਸ ਪੀੜਾ ਵਿਚ ਬਹੁਤ ਕੁਝ ਖੁਰ ਜਾਂਦਾ, ਜਿਸ ਨੇ ਸੰਸਾਰ ਨੂੰ ਸੁੰਦਰ ਤੇ ਸਜੀਵ ਬਣਾਉਣਾ ਹੁੰਦਾ। ਅਜੋਕਾ ਮਨੁੱਖ ਸੁਪਨੇ ਅਰਪਣ ਜਾਂ ਕਿਸੇ ਦੇ ਨੈਣਾਂ ਵਿਚ ਸੁਪਨਾ ਧਰਨ ਦੀ ਥਾਂ ਸੁਪਨਾ ਖੋਹਣ ਲਈ ਵੱਧ ਉਤਸੁਕ। ਇਸ ਹਾਬੜੀ ਉਤਸੁਕਤਾ 'ਚ ਗਰਕ ਰਹੀ ਮਨੁੱਖਤਾ। ਮਨੁੱਖ ਸਿਰਫ ਖੁਦ ਤੀਕ ਹੀ ਸੀਮਤ।

ਸੁਪਨੇ ਲੈਣਾ, ਇਸ ਦਾ ਵਿਗਸਣਾ। ਇਸ ਦੀਆਂ ਸੰਭਾਵਨਾਵਾਂ ਦਾ ਪੁੰਗਰਨਾ, ਚੁਫੇਰੇ ਫੈਲਾਓ ਅਤੇ ਇਸ ਵਿਚੋਂ ਸੱਚ ਦੇ ਸੂਰਜ ਦੀ ਰੋਸ਼ਨੀ ਤੇ ਨਿੱਘ ਨਾਲ ਸਮੁੱਚੀ ਕਾਇਨਾਤ ਨੂੰ ਸਰਸ਼ਾਰ ਕਰਨਾ, ਇਕ ਸ਼ੁਭ ਸ਼ਗਨ। ਪਹਿਲ ਕਰਨਾ, ਸ਼ੁਭ ਬਚਨ। ਉਦਮ ਤੇ ਹੌਸਲਾ ਅਫਜ਼ਾਈ ਸੋਹਣੇ ਸ਼ਖਸ ਦਾ ਪਹਿਲਾ ਕਰਤੱਵ। ਇਸ ਦੀ ਪਾਲਣਾ ਦਾ ਕਿਸੇ ਸਮਾਜ ਵਿਚ ਸ਼ੁਰੂ ਹੋਣਾ, ਜਿਉਂਦੇ ਮਨੁੱਖ ਦਾ ਅਹਿਸਾਸ।

ਕਦੇ ਵੀ ਸੁਪਨਾ ਚੋਰੀ ਨਾ ਕਰੋ, ਨਿਆਰੇ ਮੁਹਾਂਦਰੇ ਵਾਲਾ ਸੁਪਨਾ ਖੁਦ ਸਿਰਜੋ। ਵੱਖਰੀ ਅਤੇ ਨਰੋਈ ਪਛਾਣ, ਸੁਪਨ-ਸੱਚ ਰਾਹੀਂ ਪ੍ਰਗਟ ਹੋਵੇਗੀ, ਜੋ ਸਿਰਫ ਤੁਹਾਡੀ ਹੋਵੇਗੀ। ਵਿਲੱਖਣ ਸੁਪਨੇ ਦਾ ਮੁੱਲ ਪੈਂਦਾ। ਜੇ ਸੁਪਨਿਆਂ ਵਿਚ ਅੰਤਰ ਨਾ ਹੋਵੇ ਤਾਂ ਵਿਭਿੰਨ ਕਿੰਜ ਹੋਵੋਗੇ?

ਕਿਸੇ ਦੀ ਸੁਪਨ-ਸੰਭਾਵਨਾ ਨੂੰ ਸੱਚ ਕਰਨ ਲਈ ਮਦਦ ਜਰੂਰ ਕਰੋ, ਕਿਉਂਕਿ ਕੀਤੀ ਹੋਈ ਮਦਦ ਤੁਹਾਡੀ ਸੁਪਨ ਪੂਰਤੀ ਵਿਚ ਵੀ ਸਾਰਥਕ ਹੋਵੇਗੀ। ਕਿਸੇ ਹੋਰ ਦੀ ਪੂਰਤੀ ਦੇ ਨਾਲ ਤੁਸੀਂ ਵੀ ਬਹੁਤ ਕੁਝ ਹਾਸਲ ਕਰੋਗੇ।

ਸੁਪਨੇ ਤੋਂ ਸੰਭਾਵਨਾ ਦਾ ਸਫਰ ਬਹੁਤ ਸਾਰੇ ਮੌਕਿਆਂ ਨੂੰ ਸਾਡੇ ਸਨਮੁੱਖ ਕਰਦਾ, ਜਿਨ੍ਹਾਂ ਦੀ ਸੁਯੋਗ ਵਰਤੋਂ ਨਾਲ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ। ਔਕੜਾਂ ਨਹੀਂ, ਸਗੋਂ ਸੰਭਾਵਨਾਵਾਂ ਦੇਖੋ, ਤੁਹਾਡੇ ਲਈ ਅਕਾਸ਼ ਵੀ ਨਿੱਕਾ ਹੋਵੇਗਾ।

ਸੰਭਾਵਨਾਵਾਂ ਅਥਾਹ ਹੁੰਦੀਆਂ, ਕਦੇ ਵੀ ਨਹੀਂ ਮੁਕਦੀਆਂ। ਜਦ ਸੰਭਾਵਨਾਵਾਂ ਨਾ ਦਿੱਸਣ ਤਾਂ ਸਮਝੋ ਬੰਦਾ ਹਾਰ ਗਿਆ ਏ। ਕੁਝ ਲੋਕ ਤਾਂ ਅਜਿਹੀਆਂ ਸੰਭਾਵਨਾਵਾਂ ਦਾ ਸੱਚ ਪ੍ਰਗਟ ਕਰਦੇ, ਜਿਨ੍ਹਾਂ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਸੁਪਨਾ ਉਹ ਸੰਭਾਵਨਾ, ਜੋ ਸੱਚ ਬਣਨ ਲਈ ਅੰਗੜਾਈ ਭਰਦੀ। ਕਿਸੇ ਮਰਦ ਅਗੰਮੜੇ ਦੀ ਦਸਤਕ ਲਈ ਉਤਾਵਲਾ। ਇਸ ਦੂਰੀ ਨੂੰ ਉਦਮੀ ਹੀ ਮੇਟਦੇ।

ਜਦ ਕੋਈ ਸੁਪਨਾ ਲੈਂਦਾ ਹੈ ਤਾਂ ਉਹ ਟੀਚਾ ਮਿੱਥਦਾ ਹੈ। ਇਸ ਟੀਚੇ ਦੀ ਪ੍ਰਾਪਤੀ ਵੱਲ ਪੁੱਟਿਆ ਕਦਮ, ਕੋਸ਼ਿਸ਼ ਦਾ ਅਰੰਭ। ਕੋਸ਼ਿਸ਼ ਨੂੰ ਪਿਆ ਹੋਇਆ ਬੂਰ ਪ੍ਰਾਪਤੀ ਦਾ ਅਹਿਸਾਸ ਮਨ-ਜੂਹ ਵਿਚ ਪੈਦਾ ਕਰਦਾ।

ਜਦ ਸੁਪਨਾ ਲੈਂਦੇ ਤਾਂ ਅਸੰਭਵ ਜਾਪਦਾ, ਪਰ ਜਦ ਇੱਛਾ ਸ਼ਕਤੀ ਨੂੰ ਸੁਪਨਾ ਪੂਰਤੀ ਵੰਨੀਂ ਸੇਧਤ ਕਰਦੇ ਤਾਂ ਕਈ ਸੰਭਾਵਨਾਵਾਂ ਸਾਹਮਣੇ ਆਉਂਦੀਆਂ। ਅਖੀਰ ਵਿਚ ਸਿਰੜ ਤੇ ਇਰਾਦਾ ਸੰਭਾਵਨਾਵਾਂ ਦਾ ਸੱਚ ਹੁੰਦਾ।

ਸੁਪਨਾ ਨਾ ਲੈਣ ਵਾਲੇ ਵਿਅਕਤੀ ਜਿਉਂਦੇ ਨਹੀਂ, ਸੁਪਨੇ ਸਿਰਫ ਜਿਉਂਦਿਆਂ ਨੂੰ ਆਉਂਦੇ। ਮਰੇ ਹੋਏ ਸੁਪਨੇ ਨਹੀਂ ਲੈ ਸਕਦੇ। ਦੇਖਣਾ ਕਿ ਤੁਸੀਂ ਜਿਉਂਦੇ ਹੋ ਜਾਂ ਮਾਨਸਿਕ ਤੌਰ 'ਤੇ ਮਰ ਚੁਕੇ ਹੋ?

ਹਰ ਇਕ ਨੂੰ ਆਪਣਾ ਜੀਵਨ ਸਫਰ ਇਸ ਤਰ੍ਹਾਂ ਨਿਰਧਾਰਤ ਕਰਨਾ ਚਾਹੀਦਾ ਕਿ ਹਰ ਮੋੜ 'ਤੇ ਸੁਪਨਾ ਤੇ ਇਸ ਦਾ ਸੱਚ ਇਕ ਦੂਜੇ ਨੂੰ ਗਲਵੱਕੜੀ ਪਾ ਕੇ ਮਿਲਣ।

ਜ਼ਿੰਦਗੀ ਵਿਚ ਕਈ ਵਾਰ ਅਜਿਹਾ ਪਲ ਆਉਂਦਾ ਕਿ ਸੱਚ, ਸੁਪਨਾ ਹੀ ਲੱਗਦਾ, ਜਦ ਕਿ ਸੁਪਨਾ ਸੱਚ ਜਾਪਣ ਲੱਗ ਪੈਂਦਾ। ਮਿੱਟ ਜਾਂਦਾ ਸੁਪਨੇ ਤੇ ਸੱਚ ਵਿਚਲਾ ਫਰਕ।

ਜੀਵਨ ਵਿਚ ਕੁਝ ਵੀ ਗਾਰੰਟੀਸ਼ੁਦਾ ਨਹੀਂ। ਸਿਰਫ ਜੀਵਨ ਵਿਚ ਸੰਭਾਵਨਾਵਾਂ ਅਤੇ ਮੌਕੇ ਹੀ ਹੁੰਦੇ, ਜਿਨ੍ਹਾਂ ਨੂੰ ਵਰਤ ਕੇ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ। ਕੁਝ ਵੀ ਨਿਸ਼ਚਿਤ ਨਹੀਂ। ਕੋਈ ਵਿਗਿਆਨੀ ਬਣਨ ਵੱਲ ਜਾਂਦਾ ਜਾਂਦਾ ਇਕ ਵਧੀਆ ਕਲਾਕਾਰ ਬਣ ਜਾਂਦਾ।

ਭਵਿੱਖ ਉਨ੍ਹਾਂ ਦਾ ਹੀ ਜੋ ਸੰਭਾਵਨਾ ਵਿਚੋਂ ਸਰਘੀ ਦੀ ਆਮਦ ਦਾ ਅੰਦਾਜ਼ਾ ਲਾਉਂਦੇ। ਉਨ੍ਹਾਂ ਦੇ ਜੀਵਨ ਵਿਚ ਸ਼ਾਮ ਨਹੀਂ, ਸਗੋਂ ਸਵੇਰ ਹੀ ਹੁੰਦੀ।

ਹਰ ਦਿਨ ਨਵਾਂ ਸੁਪਨਾ ਨਵੀਆਂ ਸੰਭਾਵਨਾਵਾਂ, ਨਵੀਂ ਸੋਚ ਅਤੇ ਨਵੀਂ ਸ਼ਕਤੀ ਲੈ ਕੇ ਮਨ-ਦਰ 'ਤੇ ਦਸਤਕ ਦਿੰਦਾ। ਇਹ ਵਿਅਕਤੀ 'ਤੇ ਨਿਰਭਰ ਕਿ ਇਸ ਦਾ ਕਿੰਨਾ ਕੁ ਲਾਹਾ ਲੈਣਾ ਅਤੇ ਕਿਹੜਾ ਸੱਚ ਆਪਣਾ ਬਣਾਉਣਾ?

ਨਵਾਂ ਸੁਪਨਾ ਤੇ ਸੰਭਾਵਨਾ ਤਬਦੀਲੀ ਦੀ ਸੂਚਕ। ਨਵੀਆਂ ਤਰਜ਼ੀਹਾਂ, ਤਦਬੀਰਾਂ ਤੇ ਤਕਦੀਰਾਂ ਦੀ ਨਿਸ਼ਾਨਦੇਹੀ। ਤਰੱਕੀ ਅਤੇ ਬੁਲੰਦੀ ਦਾ ਪ੍ਰਮਾਣ।

ਸੰਸਾਰ ਦੀਆਂ ਸਮੁੱਚੀਆਂ ਪ੍ਰਾਪਤੀਆਂ, ਸੁਪਨੇ ਲੈਣ, ਸੰਭਾਵਨਾਵਾਂ ਅਤੇ ਇਨ੍ਹਾਂ ਦੀ ਪੂਰਤੀ ਵਿਚੋਂ ਹੀ ਪੈਦਾ ਹੋਈਆਂ। ਸੁਪਨੇ ਤੋਂ ਵੱਡਾ ਤਾਂ ਕੋਈ ਸੱਚ ਨਹੀਂ। ਬੱਚਾ ਜਦ ਸੁਪਨੇ ਦੇਖਣ ਲੱਗ ਪਵੇ ਤਾਂ ਇਸ ਨੂੰ ਪੂਰਾ ਕਰਨ ਲਈ ਉਹ ਖੁਦ ਵੀ ਉਚੇਚ ਕਰਦਾ, ਹੱਲ ਤਲਾਸ਼ਦਾ ਅਤੇ ਪੂਰਤੀ ਦੀ ਲਗਨ ਦਿਨ-ਰਾਤ ਉਕਸਾਉਂਦੀ।

ਜਦ ਕੋਈ ਵਿਅਕਤੀ ਕੁਝ ਚੰਗੇਰਾ ਕਰਨ ਦਾ ਸੁਪਨਾ ਲੈਂਦਾ ਤਾਂ ਦਰਅਸਲ ਉਹ ਪੂਰਨ ਮਨੁੱਖ ਬਣਨ ਵੰਨੀਂ ਰੁਚਿਤ ਹੁੰਦਾ। ਇਹ ਰੁਚੀ ਹੀ ਉਸ ਦੇ ਇਨਸਾਨ ਹੋਣ ਦਾ ਪ੍ਰਮਾਣ।

ਸੁਪਨਾ, ਸੰਭਾਵਨਾ ਤੇ ਸੱਚ, ਸਭ ਦਾ ਹਾਸਲ ਹੋਵੇ। ਹਰੇਕ ਹੀ ਸੁਪਨ-ਪ੍ਰਾਪਤੀ ਨੂੰ ਆਪਣਾ ਇਸ਼ਟ ਮੰਨ ਕੇ ਅਰਾਧਨਾ ਕਰੇ। ਇਸ ਦੀ ਆਸਥਾ ਦੌਰਾਨ ਖੁਦ 'ਤੇ ਪੂਰਨ ਭਰੋਸਾ ਰੱਖੋਗੇ ਤਾਂ ਸੁਪਨ-ਪੂਰਤੀ ਨੂੰ ਕੋਈ ਨਹੀਂ ਰੋਕ ਸਕਦਾ। ਕਾਮਨਾ, ਸ਼ੁਭ-ਚਿੰਤਨ ਹੋਵੇ। ਚੇਤਨਾ, ਚਿਰਾਗ ਬਣ ਕੇ ਹਰ ਮਸਤਕ ਨੂੰ ਪ੍ਰਾਪਤੀ ਨਾਲ ਰੁਸ਼ਨਾਵੇ, ਇਹ ਕਾਮਨਾ ਤਾਂ ਕੀਤੀ ਹੀ ਜਾ ਸਕਦੀ।

# ਮੱਧਕਾਲੀ ਪੰਜਾਬ ਦੀ ਜਾਗ੍ਰਿਤੀ ਲਹਿਰ ਵਿਚ ਵਿਸ਼ਵ ਆਧੁਨਿਕਤਾ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਮੱਧਕਾਲੀ ਯੁੱਗ ਦੌਰਾਨ ਯੂਰਪ ਤੇ ਪੰਜਾਬ ਵਿਚ ਇੱਕੋ ਸਮੇਂ ਦੋ ਲਹਿਰਾਂ ਚੱਲੀਆਂ। ਯੂਰਪ ਵਿਚ ਚੱਲੀ 'ਰੈਨੇਸਾਂਸ' (14ਵੀਂ ਸਦੀ ਤੋਂ 17ਵੀਂ ਸਦੀ ਤੱਕ) ਨਾਂ ਦੀ ਜਾਗ੍ਰਿਤੀ ਲਹਿਰ ਅਤੇ ਪੰਜਾਬ ਵਿਚ ਜਾਗ੍ਰਿਤੀ ਲਹਿਰ, ਜਿਹਦੇ ਤਿੰਨ ਹਿੱਸੇ ਸਨ- 1. ਗੁਰੂ ਨਾਨਕ ਦੇਵ (1469-1539) ਵਲੋਂ ਪੰਜਾਬ 'ਚ ਸ਼ੁਰੂ ਕੀਤੀ ਗਈ ਸਿੱਖ ਲਹਿਰ, 2. ਭਗਤੀ ਲਹਿਰ ਅਤੇ 3. ਸੂਫੀ ਲਹਿਰ। ਇਨ੍ਹਾਂ ਲਹਿਰਾਂ ਵਿਚ ਬੜਾ ਕੁਝ ਸਾਂਝਾ ਸੀ, ਤੇ ਪੰਜਾਬ ਜਾਗ੍ਰਿਤੀ ਲਹਿਰ ਦੀ ਇਸ ਸਾਂਝ ਦੇ ਤੱਤ ਰੈਨੇਸਾਂਸ ਨਾਲ ਵੀ ਸਾਂਝੇ ਸਨ। ਪੰਜਾਬ ਜਾਗ੍ਰਿਤੀ ਤੇ



**ਡਾ. ਸੁਖਪਾਲ ਸੰਘੇੜਾ***
dr.sukhpal.sanghera@gmail.com

ਰੈਨੇਸਾਂਸ ਲਹਿਰ ਦਾ ਤੁਲਨਾਤਮਕ ਅਧਿਐਨ ਇੱਕ ਹੋਰ ਲੇਖ ਵਿਚ ਪੇਸ਼ ਕੀਤਾ ਗਿਆ ਹੈ। ਇਸ ਲੇਖ ਵਿਚ ਅਸੀਂ ਪੰਜਾਬ ਜਾਗ੍ਰਿਤੀ ਲਹਿਰ ਵਿਚ ਆਧੁਨਿਕਤਾ ਦੇ ਅੰਸ਼ ਪਛਾਣਦੇ ਤੇ ਵਿਚਾਰਦੇ ਹਾਂ।

ਯੂਰਪ ਵਿਚ ਮੱਧਕਾਲੀ ਯੁੱਗ 5ਵੀਂ ਤੋਂ 16ਵੀਂ ਸਦੀ ਤੱਕ ਮੰਨਿਆ ਜਾਂਦਾ ਹੈ; ਉਸ ਪਿਛੋਂ ਆਧੁਨਿਕ ਯੁੱਗ ਦੀ ਸ਼ੁਰੂਆਤ ਤੱਕ ਦੇ ਸਮੇਂ ਨੂੰ ਅਰਧ-ਮੱਧਕਾਲੀ ਯੁੱਗ ਕਹਿ ਸਕਦੇ ਹਾਂ। ਇਹ ਸਮਾਂ ਬਹੁਤਾ 'ਰੈਨੇਸਾਂਸ' ਦਾ ਸਮਾਂ ਸੀ, ਜੋ ਸੱਭਿਆਚਾਰਕ ਪੁਨਰ-ਜਨਮ ਜਾਂ ਜਾਗ੍ਰਿਤੀ ਲਹਿਰ ਸੀ, ਜਿਸ ਦੌਰਾਨ ਯੂਰਪ ਦਾ ਅਤੀਤ ਤੇ ਉਦੋਂ ਦਾ 'ਅੱਜ' ਤਰਕਸ਼ੀਲ ਦ੍ਰਿਸ਼ਟੀਕੋਣ ਤੋਂ ਵੇਖਿਆ ਤੇ ਪਰਖਿਆ ਜਾਣ ਲੱਗਾ। ਰੈਨੇਸਾਂਸ ਨੇ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰਦਿਆਂ ਹੌਲੀ ਹੌਲੀ ਯੂਰਪ ਨੂੰ ਮੱਧਕਾਲੀ ਯੁੱਗ ਵਿਚੋਂ ਕੱਢ ਕੇ ਆਧੁਨਿਕ ਯੁੱਗ ਨਾਲ ਜੋੜ ਦਿੱਤਾ। ਆਧੁਨਿਕ ਯੁੱਗ ਦੀ ਸ਼ੁਰੂਆਤ ਹੌਲੀ ਹੌਲੀ 18ਵੀਂ ਸਦੀ ਦੌਰਾਨ ਯੂਰਪ ਤੇ ਅਮਰੀਕਾ ਵਿਚ ਸਨਅਤੀ ਇਨਕਲਾਬ ਨਾਲ ਹੋਈ, ਜਿਸ ਨੇ ਪੈਦਾਵਾਰੀ ਸਾਧਨ, ਤੇ ਨਤੀਜਨ ਪੈਦਾਵਾਰੀ ਰਿਸ਼ਤੇ ਬਦਲ ਦਿੱਤੇ। ਇਸ ਤਰ੍ਹਾਂ ਸਮਾਜ ਵਿਚ ਨਵੀਆਂ ਜਮਾਤਾਂ ਤੇ ਨਵੇਂ ਰਿਸ਼ਤੇ ਪੈਦਾ ਹੋਣੇ ਸ਼ੁਰੂ ਹੋਏ।

20ਵੀਂ ਸਦੀ ਦੇ ਅੱਧ ਤੋਂ ਹੁਣ ਤੱਕ ਦੇ ਸਮੇਂ ਨੂੰ ਸਮਕਾਲੀ ਯੁੱਗ ਜਾਂ ਅਜੋਕਾ ਆਧੁਨਿਕ ਯੁੱਗ ਵੀ ਕਿਹਾ ਜਾਂਦਾ ਹੈ। ਅਸੀਂ ਆਧੁਨਿਕ ਯੁੱਗ ਤੇ ਅਜੋਕੇ ਆਧੁਨਿਕ ਯੁੱਗ ਨੂੰ ਆਧੁਨਿਕ ਯੁੱਗ ਹੀ ਕਹਿੰਦੇ ਹਾਂ। ਪੰਜਾਬ ਸਣੇ ਭਾਰਤ ਵਿਚ ਆਧੁਨਿਕ ਯੁੱਗ 19ਵੀਂ ਸਦੀ ਵਿਚ ਇੱਥੇ ਅਰਥਚਾਰੇ ਜਾਂ ਗਿਆਨ-ਵਿਗਿਆਨ ਜ਼ਰੀਏ ਹੋਈ ਤਰੱਕੀ ਕਰਕੇ ਨਹੀਂ, ਸਗੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਬਸਤੀਵਾਦੀ ਰੂਪ ਵਿਚ ਆਇਆ। ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦਾ ਅਹਿਮ ਹਿੱਸਾ ਹਨ, ਆਧੁਨਿਕ ਮਾਨਵਵਾਦ ਦੇ ਬਾਹਲੇ ਤੱਤ।

ਪੱਛਮ ਵਿਚ ਮਾਨਵਵਾਦੀ ਲਹਿਰ ਯੂਰਪੀ ਰੈਨੇਸਾਂਸ ਦੌਰਾਨ ਅਧਿਆਤਮਵਾਦ ਦੇ ਘੇਰੇ ਵਿਚ ਪੈਦਾ ਹੋਈ, ਤੇ ਉਦੋਂ ਤੋਂ ਇਹਦਾ ਵਿਕਾਸ ਹੁੰਦਾ ਗਿਆ। ਆਧੁਨਿਕ ਮਾਨਵਵਾਦ ਮਨੁੱਖ ਨੂੰ ਕੁਦਰਤ ਦਾ ਹਿੱਸਾ ਸਮਝਦਿਆਂ ਮੰਨਦਾ ਹੈ ਕਿ ਮਨੁੱਖੀ ਕਦਰਾਂ (ਜਿਵੇਂ ਕਿ ਸਮਾਜਕ, ਰਾਜਨੀਤਕ, ਨੈਤਿਕ, ਧਾਰਮਿਕ ਆਦਿ) ਮਨੁੱਖੀ ਤਰਜਬੇ ਤੇ ਸੱਭਿਆਚਾਰ ਦੀ ਪੈਦਾਵਾਰ ਹਨ। ਸੋ, ਦੈਵੀ ਦ੍ਰਿਸ਼ਟੀਕੋਣਾਂ ਨੂੰ ਨਕਾਰਦਿਆਂ ਮਾਨਵਵਾਦੀ ਫਲਸਫਾ ਜ਼ਿੰਦਗੀ ਦੇ ਉਦੇਸ਼ ਮਨੁੱਖੀ ਹਿੱਤਾਂ ਤੇ ਲੋੜਾਂ ਤੋਂ ਕੱਢਦਾ ਹੈ, ਨਾ ਕਿ ਅਧਿਆਤਮਕ ਧਾਰਨਾਵਾਂ ਤੋਂ। ਹੁਣ ਮਾਨਵਵਾਦੀ ਲਹਿਰ ਧਰਮ ਨਿਰਪੱਖਤਾ ਤੇ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਂਦੀ ਮਨੁੱਖੀ ਕਦਰਾਂ-ਕੀਮਤਾਂ, ਮਨੁੱਖੀ ਆਤਮ-ਸਨਮਾਨ ਤੇ ਮਨੁੱਖੀ ਮੁਖਤਿਆਰੀ (ਏਜੰਸੀ) 'ਤੇ ਕੇਂਦ੍ਰਿਤ ਹੈ। ਇਸ ਆਧਾਰ 'ਤੇ ਇਨ੍ਹਾਂ ਪਹਿਲੂਆਂ ਨੂੰ ਉਤਸ਼ਾਹ ਦੇਣਾ ਵੀ ਮਾਨਵਵਾਦ ਦੇ ਕਾਰਜ ਘੇਰੇ ਵਿਚ ਆਉਂਦਾ ਹੈ-ਤਰਕਸ਼ੀਲਤਾ, ਪ੍ਰਮਾਣ, ਜਮਹੂਰੀਅਤ, ਔਰਤ-ਮਰਦ ਬਰਾਬਰੀ ਸਮੇਤ ਮਨੁੱਖੀ ਬਰਾਬਰੀ, ਮਨੁੱਖੀ ਪਿਆਰ ਦੀ ਸ਼ਕਤੀ ਦੀ ਮਹੱਤਤਾ, ਭਾਈਵਾਲਤਾ ਤੇ ਸਾਂਝੀ ਭਲਾਈ, ਸਮਾਜਕ ਨਿਆਂ, ਮਨੁੱਖੀ ਆਤਮ-ਸਨਮਾਨ ਤੇ ਭਲਾਈ ਅਤੇ ਸਮਾਜ ਤੇ ਧਰਤੀ ਪ੍ਰਤੀ ਜ਼ਿੰਮੇਵਾਰੀਆਂ ਸੰਗ ਸੁਮੇਲ ਵਿਚੋਂ ਨਿੱਜੀ ਖੁੱਲ੍ਹ ਤੇ ਮੌਕੇ ਦੀ ਬਹੁਤਾਤ।

ਆਧੁਨਿਕ ਮਾਨਵਵਾਦ ਦੇ ਬਾਹਲੇ ਤੱਤ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦਾ ਅਹਿਮ ਹਿੱਸਾ ਹਨ, ਜਿਨ੍ਹਾਂ 'ਚੋਂ ਕੁਝ ਮੁੱਖ ਹਨ-



**ਪੰਜਾਬ ਦੇ ਮਹਾਨ ਫਿਲਾਸਫਰ ਬਾਬਾ ਨਾਨਕ, ਜਿਨ੍ਹਾਂ ਨੇ ਯੂਰਪੀਅਨ ਰੈਨੇਸਾਂਸ ਜਾਗ੍ਰਿਤੀ ਲਹਿਰ ਦੌਰਾਨ ਪੰਜਾਬ ਵਿਚ ਜਾਗ੍ਰਿਤੀ ਲਹਿਰ ਸ਼ੁਰੂ ਕੀਤੀ**

ਮਨੁੱਖੀ ਹੱਕ; ਜਮਹੂਰੀਅਤ; ਵੱਖ ਵੱਖ ਸੱਭਿਆਚਾਰਾਂ, ਜੀਵਨ-ਆਚਾਰਾਂ, ਮਨੁੱਖੀ ਨਸਲਾਂ ਆਦਿ ਵਿਚਾਲੇ ਆਪਸੀ ਪ੍ਰਵਾਨਗੀ ਤੇ ਸਹਿਣਸ਼ੀਲਤਾ; ਕੁਦਰਤ ਦੀ ਪ੍ਰਵਾਹ ਜਿਵੇਂ ਵਾਤਾਵਰਣ ਦਾ ਧਿਆਨ ਰੱਖਣਾ; ਗਿਆਨ-ਵਿਗਿਆਨ; ਖੋਜੀ-ਨਵੀਨ ਤੇ ਸਿਰਜਣਾਤਮਕ ਸੋਚ; ਵਿਸ਼ਵ ਪੱਧਰ 'ਤੇ ਸੋਚਣ ਦੀ ਯੋਗਤਾ ਤੇ ਅਮਲ। ਪੰਜਾਬ ਜਾਗ੍ਰਿਤੀ ਲਹਿਰ ਦੌਰਾਨ ਮੁਢਲੇ ਮਨੁੱਖੀ ਹੱਕਾਂ 'ਤੇ ਧਾਵਾ ਬੋਲਣ ਵਾਲਿਆਂ ਮੁੱਖ ਤੌਰ 'ਤੇ ਦੋ ਧਿਰਾਂ ਸਨ-ਧਾਰਮਿਕ ਆਗੂ ਅਤੇ ਮੁਗਲ ਹਮਲਾਵਰ ਤੇ ਬਾਦਸ਼ਾਹ।

ਮੁਗਲਾਂ ਦੇ ਪੰਜਾਬ ਸਣੇ ਭਾਰਤ 'ਤੇ ਹਮਲੇ ਤੇ ਰਾਜ ਅਤੇ ਸਿੱਖ ਲਹਿਰ ਇੱਕ ਦੂਜੇ ਦੇ ਸਮਾਨੰਤਰ ਚੱਲੇ। ਮੁਗਲ ਹਮਲਾਵਰਾਂ ਦੇ ਪੰਜਾਬ ਦੇ ਰਸਤੇ ਭਾਰਤ 'ਚ ਦਾਖਲ ਹੋਣ ਸਮੇਂ ਉਨ੍ਹਾਂ ਦੀ ਪਹਿਲੀ ਟੱਕਰ ਵੀ ਸਿੱਖ ਲਹਿਰ ਨਾਲ ਹੁੰਦੀ ਸੀ। ਇੰਜ ਸਿੱਖ ਲਹਿਰ ਅਤੇ ਮੁਗਲ ਹਮਲਾਵਰਾਂ ਤੇ ਬਾਦਸ਼ਾਹਾਂ ਵਿਚਾਲੇ ਟੱਕਰ ਚੱਲਦੀ ਰਹੀ: ਮੁਗਲ ਰਾਜ ਦੇ ਬਾਨੀ ਬਾਬਰ ਤੋਂ ਲੈ ਕੇ ਔਰੰਗਜ਼ੇਬ ਤੇ ਉਹਦੀ ਰਹਿੰਦ-ਖੂੰਹਦ ਤੱਕ। ਇਸ ਟੱਕਰ ਦੌਰਾਨ ਸਿੱਖ ਲਹਿਰ ਨੇ ਜ਼ਬਰ-ਜ਼ੁਲਮ, ਲੁੱਟ-ਖਸੁੱਟ ਤੇ ਭ੍ਰਿਸ਼ਟਾਚਾਰ ਦਾ ਡਟ ਕੇ ਵਿਰੋਧ ਕੀਤਾ; ਇਸ ਤਰ੍ਹਾਂ ਮਨੁੱਖੀ ਸਵੈ-ਮਾਣ, ਹੱਕ-ਸੱਚ, ਨਿਆਂ ਤੇ ਹੋਰ ਮਨੁੱਖੀ ਕਦਰਾਂ-ਕੀਮਤਾਂ ਦਾ ਪੱਖ ਪੂਰਿਆ। ਇਸ ਤਰ੍ਹਾਂ ਵਧੇਰੇ ਕਰੂਰ ਸਥਾਨਕ ਹਾਲਾਤ ਦਾ ਸਾਹਮਣਾ ਕਰਦੀ ਉਸ ਸਮੇਂ ਦੀ ਪੰਜਾਬ ਜਾਗ੍ਰਿਤੀ ਲਹਿਰ ਮਨੁੱਖੀ ਕਦਰਾਂ-ਕੀਮਤਾਂ ਦੀ ਹਮਾਇਤ ਤੇ ਰਾਖੀ ਕਰਨ ਵਿਚ ਰੈਨੇਸਾਂਸ ਲਹਿਰ ਨਾਲੋਂ ਵੀ ਆਧੁਨਿਕ ਯੁੱਗ ਦੇ ਵੱਧ ਨੇੜੇ ਹੋ ਨਿਬੜੀ।

ਜਿਵੇਂ ਰੈਨੇਸਾਂਸ ਵਿਚ ਮਾਨਵਵਾਦੀ ਬੁੱਧੀਜੀਵੀ ਚਰਚ ਦੀਆਂ ਕੁਰੀਤੀਆਂ, ਦੁਰਵਰਤੋਂ ਤੇ ਦੁਰਵਿਹਾਰ ਵਿਰੁਧ ਤਰਕ ਦਾ ਹੱਲਾ ਬੋਲ ਰਹੇ ਸਨ, ਓਵੇਂ ਹੀ ਗੁਰੂ ਨਾਨਕ ਧਾਰਮਿਕ ਕੱਟੜਤਾ, ਕੁਰੀਤੀਆਂ, ਅਰਥਹੀਣ ਰਸਮਾਂ ਤੇ ਪਖੰਡਾਂ ਦਾ ਤਾਰਕਿਕ ਖੰਡਨ ਕਰਦਿਆਂ ਸਮਾਜ ਨੂੰ ਜਾਗ੍ਰਿਤ ਕਰ ਰਹੇ ਸਨ; ਪਰ ਉਨ੍ਹਾਂ ਦੇ ਜਿੰਮੇ ਰੈਨੇਸਾਂਸ ਮਾਨਵਵਾਦੀਆਂ ਦੇ ਕੰਮਾਂ ਤੋਂ ਵੱਖਰਾ ਕੰਮ ਵੀ ਆਣ ਪਿਆ ਸੀ, ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਹਿੱਤ ਸਮੇਂ ਦੀ ਹਕੂਮਤ ਸੰਗ ਟੱਕਰ ਲੈਣ ਦਾ। ਪੰਜਾਬ ਜਾਗ੍ਰਿਤੀ ਲਹਿਰ ਨੇ ਮਨੁੱਖੀ ਸਵੈ-ਮਾਣ ਤੇ ਹੋਰ ਮੁਢਲੀਆਂ ਮਨੁੱਖੀ ਕਦਰਾਂ ਕੀਮਤਾਂ 'ਤੇ ਪਹਿਰਾ ਦਿੱਤਾ। ਸੰਨ 1521 ਵਿਚ ਬਾਬਰ ਦੀ ਫੌਜ ਹੱਥੋਂ ਸੈਦਪੁਰ (ਐਮਨਾਬਾਦ) ਦੇ ਲੋਕਾਂ ਦੀ ਹੋਈ ਦੁਰਗਤੀ ਤੇ ਪੈਦੇ ਕੀਰਨਿਆਂ ਦਾ ਅੱਖੀਂ ਵੇਖਿਆ ਤਰਸਯੋਗ ਦ੍ਰਿਸ਼ ਬਾਣੀ ਵਿਚ ਪੇਸ਼ ਕਰਦਿਆਂ ਗੁਰੂ ਨਾਨਕ ਰੱਬ ਨੂੰ ਉਲਾਂਭਾ ਦੇਣੋਂ ਵੀ ਨਾ ਰਹਿ ਸਕੇ,

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥...
ਰਤਨ ਵਿਗਾੜਿ ਵਿਗੋਏ ਕੁਤੀਂ
ਮੁਇਆ ਸਾਰ ਨ ਕਾਈ॥ (ਪੰਨਾ 360)

ਭਾਵ, ਖੁਰਾਸਾਨ ਦੇ ਇਲਾਕੇ ਨੂੰ ਕਿਸੇ ਦੇ ਹਵਾਲੇ ਕਰ ਬਾਬਰ ਨੇ ਹਮਲਾ ਕਰ ਕੇ ਭਾਰਤ ਨੂੰ ਡਰਾ ਦਿੱਤਾ। ਲੋਕਾਂ ਨੂੰ ਇੰਨੀ ਮਾਰ ਪਈ ਕਿ ਉਹ ਕੁਰਲਾ ਉਠੇ। ਹੇ ਪ੍ਰਭੂ! ਕੀ ਤੈਨੂੰ ਲੋਕਾਂ ਦੀ ਇਸ ਹਾਲਤ 'ਤੇ ਰਹਿਮ ਨਹੀਂ ਆਇਆ? ਹਮਲਾਵਰ ਸਿਪਾਹੀ ਕੁੱਤਿਆਂ ਨੇ ਰਤਨਾਂ ਜਿਹੇ ਇਨਸਾਨ ਬੁਰੀ ਤਰ੍ਹਾਂ ਨਾਸ਼ ਕਰ ਦਿੱਤੇ; ਇਨ੍ਹਾਂ ਮਰੇ ਹੋਇਆਂ ਦੀ ਸੰਭਾਲ ਕਰਨ ਵਾਲਾ ਵੀ ਕੋਈ ਨਹੀਂ ਰਿਹਾ।

ਗੁਰੂ ਜੀ ਬਾਬਰ ਦੀ ਧਾੜਵੀ ਫੌਜ ਨੂੰ ਪਾਪ ਦੀ ਜੰਞ ਨਾਲ ਤੁਲਨਾ ਦਿੰਦਿਆਂ ਫੁਰਮਾਉਂਦੇ ਹਨ,

ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
(ਪੰਨਾ 722)

ਭਾਵ, ਬਾਬਰ ਪਾਪ ਦੀ ਜੰਞ ਲੈ ਕੇ ਕਾਬਲੋਂ ਹਮਲਾ ਬੋਲਦਾ ਆਇਆ ਹੈ ਅਤੇ ਮੱਲੋਜ਼ੋਰੀ (ਲੁੱਟ ਦੇ ਮਾਲ ਦੇ) ਦਾਜ ਦੀ ਮੰਗ ਕਰ ਰਿਹਾ ਹੈ। ਲੱਜਾ ਤੇ ਸੱਚਾਈ-ਦੋਵੇਂ ਹੀ ਅਲੋਪ ਹੋ ਗਏ ਹਨ ਅਤੇ ਝੂਠ ਆਗੂ ਬਣਿਆ ਫਿਰਦਾ ਹੈ।

ਮਿੱਟੀ ਵਿਚ ਰੁਲਦੇ ਮਨੁੱਖੀ ਸਵੈ-ਮਾਣ ਨੂੰ ਗੁਰੂ ਜੀ ਇੰਜ ਪ੍ਰਗਟਾਉਂਦੇ ਹਨ,

ਜਿਨ ਸਿਰਿ ਸੋਹਨਿ ਪਟੀਆ
ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨਿ
ਗਲ ਵਿਚਿ ਆਵੈ ਧੂੜਿ॥ (ਪੰਨਾ 417)

ਭਾਵ, ਜਿਨ੍ਹਾਂ ਨਾਰਾਂ ਦੇ ਸਿਰਾਂ ਉਤੇ ਪਾਇਆ ਸੰਧੂਰ ਤੇ ਕੇਸੀਂ ਪੱਟੀਆਂ ਸੋਂਹਦੀਆਂ ਸਨ, ਉਨ੍ਹਾਂ ਦੇ ਕੇਸ ਮੁੰਨ ਦਿੱਤੇ ਗਏ ਹਨ, ਤੇ ਉਨ੍ਹਾਂ ਸਿਰ-ਮੂੰਹ ਮਿੱਟੀ ਪੈ ਰਹੀ ਹੈ।

ਇਕਨਾ ਪੇਰਣ ਸਿਰ ਖੁਰ ਪਾਟੇ
ਇਕਨਾ ਵਾਸੁ ਮਸਾਣੀ॥ (ਪੰਨਾ 418)

ਭਾਵ, ਕਈ ਔਰਤਾਂ ਦੇ ਬੁਰਕੇ ਸਿਰ ਤੋਂ ਲੈ ਕੇ ਪੈਰਾਂ ਤਕ ਪਾਟ ਗਏ ਹਨ, ਤੇ ਇੱਕ ਉਹ ਨੇ ਜੋ ਇਸ ਹਮਲੇ ਵਿਚ ਮਰ-ਮੁੱਕ ਕੇ ਮਸਾਣਾਂ ਵਿਚ ਜਾ ਵਸੀਆਂ ਨੇ।

ਮਨੁੱਖੀ ਸਵੈ-ਮਾਣ ਮੁਢਲੇ ਮਨੁੱਖੀ ਹੱਕਾਂ 'ਚ ਆਉਂਦਾ ਹੈ; ਪਰ ਹਕੂਮਤੀ ਜ਼ਬਰ ਨੇ ਗੁਰੂ ਸਹਿਬਾਨ ਨੂੰ ਮੱਧਕਾਲੀ ਯੁੱਗ ਵਿਚ ਹੀ ਐਸੀ ਸਥਿਤੀ ਵਿਚ ਪਾ ਦਿੱਤਾ, ਜਿੱਥੇ ਉਨ੍ਹਾਂ ਦਾ ਵਾਹ ਮਨੁੱਖੀ ਹੱਕਾਂ ਦੇ ਐਸੇ ਮੁੱਦਿਆਂ ਨਾਲ ਪਿਆ, ਜਿਨ੍ਹਾਂ ਸੰਗ ਅਸਰਦਾਰ ਢੰਗ ਨਾਲ ਨਿਪਟਣ ਜੋਗੀ ਯੂਰਪੀਅਨ (ਪੱਛਮੀ) ਮਾਨਵਵਾਦੀ ਲਹਿਰ ਆਧੁਨਿਕ ਯੁੱਗ ਵਿਚ ਹੀ ਹੋ ਸਕੀ।

ਮਾਨਵਵਾਦੀ ਲਹਿਰ ਤੇ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦਾ ਇੱਕ ਅਹਿਮ ਅੰਗ ਹਨ-ਮਨੁੱਖੀ ਹੱਕ। ਦੂਜੇ ਸੰਸਾਰ ਯੁੱਧ ਦੇ ਅੰਤ 'ਤੇ 1945 'ਚ ਹੋਂਦ ਵਿਚ ਆਈ ਵਿਸ਼ਵ ਸੰਸਥਾ ਯੂਨਾਈਟਡ ਨੇਸ਼ਨਜ਼ ਵਲੋਂ ਜਾਰੀ ਕੀਤੇ ਵਿਸ਼ਵ-ਵਿਆਪੀ ਮਨੁੱਖੀ ਹੱਕਾਂ ਦੇ ਐਲਾਨਨਾਮੇ 'ਚ ਸ਼ਾਮਲ ਹੱਕਾਂ ਵਿਚੋਂ ਕੁਝ ਹਨ-ਜ਼ਿੰਦਗੀ ਦਾ ਹੱਕ ਅਤੇ ਆਜ਼ਾਦੀ ਤੇ ਹਿਫਾਜ਼ਤ ਵਿਚ ਜਿਉਣ ਦਾ ਹੱਕ; ਸਾਰੇ ਮਨੁੱਖ ਜਨਮ ਤੋਂ ਹੀ ਆਜ਼ਾਦ ਤੇ ਬਰਾਬਰ ਹਨ, ਤੇ ਉਹ ਬਰਾਬਰੀ ਦੇ ਸਲੂਕ ਦੇ ਹੱਕਦਾਰ ਹਨ; ਕਿਸੇ ਵੀ ਹੋਰ ਮਨੁੱਖ ਵਲੋਂ ਤਸੀਹੇ ਨਾ ਦਿੱਤੇ ਜਾਣ ਦਾ ਹੱਕ; ਕਿਸੇ ਵੀ ਮਨੁੱਖ ਦਾ ਗੁਲਾਮ ਨਾ ਬਣਨ ਦਾ ਹੱਕ; ਨਸਲਾਂ, ਵਿਚਾਰਾਂ, ਲਿੰਗ, ਕੌਮੀਅਤ, ਜਾਤ-ਪਾਤ ਆਦਿ ਦੇ ਵਖਰੇਵਿਆਂ ਦੇ ਆਧਾਰ 'ਤੇ ਡਰਾਉਣਾ ਮਨ੍ਹਾਂ ਹੈ। ਆਧੁਨਿਕ ਯੁੱਗ ਵਿਚ ਪ੍ਰਵਾਨਿਤ ਹਰ ਮਨੁੱਖੀ ਹੱਕ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਵਿਚ ਸ਼ਾਮਲ ਹੈ।

ਗੁਰੂ ਸਾਹਿਬਾਨ ਨੇ ਆਧੁਨਿਕ ਯੁੱਗ ਵਿਚ ਪ੍ਰਵਾਨਿਤ ਮੁਢਲੇ ਮਨੁੱਖੀ ਹੱਕਾਂ ਦੇ ਪੱਖ ਵਿਚ ਸੰਘਰਸ਼ ਚਲਾਇਆ, ਪਹਿਲਾਂ ਸ਼ਾਂਤਮਈ ਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਸ਼ੁਰੂ ਹੋ ਕੇ ਹਥਿਆਰਬੰਦ। ਮਿਸਾਲ ਵਜੋਂ, ਜਿਵੇਂ ਉਪਰ ਦੱਸਿਆ ਗਿਆ ਹੈ, ਗੁਰੂ ਨਾਨਕ ਨੇ ਬਾਬਰ ਦੇ ਹਮਲੇ ਦਾ ਵਿਰੋਧ ਕਰਦਿਆਂ ਇਨ੍ਹਾਂ ਮਨੁੱਖੀ ਹੱਕਾਂ 'ਤੇ ਪਹਿਰਾ ਦਿੱਤਾ: ਜ਼ਿੰਦਗੀ ਦਾ ਹੱਕ ਅਤੇ ਆਜ਼ਾਦੀ ਤੇ ਹਿਫਾਜ਼ਤ ਵਿਚ ਜਿਉਣ ਦਾ ਹੱਕ, ਤੇ ਕਿਸੇ ਹੋਰ ਵਲੋਂ ਤਸੀਹੇ ਨਾ ਦਿੱਤੇ ਜਾਣ ਦਾ ਹੱਕ। ਉਨ੍ਹਾਂ ਨੇ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਤੇ ਸਮਾਜਕ ਨਿਆਂ 'ਤੇ ਪਹਿਰਾ ਦਿੰਦਿਆਂ ਹਕੂਮਤੀ ਅਤੇ ਸਮਾਜਕ ਲੁੱਟ ਖਸੁੱਟ ਤੇ ਭ੍ਰਿਸ਼ਟਾਚਾਰ ਦਾ ਵੀ ਵਿਰੋਧ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਦੋਹਾਂ-ਮੁਗਲ ਤੇ ਪਠਾਣ ਰਾਜਿਆਂ ਦੇ ਪੱਖਪਾਤੀ ਵਤੀਰੇ, ਲੁੱਟ ਖਸੁੱਟ ਤੇ ਭ੍ਰਿਸ਼ਟਾਚਾਰ ਵਿਰੁਧ ਆਵਾਜ਼ ਉਠਾਈ,

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥
(ਪੰਨਾ 1288)

ਭਾਵ, ਰਾਜੇ ਸ਼ੇਰ ਹਨ ਤੇ ਉਨ੍ਹਾਂ ਦੇ ਅਫਸਰ ਕੁੱਤੇ ਹਨ, ਜੋ ਬੈਠੇ-ਸੁੱਤੇ ਬੰਦਿਆਂ ਨੂੰ ਵੇਲੇ-ਕੁਵੇਲੇ ਜਾ ਜਗਾਉਂਦੇ ਹਨ, ਤੰਗ ਕਰਨ ਲਈ। ਇਹ ਕੁੱਤਿਆਂ ਦੀਆਂ ਨਹੁੰਦਰਾਂ ਲੋਕਾਂ ਦਾ ਘਾਤ ਕਰਦੀਆਂ ਹਨ, ਤੇ ਰਾਜੇ-ਸ਼ੀਂਹ ਇਨ੍ਹਾਂ ਕੁੱਤਿਆਂ ਰਾਹੀਂ ਲੋਕਾਂ ਦਾ ਲਹੂ ਪੀਂਦੇ ਹਨ।

ਅਨੁਚਿਤ ਟੈਕਸ ਤੇ ਰਿਸ਼ਵਤ ਬਾਰੇ ਲਿਖਿਆ,



ਦੇਵਲ ਦੇਵਤਿਆ ਕਰੁ ਲਾਗਾ
ਐਸੀ ਕੀਰਤਿ ਚਾਲੀ॥ (ਪੰਨਾ 1191)
ਦਰਸਨਿ ਦੇਖਿਐ ਦਇਆ ਨ ਹੋਇ॥
ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥
ਕਹੈ ਖੁਦਾਇ ਨ ਮਾਨੈ ਕੋਇ॥ (ਪੰਨਾ 350)

ਭਾਵ, ਮੰਦਿਰਾਂ ਤੇ ਦੇਵਤਿਆਂ 'ਤੇ ਵੀ ਟੈਕਸ ਲੱਗਾ ਹੋਇਆ ਹੈ। ਇਕ ਦੂਜੇ ਨੂੰ ਵੇਖ ਕੇ ਪਿਆਰ ਭਾਵਨਾ ਜਾਂ ਦਇਆ ਨਹੀਂ ਆਉਂਦੀ; (ਅਫਸਰ) ਰਿਸ਼ਵਤ ਲੈਣੋਂ ਨਹੀਂ ਰਹਿੰਦਾ। ਹਾਕਮ ਵੀ ਤਾਂ ਹੀ ਇਨਸਾਫ ਕਰਦਾ ਹੈ, ਜੇ ਉਸ ਨੂੰ ਦੇਣ ਲਈ ਬੰਦੇ ਹੱਥ ਮਾਇਆ ਹੋਵੇ। ਨਿਰਾ ਪੁਰਾ ਰੱਬ ਦਾ ਵਾਸਤਾ ਪਾਏ, ਉਸ ਦੀ ਵੀ ਕੋਈ ਪੁਕਾਰ ਨਹੀਂ ਸੁਣਦਾ।

ਰਾਜ-ਪ੍ਰਬੰਧ ਵਿਚਲੇ ਅਨਿਆਂ ਤੋਂ ਇਲਾਵਾ ਗੁਰੂ ਜੀ ਨੇ ਸਮਾਜ ਦੇ ਚੌਧਰੀਆਂ ਵਲੋਂ ਲੋਕਾਂ ਨੂੰ ਵਰਤਾਏ ਜਾ ਰਹੇ ਅਨਿਆਂ ਦਾ ਵੀ ਵਿਰੋਧ ਕੀਤਾ। ਹੋਰਾਂ ਦੀ ਹੱਕੀ ਕਮਾਈ ਲੁੱਟਣ ਵਾਲੇ ਮਲਕ ਭਾਗੋਆਂ ਖਿਲਾਫ ਗੁਰੂ ਨਾਨਕ ਜੀ ਆਵਾਜ਼ ਉਠਾਉਂਦੇ ਹਨ,

ਹਕੁ ਪਰਾਇਆ ਨਾਨਕਾ
ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ
ਜਾ ਮੁਰਦਾਰੁ ਨ ਖਾਇ॥ (ਪੰਨਾ 141)

ਭਾਵ, ਪਰਾਇਆ ਹੱਕ ਮਾਰਨਾ ਜਾਂ ਖਾਣਾ ਉਂਜ ਹੀ ਬੁਰਾ ਹੈ, ਜਿਵੇਂ ਕਿਸੇ ਮੁਸਲਮਾਨ ਲਈ ਸੂਰ ਦਾ ਤੇ ਹਿੰਦੂ ਲਈ ਗਾਂ ਦਾ ਮਾਸ ਖਾਣਾ। ਇਸ ਲਈ ਗੁਰੂ ਦੀ ਸਿਫਾਰਿਸ਼ ਹੈ ਕਿ ਮਨੁੱਖ ਪਰਾਇਆ ਹੱਕ ਨਾ ਖਾਵੇ।

ਕਿਰਤੀਆਂ ਦਾ ਹੱਕ ਲੁੱਟਣ ਵਾਲੇ ਮਾਲਕਾਂ ਦੀ ਤੁਲਨਾ ਮਨੁੱਖ ਦਾ ਲਹੂ ਪੀਣਿਆਂ ਸੰਗ ਕਰਦਿਆਂ ਗੁਰੂ ਜੀ ਤਰਕ ਪੇਸ਼ ਕਰਦੇ ਨੇ ਕਿ ਜੇ ਕੱਪੜੇ ਨੂੰ ਲਹੂ ਲੱਗ ਜਾਵੇ ਤਾਂ ਉਹ ਪਲੀਤ ਹੋ ਜਾਂਦਾ ਹੈ, ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ, ਉਨ੍ਹਾਂ ਦਾ ਮਨ ਕਿਵੇਂ ਸਾਫ ਰਹਿ ਸਕਦਾ ਹੈ,

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ॥ (ਪੰਨਾ 140)

ਗੁਰੂ ਸਾਹਿਬਾਨ ਨੇ ਧਾਰਮਿਕ ਚੌਧਰੀਆਂ ਦੀ ਲੁੱਟ ਖਸੁੱਟ ਦਾ ਵੀ ਵਿਰੋਧ ਕੀਤਾ। ਨਸਲਾਂ ਤੇ ਜਾਤ-ਪਾਤ ਆਦਿ ਦੇ ਵਖਰੇਵਿਆਂ ਦੇ ਆਧਾਰ 'ਤੇ ਭੇਦਭਾਵ ਨਾ ਕਰਨਾ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਵਿਚ ਸ਼ਾਮਲ ਹੈ। ਉਸ ਸਮੇਂ ਦੇ ਸਮਾਜ 'ਤੇ ਹਾਵੀ ਧਾਰਮਿਕ ਚੌਧਰੀ-ਕਾਜ਼ੀ ਤੇ ਬ੍ਰਾਹਮਣ ਲੋਕਾਂ ਨੂੰ ਜਾਤਾਂ-ਪਾਤਾਂ ਵੰਡ ਕੇ ਤੇ ਭਰਮ ਜਾਲ ਵਿਚ ਫਸਾ ਕੇ ਉਨ੍ਹਾਂ ਨਾਲ ਭਿੰਨਭੇਦ ਤੇ ਉਨ੍ਹਾਂ ਦੀ ਲੁੱਟ-ਖਸੁੱਟ ਕਰ ਰਹੇ ਸਨ। ਪੰਜਾਬ ਜਾਗ੍ਰਿਤੀ ਲਹਿਰ ਦੇ ਸੰਚਾਲਕ ਆਗੂਆਂ ਨੇ ਧਾਰਮਿਕ ਚੌਧਰੀਆਂ ਦਾ ਦੰਭ ਤੇ ਪਖੰਡ ਨੰਗਾ ਕਰਦਿਆਂ ਇਸ ਅਨਿਆਂ ਦਾ ਵਿਰੋਧ ਕੀਤਾ। ਮਿਸਾਲ ਵਜੋਂ ਗੁਰੂ ਨਾਨਕ ਦੇਵ ਨੇ ਫੁਰਮਾਇਆ,

## ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥ (ਪੰਨਾ 662)

ਭਾਵ, ਕਾਜ਼ੀ ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ; ਬ੍ਰਾਹਮਣ (ਸ਼ੂਦਰ) ਬੰਦਿਆਂ ਨੂੰ ਦੁਖੀ ਵੀ ਕਰਦਾ ਹੈ ਅਤੇ ਤੀਰਥ ਇਸ਼ਨਾਨ ਵੀ ਕਰਦਾ ਹੈ। ਜੀਵਨ ਜਾਚ ਨਾ ਜਾਣਨ ਵਾਲਾ ਜੋਗੀ ਵੀ ਅੰਨਾ ਹੈ। ਇਹ ਤਿੰਨੇ (ਧਾਰਮਿਕ ਆਗੂ) ਅੰਦਰੋਂ ਖੋਖਲੇ ਹਨ।

ਕਾਜੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥
(ਪੰਨਾ 951)

ਭਾਵ, ਕਾਜ਼ੀ ਬਣ ਕੇ ਉਹ ਇਨਸਾਫ ਕਰਨ ਲਈ ਬੈਠਦਾ, ਮਾਲਾ ਫੇਰਦਾ ਹੈ ਤੇ ਅੱਲਾ ਅੱਲਾ ਆਖਦਾ ਹੈ, ਪਰ (ਦੂਜੇ ਹੱਥ) ਰਿਸ਼ਵਤ ਲੈ ਕੇ ਉਹ ਬੇਇਨਸਾਫੀ ਕਰਦਾ ਹੈ।

ਪੰਜਾਬ ਦੀ ਜਾਗ੍ਰਿਤੀ ਲਹਿਰ ਦੇ ਭਗਤ ਜਨਾਂ ਨੇ ਵੀ ਸਮੇਂ ਦੇ ਜ਼ਾਲਮ ਤੇ ਲੋਟੂ ਹਾਕਮਾਂ ਅਤੇ ਧਾਰਮਿਕ ਚੌਧਰੀਆਂ ਦੇ ਜ਼ੁਲਮ, ਲੁੱਟ-ਖਸੁੱਟ, ਦੰਭ ਤੇ ਪਖੰਡ ਨੰਗੇ ਕਰ ਕੇ ਉਨ੍ਹਾਂ ਦਾ ਵਿਰੋਧ ਕੀਤਾ। ਮਿਸਾਲ ਵਜੋਂ ਭਗਤ ਨਾਮ ਦੇਵ 'ਉਚੀਆਂ' ਜਾਤੀਆਂ ਵਲੋਂ 'ਨੀਵੀਆਂ' ਜਾਤੀਆਂ ਦੀ ਕੀਤੀ ਜਾ ਰਹੀ ਦੁਰਗਤੀ ਵੱਲ ਇਸ਼ਾਰਾ ਕਰਦੇ ਹਨ,

ਸੂਦੁ ਸੂਦੁ ਕਰਿ ਮਾਰਿ ਉਠਾਇਓ
ਕਹਾ ਕਰਉ ਬਾਪ ਬੀਠੁਲਾ॥
(ਪੰਨਾ 1292)

ਭਾਵ, ਇਨ੍ਹਾਂ ਪਾਂਡਿਆਂ ਨੇ 'ਸ਼ੂਦਰ ਸ਼ੂਦਰ' ਆਖ ਕੇ ਮਾਰ-ਕੁਟਾਈ ਕਰ ਕੇ, ਮੈਨੂੰ ਉਠਾਲ ਦਿੱਤਾ ਹੈ। ਹੁਣ ਕੀ ਕਰਾਂ?

ਭਗਤ ਕਬੀਰ ਪਖੰਡ-ਜਾਲ ਵਿਚ ਫਸਾ ਕੇ ਲੋਕਾਂ ਨੂੰ ਲੁੱਟਣ ਵਾਲੇ ਹਿੰਦੂ ਧਾਰਮਿਕ ਚੌਧਰੀਆਂ ਦੀ ਤੁਲਨਾ ਬਨਾਰਸ ਦੇ ਠੱਗਾਂ ਨਾਲ ਕਰਦੇ ਹਨ,

ਗਜ ਸਾਢੇ ਤੈ ਤੈ ਧੋਤੀਆ
ਤਿਹਰੇ ਪਾਇਨਿ ਤਗ॥
ਗਲੀ ਜਿਨਾ ਜਪਮਾਲੀਆ
ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ॥ (ਪੰਨਾ 476)

ਭਾਵ, ਉਹ ਸਾਢੇ ਤਿੰਨ ਗਜ ਲੰਮੀਆਂ ਧੋਤੀਆਂ ਪਹਿਨਦੇ ਹਨ ਅਤੇ ਤਿਹਰੀਆਂ ਤੰਦਾਂ ਵਾਲੇ ਜਨੇਊ ਪਾਉਂਦੇ ਹਨ; ਗਲਾਂ ਵਿਚ ਮਾਲਾ ਏ ਤੇ ਹੱਥ ਵਿਚ ਲਿਸ਼ਕਦੇ ਲੋਟੇ; ਪਰ ਲੱਛਣੋਂ ਉਹ ਸੰਤ ਨਹੀਂ, ਉਹ ਤਾਂ ਬਨਾਰਸ ਦੇ ਠੱਗ ਹਨ।

ਆਧੁਨਿਕਤਾ ਦੀਆਂ ਦੋ ਹੋਰ ਕਦਰਾਂ-ਗੁਲਾਮੀ ਦਾ ਵਿਰੋਧ ਅਤੇ ਜਮਹੂਰੀਅਤ ਦੀ ਵਕਾਲਤ ਦੇ ਬੁਲਾਰੇ ਬਣ ਕੇ ਭਗਤ ਰਵਿਦਾਸ ਫੁਰਮਾਉਂਦੇ ਹਨ,

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ॥
ਰਵਿਦਾਸ ਦਾਸ ਪ੍ਰਾਧੀਨ ਸੋਂ
ਕੌਣ ਕਰੈ ਹੈ ਪ੍ਰੀਤ॥
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ॥
ਰਵਿਦਾਸ ਦਾਸ ਪਰਾਧੀਨ ਕੋ
ਸਭਹੀ ਸਮਝੇ ਹੀਨ॥
ਰਵਿਦਾਸ ਮਨੁੱਖ ਕਰਿ ਵਸਨ ਕੂੰ
ਸੁਖਕਰ ਹੈਂ ਦੁਈ ਠਾਂਵ॥
ਇੱਕ ਸੁੱਖ ਹੈ ਸਵਰਾਜ ਮਹਿ
ਦੂਸਰ ਮਰਘਟ ਗਾਂਵ॥

ਭਾਵ, ਗੁਲਾਮੀ ਪਾਪ ਹੈ। ਗੁਲਾਮ ਦਾ ਕੋਈ ਸੁੱਖ ਅਤੇ ਸਨਮਾਨ ਨਹੀਂ ਹੁੰਦਾ; ਕੋਈ ਉਸ ਨਾਲ ਪ੍ਰੇਮ ਤੇ ਭਾਈਚਾਰਾ ਨਹੀਂ ਕਰਦਾ, ਸਭ ਹੀਨ ਸਮਝਦੇ ਹਨ। ਇਸ ਲਈ ਗੁਲਾਮੀ ਨੂੰ ਗਲੋਂ ਲਾਹੁਣਾ ਚਾਹੀਦਾ ਹੈ। ਸਵਰਾਜ 'ਚ ਹੀ ਸੁੱਖ ਹੈ।

**(ਬਾਕੀ ਅਗਲੇ ਸਫੇ 'ਤੇ)**


***ਪ੍ਰੋਫੈਸਰ, ਫਿਜ਼ਿਕਸ ਤੇ ਕੰਪਿਊਟਰ ਸਾਇੰਸ, ਪਾਰਕ ਯੂਨੀਵਰਸਿਟੀ, ਯੂ ਐਸ ਏ।**

# ਜੈਸੇ ਜਲ ਮਹਿ ਕਮਲੁ ਨਿਰਾਲਮੁ

**ਗੁਰਬਾਣੀ ਗਿਆਨ**

ਹਿੰਦੂ ਧਰਮ ਅਨੁਸਾਰ ਆਰਤੀ, ਦੇਵਤੇ ਦੀ ਮੂਰਤੀ ਜਾਂ ਕਿਸੇ ਪੂਜਣ ਯੋਗ ਦੇਵਤੇ ਅੱਗੇ ਦੀਵੇ ਘੁਮਾ ਕੇ ਪੂਜਾ ਕਰਨੀ ਹੁੰਦੀ ਹੈ। ਦੀਵੇ ਇੱਕ ਤੋਂ ਲੈ ਕੇ ਇਕ ਸੌ ਤਕ ਹੋ ਸਕਦੇ ਹਨ। ਦੀਵਿਆਂ ਵਾਲੀ ਥਾਲੀ ਨੂੰ ਚਾਰ ਵਾਰੀ ਚਰਨਾਂ ਅੱਗੇ, ਦੋ ਵਾਰੀ ਨਾਭੀ 'ਤੇ, ਇੱਕ ਵਾਰੀ ਮੂੰਹ 'ਤੇ ਅਤੇ ਸੱਤ ਵਾਰੀ ਸਾਰੇ ਸਰੀਰ 'ਤੇ ਘੁਮਾਉਣਾ ਚਾਹੀਦਾ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਉੜੀਸਾ ਵਿਚ ਜਗਨਨਾਥ ਪੁਰੀ ਗਏ, ਜਿਥੇ ਪੁਜਾਰੀ ਥਾਲੀ ਲੈ ਕੇ ਭਗਵਾਨ ਦੀ ਆਰਤੀ ਕਰ ਰਹੇ ਸਨ, ਉਨ੍ਹਾਂ ਨੇ ਇਸ ਦੀ ਨਿਖੇਧੀ ਕਰ ਕੇ ਕਰਤਾਰ ਦੀ ਕੁਦਰਤੀ ਆਰਤੀ ਦੀ ਵਡਿਆਈ ਕੀਤੀ। ਉਥੇ ਹੁਣ ਗੁਰਦੁਆਰਾ ਮੰਗੂ ਮੱਠ ਬਣਿਆ ਹੋਇਆ ਹੈ। ਉਥੇ ਗੁਰੂ ਨਾਨਕ ਵਲੋਂ ਆਰਤੀ ਸਬੰਧੀ ਲਿਖਿਆ ਸ਼ਬਦ, ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ 13 'ਤੇ ਸੁਭਾਇਮਾਨ ਹੈ ਤੇ ਹਰ ਨਾਨਕ ਨਾਮ ਲੇਵਾ ਰਾਤ ਸਮੇਂ ਸੌਣ ਤੋਂ ਪਹਿਲਾਂ ਕੀਤੇ ਜਾਣ ਵਾਲੇ ਨਿਤਨੇਮ ਵਿਚ ਸੋਹਿਲਾ



**ਡਾ. ਅਜੀਤ ਸਿੰਘ ਕੋਟਕਪੂਰਾ**
**ਫੋਨ: 585-305-0443**

ਸਾਹਿਬ ਕਰਨ ਸਮੇਂ ਦੁਹਰਾਉਂਦਾ ਹੈ, ਉਸ ਅਕਾਲ ਪੁਰਖ ਦੀ ਹੋ ਰਹੀ ਆਰਤੀ ਬਾਰੇ ਹੈ,

ਰਾਗੁ ਧਨਾਸਰੀ ਮਹਲਾ ੧॥ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥ ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥ ਅਨਹਤਾ ਸਬਦ ਵਾਜੰਤ ਭੇਰੀ॥੧॥ ਰਹਾਉ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥ ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥੪॥

ਅਰਥਾਤ ਸਾਰਾ ਆਕਾਸ਼ ਇਕ ਥਾਲ ਵਾਂਗ ਹੈ। ਸੂਰਜ ਤੇ ਚੰਦ ਉਸ ਥਾਲ ਵਿਚ ਦੀਵੇ ਬਣੇ ਹੋਏ ਹਨ। ਤਾਰਿਆਂ ਦੇ ਸਮੂਹ ਉਸੇ ਥਾਲ ਵਿਚ ਮੋਤੀ ਹਨ। ਪਰਬਤ ਵਲੋਂ ਆਉਣ ਵਾਲੀ ਹਵਾ ਧੂਫ ਵਾਂਗ ਧੁਖ ਰਹੀ ਹੈ। ਹਵਾ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਜੋਤਿ-ਰੂਪ ਪ੍ਰਭੂ ਦੀ ਆਰਤੀ ਵਾਸਤੇ ਫੁੱਲ ਦੇ ਰਹੀ ਹੈ। ਹੇ ਜੀਵਾਂ ਦੇ ਜਨਮ-ਮਰਨ ਨਾਸ ਕਰਨ ਵਾਲੇ! ਕੁਦਰਤਿ ਵਿਚ ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ! ਸਭ ਜੀਵਾਂ ਦੇ ਅੰਦਰ ਰੁਮਕ ਰਹੀ ਇੱਕੋ ਜੀਵਨ-ਰੌ, ਇੰਜ ਲੱਗ ਰਿਹਾ ਹੈ, ਜਿਵੇਂ ਤੇਰੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ। ਸਾਰੇ ਜੀਵਾਂ ਅੰਦਰ ਵਿਆਪਕ ਹੋਣ ਕਾਰਨ ਹਜ਼ਾਰਾਂ ਹੀ ਤੇਰੀਆਂ ਅੱਖਾਂ ਹਨ, ਪਰ ਨਿਰਾਕਾਰ ਹੋਣ ਕਰਕੇ ਹੇ ਪ੍ਰਭੂ! ਤੇਰੀਆਂ ਕੋਈ ਅੱਖਾਂ ਨਹੀਂ। ਹਜ਼ਾਰਾਂ ਤੇਰੀਆਂ ਸ਼ਕਲਾਂ ਹਨ, ਪਰ ਤੇਰੀ ਕੋਈ ਭੀ ਸ਼ਕਲ ਨਹੀਂ ਹੈ। ਹਜ਼ਾਰਾਂ ਤੇਰੇ ਸੋਹਣੇ ਪੈਰ ਹਨ, ਪਰ ਨਿਰਾਕਾਰ ਹੋਣ ਕਰਕੇ ਤੇਰਾ ਇੱਕ ਵੀ ਪੈਰ ਨਹੀਂ। ਹਜ਼ਾਰਾਂ ਤੇਰੇ ਨੱਕ ਹਨ, ਪਰ ਤੂੰ ਨੱਕ ਤੋਂ ਬਿਨਾ ਹੀ ਹੈਂ। ਤੇਰੇ ਅਜਿਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ।

ਸਾਰੇ ਜੀਵਾਂ ਵਿਚ ਇੱਕੋ ਉਸੇ ਪਰਮਾਤਮਾ ਦੀ ਜੋਤੀ ਵਰਤ ਰਹੀ ਹੈ। ਉਸ ਜੋਤਿ ਦੇ ਪ੍ਰਕਾਸ਼ ਨਾਲ ਸਾਰੇ ਜੀਵਾਂ ਵਿਚ ਚਾਨਣ ਅਰਥਾਤ ਸੂਝ-ਬੂਝ ਹੈ; ਪਰ ਇਸ ਜੋਤਿ ਦਾ ਗਿਆਨ ਗੁਰੂ ਦੀ ਸਿੱਖਿਆ ਨਾਲ ਹੀ ਹੁੰਦਾ ਹੈ। ਗੁਰੂ ਰਾਹੀਂ ਇਹ ਸਮਝ ਪੈਂਦੀ ਹੈ ਕਿ ਹਰੇਕ ਦੇ ਅੰਦਰ ਇਕੋ ਹੀ ਪਰਮਾਤਮਾ ਦੀ ਜੋਤਿ ਹੈ। ਇਸ ਸਰਬ ਵਿਆਪਕ ਜੋਤਿ ਦੀ ਆਰਤੀ ਇਹ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ ਉਸ ਅਕਾਲ ਪੁਰਖ ਦੀ ਰਜ਼ਾ ਵਿਚ ਤੁਰਨਾ ਪ੍ਰਭੂ ਦੀ ਆਰਤੀ ਕਰਨੀ ਹੈ। ਹੇ ਹਰੀ! ਤੇਰੇ ਚਰਨ-ਰੂਪ ਕੌਲ-ਫੁੱਲਾਂ ਦੇ ਰਸ ਲਈ ਮੇਰਾ ਮਨ ਲਲਚਾਉਂਦਾ ਹੈ, ਹਰ ਰੋਜ਼ ਮੈਨੂੰ ਇਸੇ ਰਸ ਦੀ ਪਿਆਸ ਲੱਗੀ ਹੋਈ ਹੈ। ਮੈਨੂੰ ਨਾਨਕ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇਹ, ਜਿਸ ਦੀ ਬਰਕਤ ਨਾਲ ਮੈਂ ਤੇਰੇ ਨਾਮ ਵਿਚ ਟਿਕਿਆ ਰਹਾਂ।

ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖ ਨੂੰ ਸਮਝਾਇਆ ਹੈ ਕਿ ਚਸਕਾ ਕੋਈ ਵੀ ਹੋਵੇ, ਮਾੜਾ ਹੈ। ਮਨੁੱਖ ਤਦੋਂ ਹੀ ਕੁਰਾਹੇ ਪੈਂਦਾ ਹੈ, ਜਦੋਂ ਸਰੀਰਕ ਲੋੜਾਂ ਤੋਂ ਲੰਘ ਕੇ ਚਸਕੇ ਵਿਚ ਫਸ ਜਾਂਦਾ ਹੈ। ਇਹ ਚਸਕਾ ਚਾਹੇ ਧਨ ਜੋੜਨ ਦਾ ਹੈ, ਚਾਹੇ ਕਾਮ-ਵਾਸ਼ਨਾ ਦਾ ਹੈ, ਚਾਹੇ ਸੋਹਣੇ ਘਰ ਬਣਾਉਣ ਦਾ ਹੈ, ਚਾਹੇ ਜ਼ਮੀਨ-ਜਾਇਦਾਦ ਖਰੀਦਣ ਦਾ ਹੈ, ਚਾਹੇ ਆਪਣੀ ਸ਼ੋਭਾ ਕਰਾਉਣ ਤੇ ਬਰਕਰਾਰ ਰੱਖਣ ਦਾ ਹੈ ਅਤੇ ਚਾਹੇ ਮਿਠਾਈਆਂ ਤੇ ਮਾਸ ਵਗੈਰਾ ਖਾਣ ਦਾ ਹੈ। ਸੋ, ਬਾਕੀ ਚਸਕਿਆਂ ਵਾਂਗ ਮਾਸ ਖਾਣਾ ਵੀ ਤਦੋਂ ਹੀ ਕੁਚੱਜੀ ਕਰਤੂਤ ਹੈ, ਜਦੋਂ ਇਹ ਚਸਕਾ ਬਣ ਜਾਂਦਾ ਹੈ। ਜਿਸ ਮਨੁੱਖ ਦੇ ਮਨ ਵਿਚ ਦੁਨੀਆਂ ਦੇ ਚਸਕਿਆਂ ਤੇ ਵਿਕਾਰਾਂ ਦਾ ਜ਼ੋਰ ਹੋਵੇ, ਉਹ ਪਰਮਾਤਮਾ ਦੇ ਨਾਮ ਨਾਲ ਨਹੀਂ ਜੁੜ ਸਕਦਾ। ਚਸਕੇ-ਵਿਕਾਰ ਤੇ ਭਗਤੀ ਇਕੋ ਹਿਰਦੇ ਵਿਚ ਇਕੱਠੇ ਨਹੀਂ ਹੋ ਸਕਦੇ। ਅਜਿਹਾ ਮਨੁੱਖ ਭਾਵੇਂ ਕਿੰਨਾ ਹੀ ਅਕਲਾਂ ਵਾਲਾ ਅਤੇ ਮੰਨਿਆ-ਪ੍ਰਮੰਨਿਆ ਤੇ ਧਨੀ ਹੋਵੇ, ਉਸ ਦਾ ਜੀਵਨ ਤਾਂ ਖੇਹ-ਖੁਆਰੀ ਵਿਚ ਹੀ ਲੰਘਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਪੰਨਾ 15 'ਤੇ ਸੁਭਾਇਮਾਨ ਸ਼ਬਦ ਦੱਸਦਾ ਹੈ ਕਿ ਮੈਨੂੰ ਕਈ ਚਸਕੇ ਹਨ ਅਤੇ ਮੈਂ ਆਪਣੇ ਆਪ ਨੂੰ ਵਡਿਆਉਂਦਾ ਹਾਂ,

ਰਸੁ ਸੁਇਨਾ ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ॥
ਰਸੁ ਘੋੜੇ ਰਸੁ ਸੇਜਾ ਮੰਦਰ
ਰਸੁ ਮੀਠਾ ਰਸੁ ਮਾਸੁ॥
ਏਤੇ ਰਸ ਸਰੀਰ ਕੇ
ਕੈ ਘਟਿ ਨਾਮ ਨਿਵਾਸੁ॥੨॥
ਜਿਤੁ ਬੋਲਿਐ ਪਤਿ ਪਾਈਐ
ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ
ਸੁਣਿ ਮੂਰਖ ਮਨ ਅਜਾਣ॥
ਜੋ ਤਿਸੁ ਭਾਵਹਿ ਸੇ ਭਲੇ
ਹੋਰਿ ਕਿ ਕਹਣ ਵਖਾਣ॥੩॥
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ
ਜਿਨ ਹਿਰਦੈ ਰਹਿਆ ਸਮਾਇ॥
ਤਿਨ ਕਾ ਕਿਆ ਸਾਲਾਹਣਾ
ਅਵਰ ਸੁਆਲਿਉ ਕਾਇ॥
ਨਾਨਕ ਨਦਰੀ ਬਾਹਰੇ
ਰਾਚਹਿ ਦਾਨਿ ਨ ਨਾਇ॥੪॥

ਅਰਥਾਤ ਸੋਨਾ, ਚਾਂਦੀ ਇਕੱਠਾ ਕਰਨ ਦਾ ਚਸਕਾ, ਔਰਤ ਭਾਵ ਕਾਮ ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜ ਸਵਾਰੀ ਦਾ ਸ਼ੌਕ, ਨਰਮ ਨਰਮ ਸੇਜਾਂ ਤੇ ਸੋਹਣੇ ਮਹਿਲ-ਮਾੜੀਆਂ ਦੀ ਲਾਲਸਾ, ਸੁਆਦਲੇ ਮਿੱਠੇ ਪਦਾਰਥ ਤੇ ਮਾਸ ਖਾਣ ਦਾ ਚਸਕਾ-ਜੇ ਮਨੁੱਖਾ ਸਰੀਰ ਨੂੰ ਇੰਨੇ ਚਸਕੇ ਲੱਗੇ ਹੋਏ ਹੋਣ ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿਚ ਹੋ ਸਕਦਾ ਹੈ! ਕੇਵਲ ਉਹੀ ਬੋਲ ਬੋਲਿਆ ਸੁਚੱਜਾ ਹੈ, ਜਿਸ ਦੇ ਬੋਲਣ ਨਾਲ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ। ਹੇ ਮੂਰਖ ਅਗਿਆਨੀ ਮਨ! ਸੁਣ, ਫਿੱਕਾ ਅਰਥਾਤ ਨਾਮ-ਰਸ ਤੋਂ ਸੱਖਣਾ ਬੋਲ ਬੋਲਿਆਂ ਖੁਆਰ ਹੋਈਦਾ ਹੈ, ਭਾਵ ਜੇ ਸਾਰੀ ਉਮਰ ਨਿਰੀਆਂ ਉਹੀ ਗੱਲਾਂ ਕਰਦੇ ਰਹੀਏ, ਜੋ ਪ੍ਰਭੂ ਦੀ ਯਾਦ ਤੋਂ ਖਾਲੀ ਹੋਣ ਤਾਂ ਦੁਖੀ ਹੀ ਰਹੀਦਾ ਹੈ। ਪ੍ਰਭੂ ਭੀ ਸਿਫਤਿ-ਸਾਲਾਹ ਤੋਂ ਬਿਨਾ ਹੋਰ ਗੱਲਾਂ ਵਿਅਰਥ ਹਨ। ਜੋ ਮਨੁੱਖ ਪ੍ਰਭੂ ਦੀ ਸਿਫਤਿ-ਸਾਲਾਹ ਕਰਦੇ ਹਨ, ਓਹੀ ਉਸ ਪ੍ਰਭੂ ਨੂੰ ਪਿਆਰੇ ਲੱਗਦੇ ਹਨ ਅਤੇ ਉਹੀ ਚੰਗੇ ਹਨ। ਜਿਨ੍ਹਾਂ ਬੰਦਿਆਂ ਦੇ ਹਿਰਦੇ ਵਿਚ ਪ੍ਰਭੂ ਹਰ ਵੇਲੇ ਵੱਸ ਰਿਹਾ ਹੈ, ਉਹ ਅਕਲ ਵਾਲੇ ਹਨ, ਇੱਜਤ ਵਾਲੇ ਹਨ ਤੇ ਧਨ ਵਾਲੇ ਹਨ। ਐਸੇ ਭਲੇ ਮਨੁੱਖਾਂ ਦੀ ਸਿਫਤਿ ਕੀਤੀ ਨਹੀਂ ਜਾ ਸਕਦੀ। ਉਨ੍ਹਾਂ ਜਿਹਾ ਸੋਹਣਾ ਹੋਰ ਕੌਣ ਹੈ? ਹੇ ਨਾਨਕ! ਪ੍ਰਭੂ ਦੀ ਮਿਹਰ ਦੀ ਨਜ਼ਰ ਤੋਂ ਵਾਂਝੇ ਬੰਦੇ ਉਸ ਦੇ ਨਾਮ ਨਾਲ ਨਹੀਂ ਜੁੜਦੇ ਅਤੇ ਉਸ ਦੇ ਦਿੱਤੇ ਧਨ ਪਦਾਰਥ ਵਿਚ ਹੀ ਮਸਤ ਰਹਿੰਦੇ ਹਨ।

ਬਾਬਾ ਫਰੀਦ ਜੀ ਨੇ ਵੀ ਆਪਣੇ ਸ਼ਲੋਕਾਂ ਵਿਚ ਕਿਹਾ ਹੈ, ਹੇ ਮਨੁੱਖ! ਇੱਕ ਭੀ ਫਿੱਕਾ ਬਚਨ ਨਾ ਬੋਲ, ਕਿਉਂਕਿ ਸਭ ਵਿਚ ਸੱਚਾ ਮਾਲਕ ਵੱਸ ਰਿਹਾ ਹੈ, ਕਿਸੇ ਦਾ ਵੀ ਦਿਲ ਨਾ ਦੁਖਾ, ਕਿਉਂ ਜੋ ਇਹ ਸਾਰੇ ਜੀਵ ਹੀ ਅਮੋਲਕ ਮੋਤੀ ਹਨ। ਸਾਰੇ ਜੀਵਾਂ ਦੇ ਮਨ ਵੀ ਮੋਤੀ ਹਨ, ਕਿਸੇ ਨੂੰ ਵੀ ਦੁਖ ਪਹੁੰਚਾਉਣਾ ਉਕਾ ਹੀ ਚੰਗਾ ਨਹੀਂ। ਜੇ ਤੈਨੂੰ ਪਿਆਰੇ ਪ੍ਰਭੂ ਦੇ ਮਿਲਣ ਦੀ ਤਾਂਘ ਹੈ ਤਾਂ ਕਿਸੇ ਦੇ ਦਿਲ ਨੂੰ ਵੀ ਢਾਹ ਨਾ ਲਾ। ਬਾਬਾ ਫਰੀਦ ਜੀ ਫੁਰਮਾਉਂਦੇ ਹਨ,

ਇਕੁ ਫਿਕਾ ਨ ਗਾਲਾਇ
ਸਭਨਾ ਮੈ ਸਚਾ ਧਣੀ॥
ਹਿਆਉ ਨ ਕੈਹੀ ਠਾਹਿ
ਮਾਣਕ ਸਭ ਅਮੋਲਵੇ॥
ਸਭਨਾ ਮਨ ਮਾਣਿਕ
ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ
ਨ ਠਾਹੇ ਕਹੀ ਦਾ॥ (ਪੰਨਾ 1384)

ਗੁਰੂ ਨਾਨਕ ਸਾਹਿਬ ਨੇ ਨਾਮ ਜਪਣ, ਵੰਡ ਛਕਣ ਅਤੇ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਨਿਸ਼ਕਾਮ ਸੇਵਾ ਕਰਨੀ ਅਤਿ ਜ਼ਰੂਰੀ ਹੈ, ਜੇ ਤੁਸੀਂ ਇਸ ਉਪਦੇਸ਼ 'ਤੇ ਅਮਲ ਕਰਨਾ ਚਾਹੁੰਦੇ ਹੋ। ਮਨੁੱਖਾਂ ਨੂੰ ਗ੍ਰਿਹਸਥ ਜੀਵਨ ਬਤੀਤ ਕਰਨ ਦੀ ਲੋੜ ਹੈ। ਗੁਰੂ ਜੀ ਨੇ ਸੰਸਾਰ ਤਿਆਗਣ ਦਾ ਵਿਰੋਧ ਕੀਤਾ ਹੈ। ਤਿਆਗ ਦਾ ਮਾਰਗ ਤਾਂ ਇਕ ਪਖੰਡ ਹੈ। ਇਹ ਸਰੀਰ, ਜੋ ਪਰਮਾਤਮਾ ਨੇ ਬਖਸ਼ਿਆ ਹੈ, ਇਸ ਨੂੰ ਕਸ਼ਟ ਦੇਣ ਦੀ ਕੋਈ ਲੋੜ ਨਹੀਂ ਹੈ। ਅਸੀਂ ਭੋਜਨ, ਪਾਣੀ ਜਾਂ ਹੋਰ ਦੁਨਿਆਵੀ ਸੁਖ ਸਹੂਲਤਾਂ ਦਾ ਤਿਆਗ ਕਰਦੇ ਹਾਂ ਅਤੇ ਭੁੱਖ ਪਿਆਸ ਲੱਗਣ 'ਤੇ ਤਿਆਗੀ ਹੋਈ ਵਸਤੂ ਪਾਉਣ ਦੀ ਲਾਲਸਾ ਮਨ ਵਿਚ ਰਹਿੰਦੀ ਹੈ ਤਾਂ ਫਿਰ ਇਹ ਕਾਹਦਾ ਤਿਆਗ ਹੈ? ਸਾਨੂੰ ਦੁਨੀਆਂ ਛੱਡ ਕੇ ਪਹਾੜਾਂ ਅਤੇ ਜੰਗਲਾਂ 'ਚ ਜਾ ਕੇ ਘੋਰ ਤਪੱਸਿਆ ਕਰਨ ਦਾ ਕੋਈ ਵੀ ਲਾਭ ਨਹੀਂ ਹੈ। ਗੁਰੂ ਸਾਹਿਬ ਨੇ ਸਪਸ਼ਟ ਕਿਹਾ ਹੈ, "ਜਿਥੈ ਕਿਥੈ ਸਿਰਜਣਹਾਰੁ॥" (ਪੰਨਾ 952)

ਸਿਰਜਣਹਾਰ ਤਾਂ ਹਰ ਥਾਂ ਮੌਜੂਦ ਹੈ, ਬਾਹਰ ਜੰਗਲਾਂ ਵਿਚ ਭਾਲਣਾ ਵਿਅਰਥ ਹੈ। ਨੌਵੇਂ ਪਾਤਸ਼ਾਹ ਨੇ ਵੀ ਇਸ ਦੀ ਤਾਕੀਦ ਕੀਤੀ ਹੈ,

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥੧॥ (ਪੰਨਾ 684)

ਅਰਥਾਤ ਹੇ ਭਾਈ! ਪਰਮਾਤਮਾ ਨੂੰ ਲੱਭਣ ਲਈ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪਰਮਾਤਮਾ ਸਭ ਵਿਚ ਵੱਸਦਾ ਹੈ, ਫਿਰ ਵੀ ਸਦਾ ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ। ਗੁਰੂ ਜੀ ਆਖਦੇ ਹਨ, ਗ੍ਰਿਹਸਥ ਜੀਵਨ ਵਿਚ ਵਿਚਰਦਿਆਂ ਮੋਹ ਮਾਇਆ ਦੇ ਜਾਲ ਵਿਚ ਨਾ ਫਸ ਕੇ ਉਸ ਪਰਮ ਪਿਤਾ ਨੂੰ ਪਾਉਣ ਲਈ ਸੰਸਾਰ ਨੂੰ ਛੱਡਣ ਦੀ ਲੋੜ ਨਹੀਂ, ਸਗੋਂ ਜਿਵੇਂ ਪਾਣੀ ਵਿਚ ਉਗਿਆ ਕਮਲ ਦਾ ਫੁੱਲ ਪਾਣੀ ਤੋਂ ਨਿਰਾਲਾ ਰਹਿੰਦਾ ਹੈ, ਜਿਵੇਂ ਨਦੀ ਵਿਚ ਤਰਦੀ ਮੁਰਗਾਈ ਭਾਵ ਉਸ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ ਹੇ ਨਾਨਕ! ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜ ਕੇ ਨਾਮ ਜਪਿਆਂ ਸੰਸਾਰ-ਸਮੁੰਦਰ ਤਰ ਸਕੀਦਾ ਹੈ। ਜੋ ਮਨੁੱਖ ਸੰਸਾਰ ਦੀਆਂ ਆਸਾਂ ਵਲੋਂ ਨਿਰਾਸ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਇਕ ਪ੍ਰਭੂ ਹੀ ਵੱਸਦਾ ਹੈ, ਉਹ ਸੰਸਾਰ ਵਿਚ ਰਹਿੰਦਿਆਂ ਵੀ ਸੰਸਾਰ ਤੋਂ ਲਾਂਭੇ ਇਕਾਂਤ ਵਿਚ ਵੱਸਦੇ ਹਨ। ਅਜਿਹੇ ਜੀਵਨ ਵਾਲਾ ਜੋ ਮਨੁੱਖ ਅਗੰਮ ਤੇ ਅਗੋਚਰ ਪ੍ਰਭੂ ਦਾ ਦਰਸ਼ਨ ਕਰ ਕੇ ਹੋਰਨਾਂ ਨੂੰ ਦਰਸ਼ਨ ਕਰਾਉਂਦਾ ਹੈ, ਨਾਨਕ ਉਸ ਦਾ ਦਾਸ ਹੈ,

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ॥
ਰਹਹਿ ਇਕਾਂਤਿ ਏਕੋ ਮਨਿ ਵਸਿਆ
ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ
ਨਾਨਕੁ ਤਾ ਕਾ ਦਾਸੋ॥੫॥ (ਪੰਨਾ 938)

ਮਨੁੱਖ ਦੀ ਅਸਲੀ ਪਛਾਣ ਇਹੀ ਹੈ ਕਿ ਉਹ ਉਸ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ ਕਿ ਨਹੀਂ। ਉਹ ਪਰਮਾਤਮਾ ਦੇ ਗੁਣਾਂ-ਪਿਆਰ, ਦਯਾ, ਸਭ ਨੂੰ ਇਕ ਸਮਾਨ ਸਮਝਣਾ, ਜਾਤ-ਪਾਤ ਵਿਚ ਵਿਸ਼ਵਾਸ ਨਾ ਰੱਖਣਾ ਆਦਿ ਨੂੰ ਧਾਰਨ ਕਰਦਾ ਹੈ। ਉਸ ਨੂੰ ਇਹ ਯਕੀਨ ਹੈ ਕਿ ਕੋਈ ਵੀ ਟਾਹਣੀ ਦਰਖਤ ਨਹੀਂ ਬਣ ਸਕਦੀ ਅਤੇ ਉਸ ਦੀ ਹੋਂਦ ਤਾਂ ਹੀ ਬਰਕਰਾਰ ਰਹਿੰਦੀ ਹੈ, ਜੇ ਉਹ ਰੁੱਖ ਨਾਲ ਜੁੜੀ ਹੋਈ ਹੈ। ਸੂਰਜ ਦੀ ਕਿਰਨ ਦੀ ਜਾਣ-ਪਛਾਣ ਵੀ ਤਾਂ ਹੀ ਹੈ, ਜੇ ਉਹ ਸੂਰਜ ਨਾਲ ਜੁੜੀ ਹੋਈ ਹੈ। ਜੇ ਕਿਰਨ ਹੀ ਆਪਣੇ ਆਪ ਨੂੰ ਸੂਰਜ ਸਮਝਣ ਲੱਗ ਜਾਵੇ, ਇਹ ਤਾਂ ਬਿਲਕੁਲ ਹੀ ਸੰਭਵ ਨਹੀਂ ਹੈ। ਇਸੇ ਤਰ੍ਹਾਂ ਜੇ ਇਨਸਾਨ ਆਪਣੇ ਰੱਬ ਨਾਲੋਂ ਨਾਤਾ ਤੋੜ, ਆਪਣੀ ਹਉਮੈ ਅਧੀਨ ਆਪਣੇ ਆਪ ਨੂੰ ਰੱਬ ਤੇ ਸਭ ਤੋਂ ਤਾਕਤਵਰ ਸਮਝਣ ਲੱਗ ਜਾਵੇ ਅਤੇ ਹੋਰਨਾਂ ਨੂੰ ਆਪਣੇ ਆਪ ਤੋਂ ਬਹੁਤ ਹੀ ਨੀਵਾਂ ਸਮਝ ਲੱਗ ਜਾਵੇ ਤਾਂ ਇਸ ਹਉਮੈ ਵਿਚ ਕੀਤੀ ਹੋਈ ਪਾਠ ਪੂਜਾ ਵੀ ਰੱਬ ਨੂੰ ਖੁਸ਼ ਨਹੀਂ ਕਰ ਸਕਦੀ। ਇਸ ਲਈ ਹਉਮੈ ਦਾ ਤਿਆਗ ਕਰੋ, ਸਭ ਨੂੰ ਇਕੋ ਜਿਹਾ ਜਾਣੋ ਤਾਂ ਹੀ ਤੁਸੀਂ ਉਸ ਪ੍ਰਭੂ ਦੀ ਮਿਹਰ ਪ੍ਰਾਪਤ ਕਰ ਸਕਦੇ ਹੋ।

## ਮੱਧਕਾਲੀ ਪੰਜਾਬ ਦੀ ਜਾਗ੍ਰਿਤੀ ਲਹਿਰ ਵਿਚ ਵਿਸ਼ਵ ਆਧੁਨਿਕਤਾ

*(ਪਿਛਲੇ ਸਫੇ ਦੀ ਬਾਕੀ)*

ਇਸੇ ਤਰ੍ਹਾਂ ਸੂਫੀ ਲਹਿਰ ਨੇ ਵੀ ਇਸ ਲੇਖ ਵਿਚ ਵਿਚਾਰੀਆਂ ਗਈਆਂ ਆਧੁਨਿਕਤਾ ਦੀਆਂ ਕਈ ਕਦਰਾਂ-ਕੀਮਤਾਂ ਦੀ ਡਟ ਕੇ ਪ੍ਰੋੜਤਾ ਕੀਤੀ।

ਮੁੱਕਦੀ ਗੱਲ, ਮੱਧਕਾਲੀ ਯੁੱਗ ਵਿਚ ਚੱਲੀ ਪੰਜਾਬ ਜਾਗ੍ਰਿਤੀ ਲਹਿਰ ਨੇ ਕਈ ਕਦਰਾਂ-ਕੀਮਤਾਂ ਦੀ ਡਟ ਕੇ ਹਮਾਇਤ, ਪ੍ਰੋੜਤਾ, ਤੇ ਰਾਖੀ ਕੀਤੀ, ਜੋ ਬਾਅਦ ਵਿਚ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਬਣ ਗਈਆਂ। ਇਨ੍ਹਾਂ ਵਿਚੋਂ ਕੁਝ ਹਨ: ਜਾਤ-ਪਾਤ ਤੇ ਆਰਥਕ ਗਰੀਬੀ-ਅਮੀਰੀ ਦੇ ਆਧਾਰ 'ਤੇ ਭਿੰਨਭੇਦ ਦਾ ਵਿਰੋਧ; ਰਾਜਿਆਂ ਤੇ ਧਾਰਮਿਕ ਆਗੂਆਂ ਵਲੋਂ ਲੋਕਾਂ 'ਤੇ ਢਾਹੇ ਜ਼ੁਲਮ ਤੇ ਉਨ੍ਹਾਂ ਦੀ ਲੁੱਟ-ਖਸੁੱਟ ਦਾ ਵਿਰੋਧ, ਮਨੁੱਖੀ ਸਵੈ-ਮਾਣ ਤੇ ਨਿਆਂ 'ਤੇ ਪਹਿਰਾ; ਜਮਹੂਰੀਅਤ ਦੀ ਵਕਾਲਤ; ਗੁਲਾਮੀ ਦਾ ਵਿਰੋਧ, ਆਦਿ। ਕਿਉਂਕਿ ਮੱਧਕਾਲੀ ਯੁੱਗ ਵਿਚ ਚੱਲੀ ਪੰਜਾਬ ਜਾਗ੍ਰਿਤੀ ਲਹਿਰ ਆਧੁਨਿਕ ਯੁੱਗ ਦੀਆਂ ਕਦਰਾਂ-ਕੀਮਤਾਂ ਦੀ ਪ੍ਰੋੜਤਾ, ਤੇ ਅਮਲ ਲਾਗੂ ਕਰਨ ਦੀ ਪ੍ਰੋੜਤਾ ਤੇ ਆਮ ਲੱਗਦੀ ਨੂੰ ਲਾਗੂ ਵੀ ਕਰ ਰਹੀ ਸੀ, ਇਸ ਲਈ ਅਸੀਂ ਬਿਨਾ ਸ਼ੱਕ ਇਹਨੂੰ ਅਗਾਂਹਵਧੂ, ਪ੍ਰਗਤੀਸ਼ੀਲ ਜਾਂ ਭਵਿੱਖਮੁਖੀ ਲਹਿਰ ਕਹਿ ਸਕਦੇ ਹਾਂ। ਆਧੁਨਿਕ ਯੁੱਗ ਦੀ ਇੱਕ ਅਹਿਮ ਕਦਰ, ਗਿਆਨ ਦੇ ਨਾਲ ਵਿਗਿਆਨ ਤੇ ਵਿਗਿਆਨਕ ਸੋਚ ਵੀ ਆਉਂਦੀ ਹੈ। ਪੰਜਾਬ ਜਾਗ੍ਰਿਤੀ ਲਹਿਰ ਵਿਚ ਵਿਗਿਆਨ ਤੇ ਵਿਗਿਆਨਕ ਸੋਚ ਇੱਕ ਅਲੱਗ ਲੇਖ ਦਾ ਵਿਸ਼ਾ ਹੈ।

**(ਚਲਦਾ)**

# ਗੁਰੂ, ਸੰਤ, ਭਗਤ ਤੇ ਬ੍ਰਹਮਗਿਆਨੀ

ਗੁਰੂ, ਸੰਤ, ਭਗਤ ਤੇ ਬ੍ਰਹਮਗਿਆਨੀ ਸ਼ਬਦਾਂ ਤੋਂ ਇਲਾਵਾ ਸਾਧੂ, ਗੋਬਿੰਦ, ਰਾਮ ਅਤੇ ਹਰੀ ਆਦਿ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਵਾਰ ਵਾਰ ਆਏ ਹਨ, ਜਿਸ ਕਾਰਨ ਇਨ੍ਹਾਂ ਦੀ ਮਹੱਤਤਾ ਵੀ ਖਾਸ ਹੈ। ਅਸੀਂ ਇਨ੍ਹਾਂ ਸਾਰੇ ਸ਼ਬਦਾਂ ਨੂੰ ਵਿਅਕਤੀ ਰੂਪ ਵਿਚ ਲੈਂਦੇ ਹਾਂ ਜਾਂ ਦੇਖਦੇ ਹਾਂ। ਇਹ ਸ਼ਬਦ ਵਿਅਕਤੀ ਵਾਚਕ ਨਹੀਂ, ਸਗੋਂ



**ਸੁਖਦੇਵ ਸਿੰਘ**
**ਫੋਨ: 91-70091-79107**

ਗੁਣ ਵਾਚਕ ਹਨ।

ਬਾਬੇ ਨਾਨਕ ਨੂੰ ਉਨ੍ਹਾਂ ਦੀਆਂ ਉਦਾਸੀਆਂ ਦੌਰਾਨ ਜਦ ਪੰਡਿਤਾਂ ਤੇ ਮੌਲਵੀਆਂ ਨੇ ਉਨ੍ਹਾਂ ਦੇ ਗੁਰੂ ਬਾਰੇ ਪੁੱਛਿਆ ਤਾਂ ਜਵਾਬ ਸੀ, 'ਸ਼ਬਦ ਗੁਰੂ', ਜਿਸ ਦਾ ਭਾਵ ਹੈ, ਗਿਆਨ ਗੁਰੂ। ਬਾਬੇ ਨਾਨਕ ਦੀ ਬਾਣੀ ਵਿਚ ਵੀ ਬਹੁਤ ਵਾਰ 'ਗੁਰੂ' ਸ਼ਬਦ ਵਰਤਿਆ ਗਿਆ ਹੈ ਤਾਂ ਸਾਫ ਜਾਹਰ ਹੋ ਜਾਂਦਾ ਹੈ ਕਿ ਇਹ ਗਿਆਨ ਬਾਰੇ ਵਰਤਿਆ ਗਿਆ ਹੈ। ਅਗਲੇ ਚਾਰ ਗੁਰੂਆਂ ਦੀ ਬਾਣੀ ਵੀ ਗੁਰੂ ਨਾਨਕ ਦੇਵ ਦੇ ਨਾਂ ਹੇਠ ਹੀ ਦਰਜ ਹੈ। ਸੋ, ਕੁਦਰਤੀ ਹੈ ਕਿ ਉਥੇ ਵੀ ਗੁਰੂ ਸ਼ਬਦ ਗਿਆਨ ਦੀ ਥਾਂ ਹੀ ਵਰਤਿਆ ਗਿਆ ਹੈ। ਗੁਰੂਆਂ ਤੋਂ ਪਹਿਲਾਂ ਹੋਰ ਭਗਤਾਂ ਤੇ ਮਹਾਂਪੁਰਸ਼ਾਂ ਦੀ ਬਾਣੀ 'ਤੇ ਵੀ ਇਹੋ ਗੱਲ ਲਾਗੂ ਹੈ।

ਗੁਰੂ ਗੋਬਿੰਦ ਸਿੰਘ ਨੇ ਤਾਂ ਇਸ ਬਾਰੇ ਸਾਰੇ ਸ਼ੰਕੇ ਹੀ ਮਿਟਾ ਦਿੱਤੇ, ਜਦ ਉਨ੍ਹਾਂ ਨੇ ਹੁਕਮ ਕਰ ਦਿੱਤਾ ਕਿ ਅੱਗੋਂ ਲਈ ਗੁਰੂ, ਗੁਰੂ ਗ੍ਰੰਥ ਸਾਹਿਬ ਹੀ ਹੋਵੇਗਾ। ਗੁਰੂ ਗ੍ਰੰਥ ਸਾਹਿਬ ਹਰ ਤਰ੍ਹਾਂ ਦੇ ਆਤਮਕ ਗਿਆਨ ਦਾ ਭੰਡਾਰ ਹੈ। ਇਸ ਪਾਸੋਂ ਹਰ ਵਿਅਕਤੀ ਦੀ ਲੋੜ ਜਾਂ ਇੱਛਾ ਪੂਰੀ ਕਰਦਾ ਆਤਮਕ ਗਿਆਨ ਲਿਆ ਜਾ ਸਕਦਾ ਹੈ। ਸਮਾਜਕ ਜ਼ਿੰਦਗੀ ਵਿਚ ਵੀ ਗੁਰੂ ਵਿਅਕਤੀ ਨਹੀਂ ਹੁੰਦਾ ਜਿਵੇਂ ਕਿ ਵਿਦਿਆਰਥੀ ਦਾ ਟੀਚਰ ਗੁਰੂ ਹੈ। ਸਰੀਰ ਕਰਕੇ ਟੀਚਰ ਗੁਰੂ ਨਹੀਂ ਹੁੰਦਾ, ਸਗੋਂ ਗਿਆਨ ਪੱਖੋਂ ਗੁਰੂ ਹੁੰਦਾ ਹੈ।

ਸੁਖਮਨੀ ਸਾਹਿਬ ਵਿਚ ਲਿਖਿਆ ਹੈ, "ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥" ਇਥੇ ਜੇ ਅਸੀਂ ਸੰਤ ਸ਼ਬਦ ਨੂੰ ਵਿਅਕਤੀ ਰੂਪ ਵਿਚ ਲੈਂਦੇ ਹਾਂ ਤਾਂ ਅਸੀਂ ਦੂਜੇ ਵਿਅਕਤੀ ਨੂੰ ਆਪਣੇ ਅੰਦਰ ਕਿਵੇਂ ਲੈ ਕੇ ਜਾਵਾਂਗੇ, ਫਿਰ ਪ੍ਰਭੂ ਨੂੰ ਅੰਦਰੋਂ ਕਿਵੇਂ ਦੇਖਾਂਗੇ। ਗੱਲ ਬਣਦੀ ਨਜ਼ਰ ਨਹੀਂ ਆ ਰਹੀ। ਇੱਕ ਗੱਲ ਨੂੰ ਪੱਕੇ ਤੌਰ 'ਤੇ ਗੰਢ ਬੰਨ ਲਵੋ ਕਿ ਜੋ ਵੀ ਸ਼ਬਦ ਜਾਂ ਜੋ ਵੀ ਤੁਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਸ ਬਾਰੇ ਕੋਈ ਕਿੰਤੂ ਦੀ ਗੁੰਜਾਇਸ਼ ਨਹੀਂ ਹੈ, ਉਹ ਹਰ ਤਰ੍ਹਾਂ ਨਾਲ ਸਹੀ ਤੇ ਠੀਕ ਹੈ। ਜੇ ਕਿਤੇ ਫਰਕ ਮਹਿਸੂਸ ਹੁੰਦਾ ਹੈ ਤਾਂ ਗਲਤੀ ਸਾਡੇ ਵਲੋਂ ਕੱਢੇ ਗਏ ਅਰਥਾਂ ਵਿਚ ਹੋ ਸਕਦੀ ਹੈ। ਇੱਥੇ ਅਸੀਂ ਸੰਤ ਭਾਵ ਵਿਅਕਤੀ ਨਾਲ ਅੰਦਰ ਨਹੀਂ ਜਾਣਾ, ਸਗੋਂ ਗਿਆਨ ਭਾਵ ਰੱਬੀ ਗੁਣਾਂ ਨਾਲ ਅੰਦਰ ਜਾਣਾ ਹੈ। ਰੱਬੀ ਗੁਣਾਂ ਦੇ ਗਿਆਨ ਨਾਲ ਹੀ ਅੰਦਰ ਪ੍ਰਭੂ ਰੂਪ ਆਤਮਾ ਨੂੰ ਮਿਲਿਆ ਜਾ ਸਕਦਾ ਹੈ।

ਸੁਖਮਨੀ ਸਾਹਿਬ ਵਿਚ ਹੀ ਲਿਖਿਆ ਹੈ, "ਗੁਰ ਕੀ ਮਤਿ ਤੂੰ ਲੇਹਿ ਇਆਨੇ॥ ਭਗਤਿ ਬਿਨਾ ਬਹੁ ਡੂਬੇ ਸਿਆਨੇ॥" ਜੇ ਭਗਤ ਵਿਅਕਤੀ ਹੈ ਤਾਂ ਉਹ ਡੁੱਬਣ ਤੋਂ ਕਿਵੇਂ ਬਚਾਏਗਾ। ਡੁੱਬਣ ਤੋਂ ਬਚਾਉਣ ਲਈ ਤਾਂ ਕਿਸੇ ਤੈਰਾਕ ਦੀ ਲੋੜ ਹੈ। ਨਾਲੇ ਇੱਥੇ ਡੁੱਬਣ ਤੋਂ ਭਾਵ ਪਾਣੀ ਵਿਚ ਡੁੱਬਣਾ ਨਹੀਂ ਹੈ, ਜ਼ਿੰਦਗੀ ਦੇ ਸਮੁੰਦਰ ਨੂੰ ਤੈਰਨ ਦੀ ਗੱਲ ਹੋ ਰਹੀ ਹੈ। ਜ਼ਿੰਦਗੀ ਦਾ ਸਮੁੰਦਰ ਤੈਰ ਕੇ ਪਾਰ ਨਹੀਂ ਕੀਤਾ ਜਾ ਸਕਦਾ, ਸਗੋਂ ਪਾਰ ਜਾਣ ਲਈ ਰੱਬੀ ਗੁਣਾਂ ਦੇ ਗਿਆਨ ਤੇ ਉਨ੍ਹਾਂ ਗੁਣਾਂ ਦੀ ਕਮਾਈ ਦੀ ਲੋੜ ਹੈ। ਰੱਬੀ ਗੁਣਾਂ 'ਤੇ ਚੱਲ ਕੇ ਗੁਜ਼ਾਰੀ ਜ਼ਿੰਦਗੀ ਸਾਰਥਕ ਹੈ ਤੇ ਬਿਨਾ ਗੁਣਾਂ ਤੋਂ ਗੁਜ਼ਾਰੀ ਜ਼ਿੰਦਗੀ ਡੁੱਬਣ ਦੇ ਬਰਾਬਰ ਹੀ ਹੈ।

"ਬ੍ਰਹਮ ਗਿਆਨੀ ਸਭ ਸ੍ਰਿਸਟ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥" ਵੀ ਸੁਖਮਨੀ ਸਾਹਿਬ ਵਿਚ ਅੰਕਿਤ ਹੈ। ਜੇ ਬ੍ਰਹਮ ਗਿਆਨੀ ਇੱਕ ਵਿਅਕਤੀ ਹੈ ਤਾਂ ਫਿਰ ਉਸ ਨੂੰ ਮਰਨਾ ਨਹੀਂ ਚਾਹੀਦਾ, ਪਰ ਇਸ ਸੰਸਾਰ 'ਤੇ ਜੋ ਵੀ ਆਇਆ ਹੈ, ਸਭ ਨੂੰ ਜਾਣਾ ਪਿਆ ਹੈ। ਇਹ ਇਕ ਅਟੱਲ ਸੱਚਾਈ ਹੈ। ਨਾ ਹੀ ਸਾਡੇ ਗੁਰੂ ਇਥੇ ਬੈਠੇ ਹਨ ਅਤੇ ਨਾ ਹੀ ਸ੍ਰੀ ਰਾਮ ਤੇ ਕ੍ਰਿਸ਼ਨ ਜੀ ਆਦਿ ਇੱਥੇ ਬੈਠੇ ਹਨ। ਇਹ ਤੁਕ ਗਲਤ ਨਹੀਂ ਹੈ, ਸਗੋਂ ਸਾਡੇ ਸਮਝਣ ਵਿਚ ਭੁੱਲ ਹੈ। ਜਦ ਅਸੀਂ ਬ੍ਰਹਮ ਗਿਆਨੀ ਨੂੰ ਵਿਅਕਤੀ ਰੂਪ ਵਿਚ ਲਵਾਂਗੇ ਤਾਂ ਇਸ ਦਾ ਭਾਵ ਇਹੀ ਨਿਕਲੇਗਾ, ਜੋ ਗਲਤ ਹੈ। ਜਦ ਅਸੀਂ ਇਸ ਨੂੰ ਗੁਣਾਂ (ਰੱਬੀ ਗੁਣਾਂ) ਵਜੋਂ ਦੇਖਾਂਗੇ, ਰੱਬੀ ਉਪਦੇਸ਼ਾਂ ਵਜੋਂ ਦੇਖਾਂਗੇ ਤਾਂ ਅਰਥ ਠੀਕ ਲੱਗਣ ਲੱਗ ਜਾਵੇਗਾ, ਕਿਉਂਕਿ ਉਨ੍ਹਾਂ ਦੇ ਉਪਦੇਸ਼ ਅੱਜ ਵੀ ਸਾਰਥਕ ਹਨ ਤੇ ਕੱਲ ਨੂੰ ਵੀ ਸਾਰਥਕ ਹੀ ਰਹਿਣਗੇ। ਉਹ ਅੱਜ ਵੀ ਜਿਉਂਦੇ ਸਮਝੇ ਜਾਂਦੇ ਹਨ ਤੇ ਕੱਲ ਨੂੰ ਵੀ ਜਿਉਂਦੇ ਸਮਝੇ ਜਾਣਗੇ।

ਹੁਣ ਅਸੀਂ ਇਹ ਵਿਚਾਰਾਂਗੇ ਕਿ ਅਸੀਂ ਇਨ੍ਹਾਂ ਸ਼ਬਦਾਂ ਨੂੰ ਵਿਅਕਤੀ ਰੂਪ ਵਿਚ ਕਿਉਂ ਲੈਣ ਲੱਗ ਪਏ, ਗੁਣ ਵਾਚਕ ਕਿਉਂ ਨਹੀਂ? ਅਸੀਂ ਹਰ ਗੱਲ ਦਾ ਹੱਲ ਬਿਨਾ ਕਿਸੇ ਮਿਹਨਤ ਜਾਂ ਤਰੱਦਦ ਚਾਹੁੰਦੇ ਹਾਂ ਤੇ ਚਾਹੁੰਦੇ ਵੀ ਫੌਰਨ ਹਾਂ। ਜਦ ਅਸੀਂ ਗੁਰੂ, ਸੰਤ, ਭਗਤ ਆਦਿ ਨੂੰ ਵਿਅਕਤੀ ਮੰਨ ਲੈਂਦੇ ਹਾਂ ਤਾਂ ਸਾਡੇ ਕੋਲ ਬਹੁਤ ਹੀ ਵਧੀਆ ਤੇ ਅਸਾਨ ਤਰੀਕਾ ਆ ਜਾਂਦਾ ਹੈ। ਉਹ ਹੈ, ਉਸ ਵਿਅਕਤੀ ਦੇ ਪੈਰ ਫੜਨਾ ਤੇ ਉਸ ਨੂੰ ਮੱਥਾ ਟੇਕ ਦੇਣਾ। ਮੱਥਾ ਜਿੰਨੀ ਵਾਰ ਕਹੋ, ਟੇਕਣ ਦਾ ਕੋਈ ਪ੍ਰਹੇਜ ਨਹੀਂ ਹੈ, ਪਰ ਜਦ ਅਸੀਂ ਇਨ੍ਹਾਂ ਸ਼ਬਦਾਂ ਨੂੰ ਗੁਣ ਵਾਚਕ ਲਵਾਂਗੇ ਤਾਂ ਫਿਰ ਮੱਥਾ ਨਹੀਂ ਟੇਕਿਆ ਜਾ ਸਕੇਗਾ। ਗੁਣਾਂ ਨੂੰ ਤਾਂ ਧਾਰਨਾ ਪਵੇਗਾ, ਕਮਾਉਣਾ ਪਵੇਗਾ, ਜਿਸ ਲਈ ਮਿਹਨਤ ਤੇ ਵਕਤ ਦੀ ਲੋੜ ਹੈ। ਵੱਡੀ ਗੱਲ, ਉਸ ਲਈ ਜਿਉਣ ਦਾ ਤੌਰ ਤਰੀਕਾ ਬਦਲਨਾ ਪਵੇਗਾ। ਇਸ ਸਭ ਕੁਝ ਲਈ ਸਾਡੇ ਵਿਚੋਂ ਬਹੁਤੇ ਤਿਆਰ ਨਹੀਂ ਹਨ। ਉਨ੍ਹਾਂ ਨੂੰ ਮੱਥਾ ਟੇਕਣਾ ਹੀ ਚੰਗਾ ਲੱਗੇਗਾ। ਪ੍ਰਾਪਤੀ ਹੋਵੇ ਜਾਂ ਨਾ, ਇਸ ਗੱਲ ਦਾ ਕੋਈ ਮਤਲਬ ਨਹੀਂ ਹੈ!

# ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲਮੰਤਰ ਇੱਕੋ ਹੀ?

**ਨੰਦ ਸਿੰਘ ਬਰਾੜ**
ਫੋਨ: 916-501-3974

ਸਿੱਖ ਸਿਧਾਂਤ ਅਤੇ ਗੁਰਬਾਣੀ ਵਿਗਿਆਨਕ ਦ੍ਰਿਸ਼ਟੀਕੋਣ ਦੀ ਪ੍ਰੋੜਤਾ ਕਰਦੇ ਹਨ। ਸਿੱਖ ਪ੍ਰਚਾਰਕ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਕਰਨ ਵੇਲੇ ਵੀ ਇਹੀ ਕਹਿੰਦੇ ਹਨ ਕਿ ਸਾਡਾ ਧਰਮ ਇੱਕ ਤਰ੍ਹਾਂ ਵਿਗਿਆਨਕ ਧਰਮ ਹੈ, ਪਰ ਫਿਰ ਵੀ ਵਿਆਖਿਆ ਕਰਦਿਆਂ ਉਹ ਕਿੰਨੀਆਂ ਹੀ ਅੰਧਵਿਸ਼ਵਾਸੀ ਤੇ ਕਰਾਮਾਤੀ ਘਟਨਾਵਾਂ ਦਾ ਜ਼ਿਕਰ ਕਰ ਦਿੰਦੇ ਹਨ। ਪੁੱਛਣ 'ਤੇ ਉਨ੍ਹਾਂ ਦੀ ਦਲੀਲ ਹੁੰਦੀ ਹੈ ਕਿ ਇਸ ਤਰ੍ਹਾਂ ਦੇ ਹਵਾਲੇ ਨਾਲ ਆਮ ਲੋਕਾਂ ਨੂੰ ਗੁਰਬਾਣੀ ਦੀ ਵਿਆਖਿਆ ਸਮਝਣ ਵਿਚ ਆਸਾਨੀ ਰਹਿੰਦੀ ਹੈ। ਇਥੇ ਹੀ ਬਸ ਨਹੀਂ, ਕੁਝ ਇੱਕ ਪ੍ਰਚਾਰਕ ਤਾਂ ਆਪਣੇ ਗੁਰਬਾਣੀ ਗਿਆਨ ਵਿਚ ਪਰਪੱਕ ਹੋਣ ਅਤੇ ਉਚੀ ਅਵਸਥਾ ਦਾ ਢੋਂਗ ਕਰਨ ਵਾਸਤੇ ਇਥੋਂ ਤੱਕ ਵੀ ਕਹਿ ਦਿੰਦੇ ਹਨ ਕਿ ਗੁਰਬਾਣੀ ਗਿਆਨ ਨੂੰ ਵਿਗਿਆਨਕ ਕਹਿਣਾ ਗੁਰਬਾਣੀ ਦੀ ਤੌਹੀਨ ਹੈ, ਕਿਉਂਕਿ ਵਿਗਿਆਨ ਉਥੋਂ ਤੱਕ ਕਦੇ ਵੀ ਨਹੀਂ ਪਹੁੰਚ ਸਕਦਾ, ਜਿਥੋਂ ਤੱਕ ਗੁਰਬਾਣੀ ਦਾ ਗਿਆਨ ਪਹੁੰਚਿਆ ਹੋਇਆ ਹੈ। ਭਾਵੇਂ ਅਜਿਹੇ ਪ੍ਰਚਾਰਕਾਂ ਦੀ ਗਿਣਤੀ ਬਹੁਤ ਥੋੜੀ ਹੈ, ਪਰ ਇਨ੍ਹਾਂ ਨੂੰ ਟੋਕਣਾ ਤਾਂ ਦੂਰ, ਕੋਈ ਇਨ੍ਹਾਂ ਨਾਲ ਵਿਚਾਰ ਕਰਨ ਦੀ ਹਿੰਮਤ ਵੀ ਨਹੀਂ ਕਰਦਾ। ਅਜਿਹੇ ਹਾਲਾਤ ਕਰਕੇ ਮਨ ਨੂੰ ਧੱਕਾ ਵੀ ਲਗਦਾ ਹੈ।

ਪੰਜਾਬ ਟਾਈਮਜ਼ ਦੇ 31 ਅਗਸਤ 2019 ਦੇ ਅੰਕ ਵਿਚ ਇਕ ਵਿਦਵਾਨ ਡਾ. ਸੁਖਪਾਲ ਸੰਘੇੜਾ ਦਾ ਲੇਖ 'ਕੀ ਗੁਰਬਾਣੀ ਤੇ ਵਿਗਿਆਨ ਦਾ ਮੂਲਮੰਤਰ ਇੱਕੋ ਹੀ?' ਪੜ੍ਹ ਕੇ ਅਤੇ ਫਿਰ 7 ਸਤੰਬਰ ਦੇ ਅੰਕ ਵਿਚ 'ਸੰਪਾਦਕ ਦੀ ਡਾਕ' ਕਾਲਮ ਹੇਠ ਇੱਕ ਹੋਰ ਉਘੇ ਵਿਦਵਾਨ ਡਾ. ਗੋਬਿੰਦਰ ਸਿੰਘ ਸਮਰਾਓ ਵਲੋਂ ਉਪਰੋਕਤ ਲੇਖ ਦੀ ਉਸਾਰੂ ਪੜਚੋਲ ਪੜ੍ਹ ਕੇ ਮਨ ਨੂੰ ਸਕੂਨ ਤੇ ਦਿਲਾਸਾ ਮਿਲਿਆ ਕਿ ਸਾਡੇ ਕੋਲ ਅਜਿਹੇ ਵਿਦਵਾਨ ਹਨ, ਜੋ ਸਿੱਖ ਸਿਧਾਂਤਾਂ ਦੀ ਵਿਗਿਆਨਕ ਵਿਚਾਰਧਾਰਾ ਨੂੰ ਸਹੀ ਤਰ੍ਹਾਂ ਸਪਸ਼ਟ ਕਰਕੇ ਸਾਨੂੰ ਕਰਾਮਾਤਾਂ ਅਤੇ ਅੰਧਵਿਸ਼ਵਾਸੀ ਕਰਮ-ਕਾਂਡ ਦੇ ਭਰਮ ਜਾਲ ਵਿਚੋਂ ਕੱਢਣ ਦੀ ਸਾਰਥਕ ਕੋਸ਼ਿਸ਼ ਕਰ ਰਹੇ ਹਨ।

ਜਦੋਂ ਤੋਂ ਮਨੁੱਖ ਨੇ ਹੋਸ਼ ਸੰਭਾਲੀ ਹੈ, ਉਦੋਂ ਤੋਂ ਹੀ ਇਸ ਸੰਸਾਰ ਦੀ ਉਤਪਤੀ ਸਬੰਧੀ ਜਾਣਨ ਲਈ ਦੋ ਤਰ੍ਹਾਂ ਦੀਆਂ ਧਾਰਨਾਵਾਂ ਰਹੀਆਂ ਹਨ-ਇਕ ਧਾਰਮਿਕ ਅਤੇ ਦੂਜੀ ਵਿਵੇਕਸ਼ੀਲ। ਦੁਨੀਆਂ 'ਤੇ ਅਨੇਕਾਂ ਧਰਮ ਹਨ ਅਤੇ ਸੰਸਾਰ ਦੀ ਉਤਪਤੀ ਲਈ ਉਨ੍ਹਾਂ ਦੀਆਂ ਧਾਰਨਾਵਾਂ ਵਿਚ ਭਾਵੇਂ ਕੁਝ ਫਰਕ ਹਨ, ਪਰ ਸਭ ਵਿਚ ਇਕ ਸਾਂਝ ਹੈ ਕਿ ਇਕ ਅਜਿਹੀ ਹਸਤੀ ਹੈ, ਜੋ ਕਿਸੇ ਗੁਪਤ ਥਾਂ ਬੈਠ ਕੇ ਸਭ ਕੁਝ ਕੰਟਰੋਲ ਕਰ ਰਹੀ ਹੈ। ਓਲਡ ਟੈਸਟਾਮੈਂਟ ਨੂੰ ਮੰਨਣ ਵਾਲੇ ਧਰਮਾਂ ਅਨੁਸਾਰ ਪਰਮਾਤਮਾ ਨੇ ਛੇ ਦਿਨਾਂ ਵਿਚ ਇਹ ਸਾਰੀ ਸ੍ਰਿਸ਼ਟੀ ਬਣਾਈ ਹੈ ਅਤੇ ਉਹ ਹੀ ਇਸ ਸਭ ਕਾਸੇ ਨੂੰ ਕੰਟਰੋਲ ਕਰ ਰਿਹਾ ਹੈ। ਹਿੰਦੂ ਧਰਮ ਅਨੁਸਾਰ ਪਰਮਾਤਮਾ ਨੇ ਆਪਣੀ ਸਰਪ੍ਰਸਤੀ ਹੇਠ ਵੱਖ ਵੱਖ ਦੇਵਤਿਆਂ ਤੋਂ ਇਸ ਸ੍ਰਿਸ਼ਟੀ ਦਾ ਨਿਰਮਾਣ ਕਰਵਾਇਆ ਹੈ ਅਤੇ ਇਹ ਦੇਵਤੇ ਹੀ ਵੱਖ ਵੱਖ ਤਰ੍ਹਾਂ ਨਾਲ ਇਸ ਨੂੰ ਕੰਟਰੋਲ ਕਰਦੇ ਹਨ।

ਇਸ ਬ੍ਰਹਿਮੰਡ ਦੀ ਉਤਪਤੀ ਸਬੰਧੀ ਦੂਜੀ ਧਾਰਨਾ ਵਿਵੇਕਸ਼ੀਲ ਵਿਚਾਰਕਾਂ ਦੀ ਹੈ। ਉਹ ਹਰ ਘਟਨਾ ਅਤੇ ਵਰਤਾਰੇ ਦੀ ਸੱਚਾਈ ਨੂੰ ਸਮਝਣ ਲਈ ਪ੍ਰਤੱਖ ਪ੍ਰਮਾਣਾਂ ਦੇ ਆਧਾਰ 'ਤੇ ਤਰਕ ਅਤੇ ਦਲੀਲ ਨਾਲ ਅੰਦਾਜ਼ਾ ਲਾ ਕੇ ਕਿਸੇ ਸਿੱਟੇ 'ਤੇ ਪਹੁੰਚਣ ਵਾਲਾ ਤਰੀਕਾ ਅਪਨਾਉਂਦੇ ਹਨ, ਜਿਸ ਨਾਲ ਅੰਧਵਿਸ਼ਵਾਸ ਤੋਂ ਪਰਦਾ ਉਠਦਾ ਹੈ।

ਸਾਰੇ ਧਰਮਾਂ ਵਾਲੇ ਸਿਰਫ ਆਪਣੀ ਧਾਰਨਾ ਨੂੰ ਸਹੀ ਅਤੇ ਆਖਰੀ ਮੰਨਦੇ ਹਨ। ਉਹ ਇਸ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨੂੰ ਧਰਮ ਵਿਰੋਧੀ ਗਰਦਾਨਦੇ ਹਨ ਅਤੇ ਤਬਦੀਲੀ ਕਰਨ ਵਾਲੇ ਨੂੰ ਹਰ ਤਰ੍ਹਾਂ ਦੀ ਸਜ਼ਾ ਦੇਣ ਨੂੰ ਸੱਚਾ ਧਾਰਮਿਕ ਕਾਰਜ ਮੰਨਦੇ ਰਹੇ ਹਨ। ਹਾਕਮ ਲੋਕ ਵੀ ਉਨ੍ਹਾਂ ਦੇ ਇਸ ਕੰਮ ਵਿਚ ਪੂਰੀ ਮਿਲੀਭੁਗਤ ਅਤੇ ਤਾਕਤ ਨਾਲ ਉਨ੍ਹਾਂ ਨਾਲ ਖੜ੍ਹਦੇ ਹਨ, ਕਿਉਂਕਿ ਲੋਕਾਂ ਵਿਚ ਅੰਧਵਿਸ਼ਵਾਸ ਦਾ ਹੋਣਾ ਹਾਕਮ ਜਮਾਤਾਂ ਤੇ ਪੁਜਾਰੀਆਂ-ਦੋਹਾਂ ਲਈ ਸਾਂਝਾ ਤੇ ਉਪਜਾਊ ਸਰਮਾਇਆ ਹੁੰਦਾ ਹੈ। ਇਸ ਲਈ ਜੋ ਵੀ ਲੋਕਾਂ ਵਿਚੋਂ ਅੰਧਵਿਸ਼ਵਾਸ ਦੂਰ ਕਰਨ ਦਾ ਯਤਨ ਕਰਦਾ ਹੈ, ਉਹ ਉਨ੍ਹਾਂ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ।

ਕੁਝ ਹਜ਼ਾਰ ਸਾਲ ਪਹਿਲਾਂ ਚਾਰਵਾਕ ਪਰੰਪਰਾ ਵਾਲਿਆਂ ਨੇ ਲੋਕਾਂ ਨੂੰ ਅੰਧਵਿਸ਼ਵਾਸਾਂ 'ਚੋਂ ਕੱਢਣ ਵਾਸਤੇ ਸਮਝਾਇਆ ਕਿ ਇਸ ਦਿਸਦੇ ਸੰਸਾਰ (ਮਾਦਾ) ਅਤੇ ਸਪਸ਼ਟ ਊਰਜਾ ਤੋਂ ਪਰ੍ਹਾਂ ਕੁਝ ਵੀ ਨਹੀਂ ਹੁੰਦਾ, ਪਰ ਇਹ ਗੱਲ ਪੁਜਾਰੀਆਂ ਤੇ ਹਾਕਮਾਂ ਨੂੰ ਕਿਵੇਂ ਹਜ਼ਮ ਹੋ ਸਕਦੀ ਸੀ! ਸੋ, ਉਨ੍ਹਾਂ ਆਪਣੀਆਂ ਕੋਝੀਆਂ ਚਾਲਾਂ ਤੇ ਤਸ਼ੱਦਦ ਨਾਲ ਚਾਰਵਾਕ ਪਰੰਪਰਾ ਨੂੰ ਬਦਨਾਮ ਕਰਨ ਅਤੇ ਮਿਟਾਉਣ ਵਿਚ ਕੋਈ ਕਸਰ ਨਾ ਛੱਡੀ।

ਇਸ ਬ੍ਰਹਿਮੰਡ ਦੀ ਉਤਪਤੀ ਸਬੰਧੀ ਦੂਜੀ ਧਾਰਨਾ ਵਿਵੇਕਸ਼ੀਲ ਵਿਚਾਰਕਾਂ ਦੀ ਹੈ। ਉਹ ਹਰ ਘਟਨਾ ਅਤੇ ਵਰਤਾਰੇ ਦੀ ਸੱਚਾਈ ਨੂੰ ਸਮਝਣ ਵਾਸਤੇ ਪ੍ਰਤੱਖ ਪ੍ਰਮਾਣਾਂ ਦੇ ਆਧਾਰ 'ਤੇ ਤਰਕ ਅਤੇ ਦਲੀਲ ਨਾਲ ਸਹੀ ਸਿੱਟੇ 'ਤੇ ਪਹੁੰਚਦੇ ਰਹੇ ਹਨ। ਉਨ੍ਹਾਂ ਦੇ ਵਿਵੇਕ ਨਾਲ ਮਨੋਕਲਪਿਤ ਮਾਨਤਾਵਾਂ ਅਤੇ ਅੰਧਵਿਸ਼ਵਾਸਾਂ ਤੋਂ ਪਰਦਾ ਉਠਦਾ ਰਿਹਾ ਹੈ। ਉਥੇ ਸਾਰੇ ਧਰਮਾਂ ਵਾਲੇ ਸਿਰਫ ਆਪਣੀਆਂ ਮਾਨਤਾਵਾਂ ਨੂੰ ਹੀ ਸਹੀ ਅਤੇ ਆਖਰੀ ਮੰਨਦੇ ਰਹੇ ਹਨ। ਇਸ ਲਈ ਜੋ ਵੀ ਲੋਕਾਂ ਵਿਚੋਂ ਅੰਧਵਿਸ਼ਵਾਸ ਦੂਰ ਕਰਨ ਦਾ ਯਤਨ ਕਰਦਾ ਹੈ, ਉਹ ਉਨ੍ਹਾਂ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ।

ਇਹ ਵਰਤਾਰਾ ਇਕੱਲੇ ਭਾਰਤ ਵਿਚ ਹੀ ਨਹੀਂ ਸੀ ਵਾਪਰਿਆ ਸਗੋਂ ਸਮੁੱਚੇ ਸੰਸਾਰ ਅੰਦਰ ਵੀ ਕਿਸੇ ਨੂੰ ਜ਼ਹਿਰ ਦਾ ਪਿਆਲਾ ਦੇ ਕੇ, ਕਿਸੇ ਨੂੰ ਅੱਗ ਵਿਚ ਸਾੜ ਕੇ, ਕਿਸੇ ਨੂੰ ਤਾਉਮਰ ਜੇਲ੍ਹਾਂ ਵਿਚ ਸੜਨ ਲਈ ਮਜਬੂਰ ਕਰਨ ਜਿਹੇ ਅਨੇਕਾਂ ਅਣਮਨੁੱਖੀ ਤਸੀਹਿਆਂ ਨਾਲ ਸੱਚ ਦੀ ਆਵਾਜ਼ ਨੂੰ ਬੰਦ ਕਰਨ ਦਾ ਹਰ ਕੋਝਾ ਢੰਗ ਵਰਤਿਆ ਜਾਂਦਾ ਰਿਹਾ ਹੈ, ਪਰ ਸੱਚ ਨੂੰ ਖਤਮ ਨਹੀਂ ਕੀਤਾ ਜਾ ਸਕਿਆ।

ਕੁਝ ਸਦੀਆਂ ਪਹਿਲਾਂ ਧਾਰਮਿਕ ਕੇਂਦਰ ਹੀ ਹਰ ਤਰ੍ਹਾਂ ਦੀ ਵਿਦਿਆ ਦੇ ਕੇਂਦਰ ਹੋਇਆ ਕਰਦੇ ਸਨ। ਪੜ੍ਹਾਈ ਵਾਸਤੇ ਕੋਈ ਅੱਡ ਅੱਡ ਵਿਸ਼ੇ ਨਹੀਂ ਸਨ ਹੁੰਦੇ। ਇਨ੍ਹਾਂ ਕੇਂਦਰਾਂ ਦਾ ਮੰਤਵ ਰਾਜਕੀ ਕੰਮਾਂ ਵਾਸਤੇ ਕਾਰਿੰਦੇ ਪੈਦਾ ਕਰਨ ਦੇ ਨਾਲ ਲੋਕਾਂ ਨੂੰ ਆਪਣੇ ਧਰਮ ਨਾਲ ਜੋੜੀ ਰੱਖਣਾ ਤੇ ਹਾਕਮ ਪ੍ਰਤੀ ਵਿਸ਼ਵਾਸ ਪਾਤਰ ਬਣਾਉਣਾ ਹੁੰਦਾ ਸੀ। ਇਨ੍ਹਾਂ ਵਿਚੋਂ ਕਦੇ ਕਦੇ ਅਜਿਹੇ ਮਹਾਂਪੁਰਸ਼ ਵੀ ਪੈਦਾ ਹੋ ਜਾਂਦੇ, ਜੋ ਕੁਦਰਤ ਦੇ ਰਹੱਸਾਂ ਨੂੰ ਵਿਵੇਕ ਨਾਲ ਸਮਝ ਕੇ ਸੱਚਾਈ ਦੀ ਭਾਲ ਕਰਦੇ ਰਹੇ। ਉਨ੍ਹਾਂ ਨੂੰ ਅੱਜ ਦੀ ਬੋਲੀ ਵਿਚ ਅਸੀਂ ਕੁਦਰਤੀ ਵਿਗਿਆਨੀ ਕਹਿ ਸਕਦੇ ਹਾਂ। ਭਾਵੇਂ ਉਨ੍ਹਾਂ ਵਲੋਂ ਖੋਜੀਆਂ ਸੱਚਾਈਆਂ ਨੂੰ ਦਬਾਉਣ ਦਾ ਹਰ ਸੰਭਵ ਯਤਨ ਕੀਤਾ ਜਾਂਦਾ ਰਿਹਾ ਹੈ, ਪਰ ਉਹ ਫੇਰ ਵੀ ਸਾਡੇ ਤੱਕ ਪਹੁੰਚ ਜਾਂਦੀਆਂ ਰਹੀਆਂ ਹਨ।

ਇਨ੍ਹਾਂ ਵਿਗਿਆਨੀਆਂ ਅਨੁਸਾਰ ਮਾਦਾ ਅਤੇ ਊਰਜਾ ਪਰਸਪਰ ਇੱਕ ਦੂਜੇ ਵਿਚ ਬਦਲਣਯੋਗ ਹਨ। ਉਨ੍ਹਾਂ ਅਨੁਸਾਰ ਬ੍ਰਹਿਮੰਡ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹਰ ਪਾਸੇ ਊਰਜਾ ਪਸਰੀ ਹੋਈ ਸੀ। ਇਸੇ ਵਿਚੋਂ ਕੁਝ ਊਰਜਾ ਮਾਦੇ ਵਿਚ ਬਦਲੀ ਅਤੇ ਉਸੇ ਮਾਦੇ ਤੋਂ ਇਹ ਸਾਰਾ ਸੰਸਾਰ ਹੋਂਦ ਵਿਚ ਆਇਆ। ਇਸ ਸੰਸਾਰ ਦੀ ਹੋਂਦ ਮਾਦੇ ਕਰਕੇ ਅਤੇ ਮਾਦੇ ਦੀ ਹੋਂਦ ਊਰਜਾ ਕਰਕੇ ਹੈ, ਭਾਵ ਇਸ ਸਭ ਕੁਝ ਦੀ ਹੋਂਦ ਓਨਾ ਚਿਰ ਹੈ, ਜਿੰਨਾ ਚਿਰ ਇਹ ਊਰਜਾ ਉਸ ਵਿਚ ਰਹਿੰਦੀ ਹੈ।

ਇਸ ਗੱਲ ਨੂੰ ਅਸੀਂ ਮਾਦੇ ਦੀ ਬਣਤਰ ਸਮਝ ਕੇ ਆਸਾਨੀ ਨਾਲ ਸਮਝ ਸਕਦੇ ਹਾਂ। ਮਾਦਾ ਬਹੁਤ ਛੋਟੇ ਛੋਟੇ ਕਣਾਂ ਤੋਂ ਬਣਿਆ ਹੋਇਆ ਹੈ, ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਐਟਮ ਅਤੇ ਪੰਜਾਬੀ ਵਿਚ ਪ੍ਰਮਾਣੂ ਕਿਹਾ ਜਾਂਦਾ ਹੈ। ਹਰੇਕ ਪ੍ਰਮਾਣੂ ਅੱਗੇ ਕਈ ਕਣਾਂ ਤੋਂ ਬਣਿਆ ਹੋਇਆ ਹੈ। ਇਨ੍ਹਾਂ ਵਿਚੋਂ ਮੈਂ ਸਿਰਫ ਦੋ ਤਰ੍ਹਾਂ ਦੇ ਕਣਾਂ-ਪ੍ਰੋਟਾਨ ਅਤੇ ਇਲੈਕਟ੍ਰਾਨ ਦੀ ਗੱਲ ਕਰਾਂਗਾ। ਪ੍ਰੋਟਾਨ 'ਤੇ ਪਾਜੇਟਿਵ ਚਾਰਜ ਹੁੰਦਾ ਹੈ ਅਤੇ ਇਹ ਪ੍ਰਮਾਣੂ ਦੇ ਕੇਂਦਰ ਵਿਚ ਹੁੰਦਾ ਹੈ, ਜਿਸ ਨੂੰ ਨਿਊਕਲੀਅਸ ਕਹਿੰਦੇ ਹਨ। ਇਲੈਕਟ੍ਰਾਨ 'ਤੇ ਨੈਗੇਟਿਵ ਚਾਰਜ ਹੁੰਦਾ ਹੈ ਅਤੇ ਇਹ ਨਿਊਕਲੀਅਸ ਦੁਆਲੇ ਘੁੰਮਦੇ ਹਨ, ਜਿਸ ਤਰ੍ਹਾਂ ਧਰਤੀ ਤੇ ਹੋਰ ਗ੍ਰਹਿ ਸੂਰਜ ਦੁਆਲੇ ਘੁੰਮਦੇ ਹਨ। ਪਦਾਰਥ ਗਰਮ ਕਰਨ 'ਤੇ ਫੈਲਦੇ ਅਤੇ ਠੰਡਾ ਕਰਨ 'ਤੇ ਸੁੰਗੜਦੇ ਹਨ। ਇਸ ਦਾ ਕਾਰਨ ਸਮਝਣ ਵਾਸਤੇ ਆਪਾਂ ਪ੍ਰਮਾਣੂ ਤੋਂ ਸ਼ੁਰੂ ਕਰ ਸਕਦੇ ਹਾਂ। ਗਰਮ ਕਰਨ ਤੇ ਇਲੈਕਟ੍ਰਾਨ ਨੂੰ ਊਰਜਾ ਮਿਲਣ ਕਰਕੇ ਉਨ੍ਹਾਂ ਦੀ ਗਤੀ ਤੇਜ ਹੋ ਜਾਂਦੀ ਹੈ ਅਤੇ ਉਹ ਵੱਧ ਥਾਂ ਘੇਰਦੇ ਹਨ। ਪ੍ਰਮਾਣੂ ਅੱਗੇ ਨਾਲੋਂ ਵੱਡਾ ਹੋ ਜਾਂਦਾ ਹੈ। ਸਿੱਟੇ ਵਜੋਂ ਪਦਾਰਥ ਫੈਲ ਜਾਂਦਾ ਹੈ। ਠੰਡਾ ਕਰਨ 'ਤੇ ਇਲੈਕਟ੍ਰਾਨ ਦੀ ਗਤੀ ਘਟ ਜਾਂਦੀ ਹੈ ਅਤੇ ਉਹ ਨਿਊਕਲੀਅਸ ਦੇ ਨੇੜੇ ਹੋ ਜਾਂਦੇ ਹਨ। ਪ੍ਰਮਾਣੂ ਅੱਗੇ ਨਾਲੋਂ ਛੋਟਾ ਹੋ ਜਾਂਦਾ ਹੈ, ਸਿੱਟੇ ਵਜੋਂ ਪਦਾਰਥ ਸੁੰਗੜ ਜਾਂਦਾ ਹੈ।

ਵਿਗਿਆਨ ਦੀ ਭਾਸ਼ਾ ਅਨੁਸਾਰ ਕਿਸੇ ਪਦਾਰਥ ਨੂੰ ਗਰਮ ਕਰਨ ਦਾ ਮਤਲਬ ਉਸ ਨੂੰ ਊਰਜਾ ਦੇਣਾ ਹੁੰਦਾ ਹੈ ਅਤੇ ਠੰਡਾ ਕਰਨ ਦਾ ਉਸ ਵਿਚੋਂ ਊਰਜਾ ਕੱਢਣਾ। ਪ੍ਰਮਾਣੂ ਨੂੰ ਕਿੰਨਾ ਵੀ ਠੰਡਾ ਕਰ ਲਈਏ, ਉਸ ਵਿਚੋਂ ਸਾਰੀ ਊਰਜਾ ਨਹੀਂ ਕੱਢੀ ਜਾ ਸਕਦੀ। ਜੇ ਕਿਸੇ ਕਾਰਨ ਇਹ ਊਰਜਾ ਨਿਕਲ ਜਾਵੇ ਤਾਂ ਪ੍ਰਮਾਣੂ ਆਪਣੀ ਹੋਂਦ ਗਵਾ ਲੈਂਦਾ ਹੈ, ਪਰ ਇਹ ਊਰਜਾ ਖਤਮ ਨਹੀਂ ਹੁੰਦੀ। ਇਸ ਤਰ੍ਹਾਂ ਸਮਝ ਵਿਚ ਆਉਂਦਾ ਹੈ ਕਿ ਇਹ ਊਰਜਾ ਇੱਕ ਅਜਿਹੀ ਊਰਜਾ ਹੈ, ਜੋ ਇਸ ਬ੍ਰਹਿਮੰਡ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਮੌਜੂਦ ਸੀ ਅਤੇ ਇਸ ਦੇ ਖਤਮ ਹੋਣ ਪਿਛੋਂ ਵੀ ਮੌਜੂਦ ਰਹੇਗੀ।

ਇਸ ਊਰਜਾ ਦੇ ਗੁਣ ਅਤੇ ਵਰਤਾਰੇ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ, "ਇਕ ਅਲੋਕਾਰੀ ਸੱਚੀ ਹੋਂਦ ਵਾਲੀ ਊਰਜਾ ਹੈ, ਜੋ ਹਰ ਥਾਂ ਮੌਜੂਦ ਹੈ। ਇਹੀ ਊਰਜਾ ਮਾਦਾ ਬਣਾਉਂਦੀ ਹੈ, ਜਿਸ ਤੋਂ ਇਹ ਬ੍ਰਹਿਮੰਡ ਅਤੇ ਇਸ ਵਿਚਲੇ ਸਾਰੇ ਜੀਵ ਤੇ ਨਿਰਜੀਵ ਬਣਦੇ ਹਨ, ਜਿਨ੍ਹਾਂ ਵਿਚ ਇਹ ਸਮਾਈ ਰਹਿੰਦੀ ਹੈ। ਇਹ ਪੈਦਾ ਨਹੀਂ ਹੁੰਦੀ, ਭਾਵ ਇਹ ਆਪਣਾ ਮੂਲ ਆਪ ਹੀ ਹੈ ਅਤੇ ਨਾ ਇਹ ਕਦੇ ਖਤਮ ਹੁੰਦੀ ਹੈ। ਇਹ ਆਪਣੇ ਨਿਯਮਾਂ ਅਨੁਸਾਰ ਕਾਰਜ ਕਰਦੀ ਹੈ। ਹੋਰ ਕਿਸੇ ਦਾ ਵੀ ਇਸ 'ਤੇ ਕੋਈ ਅਸਰ ਨਹੀਂ ਹੁੰਦਾ। ਇਸ ਦਾ ਆਪਣਾ ਕੋਈ ਰੰਗ, ਰੂਪ ਜਾਂ ਆਕਾਰ ਨਹੀਂ ਹੁੰਦਾ, ਪਰ ਇਹ ਮਾਦੇ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਇਸ ਨੂੰ ਸਮਝਣ ਲਈ ਵਿਵੇਕ ਬੁੱਧੀ ਅਤੇ ਵਿਧੀ ਦੀ ਲੋੜ ਹੈ।"

ਗੁਰੂ ਨਾਨਕ ਸਾਹਿਬ ਨੇ ਸਮੁੱਚੀ ਮਨੁੱਖਤਾ ਨੂੰ ਵਹਿਮਾਂ ਭਰਮਾਂ, ਝੂਠੇ ਕਰਮ-ਕਾਂਡ ਤੇ ਅੰਧਵਿਸ਼ਵਾਸਾਂ ਦੇ ਜੰਜਾਲ ਵਿਚੋਂ ਕੱਢਣ ਅਤੇ ਮਨੁੱਖਤਾ ਵਿਚ ਆਪਸੀ ਭਰਾਤਰੀ ਭਾਵ ਪੈਦਾ ਕਰਨ ਲਈ ਦੂਰ ਦੂਰ ਤੱਕ ਪ੍ਰਚਾਰ ਕੀਤਾ। ਇਸ ਮੰਤਵ ਲਈ ਗੁਰੂ ਜੀ ਨੇ ਭਾਵੇਂ ਸੂਤਕ ਦੇ ਵਹਿਮ 'ਚੋਂ ਕੱਢਣਾ ਸੀ ਜਾਂ ਜਨੇਊ ਦੇ ਝੂਠੇ ਕਰਮ ਕਾਂਡ ਨੂੰ ਫਜ਼ੂਲ ਦੱਸਣਾ ਸੀ ਅਤੇ ਭਾਵੇਂ ਸੂਰਜ ਤੱਕ ਪਾਣੀ ਪਹੁੰਚਾਉਣ ਦਾ ਅੰਧਵਿਸ਼ਵਾਸ ਦੂਰ ਕਰਨਾ ਸੀ, ਉਨ੍ਹਾਂ ਹਮੇਸ਼ਾ ਤਰਕ ਅਤੇ ਦਲੀਲ ਨੂੰ ਮੁੱਖ ਰੱਖਿਆ। ਉਨ੍ਹਾਂ ਦੀ ਸਮੁੱਚੀ ਬਾਣੀ ਵਿਚ ਹਰ ਸਮਝਾਉਣੀ ਵਿਚੋਂ ਵਿਵੇਕ ਝਲਕਦਾ ਹੈ। ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਪ੍ਰਮਾਣਤ ਕਰਦਾ ਹੈ।

ਉਸ ਵੇਲੇ ਪੁਜਾਰੀ ਲੋਕ ਆਪੋ ਆਪਣੇ ਹਾਕਮਾਂ ਦੀ ਕੋਝੀ ਮਿਲੀਭੁਗਤ ਨਾਲ ਆਪਣੀਆਂ ਪੁਰਾਤਨ ਧਾਰਮਿਕ ਮਾਨਤਾਵਾਂ ਨੂੰ ਪੂਰੀ ਤਰ੍ਹਾਂ ਜਿਉਂ ਦੀ ਤਿਉਂ ਕਾਇਮ ਰੱਖ ਰਹੇ ਸਨ। ਇਨ੍ਹਾਂ ਮਾਨਤਾਵਾਂ ਕਰਕੇ ਸਮੁੱਚੀ ਮਨੁੱਖਤਾ ਫੋਕੇ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸਾਂ ਵਿਚ ਫਸ ਕੇ ਅਨੇਕਾਂ ਕਰਮ-ਕਾਂਡਾਂ ਦਾ ਸ਼ਿਕਾਰ ਬਣੀ ਹੋਈ ਸੀ। ਪੁਜਾਰੀ ਲੋਕ ਪਾਠ-ਪੂਜਾ ਅਤੇ ਕਰਮ-ਕਾਂਡ ਦੇ ਨਾਂ 'ਤੇ ਲੋਕਾਂ ਦੀ ਹਰ ਤਰ੍ਹਾਂ ਦੀ ਲੁੱਟ ਕਰ ਰਹੇ ਸਨ। ਇਸ ਸਭ ਕਾਸੇ ਤੋਂ ਵੀ ਉਪਰ ਇਨ੍ਹਾਂ ਧਾਰਮਿਕ ਮਾਨਤਾਵਾਂ ਦਾ ਸਭ ਤੋਂ ਕੋਝਾ ਪੱਖ ਮਨੁੱਖ ਜਾਤੀ ਨੂੰ ਵੱਖ ਵੱਖ ਧੜਿਆਂ ਵਿਚ ਵੰਡ ਕੇ ਉਨ੍ਹਾਂ ਨੂੰ ਇੱਕ ਦੂਜੇ ਵਿਰੁਧ ਭਰਾ ਮਾਰੂ ਜੰਗ ਵੱਲ ਤੋਰਨਾ ਹੈ। ਲੋਕਾਂ ਨੂੰ ਆਪਸ ਵਿਚ ਪਾੜ ਕੇ ਰੱਖਣ ਵਾਲਾ ਧਰਮਾਂ ਦਾ ਇਹ ਕੋਝਾ ਪੱਖ ਹਾਕਮਾਂ ਲਈ ਬਹੁਤ ਕੰਮ ਦਾ ਹੁੰਦਾ ਹੈ। ਅਜਿਹੇ ਸਮੇਂ ਮਨੁੱਖਤਾ ਨੂੰ ਕਰਮ ਕਾਂਡੀ ਲੁੱਟ-ਘਸੁੱਟ ਅਤੇ ਭਰਾ ਮਾਰੂ ਵਿਰੋਧ ਤੋਂ ਬਚਾਉਣ ਲਈ ਗੁਰੂ ਜੀ ਨੇ ਪੁਰਾਤਨ ਧਾਰਮਿਕ ਮਾਨਤਾਵਾਂ ਨੂੰ ਰੱਦ ਕਰਕੇ ਸਮੁੱਚੀ ਮਾਨਵਤਾ ਵਿਚ ਭਰਾਤਰੀ ਭਾਵ ਅਤੇ ਇੱਕਸੁਰਤਾ ਕਾਇਮ ਕਰਨ ਹਿਤ ਇੱਕ ਸੱਚਾਈ ਭਰਪੂਰ ਤੇ ਵਿਗਿਆਨਕ ਦ੍ਰਿਸ਼ਟੀਕੋਣ ਦੀ ਪ੍ਰੋੜਤਾ ਕਰਦਾ ਮੂਲ ਮੰਤਰ ਬਖ਼ਸ਼ਿਆ।

***ਗੁਰੂ ਨਾਨਕ ਸਾਹਿਬ ਨੇ ਸਮੁੱਚੀ ਮਨੁੱਖਤਾ ਨੂੰ ਵਹਿਮਾਂ ਭਰਮਾਂ, ਝੂਠੇ ਕਰਮ-ਕਾਂਡ ਤੇ ਅੰਧਵਿਸ਼ਵਾਸਾਂ ਦੇ ਜੰਜਾਲ ਵਿਚੋਂ ਕੱਢਣ ਅਤੇ ਮਨੁੱਖਤਾ ਵਿਚ ਆਪਸੀ ਭਰਾਤਰੀ ਭਾਵ ਪੈਦਾ ਕਰਨ ਲਈ ਦੂਰ ਦੂਰ ਤੱਕ ਪ੍ਰਚਾਰ ਕੀਤਾ। ਇਸ ਮੰਤਵ ਲਈ ਗੁਰੂ ਜੀ ਨੇ ਭਾਵੇਂ ਸੂਤਕ ਦੇ ਵਹਿਮ 'ਚੋਂ ਕੱਢਣਾ ਸੀ ਜਾਂ ਜਨੇਊ ਦੇ ਝੂਠੇ ਕਰਮ ਕਾਂਡ ਨੂੰ ਫਜ਼ੂਲ ਦੱਸਣਾ ਸੀ ਅਤੇ ਭਾਵੇਂ ਸੂਰਜ ਤੱਕ ਪਾਣੀ ਪਹੁੰਚਾਉਣ ਦਾ ਅੰਧਵਿਸ਼ਵਾਸ ਦੂਰ ਕਰਨਾ ਸੀ, ਉਨ੍ਹਾਂ ਹਮੇਸ਼ਾ ਤਰਕ ਅਤੇ ਦਲੀਲ ਨੂੰ ਮੁੱਖ ਰੱਖਿਆ। ਉਨ੍ਹਾਂ ਦੀ ਸਮੁੱਚੀ ਬਾਣੀ ਵਿਚ ਹਰ ਸਮਝਾਉਣੀ ਵਿਚੋਂ ਵਿਵੇਕ ਝਲਕਦਾ ਹੈ। ਇਸੇ ਲਈ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਪ੍ਰਮਾਣਤ ਕਰਦਾ ਹੈ।***

ਹੁਣ ਮੈਂ ਵਿਗਿਆਨ ਦੀ ਇੱਕ ਹੋਰ ਲੱਭਤ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਗੁਰੂ ਨਾਨਕ ਦੇਵ ਸੂਰਜ ਗ੍ਰਹਿਣ ਦੇ ਸਮੇਂ ਕੁਰੂਕਸ਼ੇਤਰ ਜਾਂਦੇ ਹਨ। ਸੂਰਜ ਗ੍ਰਹਿਣ ਦਾ ਦਿਨ, ਸਮਾਂ ਤੇ ਸਥਾਨ ਜੰਤਰੀਆਂ ਵਿਚ ਪਹਿਲਾਂ ਹੀ ਨਿਰਧਾਰਤ ਕੀਤਾ ਹੋਇਆ ਸੀ। ਇਹ ਗੱਲ ਇੱਕ ਉਘੇ ਪੱਤਰਕਾਰ ਜਤਿੰਦਰ ਪੰਨੂੰ ਦੇ ਇੱਕ ਵਿਖਿਆਨ ਤੋਂ ਸਪਸ਼ਟ ਹੁੰਦੀ ਹੈ, ਜਿਸ ਵਿਚ ਉਹ ਕਹਿੰਦੇ ਹਨ ਕਿ ਜਦੋਂ ਅਜੇ ਯੂਰਪ ਦੇ ਲੋਕ ਕੱਛਾ ਪਾਉਣਾ ਨਹੀਂ ਸੀ ਸਿੱਖੇ, ਭਾਵ ਅਜੇ ਉਹ ਜੰਗਲਾਂ ਵਿਚ ਨੰਗੇ ਮੁਨੰਗੇ ਹੀ ਫਿਰਦੇ ਸਨ, ਉਸ ਵੇਲੇ ਸਾਡੇ ਵਿਦਵਾਨਾਂ ਨੇ ਅਕਾਸ਼ੀ ਗ੍ਰਹਿਆਂ ਦੀਆਂ ਗਤੀਆਂ ਅਤੇ ਦਿਸ਼ਾਵਾਂ ਵੀ ਮਾਪ ਲਈਆਂ ਸਨ।

ਇਨ੍ਹਾਂ ਗਿਣਤੀਆਂ-ਮਿਣਤੀਆਂ ਦੇ ਆਧਾਰ 'ਤੇ ਉਨ੍ਹਾਂ ਨੇ ਅਗਲੇ ਹਜਾਰਾਂ ਸਾਲਾਂ ਵਾਸਤੇ ਚੰਦ ਅਤੇ ਸੂਰਜ ਗ੍ਰਹਿਣਾਂ ਦੇ ਸਮੇਂ ਤੇ ਸਥਾਨ ਨਿਸ਼ਚਿਤ ਕਰ ਦਿੱਤੇ ਹੋਏ ਸਨ। ਇਸ ਤੋਂ ਲਗਦਾ ਹੈ ਕਿ ਪੜ੍ਹੇ-ਲਿਖੇ ਲੋਕਾਂ ਨੂੰ ਤਾਂ ਭਾਵੇਂ ਅਕਾਸ਼ ਵਿਚਲੇ ਸੂਰਜ, ਚੰਦ, ਤਾਰੇ ਤੇ ਹੋਰ ਗ੍ਰਹਿਆਂ ਬਾਰੇ ਜਾਣਕਾਰੀ ਸੀ, ਪਰ ਆਮ ਲੋਕਾਂ ਵਿਚ ਤਾਂ ਇਹੀ ਅੰਧਵਿਸ਼ਵਾਸ ਪੱਕਾ ਕੀਤਾ ਹੋਇਆ ਸੀ ਕਿ ਸੂਰਜ ਨੂੰ ਗ੍ਰਹਿਣ ਲੱਗਣ ਦਾ ਕਾਰਨ ਸੂਰਜ ਵਲੋਂ ਰਾਕਸ਼ਾਂ ਦਾ ਕਰਜਾ ਨਾ ਮੋੜ ਸਕਣ ਦੀ ਮਜਬੂਰੀ ਹੈ। ਇਸ ਲਈ ਪੁਜਾਰੀ ਲੋਕ ਰਾਕਸ਼ਾਂ ਵਿਰੁਧ ਗੁੱਸੇ ਦਾ ਵਿਖਾਵਾ ਕਰਕੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਦਾਨ ਦੇਣ ਵਾਸਤੇ ਉਕਸਾਉਂਦੇ ਸਨ ਤਾਂ ਕਿ ਇਸ ਮਾਇਆ ਨਾਲ ਰਾਕਸ਼ਾਂ ਦਾ ਮੱਥਾ ਡੰਮ ਕੇ ਸੂਰਜ ਦਾ ਖਹਿੜਾ ਛੁਡਵਾਇਆ ਜਾ ਸਕੇ। ਧਰਤੀ ਬਾਰੇ ਵੀ ਪੁਜਾਰੀਆਂ ਨੇ ਆਮ ਲੋਕਾਂ ਨੂੰ ਇਹੀ ਜਚਾਇਆ ਹੋਇਆ ਸੀ ਕਿ ਇਹ ਧਰਤੀ ਕਿਸੇ ਬਲਦ ਦੇ ਸਿੰਗ 'ਤੇ ਟਿਕੀ ਹੋਈ ਹੈ। ਥੱਕ ਕੇ ਜਦੋਂ ਬਲਦ ਆਪਣਾ ਸਿੰਗ ਬਦਲਦਾ ਹੈ ਤਾਂ ਭੁਚਾਲ ਆਉਂਦਾ ਹੈ।

ਗੁਰੂ ਜੀ ਨੇ ਲੋਕਾਂ ਨੂੰ ਅਜਿਹੇ ਅਤੇ ਹੋਰ ਅਨੇਕਾਂ ਅੰਧਵਿਸ਼ਵਾਸਾਂ ਵਿਚੋਂ ਕੱਢਣ ਲਈ ਆਮ ਸਮਝ ਵਿਚ ਆਉਣ ਵਾਲੀਆਂ ਦਲੀਲਾਂ ਨਾਲ ਸਮਝਾਇਆ। ਅਜਿਹਾ ਕਰਨ ਲਈ ਗੁਰੂ ਜੀ ਨੂੰ ਉਸ ਵੇਲੇ ਮੌਜੂਦ ਗਿਆਨ ਅਤੇ ਜਾਣਕਾਰੀਆਂ ਦਾ ਅਧਿਐਨ ਕਰਨ ਵਾਸਤੇ ਕਿੰਨੀ ਘਾਲਣਾ ਤੇ ਤਰੱਦਦ ਕਰਨਾ ਪਿਆ ਹੋਊ, ਸਾਡੀ ਕਲਪਨਾ ਤੋਂ ਵੀ ਬਾਹਰ ਹੈ। ਇਹੀ ਨਹੀਂ, ਉਨ੍ਹਾਂ ਨੇ ਲੋਕਾਂ ਨੂੰ ਦਸਾਂ ਨਹੁੰਆਂ ਦੀ ਕਿਰਤ ਲਈ ਪ੍ਰੇਰਨ ਵਾਸਤੇ ਆਪਣੀ ਉਮਰ ਦੇ ਆਖਰੀ ਸਾਲਾਂ ਵਿਚ ਖੇਤੀਬਾੜੀ ਵੀ ਕੀਤੀ।

ਸਾਡੇ ਦੁੱਧ ਚਿੱਟੇ ਚੋਲਿਆਂ ਵਾਲੇ ਡੇਰੇਦਾਰ ਤੇ ਪੁਜਾਰੀ ਬਾਬੇ ਆਪਣਾ ਹਲਵਾ ਮੰਡਾ ਚਲਦਾ ਰੱਖਣ ਲਈ ਗੁਰੂ ਨਾਨਕ ਸਾਹਿਬ ਦੀਆਂ ਕੀਤੀਆਂ ਘਾਲਣਾਵਾਂ ਨੂੰ ਕੌਡੀਆਂ ਘੱਟੇ ਰੋਲਣ ਵਿਚ ਕੋਈ ਕਸਰ ਨਹੀਂ ਛੱਡਦੇ। ਇਨ੍ਹਾਂ ਵਲੋਂ ਆਪਣੇ ਹੱਥੀਂ ਕਿਰਤ ਕਰਨਾ ਤਾਂ ਦੂਰ, ਇਹ ਤਾਂ ਆਪਣੇ ਨਿੱਜੀ ਕੰਮ ਵੀ ਆਪ ਕਰਨ ਵਿਚ ਹੱਤਕ ਸਮਝਦੇ ਹਨ। ਪੜ੍ਹਾਈ ਪੱਖੋਂ ਤਾਂ ਇਨ੍ਹਾਂ ਵਿਚੋਂ ਬਹੁਤੇ ਸਕੂਲੋਂ ਹੀ ਭੱਜੇ ਹੁੰਦੇ ਐ, ਤੇ ਜੇ ਸਾਰੇ ਨਹੀਂ ਤਾਂ ਬਹੁਤੇ ਆਪਣੇ ਜੀਵਨ ਦੀਆਂ ਜਿੰਮੇਵਾਰੀਆਂ ਤੋਂ ਤਾਂ ਭੱਜੇ ਹੋਏ ਹੁੰਦੇ ਹੀ ਹਨ। ਆਪਣੇ ਸ਼ਰਧਾਲੂਆਂ ਵਿਚ ਆਪਣੇ ਪਹੁੰਚੇ ਹੋਣ ਦਾ ਭੁਲੇਖਾ ਪਾਉਣ ਲਈ ਆਪਣੇ ਖਾਸ ਚੇਲਿਆਂ (ਏਜੰਟਾਂ) ਰਾਹੀਂ ਬਿਲਕੁਲ ਅਸੰਭਵ ਘਟਨਾਵਾਂ ਬੜੇ ਸ਼ਰਧਾ ਪੂਰਵਕ ਢੰਗ ਨਾਲ ਸੁਣਵਾਉਂਦੇ ਹਨ। ਮਿਸਾਲ ਵਜੋਂ ਸੁਣਾਇਆ ਜਾਂਦਾ ਹੈ ਕਿ ਸਾਡੇ ਸੰਤ ਮਹਾਰਾਜ ਐਨੇ ਪਹੁੰਚੇ ਹੋਏ ਹਨ ਕਿ ਹਰ ਰੋਜ ਸੁਭਾ ਨਿਤਨੇਮ ਕਰਨ ਤੋਂ ਪਹਿਲਾਂ ਸਮਾਧੀ ਲਾ ਕੇ ਅੰਮ੍ਰਿਤਸਰ ਪਵਿੱਤਰ ਸਰੋਵਰ ਵਿਚ ਇਸ਼ਨਾਨ ਅਤੇ ਦਰਬਾਰ ਸਾਹਿਬ ਦੀ ਪਰਿਕਰਮਾ ਕਰਕੇ ਆਉਂਦੇ ਹਨ ਤੇ ਫਿਰ ਨਿਤਨੇਮ ਪੂਰਾ ਕਰਦੇ ਹਨ।

ਅਜਿਹੀਆਂ ਕੋਝੀਆਂ ਹਰਕਤਾਂ ਨੂੰ ਵਿਸ਼ਵਾਸ ਯੋਗ ਬਣਾਉਣ ਲਈ ਇਹ ਬਾਬੇ ਅਨੇਕਾਂ ਕਰਾਮਾਤੀ ਕਥਾ ਕਹਾਣੀਆਂ ਗੁਰੂ ਨਾਨਕ ਦੇਵ ਨਾਲ ਜੋੜ ਕੇ ਸੁਣਾਉਂਦੇ ਰਹੇ ਹਨ, ਜਿਨ੍ਹਾਂ ਵਿਚੋਂ ਇੱਕ, ਗੁਰੂ ਨਾਨਕ ਵਲੋਂ ਭਾਈ ਮਰਦਾਨੇ ਨੂੰ ਆਖਣਾ, ਮਰਦਾਨਿਆ ਅੱਖਾਂ ਮੀਚ ਤੇ ਹਜਾਰਾਂ ਮੀਲਾਂ ਦਾ ਸਫਰ ਸਕਿੰਟਾਂ ਵਿਚ ਤੈਅ ਹੋ ਜਾਣਾ ਹੁੰਦਾ ਸੀ। ਅਜਿਹੀਆਂ ਕਥਾਵਾਂ ਅਤੇ ਸੁਣਾਉਣ ਵਾਲੇ ਦੇ ਕ੍ਰਿਸ਼ਮਈ ਅੰਦਾਜ਼ ਕਰਕੇ ਸ਼ਰਧਾਲੂਆਂ ਦੇ ਮਨ ਮਸਤਕ 'ਤੇ ਬੜਾ ਗਹਿਰਾ ਪ੍ਰਭਾਵ ਪੈਂਦਾ ਤੇ ਉਹ ਅਜਿਹੇ ਬਾਬਿਆਂ ਨੂੰ ਹੀ ਗੁਰੂ ਜੀ ਵਰਗੇ ਸਮਝਣ ਲੱਗ ਪੈਂਦੇ।

ਕੁਝ ਸਾਲ ਪਹਿਲਾਂ ਜਦ ਵਿਦਵਾਨ ਚਿੰਤਕਾਂ ਨੇ ਇਨ੍ਹਾਂ ਕਰਾਮਾਤੀ ਕਥਾਵਾਂ ਨੂੰ ਝੁਠਲਾ ਕੇ ਸਾਬਤ ਕੀਤਾ ਕਿ ਗੁਰੂ ਜੀ ਕਰਾਮਾਤਾਂ ਨਾਲ ਨਹੀਂ, ਸਗੋਂ ਤੁਰ ਤੁਰ ਕੇ ਪ੍ਰਚਾਰ ਕਰਦੇ ਰਹੇ ਸਨ, ਉਸ ਵੇਲੇ ਇਹ ਪੁਜਾਰੀ ਬਾਬੇ ਬੜਾ ਤੜਪੇ ਤੇ ਵਿਦਵਾਨਾਂ ਦਾ ਪੁਰਜੋਰ ਵਿਰੋਧ ਕਰਨ ਲਈ ਪ੍ਰਚਾਰ ਕਰਦੇ ਰਹੇ ਕਿ ਇਹ ਨਾਸਤਿਕ ਲੋਕ ਆਮ ਸ਼ਰਧਾਲੂਆਂ ਦੀ ਸ਼ਰਧਾ ਨਾਲ ਖਿਲਵਾੜ ਕਰਦੇ ਹਨ ਅਤੇ ਲੋਕਾਂ ਦੇ ਮਨਾਂ ਵਿਚੋਂ ਗੁਰੂ ਜੀ ਪ੍ਰਤੀ ਆਦਰ ਸਤਿਕਾਰ ਖਤਮ ਕਰਨ ਦੀ ਸਾਜਿਸ਼ ਕਰ ਰਹੇ ਹਨ; ਪਰ ਜਿਉਂ ਜਿਉਂ ਲੋਕਾਂ ਨੂੰ ਅਸਲੀਅਤ ਦੀ ਸਮਝ ਆਉਂਦੀ ਗਈ, ਲੋਕਾਂ ਵਿਚ ਗੁਰੂ ਜੀ ਪ੍ਰਤੀ ਅੰਨੀ ਸ਼ਰਧਾ ਦੀ ਥਾਂ ਸੱਚੀ ਸੁੱਚੀ ਸ਼ਰਧਾ, ਯਕੀਨ ਅਤੇ ਸਤਿਕਾਰ ਵਧਦਾ ਗਿਆ, ਕਿਉਂਕਿ ਹੁਣ ਉਨ੍ਹਾਂ ਨੂੰ ਗੁਰੂ ਜੀ ਦੀ ਅਸਲ ਮਹਾਨਤਾ ਦਾ ਪਤਾ ਲੱਗ ਗਿਆ ਸੀ ਕਿ ਉਨ੍ਹਾਂ ਦੇ ਗੁਰੂ ਲੋਕਾਂ ਵਿਚੋਂ ਅੰਧਵਿਸ਼ਵਾਸ ਅਤੇ ਭਰਮ ਭੁਲੇਖੇ ਦੂਰ ਕਰਨ ਵਾਸਤੇ ਕਿਸੇ ਬਾਹਰੀ ਗੈਬੀ ਸ਼ਕਤੀ ਦਾ ਆਸਰਾ ਨਹੀਂ ਸੀ ਲੈਂਦੇ, ਸਗੋਂ ਆਪਣੇ ਸੁਖ ਅਰਾਮ ਤਿਆਗ ਕੇ, ਪੈਦਲ ਬਿਖੜੇ ਪੈਂਡਿਆਂ 'ਤੇ ਚਲਦਿਆਂ ਅਤੇ ਬਹੁਤੀ ਵਾਰ ਅਣਕਿਆਸੀਆਂ ਮੁਸੀਬਤਾਂ ਖਿੜੇ ਮੱਥੇ ਸਹਾਰਦੇ ਮਨੁੱਖਤਾ ਨੂੰ ਸੱਚ ਦੇ ਰਾਹ 'ਤੇ ਤੋਰਨ ਲਈ ਸੱਚੀ ਸੁੱਚੀ ਕੁਰਬਾਨੀ ਕਰਦੇ ਰਹੇ ਸਨ।

ਇਸੇ ਤਰ੍ਹਾਂ ਇਨ੍ਹਾਂ ਪੁਜਾਰੀ ਬਾਬਿਆਂ ਵਲੋਂ ਆਪਣੇ ਚੇਲਿਆਂ ਦੀ ਗੁੱਝੀ ਮਿਲੀਭੁਗਤ ਨਾਲ ਆਪਣੇ ਆਪ ਨੂੰ ਤਿੰਨਾਂ ਲੋਕਾਂ ਦੇ ਜਾਣੀ ਜਾਣ ਤੇ ਅੰਤਰਯਾਮੀ ਹੋਣ ਦਾ ਭੁਲੇਖਾ ਪਾਉਣ ਲਈ ਗੁਰੂ ਜੀ ਨਾਲ ਅਜਿਹੀਆਂ ਕਥਾ ਕਹਾਣੀਆਂ ਜੋੜੀਆਂ ਜਾਂਦੀਆਂ ਰਹੀਆਂ ਹਨ, ਜਿਵੇਂ ਗੁਰੂ ਜੀ ਨੇ ਸੈਂਕੜੇ ਸਾਲ ਪਹਿਲਾਂ ਵਿਗਿਆਨ ਦੀਆਂ ਅਜਿਹੀਆਂ ਖੋਜਾਂ ਬਾਰੇ ਦਸ ਦਿੱਤਾ ਸੀ, ਜਦੋਂ ਕਿ ਵਿਗਿਆਨ ਅਜੇ ਪੈਦਾ ਹੀ ਨਹੀਂ ਸੀ ਹੋਇਆ। ਇਸ ਗੱਲ ਵਿਚ ਕੋਈ ਸੱਚਾਈ ਨਹੀਂ ਹੈ। ਗੁਰੂ ਜੀ ਨੇ ਪੂਰੀ ਮਿਹਨਤ ਨਾਲ ਉਸ ਵੇਲੇ ਦਾ ਗਿਆਨ ਹਾਸਲ ਕਰਕੇ ਲੋਕਾਂ ਨੂੰ ਜਾਗ੍ਰਿਤ ਕੀਤਾ। ਇਹ ਭਾਵੇਂ ਠੀਕ ਹੈ ਕਿ ਇੱਕ ਵੱਖਰੇ ਵਿਸ਼ੇ ਦੇ ਤੌਰ 'ਤੇ ਵਿਗਿਆਨ ਦੀ ਪੜ੍ਹਾਈ ਕੁਝ ਸੌ ਸਾਲ ਪਹਿਲਾਂ ਹੀ ਸ਼ੁਰੂ ਹੋਈ ਹੈ, ਪਰ ਮਨੁੱਖ ਵਿਚ ਵਿਗਿਆਨਕ ਦ੍ਰਿਸ਼ਟੀਕੋਣ ਦੀ ਹੋਂਦ ਮਨੁੱਖ ਜਿੰਨੀ ਹੀ ਪੁਰਾਣੀ ਹੈ। ਬੀਜ ਬੀਜ ਕੇ ਪੌਦੇ ਉਗਾਉਣ ਦੀ ਖੋਜ ਨੂੰ ਅਸੀਂ ਪਹਿਲੀ ਵਿਗਿਆਨਕ ਖੋਜ ਕਹਿ ਸਕਦੇ ਹਾਂ।

ਪੁਜਾਰੀ ਬਾਬਿਆਂ ਵਲੋਂ ਗੁਰੂ ਸਾਹਿਬਾਨ ਨਾਲ ਮਨੋਕਲਪਿਤ, ਅੰਧਵਿਸ਼ਵਾਸੀ ਅਤੇ ਕਰਾਮਾਤੀ ਕਥਾਵਾਂ ਜੋੜਨ ਦਾ ਮੰਤਵ ਸਾਨੂੰ ਗੁਰੂ ਸਾਹਿਬਾਨ ਦੀਆਂ ਅਸਲੀ ਸਿਖਿਆਵਾਂ ਤੋਂ ਦੂਰ ਕਰਕੇ, ਉਨ੍ਹਾਂ ਦੀ ਸਿਰਫ ਪੂਜਾ ਵੱਲ ਤੋਰ ਕੇ ਅੰਤ ਉਨ੍ਹਾਂ ਬਾਬਿਆਂ ਦੀ ਸ਼ਰਨ ਵਿਚ ਪਹੁੰਚਣ ਲਈ ਤਿਆਰ ਕਰਨਾ ਹੈ। ਇਸ ਲਈ ਇਹ ਨਿਰਣਾ ਕਰਨਾ ਹੈ ਕਿ ਅਸੀਂ ਗੁਰੂ ਸਾਹਿਬਾਨ ਦੀਆਂ ਸੱਚੀਆਂ ਸੁੱਚੀਆਂ ਸਿਖਿਆਵਾਂ 'ਤੇ ਚਲਣਾ ਹੈ ਜਾਂ ਇਨ੍ਹਾਂ ਪੁਜਾਰੀਆਂ ਦੀ ਲੁੱਟ ਦਾ ਸ਼ਿਕਾਰ ਬਣੇ ਰਹਿਣਾ ਹੈ!

# ਬਾਬਾ ਨਾਨਕ, ਚਿੰਤਾ ਅਤੇ ਚਿੰਤਨ

**ਅਵਤਾਰ ਗੋਂਦਾਰਾ**

ਬਾਬੇ ਨਾਨਕ ਦੇ 550 ਸਾਲਾ ਗੁਰਪੁਰਬ ਦੇ ਹਵਾਲੇ ਨਾਲ ਲੱਖਾਂ ਹੀ ਪ੍ਰਸ਼ੰਸਕਾਂ, ਸ਼ਰਧਾਲੂਆਂ, ਪ੍ਰਚਾਰਕਾਂ, ਵਿਆਖਿਆਕਾਰਾਂ, ਟੀਕਾਕਾਰਾਂ, ਕਥਾਕਾਰਾਂ ਅਤੇ ਉਨ੍ਹਾਂ ਦੀਆਂ ਸਿਖਿਆਵਾਂ ਜਾਣਨ ਦਾ ਦਾਅਵਾ ਕਰਨ ਵਾਲਿਆਂ ਦਾ ਲੰਬਾ ਸਿਲਸਿਲਾ ਹੈ, ਪਰ ਤ੍ਰਾਸਦੀ ਇਹ ਹੈ ਕਿ ਕਈ ਸਦੀਆਂ ਦੀ ਪ੍ਰਸ਼ੰਸਾ ਅਤੇ ਪ੍ਰਚਾਰ, ਪੈਰੋਕਾਰਾਂ ਦੇ ਅਮਲ ਵਿਚ ਰੁਪਾਂਤਰ ਹੋਇਆ ਦਿਖਾਈ ਨਹੀਂ ਦਿੰਦਾ। ਪੈਰੋਕਾਰਾਂ ਦੀ ਨਿੱਜੀ, ਪਰਿਵਾਰਕ ਅਤੇ ਪੇਸ਼ੇਵਰ ਜ਼ਿੰਦਗੀ ਬਾਕੀ ਲੋਕਾਂ ਵਾਂਗ ਦੁਨੀਆਂਦਾਰੀ ਦੇ ਰੰਗ ਵਿਚ ਰੰਗੀ ਰਹਿੰਦੀ ਹੈ। ਵੱਖਰੀ ਪਛਾਣ ਵੱਖਰੇ ਵਿਹਾਰ ਵਿਚੋਂ ਦਿਖਾਈ ਨਹੀਂ ਹੁੰਦੀ। ਵਾਹ ਵਿਚ ਆਏ ਕਿਸੇ ਗਾਹਕ ਕੋਲ ਰਹਿੰਦੇ ਗੁਆਂਢੀ ਨਾਲ ਕੰਮ ਕਰਦੇ ਸਹਿ-ਕਰਮੀ ਨੂੰ ਪਤਾ ਹੀ ਨਹੀਂ ਲੱਗਦਾ ਕਿ 'ਨਾਨਕ ਲੇਵਾ' ਦਿਸ ਰਿਹਾ ਬੰਦਾ ਉਸ ਨਾਲੋਂ ਵੱਖਰਾ ਹੈ। ਦੂਜਿਆਂ ਵਾਂਗ ਉਹ ਵੀ ਲਾਲਚ, ਕਰਮਕਾਂਡ, ਜਾਤ-ਹੰਕਾਰ, ਵਹਿਮਾਂ ਤੇ ਨਿੱਕੀਆਂ ਵੱਡੀਆਂ ਹੇਰਾ ਫੇਰੀਆਂ 'ਚ ਗ੍ਰੱਸਿਆ ਦਿਸਦਾ ਹੈ। ਉਹ ਇਕੋ ਵੇਲੇ ਨਸ਼ਾ ਵਿਰੋਧੀ ਮੁਹਿੰਮ 'ਚ ਵਧ ਚੜ੍ਹ ਕੇ ਹਿੱਸਾ ਲੈਂਦਾ ਹੈ ਅਤੇ ਕਈ ਕਈ ਲਿੱਕਰ ਸਟੋਰਾਂ ਦਾ ਮਾਲਕ ਵੀ ਹੋ ਸਕਦਾ ਹੈ।

ਸੁਆਲ ਹੈ ਕਿ ਅੱਜ ਦੁਨੀਆਂ ਭਰ ਵਿਚ ਫੈਲੇ ਕਰੋੜਾਂ 'ਨਾਨਕ ਨਾਮ ਲੇਵਾ ਪੈਰੋਕਾਰਾਂ' ਲਈ ਆਪਣੀ 'ਪਛਾਣ' ਹੀ ਮਸਲਾ ਕਿਉਂ ਬਣੀ ਹੋਈ ਹੈ? ਉਨ੍ਹਾਂ ਨੂੰ ਸਿੱਖ 'ਬਣਨ' ਨਾਲੋਂ ਸਿੱਖ 'ਦਿੱਸਣ' ਲਈ ਪ੍ਰਚਾਰ ਸਾਧਨਾਂ ਦੀ ਲੋੜ ਕਿਉਂ ਪੈ ਰਹੀ ਹੈ? ਕਰੋੜਾਂ ਪੈਰੋਕਾਰ ਆਪਣੀ ਗੱਲ ਦੂਜਿਆਂ ਤੱਕ ਪਹੁੰਚਾਣ ਵਿਚ ਅਸਮਰਥ ਕਿਉਂ ਹਨ, ਜੋ ਗੱਲ ਬਾਬਾ ਨਾਨਕ ਬਿਨਾ ਕਿਸੇ ਮੀਡੀਆ ਦੀ ਮਦਦ ਦੇ ਕਰ ਗਏ? 'ਗੁਰਾਂ ਦੇ ਨਾਂ' ਵਸਿਆ ਖਿੱਤਾ 'ਬੇਗਮਪੁਰਾ' ਕਿਉਂ ਨਹੀਂ ਬਣ ਸਕਿਆ?

ਕੀ ਬਾਕੀ ਧਰਮਾਂ ਵਾਂਗ ਬਾਬੇ ਨਾਨਕ ਦੇ ਮੱਤ ਨਾਲ ਇਹੀ ਨਹੀਂ ਵਾਪਰਿਆ? ਵਿਆਖਿਆਕਾਰ ਵਧੀਆ ਵਿਆਖਿਆ ਕਰਕੇ, ਪ੍ਰਚਾਰਕ ਆਪਣੇ ਪ੍ਰਭਾਵਸ਼ਾਲੀ ਪ੍ਰਵਚਨ ਰਾਹੀਂ, ਕੀਰਤਨੀਏ ਵਧੀਆ ਗਾਇਨ ਨਾਲ ਅਤੇ ਸ਼ਰਧਾਲੂ ਮੱਥਾ ਟੇਕ ਕੇ ਹੀ ਸੰਤੁਸ਼ਟ ਦਿਸਦੇ ਹਨ। ਪਾਠ ਨੂੰ ਪੜ੍ਹਨ, ਸਮਝਣ ਤੇ ਸਮਝ ਕੇ ਲਾਗੂ ਕਰਨ ਦੀ ਥਾਂ ਪੂਜਾ ਜਾਂ ਮੰਤਰ ਬਣਾ ਲਿਆ ਹੈ। ਬਾਬਾ ਨਾਨਕ ਆਪਣੇ ਸਮੇਂ ਦੀ ਹਰ ਗੱਲ 'ਤੇ ਪ੍ਰਸ਼ਨ ਕਰਦੇ ਹਨ, ਅਸੀਂ ਹਰ ਪ੍ਰਸ਼ਨ ਨੂੰ ਸ਼ਰਧਾ ਦੀ ਚਾਦਰ ਨਾਲ ਢਕ ਦਿੱਤਾ ਹੈ। ਪ੍ਰਸ਼ੰਸਾ ਤੇ ਸ਼ਰਧਾ ਨਾਲ ਚਿੰਤਨ ਨਹੀਂ ਹੁੰਦਾ। ਹੋ ਸਕਦਾ ਹੈ, ਪ੍ਰਸ਼ਨ 'ਗੁਰੂ' ਨੂੰ ਵੀ ਕਰਨਾ ਪੈ ਜਾਵੇ, ਜਿਵੇਂ ਬਾਬਾ ਨਾਨਕ ਪਾਂਧੇ ਨੂੰ ਕਰਦੇ ਹਨ।

ਬਾਬਾ ਨਾਨਕ ਦੇ ਦ੍ਰਿਸ਼ਟੀਕੋਣ ਦੀ ਥਾਹ ਪਾਏ ਬਿਨਾ ਆਮ ਬੰਦੇ ਦੇ ਧਰਮ ਨਾਲ ਰਿਸ਼ਤੇ ਨੂੰ ਸਮਝਣਾ ਕੁਥਾਂ ਨਹੀਂ ਹੋਵੇਗਾ। ਜਨਮ ਤੋਂ ਹੀ ਬੱਚਾ ਸਿੱਖ, ਮੁਸਲਿਮ, ਇਸਾਈ ਜਾਂ ਹਿੰਦੂ ਬਣਾ ਦਿੱਤਾ ਜਾਂਦਾ ਹੈ। ਉਸ ਦੇ ਵਿਚਾਰਾਂ ਅਤੇ ਜ਼ਮੀਰ ਦੀ ਆਜ਼ਾਦੀ 'ਤੇ ਪਹਿਲਾ ਹਮਲਾ ਪਰਿਵਾਰ ਵਲੋਂ ਹੁੰਦਾ ਹੈ। ਇਹ ਵਰਤਾਰਾ ਸਰਬ ਵਿਆਪੀ ਅਤੇ ਸਰਬ ਪ੍ਰਵਾਨਿਤ ਹੋਣ ਕਰਕੇ ਕਿਸੇ ਨੂੰ ਅੱਖਰਦਾ ਨਹੀਂ। ਪਰਿਵਾਰ ਹੀ ਉਸ ਨੂੰ ਇਸ ਜਾਂ ਉਸ 'ਗੁਰੂ' ਦੇ ਲੜ ਲੱਗਣ ਲਈ ਉਕਸਾਉਂਦਾ ਹੈ। ਉਸ ਨੂੰ ਆਪਣਾ 'ਚਿਰਾਗ' ਆਪ ਬਣਨ ਦੀ, ਸੋਚਵਾਨ ਬਣਾਉਣ ਦੀ ਥਾਂ ਉਧਾਰੀ ਰੌਸ਼ਨੀ ਵਿਚ ਵਿਚਰਨ ਦਾ ਆਦੀ ਬਣਾ ਦਿੱਤਾ ਜਾਂਦਾ ਹੈ।

ਪਰਿਵਾਰਾਂ ਦੀ ਇਹ ਰਵਾਇਤ ਬਾਬਾ ਨਾਨਕ ਨੂੰ ਰੜਕਦੀ ਹੈ। ਉਹ ਆਪਣਾ ਵਿਰੋਧ ਪਰਿਵਾਰ ਵੱਲੋਂ ਜਨੇਊ ਪਹਿਨਾਉਣ ਦੀ ਇੱਛਾ ਨੂੰ ਨਕਾਰਦਿਆਂ ਕਰਦੇ ਹਨ। ਪੁਸ਼ਤੈਨੀ ਸੰਸਕਾਰਾਂ ਦੇ ਖਿਲਾਫ ਖੜਦਿਆਂ ਉਹ ਵਿਚਾਰਾਂ ਦੀ ਨਿੱਜੀ ਚੋਣ ਦੀ ਆਜ਼ਾਦੀ ਦੇ ਹੱਕ ਨੂੰ ਬੁਲੰਦ ਕਰਦੇ ਹਨ। ਆਜ਼ਾਦੀ, ਜੋ ਹਰ ਕਿਸਮ ਦੇ ਚਿੰਤਨ ਦੀ ਪੂਰਵ ਸ਼ਰਤ ਹੈ। ਇਹੀ ਆਜ਼ਾਦੀ ਕਿਸੇ ਨੂੰ ਈਸਾ, ਹਜਰਤ ਮੁਹੰਮਦ ਅਤੇ ਬੁੱਧ ਬਣਨ ਲਈ ਸਹਾਈ ਹੁੰਦੀ ਹੈ। ਆਪੋ ਆਪਣੇ ਪਰਿਵਾਰਕ ਧਰਮਾਂ ਨੂੰ ਤਿਲਾਂਜਲੀ ਦੇ ਕੇ ਨਵੀਆਂ ਸੋਚਾਂ, ਨਵੀਂ ਦਿਸ਼ਾ ਦਿੱਤੀ। ਇਹ ਵੀ ਦਸਿਆ ਕਿ ਨਵੇਂ ਦੌਰ ਵਿਚ ਪੁਰਾਣੀਆਂ ਲੀਹਾਂ 'ਤੇ ਨਹੀਂ ਚੱਲਿਆ ਜਾ ਸਕਦਾ। ਮੌਲਿਕ ਅਤੇ ਵਿਲੱਖਣ ਹੋਣ ਦਾ ਇਹੀ ਅਰਥ ਹੈ-ਲੀਹ ਨੂੰ ਪਾੜ ਕੇ ਚੱਲਣਾ। ਬੇਸ਼ਕ ਇਹ ਵਿਲੱਖਣਤਾ ਮੋਢੀ ਗੁਰੂ ਜਾਂ ਪੈਗੰਬਰ ਤੱਕ ਸੀਮਿਤ ਹੋ ਜਾਂਦੀ ਹੈ। ਪੈਰੋਕਾਰ ਭਾਵੇਂ ਪੜ੍ਹਿਆ ਹੋਵੇ ਭਾਵੇਂ ਅਨਪੜ੍ਹ, ਉਸ ਦੀ ਨਿਰਣਾ-ਸ਼ਕਤੀ (Discriminating Faculty) ਸਦਾ ਲਈ ਕਰੰਡ ਹੋ ਜਾਂਦੀ ਹੈ।

ਇਸ ਪ੍ਰਥਾਏ ਆਰੀਆ ਸਮਾਜ ਦੇ ਪ੍ਰਸਿੱਧ ਮੋਢੀ ਸੁਆਮੀ ਦਯਾ ਨੰਦ ਦੀ ਮਿਸਾਲ ਬੜੀ ਦਿਲਚਸਪ ਹੈ। ਬਾਰਾਂ ਸਾਲ ਦੀ ਉਮਰ ਵਿਚ ਇੱਛਾ ਦੇ ਉਲਟ ਉਨ੍ਹਾਂ ਨੂੰ ਸ਼ਿਵਰਾਤਰੀ ਦਾ ਵਰਤ ਰਖਵਾ ਦਿੱਤਾ ਜਾਂਦਾ ਹੈ। ਮੰਦਿਰ ਵਿਚ ਪੁਜਾਰੀ ਅਤੇ ਵਰਤ ਰੱਖਣ ਵਾਲੇ ਸੌਂ ਗਏ। ਦਯਾਨੰਦ ਨਹੀਂ ਸੁੱਤੇ, ਕਿਉਂਕਿ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਸੌਣ ਨਾਲ ਫਲ ਨਹੀਂ ਮਿਲਦਾ। ਰਾਤ ਗਏ, ਦਯਾ ਨੰਦ ਨੇ ਦੇਖਿਆ ਕਿ ਸ਼ਿਵ ਦੀ ਮੂਰਤੀ 'ਤੇ ਚੂਹੀ ਚੜੀ ਫਿਰਦੀ ਹੈ। ਉਸ ਨੇ ਪਿਤਾ ਨੂੰ ਜਗਾਇਆ ਤੇ ਸੁਆਲ ਕੀਤਾ ਕਿ ਸ਼ਿਵ ਤਾਂ ਚੇਤਨ ਹੈ, ਚੂਹੀ ਕਿਵੇਂ ਚੜ ਗਈ? ਉਸ ਨੇ ਰੋਕਿਆ ਕਿਉਂ ਨਹੀਂ? ਬਾਲ ਦਯਾ ਨੰਦ ਦੇ ਮਨ ਵਿਚ ਕਿੰਤੂ ਉਠਿਆ ਕਿ ਜੋ ਸ਼ਿਵ ਆਪਣੇ ਆਪ ਨੂੰ ਚੂਹੀ ਤੋਂ ਨਹੀਂ ਬਚਾ ਸਕਦਾ, ਉਹ ਆਪਣੇ ਭਗਤਾਂ ਦੀ ਰਾਖੀ ਕਿਵੇਂ ਕਰ ਸਕੇਗਾ? ਇਸ ਘਟਨਾ ਨੇ ਉਸ ਨੂੰ 'ਸ਼ੈਵ ਮਤ' ਅਤੇ 'ਮੂਰਤੀ ਪੂਜਾ' ਦਾ ਸਦਾ ਲਈ ਵਿਰੋਧੀ ਬਣਾ ਦਿੱਤਾ। ਘਰ ਬਾਰ ਛੱਡ ਕੇ ਉਸ ਨੇ ਨਵੇਂ ਧਰਮ ਦੀ ਤਾਲਾਸ਼ ਕੀਤੀ ਅਤੇ 'ਆਰੀਆ ਸਮਾਜ' ਦੀ ਨੀਂਹ ਰੱਖੀ। ਇੱਥੇ ਸੁਆਲ ਇੱਕ ਧਰਮ ਵਜੋਂ ਆਰੀਆ ਸਮਾਜ ਦੇ ਸਹੀ ਜਾਂ ਗਲਤ ਹੋਣ ਦਾ ਨਹੀਂ, ਸਗੋਂ ਦਯਾਨੰਦ ਦੇ ਆਪਣਾ ਫੈਸਲਾ ਆਪ ਲੈਣ ਦੇ ਹੱਕ ਦਾ ਹੈ। ਜਿਵੇਂ ਬਾਕੀ ਧਰਮ ਦੇ ਮੋਢੀਆਂ ਨੇ ਕੀਤਾ।

ਪ੍ਰਸ਼ੰਸਾ ਤੇ ਪ੍ਰਚਾਰ ਨੇ ਬਾਬੇ ਨਾਨਕ ਅਤੇ ਪੈਰੋਕਾਰਾਂ ਵਿਚਾਲੇ ਵਿੱਥ ਖੜੀ ਕਰ ਦਿੱਤੀ ਹੈ। ਗੁਰੂ ਨਾਲ ਤੁਸੀਂ ਸੰਵਾਦ ਨਹੀਂ ਰਚਾ ਸਕਦੇ। ਸੁਆਲ-ਜੁਆਬ ਨਹੀਂ ਕਰ ਸਕਦੇ। ਸਿਰਫ ਸਿਰ ਝੁਕਾਉਣਾ ਹੁੰਦਾ ਹੈ। ਕਹੇ ਨੂੰ ਮੰਨਣਾ ਹੁੰਦਾ ਹੈ। ਝੁਕਣ ਵਿਚ ਹਲੀਮੀ ਨਹੀਂ, ਸਜ਼ਾ ਜਾਂ ਦੁਰਕਾਰੇ ਜਾਣ ਦਾ ਡਰ ਲੁਕਿਆ ਹੁੰਦਾ ਹੈ। ਬਾਬੇ ਨਾਨਕ ਨੇ ਅਜਿਹੇ ਲਾਈਲੱਗ ਤੇ ਝੁਕੇ ਹੋਏ ਸਿਰਾਂ ਵਾਲੇ ਪੈਰੋਕਾਰਾਂ ਦੀ ਕਲਪਨਾ ਨਹੀਂ ਸੀ ਕੀਤੀ। ਉਹ ਤਾਂ 'ਰੱਬ' ਤੋਂ ਵੀ ਡਰਨ ਦੇ ਹੱਕ ਵਿਚ ਨਹੀਂ, ਜਿਸ ਨੂੰ 'ਬਾਬਰ ਬਾਣੀ' ਵਿਚ ਦੋਸਤਾਂ ਵਾਂਗ ਉਲਾਭਾਂ ਦਿੰਦੇ ਹਨ। ਡਰਿਆ ਹੋਇਆ ਪੈਰੋਕਾਰ ਆਪਣੀ ਹੋਣੀ ਦਾ ਆਪ ਮਾਲਕ ਨਹੀਂ ਬਣ ਸਕਦਾ, ਆਵਦੇ ਬਲਬੂਤੇ ਫੈਸਲੇ ਨਹੀਂ ਲੈ ਸਕਦਾ। ਆਪਣੀ ਬਹਾਦਰੀ ਦੀਆਂ ਅਸੀਂ ਲੱਖ ਟਾਹਰਾਂ ਮਾਰੀਏ, ਅਸੀਂ ਡਰੇ ਹੋਏ ਪੰਜਾਬੀ (ਸਿੱਖ) ਹਾਂ। ਇਸ ਡਰ ਦਾ ਸਬੂਤ ਇਹ ਹੈ ਕਿ 'ਨਾਨਕ ਨਾਮ ਲੇਵਾ' ਜੀਵ 'ਗੁਰਾਂ ਦੇ ਨਾਂ' 'ਤੇ ਵਸੇ ਇਸ ਖਿੱਤੇ ਨੂੰ ਛੱਡ ਕੇ ਆਨੀ ਬਹਾਨੀ ਪਰਵਾਸ ਲਈ ਤਰਲੋ ਮੱਛੀ ਹੋ ਰਹੇ ਹਨ। ਉਨ੍ਹਾਂ ਨੂੰ ਪਤਾ ਨਹੀਂ ਲੱਗ ਰਿਹਾ ਕਿ ਉਹ ਆਪਣੀ ਭਾਸ਼ਾ, ਸਭਿਆਚਾਰ, ਸਿਆਸਤ, ਧਰਤੀ ਅਤੇ ਵਾਤਾਵਰਣ ਦਾ ਕੀ ਕਰਨ? ਕੁਝ ਆਪੂ ਬਣੇ ਦੇਸੀ-ਵਿਦੇਸ਼ੀ ਚਿੰਤਕਾਂ ਨੇ ਉਨ੍ਹਾਂ ਨੂੰ 'ਧਰਮ' ਅਤੇ 'ਕੌਮ' ਦੇ ਸੰਕਲਪਾਂ ਦੇ ਭੰਬਲਭੂਸੇ 'ਚ ਪਾ ਕੇ ਸਿਆਸੀ ਤੌਰ 'ਤੇ ਹੱਥਲ ਕਰ ਦਿੱਤਾ ਹੈ।

ਇਸ ਭੰਬਲਭੂਸੇ 'ਚੋਂ ਨਿਕਲਣ ਲਈ ਚਿੰਤਨ ਦੀ ਲੋੜ ਹੈ ਅਤੇ ਚਿੰਤਨ ਲਈ ਆਲੋਚਨਾਤਮਕ ਹੋਣਾ, ਸੁਆਲ ਕਰਨੇ ਜਰੂਰੀ ਹਨ। ਸੁੱਕੀ ਪ੍ਰਸ਼ੰਸਾ ਅਤੇ ਸ਼ਰਧਾ ਹੋਰ ਪਾਸੇ ਲੈ ਜਾਂਦੇ ਹਨ। ਬਾਬਾ ਨਾਨਕ ਜੀ ਕਿਸੇ ਦੀਆਂ ਸਿਫਤਾਂ ਦੇ ਮੁਥਾਜ ਨਹੀਂ। ਬਾਬੇ ਨਾਨਕ ਨੂੰ ਸਮਝਣ ਲਏ, ਸ਼ਰਧਾ ਨਹੀਂ, ਸੰਵਾਦ ਦੀ ਲੋੜ ਹੈ। ਜਾਂ ਕਹੀਏ ਪਾਠ (Study) ਦੀ ਲੋੜ ਹੈ। ਪ੍ਰਚਾਰਕ ਬਾਬੇ ਨਾਨਕ ਵਲੋਂ ਜਨੇਊ ਨਾ ਪਾਉਣ, ਪਾਂਧੇ ਨਾਲ ਸੁਆਲ-ਜੁਆਬ ਦੀ ਚਰਚਾ ਤਾਂ ਕਰਦੇ ਹਨ, ਪਰ ਉਸ ਪਿੱਛੇ ਕੰਮ ਕਰਦੀ 'ਚੋਣ ਦੀ ਆਜ਼ਾਦੀ' ਦੀ ਗੱਲ ਨਹੀਂ ਕਰਦੇ, ਜਿਸ ਦੀ ਅਜੋਕੇ ਸਮੇਂ ਵਿਚ ਬੜੀ ਅਹਿਮੀਅਤ ਹੈ। 'ਆਜ਼ਾਦੀ ਦੀ ਚੋਣ' ਵਿਚ ਦਖਲ ਪਰਿਵਾਰ, ਸਰਕਾਰ ਜਾਂ ਭਾਈਚਾਰੇ 'ਚੋਂ ਕਿਸੇ ਦਾ ਹੋਵੇ, ਉਹ ਬਾਬੇ ਨਾਨਕ ਦੀ ਪਹੁੰਚ ਨਾਲ ਮੇਲ ਨਹੀਂ ਖਾਂਦਾ।

ਬਾਬੇ ਨਾਨਕ ਦੀ ਕਿਸੇ ਵੀ ਬਾਣੀ ਵਿਚ ਪਿਛਲੱਗ ਬਣਨ ਲਈ ਪ੍ਰੇਰਿਤ ਕਰਨ ਦਾ ਹਵਾਲਾ ਨਹੀਂ ਮਿਲਦਾ। ਉਹ ਹਰ ਮਨ ਨੂੰ 'ਮੂਲ ਪਛਾਣਨ' ਦੀ ਨਸੀਹਤ ਦਿੰਦੇ ਹਨ। ਮੂਲ ਦੀ ਇਸ ਖੋਜ 'ਤੇ ਨਿਕਲਿਆ ਬੰਦਾ ਜਰੂਰੀ ਨਹੀਂ ਪੁਸ਼ਤੈਨੀ ਜਾਂ ਮਾਂ-ਪਿਉ ਵਲੋਂ ਮਿਲੇ ਸੰਸਕਾਰਾਂ ਦਾ ਹੀ ਪੈਰੋਕਾਰ ਬਣੇ। ਉਹ ਆਪਣੇ ਬਣਾਏ ਜਾਂ ਕਿਸੇ ਹੋਰ ਮੱਤ ਜਾਂ ਵਿਸ਼ਵਾਸ ਦਾ ਵੀ ਧਾਰਨੀ ਹੋ ਸਕਦਾ ਹੈ। ਉਨ੍ਹਾਂ ਨੇ ਬੰਦੇ ਦੇ ਇਸ ਹੱਕ ਦੀ ਪੈਰਵੀ ਕੀਤੀ ਅਤੇ ਨਵੇਂ 'ਨਾਨਕ ਮੱਤ' ਦੇਣ ਦੀ ਨੀਂਹ ਰੱਖੀ। ਕੀ ਅਸੀਂ ਇਹ ਹੱਕ ਆਪਣੇ ਬੱਚਿਆਂ ਨੂੰ ਦੇਣ ਲਈ ਤਿਆਰ ਹਾਂ, ਜਿਵੇਂ ਬਾਬੇ ਨਾਨਕ ਨੇ ਲਿਆ?

ਦੂਜੀ ਗੱਲ ਦ੍ਰਿਸ਼ਟੀਕੋਣ ਦੀ ਹੈ। ਪਾਂਧੇ ਨਾਲ ਵਿਵਾਦ ਕਿਉਂ ਹੁੰਦਾ ਹੈ? ਪਾਂਧਾ ਰਵਾਇਤ ਅਤੇ ਰੂੜ੍ਹੀ ਦਾ ਚਿੰਨ੍ਹ ਹੈ। ਉਹ ਉਹੀ ਪੱਟੀ ਪੜ੍ਹਾਉਂਦਾ ਹੈ, ਜੋ ਸਦੀਆਂ ਤੋਂ ਚੱਲੀ ਆ ਰਹੀ ਹੈ। ਪਾਂਧਾ ਭਾਰੂ ਵਿਚਾਰਾਂ ਦੇ ਸੰਚੇ ਵਿਚ ਬਾਬਾ ਜੀ ਨੂੰ ਢਾਲਣਾ ਚਾਹੁੰਦਾ ਹੈ। ਬਾਬਾ ਜੀ ਕਈ ਗੱਲਾਂ 'ਤੇ ਕਿੰਤੂ ਕਰਦੇ ਹਨ, ਸੁਆਲ ਪੁੱਛਦੇ ਹਨ, ਜਿਨ੍ਹਾਂ ਦਾ ਪਾਂਧੇ ਕੋਲ ਕੋਈ ਜੁਆਬ ਨਹੀਂ। ਉਹ ਆਪਣਾ ਦ੍ਰਿਸ਼ਟੀਕੋਣ ਆਪ ਘੜਦੇ ਹਨ, ਬਣੇ ਬਣਾਏ ਜੁਆਬਾਂ ਦੀ ਥਾਂ ਜੁਆਬ ਆਪ ਲੱਭਦੇ ਹਨ, ਉਦਾਸੀਆਂ 'ਤੇ ਜਾਂਦੇ ਹਨ। ਉਹ ਕਿਸੇ 'ਗੁਰੂ' ਦੇ ਲੜ ਲੱਗਣ ਦੀ ਥਾਂ ਆਪਣਾ ਚਿਰਾਗ ਆਪ ਬਣਦੇ ਹਨ। ਉਹ ਕਿਸੇ ਦੇ ਪੈਰੋਕਾਰ ਨਹੀਂ ਬਣਦੇ। ਉਹ ਚਾਹੁੰਦੇ ਹਨ, ਬੰਦਾ ਉਧਾਰੇ ਵਿਚਾਰਾਂ ਜਾਂ ਜੁਆਬਾਂ ਦੀ ਥਾਂ, ਉਨ੍ਹਾਂ ਨੂੰ ਆਪ ਲੱਭੇ, ਉਨ੍ਹਾਂ ਲਈ ਆਪ ਖੌਝਲੇ। ਅਸੀਂ ਖੌਝਲਣ ਦੀ ਥਾਂ ਬਾਬੇ ਨਾਨਕ ਨੂੰ ਹਾਕਾਂ ਮਾਰਦੇ ਹਾਂ, ਸੁਆਲ ਮੇਰੇ ਹਨ, ਆ ਕੇ ਜੁਆਬ ਦੇਵੋ।

ਤੀਜੀ ਗੱਲ ਜਨੇਊ ਪਹਿਨਣ ਤੋਂ ਇਨਕਾਰ ਕਰਨ ਦੀ ਹੈ। ਹਰ ਦੌਰ ਵਿਚ ਸਥਾਪਤੀ ਆਪਣੀ ਸੱਤਾ ਬਣਾਈ ਰੱਖਣ ਲਈ ਪੁਲਿਸ ਅਤੇ ਜੇਲ੍ਹਾਂ ਹੀ ਨਹੀਂ, ਮਰਯਾਦਾ ਦੇ ਅਣਦਿਸਦੇ ਸੰਗਲਾਂ ਨਾਲ ਬੰਦੇ ਦੀ ਜ਼ਮੀਰ ਨੂੰ ਜਕੜਦੀ ਹੈ। ਇਸ ਮਾਨਸਿਕ ਗੁਲਾਮੀ ਦਾ ਕਿਸੇ ਵੀ ਧਰਮ ਦੇ ਪੈਰੋਕਾਰ ਨੂੰ ਅਹਿਸਾਸ ਹੀ ਨਹੀਂ ਹੁੰਦਾ। ਦੂਜੇ ਧਰਮਾਂ ਦੇ ਚਿੰਨ੍ਹਾਂ ਦੀ ਖਿਲੀ ਉਡਾਉਂਦਿਆਂ ਆਪਣੇ ਧਰਮ ਦੇ ਚਿੰਨਾਂ ਦਾ ਮਹਿਮਾਗਾਨ ਕੀਤਾ ਜਾਂਦਾ ਹੈ। ਕੀ ਮਰਯਾਦਾ ਇਕੱਲੀ ਜਨੇਊ ਪਹਿਨਣ ਵਿਚ ਹੀ ਹੈ, ਪੱਗ ਬੰਨਣ, ਕੱਕਾਰ ਪਹਿਨਣ ਜਾਂ ਕੇਸਾਧਾਰੀ ਹੋਣ ਵਿਚ ਨਹੀਂ? ਰੌਲਾ ਚਿੰਨ੍ਹਾਂ ਦਾ ਹੈ। ਬਾਬਾ ਨਾਨਕ ਚਿੰਨ੍ਹ ਵਜੋਂ ਵਰਤੇ ਜਾਂਦੇ ਜਨੇਊ ਦੀ ਵਿਅਰਥਤਾ 'ਤੇ ਚੋਟ ਕਰਦੇ ਹਨ। ਚਿੰਨ੍ਹ ਕੋਈ ਵੀ ਹੋਵੇ, ਦਿਖਾਵਾ ਹੈ। ਕਿਸੇ ਵਿਅਕਤੀ ਦੀ ਤਸਵੀਰ, ਉਸ ਵਿਅਕਤੀ ਦਾ ਥਾਂ ਨਹੀਂ ਲੈ ਸਕਦੀ। ਬਾਬਾ ਨਾਨਕ ਦਿਖਾਵੇ ਦੀ ਥਾਂ ਚਿੰਨ੍ਹਤ ਹੋ ਰਹੇ ਅਸੂਲਾਂ ਨੂੰ ਕਿਰਦਾਰ ਵਿਚ ਰਮਿਆ ਦੇਖਣ ਦੇ ਮੁੱਦਈ ਹਨ। ਮਿਸਾਲ ਵਜੋਂ, ਜੇ ਜ਼ਿੰਦਗੀ ਵਿਚ ਸਵੈ-ਸੰਜਮ ਨਹੀਂ, ਫਿਰ ਲੋਹੇ ਦੇ ਕੜੇ ਦਾ ਵੀ ਕੀ ਅਰਥ? ਸੋਨੇ ਦੇ ਪਾਏ ਕੜੇ ਤੇ ਗਹਿਣੇ ਕਿਸ ਮਰਯਾਦਾ ਦਾ ਪਤਾ ਦਿੰਦੇ ਹਨ?

ਸਾਡੇ ਨਾਲ ਇਹੀ ਵਾਪਰ ਰਿਹਾ ਹੈ। ਅਸੀਂ ਬਾਬੇ ਨਾਨਕ ਵਾਂਗ ਆਪਣਾ ਚਿਰਾਗ ਆਪ ਬਣਨ ਦੀ ਥਾਂ ਪ੍ਰਸ਼ੰਸਕ, ਸਰੋਤਾ, ਸਤਹੀ ਪੈਰੋਕਾਰ ਬਣਨ ਦਾ ਸੌਖਾ ਰਾਹ ਅਪਨਾ ਲਿਆ ਹੈ। ਫੈਸਲਾ ਕਰਨ 'ਤੇ ਨਿਕਲਣ ਵਾਲੇ ਸਿੱਟਿਆਂ ਦੀ ਜਿੰਮੇਵਾਰੀ ਨਹੀਂ ਲੈਣੀ। ਸਾਰਾ ਕੁਝ 'ਗੁਰੂ', 'ਰੱਬ' ਜਾਂ 'ਅੱਲਾ' 'ਤੇ ਹੀ ਸੁੱਟ ਦਿੱਤਾ ਜਾਂਦਾ ਹੈ। ਭੁੱਲ ਬਖਸ਼ਾ ਲਈ ਜਾਂਦੀ ਹੈ। ਸ਼ਰਧਾ ਦੇ ਇਸ ਵਹਿਣ ਵਿਚ ਵਹਿ ਕੇ ਪੈਰੋਕਾਰਾਂ ਨੇ ਆਪਣੇ ਬੱਚਿਆਂ ਵਿਚਲੇ 'ਨਾਨਕ' ਦੇ ਵਿਗਸਣ ਦੀਆਂ ਸੰਭਾਵਨਾਵਾਂ ਨੂੰ ਸਦਾ ਲਈ ਖਤਮ ਕਰ ਲਿਆ ਹੈ। ਨਾਨਕ, ਜੋ ਸੁਆਲ ਕਰਦਾ ਹੈ, ਪਿੱਤਰੀ ਬਿਜਨਸ ਮਾਡਲ ਨੂੰ ਨਹੀਂ ਮੰਨਦਾ, ਜੋ ਸਥਾਪਤੀ ਨੂੰ ਚੁਣੌਤੀ ਦਿੰਦਾ ਹੈ, ਸੱਤਾ ਨੂੰ ਲਲਕਾਰਦਾ ਹੈ। ਅਜੋਕੇ ਪੰਜਾਬ ਦੇ ਪਤਨ ਦੀਆਂ ਜੜ੍ਹਾਂ ਇਸੇ ਪਹੁੰਚ ਦੀ ਗੈਰਹਾਜਰੀ ਵਿਚ ਲੱਭੀਆਂ ਜਾ ਸਕਦੀਆਂ ਹਨ।

ਬਾਕੀ ਧਰਮਾਂ ਦੇ ਪੈਰੋਕਾਰਾਂ ਵਾਂਗ ਬਾਬੇ ਨਾਨਕ ਦੇ ਪੈਰੋਕਾਰਾਂ ਦੇ ਕੱਥ ਤੇ ਕਰਨੀ ਵਿਚਲਾ ਪਾੜਾ ਜੱਗ ਜਾਹਰ ਹੈ। ਸ਼ਾਇਦ ਇਸੇ ਲਈ ਦੱਖ ਦੀ ਹੋ ਰਹੀ ਅਣਦੇਖੀ ਨੂੰ ਲੁਕੋਣ ਲਈ ਦਿੱਖ ਅਤੇ ਮਰਯਾਦਾ 'ਤੇ ਬਹੁਤਾ ਬਲ ਦਿੱਤਾ ਜਾਂਦਾ ਹੈ। ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੋਚ-ਵਿਚਾਰ ਦੀ, ਗੋਸ਼ਟ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ ਜਾਂਦੀ।

ਮੌਜੂਦਾ ਝਿਲਣ 'ਚੋਂ ਨਿਕਲਣ ਲਈ ਆਪਣੇ ਅੰਦਰ ਸੁੱਤੇ ਪਏ 'ਨਾਨਕ' ਨੂੰ ਜਗਾਉਣ ਦੀ ਅਣਸਰਦੀ ਲੋੜ ਹੈ। ਬਾਬੇ ਨਾਨਕ ਵਾਂਗ ਹਰ ਮਾੜੀ ਗੱਲ ਲਈ ਬਾਹਰਲਿਆਂ ਨੂੰ ਹੀ ਨਹੀਂ, ਘਰਦਿਆਂ ਨੂੰ ਵੀ ਸੁਆਲ ਕਰੀਏ। ਬਾਬੇ ਨਾਨਕ ਨੇ ਆਪਣੇ ਹਿੱਸੇ ਦਾ ਕਾਰਜ ਕਰ ਦਿੱਤਾ ਹੈ, ਅਸੀਂ ਆਪਣੇ ਹਿੱਸੇ ਦੀ ਜਿੰਮੇਵਾਰੀ ਚੁੱਕੀਏ। ਬੱਚਿਆਂ ਵਾਂਗ ਨਿੱਕੀਆਂ ਨਿੱਕੀਆਂ ਸਮੱਸਿਆ ਲਈ ਅਗਵਾਈ ਅਤੇ ਬਖਸ਼ਿਸ਼ ਦੀ ਆਸ ਨਾ ਕਰੀਏ। ਇਹ ਨਿਓਟਿਆਂ, ਨਿਆਸਰੇ ਪੈਰੋਕਾਰਾਂ ਦਾ ਯੁਗ ਨਹੀਂ, ਬਾਬੇ ਨਾਨਕ ਵਾਂਗ ਆਪਣਾ ਗੁਰੂ ਆਪ ਬਣਨ ਤੇ ਆਪਣੇ ਪੈਰਾਂ 'ਤੇ ਖੜੇ ਹੋਣ ਵਾਲਿਆਂ ਦਾ ਯੁੱਗ ਹੈ।

## ਸਾਂਝਾ ਪੰਜਾਬ — ਕਾਵਿ-ਜਗਤ

ਵਗਦੇ ਸੀ ਚਾਂਦੀ ਰੰਗੇ
ਜਿੱਥੇ ਝਨਾਂ ਤੇ ਚਨਾਬ।
ਜੇਹਲਮ, ਸਤਲੁਜ, ਰਾਵੀ
ਕਦੇ ਹੁੰਦਾ ਸੀ ਪੰਜਾਬ।

ਪੋਠੋਹਾਰ ਝੰਗ ਸਾਂਦਲ
ਨਰਮੇ ਲੱਦੀਆਂ ਸੀ ਬਾਰਾਂ।
ਛੈਲ ਛਬੀਲੇ ਅਣਖੀਲੇ
ਤੇ ਮਾਰਦੇ ਸੀ ਟਾਹਰਾਂ।

'ਕੱਠੇ ਵਸਦੇ ਸੀ ਘੁੱਗ
ਰਲ ਮਾਰਦੇ ਸੀ ਮਾਰਾਂ।
ਖਾਣਾ ਪੀਣਾ ਸੀ ਸਾਂਝਾ
ਹੰਢਾਉਂਦੇ ਸੀ ਬਹਾਰਾਂ।

ਦੁੱਖ ਸੁੱਖ ਸੀ ਸਾਡੇ ਸਾਂਝੇ
ਜੰਮਣੇ-ਮਰਨੇ ਦੇ ਸੁਦ।
ਜਿੱਤਾਂ-ਹਾਰਾਂ ਸੀ ਮਨਾਉਂਦੇ
ਬਹਿੰਦੇ ਹੁੱਬ ਹੁੱਬ ਖੁਦ।

ਗਾਏ ਮਿਰਜ਼ਾ-ਸਾਹਿਬਾਂ
ਹੀਰ ਸਿਆਲ ਦੇ ਕਿੱਸੇ।
ਹੰਢਾਏ ਦੁੱਖ ਸੱਸੀ-ਪੁੰਨੂੰ
ਸੋਹਣੀ-ਮਹੀਂਵਾਲ ਹਿੱਸੇ।

ਕਾਫੀ ਹੁਸੈਨ, ਬੁੱਲ੍ਹੇ ਸ਼ਾਹ
ਸ਼ਾਹ ਮੁਹੰਮਦ ਦੀ ਵਾਰ।

ਹੀਰ ਵਾਰਸ ਸ਼ਾਹ ਯਾਰੋ
ਪੰਜਾਬੀ ਦਾ ਪਿਆਰ।

ਬਾਬਾ ਨਾਨਕ ਪਿਆਰਾ
ਵੰਡੇ ਨਾਮ ਦੇ ਪਿਆਲੇ।
ਸਰਬ ਧਰਮਾਂ ਦਾ ਸਾਂਝਾ
ਹੈਗਾ ਸਰਬੰ ਦਿਆਲੇ।

ਜੋਗੀਆਂ, ਪੀਰਾਂ, ਫਕੀਰਾਂ
ਗੁਰੂਆਂ ਦੀ ਹੈ ਧਰਤੀ।
ਹੈ ਰਾਖੀ ਹਿੰਦੋਸਤਾਨ ਦੀ
ਜ਼ੁਲਮ ਨਾ ਕਦੇ ਜਰਦੀ।

ਮਸਜਿਦ, ਮੰਦਿਰ ਪੂਜਦੇ
ਠਾਕੁਰ ਸ਼ਿਵਦੁਆਲੇ।
ਜਾਂਦੇ ਰੋਜ਼ ਗੁਰਦੁਆਰੇ
ਪਰਿਕਰਮਾ ਗ੍ਰੰਥ ਦੁਆਲੇ।

ਰਣਜੀਤ ਸਿੰਘ ਦਾ ਰਾਜ
ਸੀਗਾ ਏਕਤਾ ਦਾ ਮੁੱਢ।
ਬੜ੍ਹਕ ਸੁਣ ਫਿਰ ਸਾਡੀ
ਵੈਰੀ ਵੜ ਜਾਂਦੇ ਖੁੱਡ।

ਹਿੰਦੂ, ਸਿੱਖ ਤੇ ਮੁਸਲਿਮ
ਵਸਦੇ ਅਮਨ ਤੇ ਚੈਨ।
ਨਾ ਸੀ ਚੋਰੀ ਸੀਨਾ ਜੋਰੀ
ਨਿਸਚਿੰਤ ਦਿਨ-ਰੈਣ।

ਫਿਰ ਆਣ ਕੇ ਫਿਰੰਗੀ
ਤੱਕਲਾ ਸੇਹ ਦਿੱਤਾ ਗੱਡ।
ਮਰੇ ਭਾਈਆਂ ਹੱਥੋਂ ਭਾਈ
ਲਾਲਚਾਂ ਨੇ ਕੱਟ ਵੱਢ।

ਖੁਸ ਗਿਆ ਫਿਰ ਯਾਰੋ
ਕਹਿੰਦੇ ਸਾਡਾ ਸਵਰਾਜ।
ਪੰਜਾਬੀ ਹੋ ਗਏ ਗੁਲਾਮ
ਫਾਹੇ ਆਣ ਸਾਮਰਾਜ।

ਲੜੇ ਅਜ਼ਾਦੀ ਦੀ ਲੜਾਈ
ਰਲ ਫਾਂਸੀ ਰੱਸੇ ਚੁੰਮੇ।
ਹੋ ਕੇ ਇਕੱਠਿਆਂ ਨਿਭਾਏ
ਫਰਜ਼ ਜੋ ਲੱਗੇ ਜੁੰਮੇ।

ਖੂਨੀ ਦੌਰ ਪਾਇਆ ਗਲ
ਵੱਢ ਵੱਢ ਲਾਏ ਢੇਰ।
ਲੁੱਟੇ ਪੁੱਟੇ ਛੱਡੇ ਘਰ ਬਾਰ
ਕੰਗਾਲੀ ਲਿਆ ਘੇਰ।

ਲੈ ਲਈ ਲੰਗੜੀ ਅਜ਼ਾਦੀ
ਸਣੇ ਫਿਰਕਾਪ੍ਰਸਤੀ।
ਬਣਾਏ ਲਾਠੀਆਂ ਦੇ ਗਜ
ਲੁੱਟੀ ਨੇਤਾਵਾਂ ਨੇ ਮਸਤੀ।

*-ਸੇਵਾ ਸਿੰਘ ਨੂਰਪੁਰੀ ਸੈਨ ਹੋਜ਼ੇ।*

## ਬਖਸਿ ਮਿਲਾਵਹੁ ਨਾਨਕ ਜਗ ਅੰਧ

**ਗੁਰਬਾਣੀ ਗਿਆਨ**

**ਰਾਮਕਲੀ ਮਹਲਾ ੫**
ਸਿੰਚਹਿ ਦਰਬੁ ਦੇਹਿ ਦੁਖੁ ਲੋਗ॥
ਤੇਰੈ ਕਾਜਿ ਨ ਅਵਰਾ ਜੋਗੁ॥
ਕਰਿ ਅਹੰਕਾਰੁ ਹੋਇ ਵਰਤਹਿ ਅੰਧ॥
ਜਮ ਕੀ ਜੇਵੜੀ ਤੂ ਆਗੈ ਬੰਧ॥
ਛਾਡਿ ਵਿਡਾਣੀ ਤਾਤਿ ਮੂੜੇ॥
ਈਹਾ ਬਸਨਾ ਰਾਤਿ ਮੂੜੇ॥
ਮਾਇਆ ਕੇ ਮਾਤੇ ਤੈ ਉਠਿ ਚਲਨਾ॥
ਰਾਚਿ ਰਹਿਓ ਤੂੰ ਸੰਗਿ ਸੁਪਨਾ॥ ਰਹਾਉ॥
ਬਾਲ ਬਿਵਸਥਾ ਬਾਰਿਕੁ ਅੰਧ॥
ਭਰਿ ਜੋਬਨਿ ਲਾਗਾ ਦੁਰਗੰਧ॥
ਤ੍ਰਿਤੀਅ ਬਿਵਸਥਾ ਸਿੰਚੇ ਮਾਇ॥
ਬਿਰਧਿ ਭਇਆ ਛੋਡਿ ਚਲਿਓ ਪਛੁਤਾਇ॥
ਚਿਰੰਕਾਲ ਪਾਈ ਦ੍ਰੁਲਭ ਦੇਹ॥
ਨਾਮ ਬਿਹੂਣੀ ਹੋਈ ਖੇਹ॥
ਪਸੂ ਪਰੇਤ ਮੁਗਧ ਤੇ ਬੁਰੀ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ॥
ਸੁਣਿ ਕਰਤਾਰ ਗੋਵਿੰਦ ਗੋਪਾਲ॥
ਦੀਨ ਦਇਆਲ ਸਦਾ ਕਿਰਪਾਲ॥
ਤੁਮਹਿ ਛਡਾਵਹੁ ਛੁਟਕਹਿ ਬੰਧ॥
ਬਖਸਿ ਮਿਲਾਵਹੁ ਨਾਨਕ ਜਗ ਅੰਧ॥

ਗੁਰੂ ਅਰਜਨ ਦੇਵ ਆਖਦੇ ਹਨ, ਹੇ ਮੂਰਖ ਇਨਸਾਨ, ਤੂੰ ਧਨ ਇਕੱਠਾ ਕਰੀ ਜਾਨਾਂ ਅਤੇ ਇਸ ਦੇ ਉਦਮ ਵਿਚ ਲੋਕਾਂ ਨੂੰ ਦੁਖ ਦਿੰਨਾਂ, ਪਰ ਮੌਤ ਆਉਣ 'ਤੇ ਇਹ ਧਨ ਤੇਰੇ ਕੰਮ ਨਹੀਂ ਆਉਣਾ, ਹੋਰਾਂ ਜੋਗਾ ਹੀ ਰਹਿ ਜਾਊ। ਹੇ ਮੂਰਖ ਇਸ ਧਨ ਦਾ ਮਾਣ ਕਰ ਕੇ, ਧਨ ਦੇ ਨਸ਼ੇ ਵਿਚ ਅੰਨਾ ਹੋ ਕੇ ਤੂੰ ਲੋਕਾਂ ਨਾਲ ਬੁਰਾ ਵਿਹਾਰ ਕਰਦਾ ਹੈਂ, ਜਦੋਂ ਮੌਤ ਦੀ ਜੇਵੜੀ ਫਾਹੀ ਤੇਰੇ ਗਲ ਵਿਚ ਪਾ ਕੇ ਤੈਨੂੰ ਪਰਲੋਕ ਲੈ ਜਾਣਗੇ ਤਾਂ ਧਨ ਇਥੇ ਹੀ ਰਹਿ ਜਾਏਗਾ।

ਛਾਡਿ ਵਿਡਾਣੀ ਤਾਤਿ ਮੂੜੇ॥
ਈਹਾ ਬਸਨਾ ਰਾਤਿ ਮੂੜੇ॥
ਮਾਇਆ ਕੇ ਮਾਤੇ ਤੈ ਉਠਿ ਚਲਨਾ॥
ਰਾਚਿ ਰਹਿਓ ਤੂੰ ਸੰਗਿ ਸੁਪਨਾ॥ ਰਹਾਉ॥

ਸਤਿਗੁਰੂ ਉਪਦੇਸ਼ ਕਰਦੇ ਹਨ, ਹੇ ਮੂਰਖ ਬੰਦੇ ਤੂੰ ਦੂਜਿਆਂ ਨਾਲ ਈਰਖਾ ਕਰਨੀ ਛੱਡ। ਹੇ ਮੂਰਖ ਇਸ ਦੁਨੀਆਂ ਵਿਚ ਪੰਛੀਆਂ ਵਾਂਗ ਤੂੰ ਰਾਤ ਮਾਤਰ ਹੀ ਤਾਂ ਵੱਸਣਾ ਹੈ। ਹੇ ਮਾਇਆ ਵਿਚ ਮਸਤ ਮੂਰਖ ਮਨੁਖ ਆਖਰ ਤੂੰ ਇਥੋਂ ਉਠ ਕੇ ਚਲੇ ਜਾਣਾ ਹੈ। ਪਰ ਹੇ ਮੂਰਖ ਬੰਦੇ ਤੂੰ ਤਾਂ ਇਸ ਜਗਤ ਰੂਪੀ ਸੁਪਨੇ ਵਿਚ ਹੀ ਰੁੱਝਾ ਪਿਆ ਹੈਂ, ਉਠ ਕੇ ਨਾਮ ਜਪ।

ਬਾਲ ਬਿਵਸਥਾ ਬਾਰਿਕੁ ਅੰਧ॥
ਭਰਿ ਜੋਬਨਿ ਲਾਗਾ ਦੁਰਗੰਧ॥
ਤ੍ਰਿਤੀਅ ਬਿਵਸਥਾ ਸਿੰਚੇ ਮਾਇ॥
ਬਿਰਧਿ ਭਇਆ ਛੋਡਿ ਚਲਿਓ ਪਛੁਤਾਇ॥

ਸਤਿਗੁਰੂ ਜੀ ਬੰਦੇ ਦੇ ਜੀਵਨ ਦੀਆਂ ਵੱਖ ਵੱਖ ਅਵਸਥਾਵਾਂ ਦਾ ਜ਼ਿਕਰ ਕਰਦੇ ਹਨ, ਹੇ ਭਾਈ! ਬਾਲ ਉਮਰੇ ਤਾਂ ਜੀਵ ਬੇ-ਸਮਝ ਬਾਲਕ ਬਣਿਆ ਰਹਿੰਦਾ ਹੈ ਅਤੇ ਭਰ ਜਵਾਨੀ ਵੇਲੇ ਵਿਕਾਰਾਂ ਵਿਚ ਲੱਗਾ ਰਹਿੰਦਾ ਹੈ। ਜਵਾਨੀ ਲੰਘ ਜਾਣ 'ਤੇ ਤੀਜੀ ਉਮਰੇ ਮਾਇਆ ਜੋੜਨ ਲਗ ਪੈਂਦਾ ਹੈ। ਆਖਰ ਜਦੋਂ ਬੁੱਢਾ ਹੋ ਜਾਂਦਾ ਹੈ ਤਾਂ ਪਛਤਾਉਂਦਾ ਹੈ ਅਤੇ ਜੋੜੀ ਮਾਇਆ ਛੱਡ ਕੇ ਇਥੋਂ ਤੁਰ ਪੈਂਦਾ ਹੈ।

ਚਿਰੰਕਾਲ ਪਾਈ ਦ੍ਰੁਲਭ ਦੇਹ॥
ਨਾਮ ਬਿਹੂਣੀ ਹੋਈ ਖੇਹ॥
ਪਸੂ ਪਰੇਤ ਮੁਗਧ ਤੇ ਬੁਰੀ॥
ਤਿਸਹਿ ਨ ਬੂਝੈ ਜਿਨਿ ਏਹ ਸਿਰੀ॥

ਪੰਚਮ ਪਾਤਸ਼ਾਹ ਇਨ੍ਹਾਂ ਪੰਕਤੀਆਂ ਵਿਚ ਆਖਦੇ ਹਨ, ਹੇ ਭਾਈ ਬੜੇ ਚਿਰਾਂ ਪਿਛੋਂ ਜੀਵ ਨੂੰ ਇਹ ਦੁਰਲੱਭ ਮਨੁੱਖਾ ਸਰੀਰ ਮਿਲਦਾ ਹੈ; ਪਰ ਨਾਮ ਤੋਂ ਵਾਂਝੇ ਰਹਿ ਕੇ ਇਹ ਸਰੀਰ ਖੇਹ ਭਾਵ ਮਿੱਟੀ ਹੋ ਜਾਂਦਾ ਹੈ। ਨਾਮ ਤੋਂ ਬਿਨਾ ਵਿਕਾਰਾਂ ਵਿਚ ਫਸ ਕੇ ਮੂਰਖ ਜੀਵ ਦੀ ਇਹ ਦੇਹੀ ਪਸੂਆਂ ਤੇ ਪਰੇਤਾਂ ਨਾਲੋਂ ਵੀ ਭੈੜੀ ਸਮਝੋ। ਤਿਸਹਿ ਨ ਬੂਝੈ ਜਿਨਿ ਏਹ ਸਿਰੀ॥ ਭਾਵ ਜਿਸ ਪਰਮਾਤਮਾ ਨੇ ਇਹ ਮਨੁੱਖਾ ਦੇਹੀ ਬਣਾਈ, ਉਸ ਨੂੰ ਤਾਂ ਕਦੀ ਚੇਤੇ ਨਹੀਂ ਕਰਦਾ।

ਸੁਣਿ ਕਰਤਾਰ ਗੋਵਿੰਦ ਗੋਪਾਲ॥
ਦੀਨ ਦਇਆਲ ਸਦਾ ਕਿਰਪਾਲ॥
ਤੁਮਹਿ ਛਡਾਵਹੁ ਛੁਟਕਹਿ ਬੰਧ॥
ਬਖਸਿ ਮਿਲਾਵਹੁ ਨਾਨਕ ਜਗ ਅੰਧ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਜੀ ਅਰਦਾਸ ਕਰਦੇ ਹਨ, ਹੇ ਕਰਤਾਰ, ਹੇ ਗੋਵਿੰਦ, ਹੇ ਗੋਪਾਲ, ਹੇ ਦੀਨਾਂ ਉਤੇ ਸਦਾ ਹੀ ਦਇਆ ਕਰਨ ਵਾਲੇ ਕਿਰਪਾ ਦੇ ਸੋਮੇ, ਭਲਾ ਜੀਵ ਵਿਚਾਰੇ ਵੀ ਕੀ ਕਰਨ! ਤੂੰ ਆਪ ਹੀ ਕਿਰਪਾ ਕਰ, ਤੂੰ ਆਪ ਹੀ ਜੀਵਾਂ ਦੇ ਮਾਇਆ ਦੇ ਬੰਧਨ ਤੋੜੇਂ ਤਾਂ ਹੀ ਟੁੱਟ ਸਕਦੇ ਹਨ। ਨਾਨਕ ਆਖਦਾ ਹੈ, ਹੇ ਕਰਤਾਰ, ਮਾਇਆ ਦੇ ਮੋਹ ਵਿਚ ਅੰਨੇ ਹੋਏ ਇਸ ਜਗਤ ਨੂੰ ਤੂੰ ਆਪ ਹੀ ਆਪਣੀ ਮਿਹਰ ਕਰਕੇ ਚਰਨਾਂ ਵਿਚ ਜੋੜੀ ਰੱਖੋ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-10

# ਅਭਿਨਵ ਭਾਰਤ

**ਹਿੰਦੂਤਵੀ ਲਸ਼ਕਰ**



**ਧੀਰੇਂਦਰ ਕੁਮਾਰ ਝਾਅ**

***ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਦੌਰਾਨ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਇਸ ਵੇਲੇ ਇਹ ਸੰਸਾਰ ਦੀ ਸਭ ਤੋਂ ਵੱਡੀ ਪਾਰਟੀ ਹੈ; ਇਸੇ ਤਰ੍ਹਾਂ ਆਰ. ਐਸ. ਐਸ. ਸੰਸਾਰ ਦੀ ਸਭ ਤੋਂ ਵੱਡੀ ਸਵੈਸੇਵੀ ਸੰਸਥਾ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਰਾਜਾਂ 'ਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) 'ਚ ਕੀਤੀ ਹੈ। ਐਤਕੀਂ 'ਅਭਿਨਵ ਭਾਰਤ' ਬਾਰੇ ਪੁਣਛਾਣ ਕੀਤੀ ਜਾ ਰਹੀ ਹੈ, ਜਿਸ 'ਤੇ ਦੋਸ਼ ਹੈ ਕਿ ਇਸ ਦੀ ਅਗਵਾਈ 'ਚ ਕਈ ਥਾਂਈਂ ਬੰਬ ਧਮਾਕੇ ਕੀਤੇ ਗਏ ਸਨ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਪੁਜਾਰੀ ਮੰਤਰ ਪੜ੍ਹ ਰਿਹਾ ਸੀ ਅਤੇ ਵਿਨਾਇਕ ਦਮੋਦਰ ਸਾਵਰਕਰ ਦੀ ਭਤੀਜ-ਨੂੰਹ ਤੇ ਨੱਥੂਰਾਮ ਗੋਡਸੇ ਦੀ ਭਤੀਜੀ ਹਿਮਾਨੀ ਸਾਵਰਕਰ ਦੀ ਮ੍ਰਿਤਕ ਦੇਹ ਦੁਆਲੇ ਅਫਸੋਸ ਕਰਨ ਵਾਲਿਆਂ ਦਾ ਝੁਰਮਟ ਖਾਮੋਸ਼ ਸੁਣ ਰਿਹਾ ਸੀ। ਇਸ ਔਰਤ ਦਾ ਪੁੱਤਰ ਸੱਤਿਅਕੀ ਸਾਵਰਕਰ ਪੁਜਾਰੀ ਦੇ ਪਿੱਛੇ-ਪਿੱਛੇ ਬੋਲ ਰਿਹਾ ਸੀ। ਇਹ 12 ਅਕਤੂਬਰ 2015 ਦੀ ਸਵੇਰ ਸੀ ਅਤੇ ਰਾਤ ਭਰ ਮੀਂਹ ਪੈਣ ਪਿੱਛੋਂ ਸਵੇਰੇ-ਸਵੇਰੇ ਲਿਸ਼ਕਾਂ ਮਾਰਦਾ ਸੂਰਜ ਚੜ੍ਹਿਆ ਸੀ। ਰਸਮਾਂ ਮੁੱਕਣ 'ਤੇ ਸਰੀਰ ਸਸਕਾਰ ਲਈ ਬਿਜਲ-ਭੱਠੀ ਵਿਚ ਰੱਖ ਦਿੱਤਾ ਗਿਆ, ਮੰਤਰਾਂ ਦਾ ਉਚਾਰਨ ਜਾਰੀ ਸੀ। ਜਲ ਰਹੇ ਮੁਸ਼ਕ-ਕਫੂਰ ਦੀ ਸੁਗੰਧ ਹਵਾ ਵਿਚ ਫੈਲ ਰਹੀ ਸੀ। ਫਿਰ ਪੁਜਾਰੀ ਨੇ ਲੋਹੇ ਦਾ ਸ਼ਟਰ ਹੇਠਾਂ ਸੁੱਟਿਆ ਅਤੇ ਸੇਤੀ ਅੱਕੀ ਦੀ ਦੇਹ ਨੂੰ ਬਾਹਰ ਪੂਨੇ ਦੀ ਵੈਕੁੰਠ ਬਿਜਲਈ ਸ਼ਮਸ਼ਾਨਘਾਟ ਦੇ ਵਿਚਕਾਰਲੇ ਚੈਂਬਰ ਵਿਚ ਲਿਜਾਇਆ ਗਿਆ। ਨਾਲ ਜਾਣ ਵਾਲੇ ਬਹੁਤੇ ਹਿੰਦੂਤਵੀ ਜਥੇਬੰਦੀ ਅਭਿਨਵ ਭਾਰਤ ਦੇ ਮੈਂਬਰ ਸਨ। ਇਹ ਉਹੀ ਜਥੇਬੰਦੀ ਹੈ, ਜਿਸ ਨੂੰ ਬਹੁਤ ਸਾਰੀਆਂ ਦਹਿਸ਼ਤੀ ਕਾਰਵਾਈਆਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅਫਸੋਸ ਪ੍ਰਗਟਾਉਣ ਆਏ ਲੋਕ ਚੁੱਪ-ਚੁਪੀਤੇ ਖਿੰਡਣੇ ਸ਼ੁਰੂ ਹੋ ਗਏ। ਹਿਮਾਨੀ ਦੀ ਮੌਤ ਨੇ ਦੋ ਇਤਿਹਾਸਕ ਸ਼ਖਸਾਂ ਅਤੇ ਉਨ੍ਹਾਂ ਵਿਚਾਲੇ ਚਲਿਆ ਆ ਰਿਹਾ ਸਜਿੰਦ ਰਿਸ਼ਤਾ ਖਤਮ ਕਰ ਦਿੱਤਾ ਸੀ, ਜੋ ਉਨ੍ਹਾਂ ਲਈ ਆਦਰਸ਼ ਤੇ ਪ੍ਰੇਰਨਾ



***'ਅਭਿਨਵ ਭਾਰਤ' ਦਾ ਅਸਲ ਮੋਢੀ ਵਿਨਾਇਕ ਦਮੋਦਰ ਸਾਵਰਕਰ।***

ਸਰੋਤ ਬਣੇ ਹੋਏ ਹਨ।

ਹਿਮਾਨੀ ਸਾਵਰਕਰ, ਗੋਪਾਲ ਗੋਡਸੇ ਦੀ ਧੀ ਸੀ, ਜੋ ਨੱਥੂਰਾਮ ਗੋਡਸੇ ਦਾ ਛੋਟਾ ਭਰਾ ਸੀ। ਨੱਥੂਰਾਮ ਗੋਡਸੇ ਉਹ ਹਿੰਦੂ ਜਨੂਨੀ ਸੀ, ਜਿਸ ਨੇ 30 ਜਨਵਰੀ 1948 ਨੂੰ ਮਹਾਤਮਾ ਗਾਂਧੀ ਦਾ ਕਤਲ ਕਰ ਦਿੱਤਾ ਸੀ ਅਤੇ ਜਿਸ ਨੂੰ ਉਸ ਦੇ ਇਕ ਹੋਰ ਸਾਥੀ ਨਰਾਇਣ ਆਪਟੇ ਸਮੇਤ 15 ਨਵੰਬਰ 1949 ਨੂੰ ਫਾਂਸੀ ਦਿੱਤੀ ਗਈ ਸੀ। ਉਨ੍ਹਾਂ ਨਾਲ ਸਾਜ਼ਿਸ਼ ਵਿਚ ਸ਼ਾਮਲ ਗੋਪਾਲ ਗੋਡਸੇ ਨੂੰ ਕੈਦ ਦੀ ਸਜ਼ਾ ਦਿੱਤੀ ਗਈ ਸੀ।

ਹਿਮਾਨੀ ਉਦੋਂ ਇਕ ਸਾਲ ਤੋਂ ਵੀ ਘੱਟ ਉਮਰ ਦੀ ਸੀ, ਜਦੋਂ ਉਸ ਦੇ ਪਿਤਾ ਨੂੰ ਉਨ੍ਹਾਂ ਦੇ ਪੂਨੇ ਵਿਚਲੇ ਘਰ ਤੋਂ ਫੜ ਕੇ ਲੈ ਗਏ ਸਨ ਅਤੇ 18 ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ। 1964 ਵਿਚ ਗੋਪਾਲ ਜੇਲ੍ਹ ਤੋਂ ਰਿਹਾ ਹੋਇਆ, ਪਰ ਉਸ ਨੂੰ ਮੁੜ 'ਡਿਫੈਂਸ ਆਫ ਇੰਡੀਆ ਐਕਟ' ਤਹਿਤ ਗ੍ਰਿਫਤਾਰ ਕਰ ਕੇ ਇਕ ਹੋਰ ਸਾਲ ਜੇਲ੍ਹ ਵਿਚ ਰੱਖਿਆ ਗਿਆ।

ਹਿਮਾਨੀ ਨੇ ਗੋਡਸੇ ਅਤੇ ਸਾਵਰਕਰ ਦੇ ਸਾਂਝੇ ਵਿਰਸੇ ਦਾ ਚਿੰਨ੍ਹ ਨਹੀਂ ਸੀ ਬਣਨਾ, ਜੇ ਉਸ ਦਾ ਵਿਆਹ ਅਖਿਲ ਭਾਰਤੀ ਹਿੰਦੂ ਮਹਾਂ ਸਭਾ ਦੇ ਆਗੂ ਅਤੇ ਹਿੰਦੂਤਵ ਵਿਚਾਰਧਾਰਾ ਦੇ ਮੋਢੀ ਵੀ. ਡੀ. ਸਾਵਰਕਰ ਦੇ ਛੋਟੇ ਭਰਾ ਨਰਾਇਣ ਸਾਵਰਕਰ ਦੇ ਪੁੱਤਰ ਨਾਲ ਨਾ ਹੋਇਆ ਹੁੰਦਾ। ਗੋਡਸੇ ਨਾਲ ਸਾਵਰਕਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਤੋਂ ਵੀ ਮਹਾਤਮਾ ਗਾਂਧੀ ਕਤਲ ਕੇਸ ਵਿਚ ਤਫਤੀਸ਼ ਕੀਤੀ ਗਈ ਸੀ। ਸਬੂਤ ਨਾ ਮਿਲਣ ਕਾਰਨ 10 ਫਰਵਰੀ 1949 ਨੂੰ ਉਸ ਖਿਲਾਫ ਕੇਸ ਖਤਮ ਕਰ ਦਿੱਤਾ ਗਿਆ, ਜਿਨ੍ਹਾਂ ਤੋਂ ਵਾਅਦਾ ਮੁਆਫ ਗਵਾਹ ਦੀ ਗਵਾਹੀ ਦੀ ਪੁਸ਼ਟੀ ਹੋ ਸਕਦੀ ਹੁੰਦੀ। ਪਿੱਛੋਂ 1965 ਵਿਚ ਮਹਾਤਮਾ ਗਾਂਧੀ ਕਤਲ ਸਾਜ਼ਿਸ਼ ਕੇਸ ਦੀ ਪੜਤਾਲ ਲਈ ਬਣੇ ਜਸਟਿਸ ਜੀਵਨ ਲਾਲ ਕਪੂਰ ਕਮਿਸ਼ਨ ਦੀ ਰਿਪੋਰਟ ਵਿਚ ਉਸ ਨੂੰ ਵੀ ਸਾਜ਼ਿਸ਼ ਦਾ ਦੋਸ਼ੀ ਮੰਨਿਆ ਗਿਆ। ਰਿਪੋਰਟ ਅਨੁਸਾਰ "ਇਨ੍ਹਾਂ ਸਾਰੇ ਤੱਥਾਂ ਨੂੰ ਸਮੁੱਚਤਾ ਵਿਚ ਦੇਖਦਿਆਂ ਸਾਵਰਕਰ ਅਤੇ ਉਸ ਦੇ ਗੁੱਟ ਦੀ ਮਹਾਤਮਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਸਾਬਤ ਹੁੰਦੀ ਹੈ ਅਤੇ ਇਸ ਤੋਂ ਬਿਨਾ ਬਾਕੀ ਥਿਊਰੀਆਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।"

ਇਹ ਉਸ ਦਾ ਸਿਆਸੀ ਕੰਮ ਨਹੀਂ ਸਗੋਂ ਹਿਮਾਨੀ ਦੀ ਦੂਹਰੀ ਵਿਰਾਸਤ ਸੀ, ਜਿਸ ਨੇ ਉਸ ਨੂੰ ਮਹਾਰਾਸ਼ਟਰ ਦੀ ਇਕ ਨਿੱਕੀ ਜਿਹੀ ਪਰ ਬਹੁਤ ਸਮਰਪਿਤ, ਸਾਵਰਕਰਵਾਦੀ ਟੋਲੀ ਨਾਲ ਜੋੜੀ ਰੱਖਿਆ। ਪਹਿਲਾਂ ਹਿੰਦੂ ਮਹਾਂ ਸਭਾ ਨਾਲ ਅਤੇ ਬਾਅਦ ਵਿਚ 2006 ਵਿਚ ਮੁੜ ਸੁਰਜੀਤ ਕੀਤੇ 'ਅਭਿਨਵ ਭਾਰਤ' ਨਾਲ। ਉਹ ਕਿੱਤੇ ਵਜੋਂ ਇਮਾਰਤਸਾਜ਼ ਸੀ, ਜੋ ਸੰਨ 2000 ਵਿਚ ਨੌਕਰੀ ਛੱਡਣ ਪਿੱਛੋਂ ਸਿਆਸਤ ਵਿਚ ਸਰਗਰਮ ਹੋਈ। ਉਹ ਮੁੰਬਈ ਤੋਂ ਪੂਨੇ ਆ ਗਈ। ਨੌਕਰੀ ਛੱਡ ਕੇ ਹਿੰਦੂ ਮਹਾਂ ਸਭਾ ਦਾ ਚਿੰਨ੍ਹ ਬਣਨ ਤੋਂ ਚਾਰ ਸਾਲ ਬਾਅਦ ਇੰਟਰਵਿਊ ਵਿਚ ਉਸ ਨੇ ਖੁਲਾਸਾ ਕੀਤਾ, "ਮੈਂ 1974 ਤੋਂ ਲੈ ਕੇ 2000 ਤੱਕ ਆਪਣੇ ਕਿੱਤੇ ਵਿਚ ਲੱਗੀ ਰਹੀ। ਸੰਨ 2000 ਵਿਚ ਕਿੱਤਾ ਛੱਡ ਦਿੱਤਾ। ਮੇਰੇ ਕੋਲ ਵੀਰ ਸਾਵਰਕਰ ਦੀਆਂ ਸਾਰੀਆਂ ਲਿਖਤਾਂ ਦਾ ਕਾਪੀ ਰਾਈਟ ਸੀ, ਮੈਂ ਹੀ ਉਸ ਦੇ ਵਿਰਸੇ ਦੀ ਚਿੰਨ੍ਹ ਸੀ। ਇਸ ਲਈ ਮੇਰਾ ਫਰਜ਼ ਬਣਦਾ ਸੀ ਕਿ ਉਸ ਵੱਲ ਧਿਆਨ ਦੇਵਾਂ।"


ਹਿੰਦੂ ਮਹਾਂ ਸਭਾ ਦੇ ਪੱਲੇ ਹਿਮਾਨੀ ਦੀ ਮਦਦ ਕਰਨ ਲਈ ਬਹੁਤਾ ਕੁਝ ਨਹੀਂ ਸੀ। ਉਸ ਨੇ 2004 ਦੀ ਵਿਧਾਨ ਸਭਾ ਚੋਣ ਪੂਨੇ ਦੀ ਕਸਬਾ ਪੇਠ ਸੀਟ ਤੋਂ ਅਤੇ 2009 ਦੀ ਚੋਣ ਜਿਲੇ ਦੇ ਕੋਥਰਡ ਹਲਕੇ ਤੋਂ ਲੜੀ। ਦੋਨੋਂ ਵਾਰ ਵੋਟਰਾਂ ਨੇ ਉਸ ਨੂੰ ਮੂੰਹ ਨਾ ਲਾਇਆ। 2004 ਵਿਚ ਉਸ ਨੂੰ ਮਹਿਜ਼ 1000 ਤੋਂ ਕੁਝ ਵੱਧ ਵੋਟਾਂ ਹੀ ਮਿਲੀਆਂ ਅਤੇ 2009 ਵਿਚ ਸਿਰਫ 684 ਵੋਟਾਂ। ਜਿਸ ਵਕਤ ਉਹ ਸਿਆਸਤ ਵਿਚ ਆਈ, ਪੂਨੇ ਵਿਚ ਕਾਫੀ ਕੁਝ ਬਦਲ ਚੁਕਾ ਸੀ। ਇਹ ਖੇਤਰ ਭਾਵੇਂ ਹਿੰਦੂਤਵੀ ਤਾਕਤਾਂ ਦਾ ਗੜ੍ਹ ਸੀ, ਪਰ ਸ਼ਹਿਰ ਵਿਚ



***'ਅਭਿਨਵ ਭਾਰਤ' ਦੇ ਮੁੜ ਗਠਨ ਤੋਂ ਬਾਅਦ ਪ੍ਰਧਾਨ ਬਣੀ ਹਿਮਾਨੀ ਸਾਵਰਕਰ।***

ਹਿੰਦੂ ਮਹਾਂ ਸਭਾ ਦਾ ਜੋ ਰਸੂਖ ਸੀ, ਉਹ ਖਤਮ ਹੋ ਚੁਕਾ ਸੀ। ਆਰ. ਐਸ. ਐਸ. ਦੀਆਂ ਸ਼ਾਖਾਵਾਂ ਦਾ ਇਸ ਖੇਤਰ ਵਿਚ ਸੰਘਣਾ ਜਾਲ ਫੈਲਿਆ ਹੋਇਆ ਹੈ ਅਤੇ ਸਿੰਧੀਆਂ (ਜੋ ਮੌਜੂਦਾ ਪਾਕਿਸਤਾਨ ਦੇ ਸਿੰਧ ਸੂਬੇ ਤੋਂ ਹਿਜਰਤ ਕਰਕੇ ਆਏ ਲੋਕ ਹਨ) ਦੀ ਭਰਪੂਰ ਹਮਾਇਤ ਦੀ ਬਦੌਲਤ ਸੰਘ ਦਾ ਇਸ ਖੇਤਰ 'ਤੇ ਮੁਕੰਮਲ ਕਬਜ਼ਾ ਹੈ। ਮਹਾਰਾਸ਼ਟਰੀ ਬ੍ਰਾਹਮਣਾਂ ਦੀ ਬਹੁਗਿਣਤੀ, ਜੋ ਕਿਸੇ ਵੇਲੇ ਹਿੰਦੂ ਮਹਾਂ ਸਭਾ ਦਾ ਹਮਾਇਤੀ ਆਧਾਰ ਸੀ, ਉਹ ਹੁਣ ਪੂਨੇ ਵਿਚ ਆਰ. ਐਸ. ਐਸ. ਦੀ ਰੀੜ੍ਹ ਦੀ ਹੱਡੀ ਸਨ।

ਇਸ ਦੇ ਬਾਵਜੂਦ ਹਿਮਾਨੀ ਨੂੰ ਇਤਿਹਾਸ ਵਲੋਂ ਉਸ ਨੂੰ ਸੌਂਪੀ ਜ਼ਿੰਮੇਵਾਰੀ ਦਾ ਡੂੰਘਾ ਅਹਿਸਾਸ ਸੀ। 2008 ਵਿਚ ਜਦੋਂ ਉਸ ਨੂੰ 'ਅਭਿਨਵ ਭਾਰਤ' ਦੀ ਮੁਖੀ ਬਣਨ ਦਾ ਮੌਕਾ ਮਿਲਿਆ ਤਾਂ ਉਸ ਨੇ ਇਹ ਪੇਸ਼ਕਸ਼ ਚਾਈਂ-ਚਾਈਂ ਕਬੂਲ ਕਰ ਲਈ। ਦਰਅਸਲ ਇਸ ਨਾਲ ਉਸ ਨੂੰ ਆਪਣੀ ਭੂਮਿਕਾ ਖੁੱਲ੍ਹ ਕੇ ਨਿਭਾਉਣ ਦਾ ਮੌਕਾ ਮਿਲ ਗਿਆ। ਜਦੋਂ ਮਾਲੇਗਾਓਂ ਬੰਬ ਕਾਂਡ ਵਿਚ ਅਭਿਨਵ ਭਾਰਤ ਦੇ ਕਾਰਕੁਨਾਂ ਦੀ ਭੂਮਿਕਾ ਜੱਗ ਜਾਹਰ ਹੋ ਗਈ ਤਾਂ ਹਿਮਾਨੀ ਸਾਵਰਕਰ ਨੇ







***'ਅਭਿਨਵ ਭਾਰਤ' ਦੇ ਮੁੱਖ ਕਾਰਕੁਨ (ਖੱਬਿਓਂ) ਸਮੀਰ ਕੁਲਕਰਨੀ, ਸ੍ਰੀਕਾਂਤ ਪੁਰੋਹਿਤ ਤੇ ਸਾਧਵੀ ਪ੍ਰਗਿਆ ਸਿੰਘ।***

ਸ਼ਰੇਆਮ ਇਸ ਨੂੰ ਜਾਇਜ਼ ਠਹਿਰਾਇਆ, "ਜੇ ਅਸੀਂ ਗੋਲੀ ਦਾ ਜਵਾਬ ਗੋਲੀ ਨਾਲ ਦੇ ਸਕਦੇ ਹਾਂ ਤਾਂ ਬੰਬ ਧਮਾਕੇ ਦਾ ਬੰਬ ਧਮਾਕੇ ਨਾਲ ਕਿਉਂ ਨਹੀਂ ਦਿੱਤਾ ਜਾ ਸਕਦਾ।"

---

ਅਭਿਨਵ ਭਾਰਤ ਦਾ ਮੁੱਢ ਕਿਵੇਂ ਬੱਝਾ, ਇਹ ਅਜੇ ਵੀ ਭੇਤ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਸ ਦਾ ਨਾਂ ਅਤੇ ਇਸ ਦਾ ਪ੍ਰੇਰਨਾ ਸਰੋਤ ਵਿਦਿਆਰਥੀਆਂ ਦੀ ਉਹ ਖੁਫੀਆ ਸਭਾ ਸੀ, ਜੋ ਸਾਵਰਕਰ ਨੇ 1905 ਵਿਚ ਪੂਨੇ ਦੇ ਫਰਗੂਸਨ ਕਾਲਜ ਵਿਚ ਪੜ੍ਹਦਿਆਂ ਬਣਾਈ ਸੀ। ਇਹ ਸੁਸਾਇਟੀ ਇਨਕਲਾਬੀ ਹਿੰਸਾ ਵਿਚ ਵਿਸ਼ਵਾਸ ਰੱਖਦੀ ਸੀ। ਇਸ ਦਾ ਪ੍ਰੇਰਨਾ ਸਰੋਤ ਇਟਲੀ ਦੇ ਗਿਓਸਿਪ ਮੈਜ਼ਿਨੀ ਦਾ ਇਨਕਲਾਬੀ ਅੰਦੋਲਨ ਸੀ ਅਤੇ ਨਾਂ ਵੀ ਉਸੇ ਤਰਜ਼ 'ਤੇ ਰੱਖਿਆ ਗਿਆ ਸੀ, ਪਰ ਜਦੋਂ 1906 ਵਿਚ ਸਾਵਰਕਰ ਨੂੰ ਇੰਗਲੈਂਡ ਵਿਚ ਉਚ ਸਿਖਿਆ ਲਈ ਵਜ਼ੀਫਾ ਮਿਲ ਗਿਆ ਤਾਂ ਉਹ ਇਸ ਨੂੰ ਛੱਡ ਕੇ ਭਾਰਤ ਤੋਂ ਇੰਗਲੈਂਡ ਚਲਾ ਗਿਆ। ਅਭਿਨਵ ਭਾਰਤ ਦਹਾਕਿਆਂ ਤੱਕ ਗੈਰ ਸਰਗਰਮ ਰਿਹਾ ਅਤੇ 1952 ਵਿਚ ਆਜ਼ਾਦੀ ਤੋਂ ਪੰਜ ਸਾਲ ਬਾਅਦ ਹਿੰਦੂ ਮਹਾਂ ਸਭਾ ਆਗੂ ਨੇ ਖੁਦ ਹੀ ਇਸ ਦਾ ਭੋਗ ਪਾ ਦਿੱਤਾ।

ਇਸ ਨੂੰ ਕਿਸ ਨੇ ਅਤੇ ਕਿਉਂ ਮੁੜ ਸੁਰਜੀਤ ਕੀਤਾ, ਇਹ ਸਪਸ਼ਟ ਨਹੀਂ। ਨਵੰਬਰ 2008 ਵਿਚ ਅੰਗਰੇਜ਼ੀ ਹਫਤਾਵਾਰੀ ਮੈਗਜ਼ੀਨ 'ਆਊਟਲੁਕ' ਨੂੰ ਦਿੱਤੀ ਇੰਟਰਵਿਊ ਵਿਚ ਹਿਮਾਨੀ ਨੇ ਦਾਅਵਾ ਕੀਤਾ, ਅਭਿਨਵ ਭਾਰਤ ਨੂੰ ਨਵੇਂ ਸਿਰਿਓਂ ਬਣਾਉਣ ਵਾਲਾ ਸਮੀਰ ਕੁਲਕਰਨੀ ਸੀ, ਜੋ ਪਹਿਲਾਂ ਆਰ. ਐਸ. ਐਸ. ਵਿਚ ਸੀ। ਮਹਾਰਾਸ਼ਟਰ ਏ. ਟੀ. ਐਸ. (ਐਂਟੀ-ਟੈਰਰਿਸਟ ਸਕੁਐਡ) ਨੇ ਕੁਲਕਰਨੀ ਨੂੰ 29 ਸਤੰਬਰ 2008 ਨੂੰ ਹੋਏ ਮਾਲੇਗਾਓਂ ਬੰਬ ਧਮਾਕਿਆਂ ਨੂੰ ਅੰਜਾਮ ਦੇਣ ਲਈ ਜ਼ਰੂਰੀ ਸਮਾਨ ਮੁਹੱਈਆ ਕਰਨ ਵਾਲੇ ਦੇ ਤੌਰ 'ਤੇ ਨਾਮਜ਼ਦ ਕੀਤਾ ਸੀ। ਬੰਬ ਕਾਂਡ ਵਿਚ 6 ਲੋਕ ਮਾਰੇ ਗਏ ਸਨ ਅਤੇ ਦਰਜਨਾਂ ਜ਼ਖਮੀ ਹੋਏ ਸਨ। ਇਸ ਨੂੰ ਅਭਿਨਵ ਭਾਰਤ ਦਾ ਕਾਰਾ ਸਮਝਿਆ ਜਾਂਦਾ ਹੈ (ਮਾਲੇਗਾਓਂ ਵਿਚ 2006 ਵਿਚ ਵੀ ਬੰਬ ਧਮਾਕੇ ਹੋਏ ਸਨ, ਪਰ ਅਭਿਨਵ ਭਾਰਤ ਦੀ ਸ਼ਮੂਲੀਅਤ ਦਾ ਸਬੰਧ ਮਾਲੇਗਾਓਂ ਬੰਬ ਕਾਂਡ 2008 ਨਾਲ ਹੈ)।

ਜਦੋਂ ਉਸ ਤੋਂ ਮਾਲੇਗਾਓਂ ਕੇਸ ਵਿਚ ਤਫਤੀਸ਼ ਕੀਤੀ ਗਈ, ਹਿਮਾਨੀ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਅਪਰੈਲ 2008 'ਚ ਭੋਪਾਲ ਵਿਚ ਹੋਈ ਮੀਟਿੰਗ ਵਿਚ ਅਭਿਨਵ ਭਾਰਤ ਦੀ ਪ੍ਰਧਾਨ ਚੁਣਿਆ ਗਿਆ ਸੀ। ਉਸ ਦੱਸਿਆ ਕਿ ਸਮੀਰ ਕੁਲਕਰਨੀ ਮੱਧ ਪ੍ਰਦੇਸ਼ ਵਿਚ ਜਥੇਬੰਦੀ ਦਾ ਤਾਣਾਬਾਣਾ ਫੈਲਾਉਣ ਦਾ ਕੰਮ ਕਰ ਰਿਹਾ ਸੀ।

ਹੋਰ ਸਬੂਤਾਂ ਅਤੇ ਏ. ਟੀ. ਐਸ. ਮਹਾਰਾਸ਼ਟਰ ਦੇ ਮੁਖੀ ਹੇਮੰਤ ਕਰਕਰੇ ਵਲੋਂ ਦਰਜ ਕੀਤੀ ਗਈ ਐਫ. ਆਈ. ਆਰ. ਤੋਂ ਪਤਾ ਲੱਗਦਾ ਹੈ ਕਿ ਅਭਿਨਵ ਭਾਰਤ ਦਾ ਅਸਲੀ ਰਚਨਹਾਰਾ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ ਸੀ, ਜੋ 2008 ਦੇ ਮਾਲੇਗਾਓਂ ਧਮਾਕਿਆਂ ਦਾ ਸਾਜ਼ਿਸ਼ਘਾੜਾ ਸੀ। ਮਹਾਰਾਸ਼ਟਰ ਏ. ਟੀ. ਐਸ. ਦੀ ਤਫਤੀਸ਼ ਤੋਂ ਸਾਬਤ ਹੁੰਦਾ ਹੈ ਕਿ ਪੁਰੋਹਿਤ ਨੇ ਜੂਨ 2006 ਵਿਚ ਅਭਿਨਵ ਭਾਰਤ ਦਾ ਮੁੱਢ ਬੰਨ੍ਹਿਆ, ਜਦੋਂ ਉਸ ਨੇ ਇਕ ਦਰਜਨ ਬੰਦਿਆਂ ਨੂੰ ਮੱਧਯੁਗੀ ਮਰਾਠਾ ਸਮਰਾਟ ਸ਼ਿਵਾਜੀ ਦੇ ਰਾਏਗੜ੍ਹ ਕਿਲ੍ਹੇ ਵਿਚ ਲਿਜਾ ਕੇ ਉਥੇ ਆਪਣੀ ਖੁਫੀਆ ਯੋਜਨਾ ਸਾਕਾਰ ਕੀਤੀ। ਉਸ ਯਾਤਰਾ ਵਿਚ ਸ਼ਾਮਲ ਇਕ ਆਦਮੀ ਨੇ ਦੱਸਿਆ, "ਅਸੀਂ ਸ਼ਿਵਾਜੀ ਮਹਾਰਾਜ ਦੀ ਗੱਦੀ ਤੋਂ ਅਸ਼ੀਰਵਾਦ ਲਿਆ ਅਤੇ ਟਰਸਟ ਦਾ ਨਾਂ 'ਅਭਿਨਵ ਭਾਰਤ' ਰੱਖਣ ਦਾ ਫੈਸਲਾ ਕੀਤਾ ਤੇ ਇਸ ਦੀ ਕਾਮਯਾਬੀ ਲਈ ਪ੍ਰਾਰਥਨਾ ਕੀਤੀ। ਬਾਅਦ ਵਿਚ ਫਰਵਰੀ 2007 ਵਿਚ ਇਸ ਸਮੂਹ ਨੇ ਸੰਸਥਾ ਨੂੰ ਟਰੱਸਟ ਦੇ ਤੌਰ 'ਤੇ ਰਜਿਸਟਰ ਕਰਵਾਉਣ ਦਾ ਫੈਸਲਾ ਕੀਤਾ ਅਤੇ ਇਸ ਮਨੋਰਥ ਲਈ ਦਫਤਰੀ ਪਤਾ ਅਜੇ ਰਹੀਰਕਰ ਦਾ ਦਿੱਤਾ ਗਿਆ, ਜੋ ਪੂਨੇ ਦਾ ਵਸਨੀਕ ਸੀ। ਉਸ ਨੂੰ ਨਵੀਂ ਜਥੇਬੰਦੀ ਦਾ ਖਜਾਨਚੀ ਬਣਾਇਆ ਗਿਆ। ਉਹ ਵੀ ਮਾਲੇਗਾਓਂ ਬੰਬ ਕਾਂਡ ਲਈ ਨਾਮਜ਼ਦ ਦੋਸ਼ੀਆਂ ਵਿਚੋਂ ਇਕ ਹੈ।

ਜਾਪਦਾ ਹੈ, ਅਭਿਨਵ ਭਾਰਤ ਦੀ ਬਣਤਰ ਅਤੇ ਇਸ ਦਾ ਮੁੱਢ ਬੰਨ੍ਹਣ ਬਾਰੇ ਭੇਤ ਜਾਣਬੁਝ ਕੇ ਰੱਖਿਆ ਗਿਆ। ਇਥੋਂ ਤੱਕ ਕਿ ਸੱਤ ਸਾਲ ਤੋਂ ਸੰਸਥਾ ਦੀ ਪ੍ਰਧਾਨ ਰਹਿਣ ਦੇ ਬਾਵਜੂਦ ਹਿਮਾਨੀ ਸਾਵਰਕਰ ਨੂੰ ਵੀ ਇਸ ਦੇ ਕਈ ਪਹਿਲੂਆਂ ਦੀ ਜਾਣਕਾਰੀ ਨਹੀਂ ਸੀ। ਇਹ ਵੀ ਸੰਭਵ ਹੈ ਕਿ ਉਹ ਇਸ ਘਚੋਲੇ ਨੂੰ ਵਧਾਉਣ ਲਈ ਹੀ ਜਾਣਬੁੱਝ ਕੇ ਇਸ ਤਰ੍ਹਾਂ ਪੇਸ਼ ਕਰ ਰਹੀ ਹੋਵੇ।

ਮਿਲਿੰਦ ਜੋਸ਼ੀਰਾਓ, ਜੋ ਸ੍ਰੀਕਾਂਤ ਪੁਰੋਹਿਤ ਦਾ ਨੇੜਲਾ ਸਾਥੀ ਹੈ ਤੇ ਅਭਿਨਵ ਭਾਰਤ ਦਾ ਬੁਲਾਰਾ ਹੈ, ਅਨੁਸਾਰ "ਅਭਿਨਵ ਭਾਰਤ ਦੇ ਕਈ ਪਹਿਲੂਆਂ ਬਾਰੇ ਹਿਮਾਨੀ ਨੂੰ ਪਤਾ ਨਾ ਹੋਣ ਦਾ ਦੋਸ਼ ਦੇਣਾ ਉਸ ਨਾਲ ਬੇਇਨਸਾਫੀ ਹੋਵੇਗਾ। ਉਹ ਜਥੇਬੰਦੀ ਵਿਚ ਬਾਅਦ ਵਿਚ ਸ਼ਾਮਲ ਹੋਈ। ਹੋ ਸਕਦਾ ਹੈ, ਉਸ ਨੂੰ ਜਥੇਬੰਦੀ ਦੀ ਸ਼ੁਰੂਆਤ ਬਾਰੇ ਹਰ ਗੱਲ ਦੀ ਜਾਣਕਾਰੀ ਨਾ ਹੋਵੇ।"

ਜੋਸ਼ੀਰਾਓ ਨੂੰ ਮਾਲੇਗਾਓਂ ਬੰਬ ਕਾਂਡ ਪਿੱਛੋਂ ਦੋ ਹਫਤੇ ਹਿਰਾਸਤ ਵਿਚ ਰੱਖਿਆ ਗਿਆ। ਉਸ ਨੇ ਦੱਸਿਆ, "ਇਹ ਅਫਰਾ-ਤਫਰੀ ਵਾਲਾ ਮਾਹੌਲ ਸੀ (ਜੋ ਮਾਲੇਗਾਓਂ ਬੰਬ ਕਾਂਡ ਕਾਰਨ ਹੋਈਆਂ ਗ੍ਰਿਫਤਾਰੀਆਂ ਕਾਰਨ ਬਣਿਆ ਸੀ), ਜਦੋਂ ਹਿਮਾਨੀ ਸਾਵਰਕਰ ਨੇ ਮੀਡੀਆ ਅੱਗੇ ਸਾਡਾ ਪੱਖ ਰੱਖਿਆ। ਉਸ ਨੂੰ ਜਥੇਬੰਦੀ ਦੀ ਪ੍ਰਧਾਨ ਬਣਾਉਣ ਲਈ ਕੋਈ ਵਿਸ਼ੇਸ਼ ਮੀਟਿੰਗ ਨਹੀਂ ਹੋਈ। ਉਸ ਨੇ ਪ੍ਰਧਾਨ ਬਣਾਏ ਜਾਣ ਦਾ ਦਾਅਵਾ ਪੇਸ਼ ਕੀਤਾ ਅਤੇ ਉਸ ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਸਭ ਨੇ ਉਸ ਦੇ ਫੈਸਲੇ ਦਾ ਸਤਿਕਾਰ ਕੀਤਾ, ਕਿਉਂ ਜੁ ਉਹ ਸਾਵਰਕਰ ਅਤੇ ਗੋਡਸੇ ਪਰਿਵਾਰਾਂ ਦੀ ਨੁਮਾਇੰਦਗੀ ਕਰਦੀ ਸੀ।"

ਅਭਿਨਵ ਭਾਰਤ ਦੇ ਮੈਂਬਰ ਹਿਮਾਨੀ ਨੂੰ ਨਿਰਾ ਸਤਿਕਾਰ ਹੀ ਨਹੀਂ ਸਨ ਦੇ ਰਹੇ, ਉਹ ਤਾਂ ਸਗੋਂ ਉਸ ਦੇ ਸ਼ੁਕਰਗੁਜ਼ਾਰ ਵੀ ਸਨ। ਜੋਸ਼ੀ ਰਾਓ ਨੇ ਅੱਗੇ ਦੱਸਿਆ, "ਜਦੋਂ ਮੈਂ ਹਿਰਾਸਤ ਵਿਚੋਂ ਬਾਹਰ ਆਇਆ ਤਾਂ ਮੈਂ ਉਸ ਕੋਲ ਗਿਆ ਅਤੇ ਉਸ ਵਲੋਂ ਸੰਸਥਾ ਦਾ ਕੰਮ-ਕਾਰ ਆਪਣੇ ਹੱਥਾਂ ਵਿਚ ਲੈਣ ਲਈ ਉਸ ਦਾ ਧੰਨਵਾਦ ਕੀਤਾ। ਮੈਂ ਉਸ ਨੂੰ ਗੁਜ਼ਾਰਿਸ਼ ਵੀ ਕੀਤੀ ਕਿ 'ਬੰਬ ਧਮਾਕਿਆਂ ਬਦਲੇ ਬੰਬ ਧਮਾਕੇ' ਵਰਗੇ ਬਿਆਨ ਨਾ ਦਿੱਤੇ ਜਾਣ। ਦੱਸਿਆ ਕਿ ਅਜਿਹੇ ਬਿਆਨ ਸਾਡੇ ਲਈ ਨੁਕਸਾਨਦੇਹ ਹੋ ਸਕਦੇ ਹਨ, ਕਿਉਂਕਿ ਮੁਕੱਦਮਾ ਅਦਾਲਤ ਦੇ ਵਿਚਾਰ ਅਧੀਨ ਹੈ। ਉਸ ਨੇ ਆਪਣੀ ਗਲਤੀ ਦਾ ਅਹਿਸਾਸ ਕੀਤਾ ਅਤੇ ਮੁੜ ਕਦੇ ਵੀ ਐਸੇ ਬਿਆਨ ਨਾ ਦਿੱਤੇ।"

ਇਸ ਮੀਟਿੰਗ ਪਿੱਛੋਂ ਹਿਮਾਨੀ ਦੇ ਬਿਆਨਾਂ ਵਿਚ ਸਪਸ਼ਟ ਸੰਜਮ ਨਜ਼ਰ ਆਇਆ। ਜਨਵਰੀ 2009 ਵਿਚ ਉਹ ਸਾਫ ਮੁੱਕਰ ਗਈ ਕਿ ਉਸ ਨੇ ਮਹਾਰਾਸ਼ਟਰ ਏ. ਟੀ. ਐਸ. ਨੂੰ ਮਾਲੇਗਾਓਂ ਸਾਜ਼ਿਸ਼ ਦੀ ਜਾਣਕਾਰੀ ਹੋਣ ਬਾਰੇ ਦੱਸਿਆ ਸੀ। ਫਰਵਰੀ 2010 ਵਿਚ ਜਦੋਂ ਮੀਡੀਆ ਵਿਚ ਰਿਪੋਰਟਾਂ ਆਉਣੀਆਂ ਸ਼ੁਰੂ ਹੋਈਆਂ ਕਿ 13 ਫਰਵਰੀ 2010 ਨੂੰ ਪੂਨੇ ਵਿਚ ਹੋਏ 'ਜਰਮਨ ਬੇਕਰੀ ਬੰਬ ਕਾਂਡ' ਦੀਆਂ ਤਾਰਾਂ ਵੀ 'ਅਭਿਨਵ ਭਾਰਤ' ਨਾਲ ਜੁੜੀਆਂ ਹੋਈਆਂ ਹਨ ਤਾਂ ਉਸ ਨੇ ਐਲਾਨ ਕੀਤਾ, "ਅਭਿਨਵ ਭਾਰਤ ਦਹਿਸ਼ਤਗਰਦ ਜਥੇਬੰਦੀ ਨਹੀਂ ਹੈ। ਮਹਾਰਾਸ਼ਟਰ ਏ. ਟੀ. ਐਸ. ਤਾਂ ਉਸ ਦੀ ਮਾਲੇਗਾਓਂ ਬੰਬ ਕਾਂਡ ਵਿਚ ਸ਼ਮੂਲੀਅਤ ਵੀ ਸਿੱਧ ਨਹੀਂ ਕਰ ਸਕਿਆ। ਅਭਿਨਵ ਭਾਰਤ ਨੂੰ ਪੂਨੇ ਬੰਬ ਕਾਂਡ ਨਾਲ ਜੋੜਨਾ ਨਿਹਾਇਤ ਗੈਰ ਜ਼ਿੰਮੇਵਾਰਾਨਾ ਤੇ ਨਿੰਦਣਯੋਗ ਹੈ।" ਹਾਲਾਂਕਿ ਇਹ ਦੱਸਣਾ ਜ਼ਰੂਰੀ ਹੈ ਕਿ ਮਹਾਰਾਸ਼ਟਰ ਏ. ਟੀ. ਐਸ. ਨੇ ਕਦੇ ਵੀ ਇਸ ਸੰਸਥਾ ਨੂੰ ਪੂਨੇ ਬੰਬ ਕਾਂਡ ਨਾਲ ਜੋੜਨ ਦੀ ਕੋਸ਼ਿਸ਼ ਨਹੀਂ ਕੀਤੀ।

ਤਮਾਮ ਤਫਤੀਸ਼ ਦੇ ਬਾਵਜੂਦ 'ਅਭਿਨਵ ਭਾਰਤ' ਅਜੇ ਵੀ ਗੁੰਝਲ ਭੇਤ, ਬੁਝਾਰਤ ਹੀ ਹੈ। ਇਹ ਕਹਿਣਾ ਵੀ ਮੁਸ਼ਕਿਲ ਹੈ ਕਿ ਇਸ ਦੇ ਮੋਢੀ ਇਸ ਦਾ ਮੁੱਢ ਬੰਨ੍ਹੇ ਜਾਣ ਨੂੰ ਭੇਤ ਬਣਾਈ ਰੱਖਣਾ ਚਾਹੁੰਦੇ ਹਨ ਜਾਂ ਇਹ ਸਾਰਾ ਸੁੱਤੇ ਸਿੱਧ ਹੀ ਹੋ ਗਿਆ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਸ ਦੀ ਸ਼ੁਰੂਆਤ ਅਤੇ ਬਣਤਰ ਬਾਰੇ, ਇਸ ਤਰ੍ਹਾਂ ਦਾ ਘਚੋਲਾ ਇਸ ਲਈ ਕਵਚ ਦਾ ਕੰਮ ਕਰ ਰਿਹਾ ਹੈ। ਨਾਲ ਹੀ ਇਹ 'ਅਭਿਨਵ ਭਾਰਤ' ਨੂੰ ਵਿਸ਼ਾਲ ਸਿਆਸੀ ਜਮਾਤ ਦੇ ਅੰਦਰ ਜ਼ਬਰਦਸਤ ਵਾਜਬੀਅਤ ਵੀ ਮੁਹੱਈਆ ਕਰ ਰਿਹਾ ਹੈ, ਜੋ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਸੋਚ ਨੂੰ ਅੰਜਾਮ ਦੇਣ ਲਈ ਵਚਨਬੱਧ ਹੈ।

---

ਅਭਿਨਵ ਭਾਰਤ ਨੇ ਅਜੇ ਵੀ ਬੁਝਾਰਤ ਹੀ ਬਣੇ ਰਹਿਣਾ ਸੀ, ਜੇ ਇਸ ਦਾ ਸਬੰਧ 29 ਸਤੰਬਰ 2008 ਨੂੰ ਮੁਸਲਿਮ ਬਹੁਗਿਣਤੀ ਕੱਪੜਾ ਉਦਯੋਗ ਵਾਲੇ ਖੇਤਰ ਮਹਾਰਾਸ਼ਟਰ ਦੇ ਮਾਲੇਗਾਓਂ

***(ਬਾਕੀ ਅਗਲੇ ਸਫੇ 'ਤੇ)***

ਬੰਬ ਧਮਾਕਿਆਂ ਨਾਲ ਨਾ ਜੁੜਦਾ। ਇਸ ਵਾਰਦਾਤ ਦੀ ਜਾਂਚ ਨੇ ਭਾਰਤ ਅੰਦਰ ਦਹਿਸ਼ਤਵਾਦੀ ਕਾਰਵਾਈਆਂ ਦਾ ਖੁਰਾ ਨੱਪਣ ਵਿਚ ਹੈਰਾਨੀਜਨਕ ਤਬਦੀਲੀ ਲਿਆਂਦੀ। ਇਸ ਦੀ ਅਗਵਾਈ ਪੁਲਿਸ ਅਧਿਕਾਰੀ ਹੇਮੰਤ ਕਰਕਰੇ ਕਰ ਰਿਹਾ ਸੀ, ਜਿਸ ਦਾ ਬਾਅਦ ਵਿਚ ਮੁੰਬਈ ਵਿਚ ਹੋਏ ਦਹਿਸ਼ਤੀ ਹਮਲੇ ਦੌਰਾਨ 26 ਨਵੰਬਰ 2008 ਨੂੰ ਕਤਲ ਕਰ ਦਿੱਤਾ ਗਿਆ। ਉਸ ਦੀ ਤਫਤੀਸ਼ ਦੌਰਾਨ ਪਹਿਲੀ ਵਾਰ ਸੱਜੇਪੱਖੀ ਹਿੰਦੂ ਗਰੁੱਪਾਂ ਦੀ ਮੁਲਕ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰਨ ਦੀ ਬਾਕਾਇਦਾ ਸਾਜ਼ਿਸ਼ ਦੇ ਸਬੂਤ ਸਾਹਮਣੇ ਆਏ,


'ਅਭਿਨਵ ਭਾਰਤ' ਦਾ ਪੋਲ ਖੋਲ੍ਹਣ ਵਾਲਾ ਆਈ.ਪੀ.ਐਸ. ਅਫਸਰ ਹੇਮੰਤ ਕਰਕਰੇ ਅਤੇ ਵਕੀਲ ਰੋਹਿਨੀ ਸਲਿਆਨ।

ਖਾਸ ਤੌਰ ਤੇ 'ਅਭਿਨਵ ਭਾਰਤ' ਦਾ ਨਾਂ ਉਭਰ ਕੇ ਸਾਹਮਣੇ ਆਇਆ।

ਅਭਿਨਵ ਭਾਰਤ ਭਾਵੇਂ ਮਹਾਰਾਸ਼ਟਰ ਆਧਾਰਤ ਨਿੱਕੀ ਜਿਹੀ ਸੰਸਥਾ ਹੈ, ਪਰ ਇਸ ਵਲੋਂ ਅੰਜਾਮ ਦਿੱਤੇ ਗਏ ਬੰਬ ਕਾਂਡ ਦੀ ਸਾਜ਼ਿਸ਼ੀ ਕਾਰਵਾਈ ਦੇ ਪਾਸਾਰ ਪੂਰੇ ਭਾਰਤ ਨਾਲ ਜੁੜੇ ਹੋਏ ਹਨ। ਮਹਾਰਾਸ਼ਟਰ ਏ. ਟੀ. ਐਸ. ਦੀ ਜਾਂਚ ਤੋਂ ਪਤਾ ਲੱਗਾ ਕਿ ਇਸ ਦੀ ਯੋਜਨਾ ਪੰਜ ਮੀਟਿੰਗਾਂ ਵਿਚ ਪੂਰੀ ਬਾਰੀਕੀ ਨਾਲ ਬਣਾਈ ਗਈ ਸੀ, ਕਰਨਲ ਸ੍ਰੀਕਾਂਤ ਪੁਰੋਹਿਤ ਦੀ ਇਸ ਪੂਰੀ ਸਾਜ਼ਿਸ਼ ਨੂੰ ਘੜਨ ਵਿਚ ਕੇਂਦਰੀ ਭੂਮਿਕਾ ਸੀ।

ਪਹਿਲੀ ਮੀਟਿੰਗ ਫਰੀਦਾਬਾਦ ਵਿਚ 25-27 ਜਨਵਰੀ 2008 ਨੂੰ ਹੋਈ। ਇਸ ਵਿਚ ਲੈਫਟੀਨੈਂਟ ਕਰਨਲ ਪੁਰੋਹਿਤ ਤੋਂ ਇਲਾਵਾ ਅਭਿਨਵ ਭਾਰਤ ਵਿਚ ਕੰਮ ਕਰ ਰਹੇ ਉਸ ਦੇ ਹੋਰ ਕਈ ਸਾਥੀ ਹਾਜ਼ਰ ਸਨ। ਉਥੇ ਜੋ ਅਹਿਮ ਮੈਂਬਰ ਉਸ ਵਕਤ ਹਾਜ਼ਰ ਸਨ, ਉਨ੍ਹਾਂ ਦਾ ਨਾਂ ਚਾਰਜ ਸ਼ੀਟ ਵਿਚ ਵੀ ਹੈ। ਲੈਫਟੀਨੈਂਟ ਕਰਨਲ ਪੁਰੋਹਿਤ ਨਾਲ ਉਸ ਸਮੇਂ ਮੇਜਰ ਰਮੇਸ਼ ਉਪਾਧਿਆਏ (ਰਿਟਾਇਰਡ), ਸਮੀਰ ਕੁਲਕਰਨੀ, ਸੁਧਾਕਰ ਚਤੁਰਵੇਦੀ ਅਤੇ ਅੰਮ੍ਰਿਤਾਨੰਦ ਦੇਵ ਤੀਰਥ ਵੀ ਸਨ (ਅਮ੍ਰਿਤਾਨੰਦ ਨੂੰ ਸੁਧਾਕਰ ਦਿਵੇਦੀ, ਸੁਧਾਕਰ ਧਰ ਅਤੇ ਦਿਆ ਨੰਦ ਪਾਂਡੇ ਨਾਂਵਾਂ ਨਾਲ ਵੀ ਜਾਣਿਆ ਜਾਂਦਾ ਹੈ)।

ਇਹ ਲੋਕ ਦੂਜੀ ਦਫਾ 11-12 ਅਪਰੈਲ 2008 ਨੂੰ ਭੋਪਾਲ ਵਿਚ ਮਿਲੇ। ਏ. ਟੀ. ਐਸ. ਅਨੁਸਾਰ ਇਸ ਵਾਰ ਆਰ. ਐਸ. ਐਸ. ਦੇ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ. ਬੀ. ਵੀ. ਪੀ.) ਦੀ ਸਾਬਕਾ ਆਗੂ ਸਾਧਵੀ ਪ੍ਰਗਿਆ ਸਿੰਘ ਠਾਕੁਰ ਵੀ ਉਨ੍ਹਾਂ ਨਾਲ ਸੀ। ਮੀਟਿੰਗ ਵਿਚ ਸ਼ਾਮਲ ਲੋਕਾਂ ਨੇ 'ਮੁਸਲਮਾਨਾਂ ਤੋਂ ਬਦਲਾ ਲੈਣ ਲਈ ਮਾਲੇਗਾਓਂ, ਜੋ ਸੰਘਣੀ ਆਬਾਦੀ ਵਾਲਾ ਮੁਸਲਿਮ ਇਲਾਕਾ ਹੈ, ਵਿਚ ਬੰਬ ਧਮਾਕੇ ਕਰਨ ਦੀ ਯੋਜਨਾ ਬਣਾਈ। ਦੋਸ਼ੀ (ਸ੍ਰੀਕਾਂਤ ਪੁਰੋਹਿਤ) ਨੇ ਬਾਰੂਦੀ ਸਮੱਗਰੀ ਦੇਣ ਦੀ ਜ਼ਿੰਮੇਵਾਰੀ ਲਈ। ਦੋਸ਼ੀ ਪ੍ਰਗਿਆ ਸਿੰਘ ਠਾਕੁਰ ਨੇ ਬੰਬ ਰੱਖਣ ਲਈ ਆਦਮੀ ਦੇਣ ਦਾ ਜ਼ਿੰਮਾ ਲਿਆ। ਇਸ ਮੀਟਿੰਗ ਵਿਚ ਸਹਿਮਤੀ ਹੋ ਗਈ ਅਤੇ ਸਭ ਨੇ ਮਾਲੇਗਾਓਂ ਵਿਚ ਬੰਬ ਧਮਾਕੇ ਕਰਨ ਨੂੰ ਸਹਿਮਤੀ ਦਿੱਤੀ।'

ਤੀਜੀ ਮੀਟਿੰਗ 11 ਜੂਨ 2008 ਨੂੰ ਇੰਦੌਰ ਦੇ ਸਰਕਟ ਹਾਊਸ ਵਿਚ ਹੋਈ। ਮਹਾਰਾਸ਼ਟਰ ਏ. ਟੀ. ਐਸ. ਵਲੋਂ ਪੇਸ਼ ਚਾਰਜਸ਼ੀਟ ਅਨੁਸਾਰ ਇਸ ਮੀਟਿੰਗ ਵਿਚ ਸਾਧਵੀ ਪ੍ਰਗਿਆ ਸਿੰਘ ਨੇ ਅੰਮ੍ਰਿਤਾਨੰਦ ਦੇਵ ਤੀਰਥ ਨੂੰ ਰਾਮ ਚੰਦਰ ਕਾਲਸੰਗਰਾ ਤੇ ਸੰਦੀਪ ਡਾਂਗੇ ਨੂੰ ਮਿਲਾਇਆ ਅਤੇ ਦੱਸਿਆ ਕਿ ਇਹ ਬਹੁਤ ਭਰੋਸੇਯੋਗ ਆਦਮੀ ਹਨ, ਜੋ ਮਾਲੇਗਾਓਂ ਵਿਚ ਬੰਬ ਧਮਾਕੇ ਕਰਨਗੇ। ਚੌਥੀ ਮੀਟਿੰਗ ਜੁਲਾਈ 2008 ਦੇ ਪਹਿਲੇ ਹਫਤੇ ਪੂਨੇ ਵਿਚ ਹੋਈ, ਜਿਥੇ ਸਾਧਵੀ ਨੇ ਅਮ੍ਰਿਤਾਨੰਦ ਦੇਵ ਤੀਰਥ ਨੂੰ ਕਿਹਾ ਕਿ ਸ੍ਰੀਕਾਂਤ ਪੁਰੋਹਿਤ ਨੂੰ ਕਹੋ ਕਿ ਬੰਬ ਧਮਾਕਿਆਂ ਦਾ ਸਮਾਨ ਕਾਲਸੰਗਰਾ ਅਤੇ ਡਾਂਗ ਨੂੰ ਦੇ ਦੇਵੇ।

ਅਖੀਰਲੀ, ਪੰਜਵੀਂ ਮੀਟਿੰਗ 3 ਅਗਸਤ 2008 ਨੂੰ ਉਜੈਨ ਦੇ ਮਹਾਂਕਾਲੇਸ਼ਵਰ ਮੰਦਿਰ ਦੀ ਧਰਮਸ਼ਾਲਾ ਵਿਚ ਹੋਈ, ਜਿਥੇ ਸ੍ਰੀਕਾਂਤ ਪੁਰੋਹਿਤ ਨੂੰ ਕਾਲਸੰਗਰਾ ਅਤੇ ਡਾਂਗੇ ਨੂੰ ਆਰ. ਡੀ. ਐਕਸ. ਮੁਹੱਈਆ ਕਰਾਉਣ ਦੀ ਬਾਕਾਇਦਾ ਜ਼ਿੰਮੇਵਾਰੀ ਦਿੱਤੀ ਗਈ। ਉਸ ਨੇ ਅੱਗੇ ਇੰਤਜ਼ਾਮ ਕਰਕੇ ਬਾਰੂਦੀ ਸਮੱਗਰੀ ਦੋਹਾਂ ਦੇ ਹਵਾਲੇ ਕਰਨ ਦੀ ਜ਼ਿੰਮੇਵਾਰੀ ਰਾਕੇਸ਼ ਧਾਵੜੇ ਦੀ ਲਾ ਦਿੱਤੀ, ਜੋ ਬੰਬ ਧਮਾਕੇ ਕਰਨ ਅਤੇ ਇਸ ਲਈ ਆਈ. ਈ. ਡੀ. (ਇੰਪਰੋਵਾਈਜ਼ਡ ਐਕਸਪਲੋਜ਼ਿਵ ਡਿਵਾਈਸਿਜ਼) ਯੰਤਰ ਤਿਆਰ ਕਰਨ ਦਾ ਮਾਹਰ ਹੈ, ਜੋ ਉਨ੍ਹਾਂ ਨੂੰ 9-10 ਅਗਸਤ 2008 ਨੂੰ ਮਿਲਿਆ।

ਮਾਲੇਗਾਓਂ ਬੰਬ ਧਮਾਕਿਆਂ ਵਿਚ ਅਭਿਨਵ ਭਾਰਤ ਦੀ ਭੂਮਿਕਾ ਸਾਬਤ ਕਰਨ ਦੇ ਨਾਲ-ਨਾਲ ਮਹਾਰਾਸ਼ਟਰ ਏ. ਟੀ. ਐਸ. ਨੇ ਹਿੰਦੂ ਫਿਰਕੂ ਗੁੱਟਾਂ ਦਾ ਪਹਿਲਾਂ ਦੇ ਕਈ ਬੰਬ ਕਾਂਡਾਂ ਵਿਚ ਹੱਥ ਹੋਣ ਦੀਆਂ ਸਾਜ਼ਿਸ਼ਾਂ ਦੇ ਸਬੂਤ ਜੁਟਾ ਕੇ ਇਨ੍ਹਾਂ ਦੀ ਭੂਮਿਕਾ ਨਸ਼ਰ ਕਰਨੀ ਸ਼ੁਰੂ ਕਰ ਦਿੱਤੀ, ਜੋ ਹੁਣ ਤੱਕ ਇਸਲਾਮੀ ਧੜਿਆਂ ਦਾ ਕਾਰਾ ਸਮਝੇ ਜਾਂਦੇ ਸਨ। ਦਸੰਬਰ 2010 ਵਿਚ ਆਰ. ਐਸ. ਐਸ. ਦੇ ਪ੍ਰਚਾਰਕ ਅਸੀਮਾਨੰਦ ਦੀ ਗ੍ਰਿਫਤਾਰੀ ਨਾਲ ਭਾਰਤ ਵਿਚ ਹਿੰਦੂਤਵੀ ਗੁੱਟਾਂ ਦੀ ਦਹਿਸ਼ਤਵਾਦੀ ਹਮਲਿਆਂ ਵਿਚ ਸ਼ਮੂਲੀਅਤ ਦੇ ਹੈਰਤਅੰਗੇਜ਼ ਖੁਲਾਸੇ ਹੋਏ। ਮੈਜਿਸਟਰੇਟ ਅੱਗੇ ਦਿੱਤੇ ਇਕਬਾਲੀਆ ਬਿਆਨ ਵਿਚ ਅਸੀਮਾਨੰਦ ਨੇ ਭੇਤ ਖੋਲ੍ਹਿਆ ਕਿ 2006 ਦੇ ਮਾਲੇਗਾਓਂ ਬੰਬ ਧਮਾਕੇ ਵੀ ਕੱਟੜਪੰਥੀ ਹਿੰਦੂਤਵੀ ਗੁੱਟ ਦਾ ਹੀ ਕੰਮ ਸੀ, ਜੋ ਜਹਾਦੀ ਦਹਿਸ਼ਤ ਦਾ ਬਦਲਾ ਲੈਣ ਲਈ ਕੀਤੇ ਗਏ। ਉਸ ਨੇ ਇਹ ਵੀ ਬਿਆਨ ਕੀਤਾ ਕਿ 2007 ਦੇ ਸਮਝੌਤਾ ਐਕਸਪ੍ਰੈੱਸ ਬੰਬ ਧਮਾਕਿਆਂ ਦੇ ਨਾਲ ਹੈਦਰਾਬਾਦ ਮੱਕਾ ਮਸਜਿਦ ਅਤੇ ਅਜਮੇਰ ਸ਼ਰੀਫ ਦਰਗਾਹ ਬੰਬ ਧਮਾਕਿਆਂ ਵਿਚ ਵੀ ਹਿੰਦੂਤਵੀ ਕੱਟੜਪੰਥੀ ਅਤੇ ਆਰ. ਐਸ. ਐਸ. ਪ੍ਰਚਾਰਕ ਸੁਨੀਲ ਜੋਸ਼ੀ ਦੇ ਗਰੋਹ ਦਾ ਹੱਥ ਸੀ। ਅਭਿਨਵ ਭਾਰਤ ਦੇ ਕਈ ਮੈਂਬਰ ਵੀ ਇਸ ਗਰੋਹ ਵਿਚ ਸ਼ਾਮਲ ਸਨ। ਬਾਅਦ ਵਿਚ ਭਾਵੇਂ ਅਸੀਮਾਨੰਦ ਆਪਣੇ ਇਨ੍ਹਾਂ ਬਿਆਨਾਂ ਤੋਂ ਮੁੱਕਰ ਗਿਆ, ਪਰ ਉਸ ਦੇ ਇਨ੍ਹਾਂ ਬਿਆਨਾਂ ਨਾਲ ਤਫਤੀਸ਼ੀ ਏਜੰਸੀਆਂ ਨੂੰ ਇਸ ਘਿਨਾਉਣੇ ਹਿੰਦੂਤਵੀ ਦਹਿਸ਼ਤਵਾਦੀ ਤਾਣੇਬਾਣੇ ਨੂੰ ਨੰਗਾ ਕਰਨ ਵਿਚ ਕਾਫੀ ਮਦਦ ਮਿਲੀ।

2011 ਦੇ ਸ਼ੁਰੂ ਵਿਚ 2008 ਦੇ ਬੰਬ ਕਾਂਡ ਕੇਸ ਅਤੇ ਹਿੰਦੂਤਵੀ ਦਹਿਸ਼ਤਵਾਦੀ ਜਥੇਬੰਦੀਆਂ ਨਾਲ ਜੁੜੇ ਹੋਰ ਕੇਸਾਂ ਦੀ ਜਾਂਚ ਐਨ. ਆਈ. ਏ. (ਕੌਮੀ ਜਾਂਚ ਏਜੰਸੀ) ਨੂੰ ਸੌਂਪ ਦਿੱਤੀ ਗਈ। ਥੋੜ੍ਹੇ ਸਾਲ ਤਾਂ ਦੋਸ਼ੀਆਂ ਦੇ ਵਕੀਲਾਂ ਦੀਆਂ ਬਹੁਤ ਸਾਰੀਆਂ ਪਟੀਸ਼ਨਾਂ ਨੇ ਐਨ. ਆਈ. ਏ. ਨੂੰ ਕੰਮ ਹੀ ਨਹੀਂ ਕਰਨ ਦਿੱਤਾ। ਪਿਛੋਂ ਜਦੋਂ ਭਾਜਪਾ ਕੇਂਦਰ ਵਿਚ ਸੱਤਾ ਵਿਚ ਆ ਗਈ ਤਾਂ ਇਸੇ ਜਾਂਚ ਏਜੰਸੀ 'ਤੇ ਇਹ ਦੋਸ਼ ਵੀ ਲੱਗੇ ਕਿ ਇਹ ਸਿਖਰਲੇ ਰਾਜਸੀ ਦਬਾਓ ਹੇਠ ਲੋੜੀਂਦੀ ਫੁਰਤੀ ਨਾਲ ਕੰਮ ਨਹੀਂ ਕਰ ਰਹੀ।

ਜੂਨ 2015 ਵਿਚ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਰੋਹਿਨੀ ਸਾਲਿਆਨ, ਜੋ 2008 ਮਾਲੇਗਾਓਂ ਬੰਬ ਧਮਾਕਿਆਂ ਦੇ ਕੇਸਾਂ ਦੀ ਪੈਰਵੀ ਕਰ ਰਹੀ ਸੀ, ਨੇ ਐਨ. ਆਈ. ਏ. 'ਤੇ ਸਿੱਧੇ ਦੋਸ਼ ਲਾ ਕੇ ਸਭ ਨੂੰ ਸੁੰਨ ਕਰ ਦਿੱਤਾ। ਐਨ. ਆਈ. ਏ. ਨੇ ਉਸ ਨੂੰ ਦੋਸ਼ੀਆਂ ਪ੍ਰਤੀ ਨਰਮੀ ਵਰਤਣ ਲਈ ਕਿਹਾ ਸੀ, ਜਿਨ੍ਹਾਂ ਵਿਚੋਂ ਬਹੁਤੇ ਅਭਿਨਵ ਭਾਰਤ ਦੇ ਮੈਂਬਰ ਸਨ। ਇੰਡੀਅਨ ਐਕਸਪ੍ਰੈੱਸ ਅਖਬਾਰ ਨੂੰ ਦਿੱਤੀ ਇੰਟਰਵਿਊ ਵਿਚ ਉਸ ਨੇ ਕਿਹਾ, "ਪਿਛਲੇ ਇਕ ਸਾਲ ਤੋਂ, ਜਦੋਂ ਦੀ ਨਵੀਂ ਸਰਕਾਰ ਸੱਤਾ ਵਿਚ ਆਈ ਹੈ, ਐਨ. ਆਈ. ਏ. ਮੇਰੇ 'ਤੇ ਦਬਾਓ ਪਾ ਕੇ ਦੋਸ਼ੀਆਂ ਪ੍ਰਤੀ ਨਰਮੀ ਵਰਤਣ ਲਈ ਕਹਿ ਰਹੀ ਹੈ।" ਬਦਲੇ ਹੋਏ ਮਾਹੌਲ ਵਿਚ ਉਨ੍ਹਾਂ ਕੇਸਾਂ ਦੀ ਕਾਰਵਾਈ ਨੂੰ ਲੈ ਕੇ ਉਹ ਪੂਰੀ ਤਰ੍ਹਾਂ ਨਿਰਾਸ਼ਾ ਦੇ ਆਲਮ ਵਿਚ ਸੀ। ਉਸ ਅਨੁਸਾਰ "ਸ਼ਾਇਦ ਉਹ (ਐਨ. ਆਈ. ਏ. ਅਤੇ ਸਰਕਾਰ) ਇਹ ਕੇਸ (ਮਾਲੇਗਾਉਂ 2008 ਬੰਬ ਕਾਂਡ ਕੇਸ) ਨੂੰ ਖੁੱਲ੍ਹਾ ਛੱਡ ਦੇਣਾ ਚਾਹੁੰਦੇ ਹਨ ਅਤੇ ਆਖਿਰਕਾਰ ਚਾਹੁੰਦੇ ਹਨ ਕਿ ਕੇਸ ਹਾਰ ਜਾਵੇ, ਕਿਉਂਕਿ ਉਹ ਇਸ ਕੇਸ ਨੂੰ ਵਾਪਸ ਤਾਂ ਲੈ ਨਹੀਂ ਸਕਦੇ।"

ਸਾਲਿਆਨ ਦੇ ਇਹ ਖੁਲਾਸੇ ਅਹਿਮ ਹਨ। ਉਹ ਮਹਾਰਾਸ਼ਟਰ ਦੇ ਮੁੱਖ ਪਬਲਿਕ ਪ੍ਰਾਸੀਕਿਊਟਰ ਦੇ ਤੌਰ 'ਤੇ ਬਹੁਤ ਸਾਰੇ ਕੇਸਾਂ ਦੀ ਪੈਰਵੀ ਕਰ ਰਹੀ ਸੀ। ਉਹ ਉਨ੍ਹਾਂ ਵਿਚੋਂ ਇਕ ਸੀ, ਜਿਨ੍ਹਾਂ ਨਾਲ ਹੇਮੰਤ ਕਰਕਰੇ ਇਨ੍ਹਾਂ ਦਹਿਸ਼ਤਵਾਦੀ ਕੇਸਾਂ ਬਾਰੇ ਵਿਸਥਾਰ ਵਿਚ ਚਰਚਾ ਕਰਦੇ ਰਹੇ ਸਨ।

ਅਭਿਨਵ ਭਾਰਤ ਖਿਲਾਫ ਕੇਸ ਕਿਸੇ ਤਰਕਪੂਰਨ ਨਤੀਜੇ 'ਤੇ ਪਹੁੰਚਦਾ ਹੈ ਤਾਂ ਇਹ ਦੋ ਕਾਰਨਾਂ ਕਰਕੇ ਅਹਿਮ ਹੈ। ਪਹਿਲਾ, ਹਿੰਦੂਤਵੀ ਗਰੁੱਪਾਂ ਅਤੇ ਵਿਅਕਤੀਆਂ ਨੂੰ ਇਹ ਸੰਦੇਸ਼ ਜਾਵੇਗਾ ਕਿ ਕੋਈ ਆਦਮੀ ਵੀ ਕਾਨੂੰਨ ਤੋਂ ਉਪਰ ਨਹੀਂ ਹੈ। ਮਈ 2014 ਵਿਚ ਭਾਜਪਾ ਦੇ ਸੱਤਾ ਵਿਚ ਆਉਣ ਪਿਛੋਂ ਇਨ੍ਹਾਂ ਦੇ ਹੌਸਲੇ ਬਹੁਤ ਬੁਲੰਦ ਹੋ ਗਏ ਹਨ। ਦੂਜਾ, ਇਸ ਨਾਲ ਹਿੰਦੂ ਬਹੁਲਤਾਵਾਦੀਆਂ ਦੀ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਨੂੰ ਬਦਨਾਮ ਕਰਨ ਦੀ ਮਨਭਾਉਂਦੀ ਯੁੱਧਨੀਤੀ 'ਤੇ ਸਵਾਲੀਆ ਚਿੰਨ੍ਹ ਲੱਗਣ ਨਾਲ ਉਨ੍ਹਾਂ ਦੀ ਫੂਕ ਨਿਕਲ ਜਾਵੇਗੀ।

**(ਚਲਦਾ)**

# ਖੁਸ਼ਵੰਤ ਸਿੰਘ ਸਾਹਿਤ ਉਤਸਵ ਦੇ ਰੰਗ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਜਗਤ ਪ੍ਰਸਿੱਧ ਸਾਹਿਤਕਾਰ ਤੇ ਪੱਤਰਕਾਰ ਖੁਸ਼ਵੰਤ ਸਿੰਘ ਦੇ ਜਿਉਂਦੇ ਜੀਅ ਕਸੌਲੀ 'ਚ ਸੱਤ ਸਾਲ ਪਹਿਲਾਂ ਸ਼ੁਰੂ ਹੋਇਆ ਸਾਹਿਤ ਮੇਲਾ ਹਰ ਸਾਲ ਪਿਛਲੇ ਸਾਲ ਤੋਂ ਵੱਧ ਧੂਮ ਧਮੱਕੇ ਵਾਲਾ ਹੁੰਦਾ ਹੈ। ਇਸ ਵਿਚ ਲਗਾਤਾਰ ਸ਼ਿਰਕਤ ਕਰਨ ਵਾਲੇ ਹਰ ਵਰ੍ਹੇ ਇਹੀਓ ਸੋਚਦੇ ਹਨ ਕਿ ਅੱਗੇ ਤੋਂ ਇਸ ਦੇ ਵਡੇਰੀ ਛਾਲ ਲਾਉਣ ਦੀ ਸੰਭਾਵਨਾ ਨਹੀਂ। ਐਤਕੀਂ 11 ਤੋਂ 13 ਅਕਤੂਬਰ ਵਾਲਾ ਉਤਸਵ ਹੁਣ ਤੱਕ ਦੇ ਸਾਰੇ ਪ੍ਰੋਗਰਾਮਾਂ ਨੂੰ ਮਾਤ ਪਾਉਣ ਵਾਲਾ ਸੀ। ਇਸ ਵਿਚ ਕਲਾ, ਰੰਗਮੰਚ, ਸਭਿਆਚਾਰ ਤੇ ਨਕਲੀ ਦੇਵੀ-ਦੇਵਤਿਆਂ ਦੀਆਂ ਗਤੀਵਿਧੀਆਂ ਤੋਂ ਬਿਨਾ ਵੱਡੇ ਬੰਦਿਆਂ ਦੇ ਸਰੀਰਕ ਤੇ ਮਾਨਸਿਕ ਕਸ਼ਟਾਂ ਬਾਰੇ ਵੀ ਖੁੱਲ੍ਹ ਕੇ ਚਰਚਾ ਕੀਤੀ ਗਈ। ਚਰਚਾ ਕਰਨ ਵਾਲਿਆਂ ਵਿਚ ਕਲਾ ਜਗਤ ਦੀ ਪ੍ਰਸਿੱਧ ਹਸਤੀ ਬੀ. ਐਨ. ਗੋਸਵਾਮੀ, ਮਿਨੀਏਚਰ ਚਿਤਰਕਾਰ ਆਜਮ ਮੁਹੰਮਦ, ਕਾਲਮ ਨਵੀਸ ਤਵਲੀਨ ਸਿੰਘ ਤੇ ਸਾਦੀਆ ਦਿਹਲਵੀ ਅਤੇ ਪੱਤਰਕਾਰ ਰਸ਼ਮੀ ਸਕਸੈਨਾ ਨੇ ਭਾਰਤੀ ਕਲਾ ਤੇ ਸਭਿਆਚਾਰ ਤੋਂ ਬਿਨਾ ਖੁਸ਼ਵੰਤ ਸਿੰਘ ਦੀ ਅਨੋਖੀ ਸ਼ਖਸੀਅਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੇ ਆਪਣੇ ਆਪ 'ਤੇ ਹੱਸਣ ਦੇ ਗੁਣਾਂ 'ਤੇ ਚਾਨਣਾ ਪਾਇਆ।

ਇਥੇ ਹੀ ਬੱਸ ਨਹੀਂ, ਪਹਿਲੇ ਦਿਨ ਦੇ ਮੁਖ ਸੈਸ਼ਨ ਵਿਚ ਸਮੇਂ ਦੀ ਨਜ਼ਾਕਤ ਨੂੰ ਮੁੱਖ ਰੱਖਦਿਆਂ ਗੁਰੂ ਨਾਨਕ ਦੇਵ ਜੀ ਦੇ ਅਲੌਕਿਕ ਸਫਰਾਂ ਦੀ ਵਧੀਆ ਡਾਕੂਮੈਂਟਰੀ ਫਿਲਮ ਦਿਖਾ ਕੇ ਸਰੋਤਿਆਂ ਤੇ ਦਰਸ਼ਕਾਂ ਦਾ ਦਿਲ ਮੋਹਿਆ। ਇਸ ਦੇ ਨਾਲ ਹੀ ਅਗਲੇ ਸੈਸ਼ਨ ਵਿਚ ਚਰਚਾ ਕਰਨ ਵਾਲਿਆਂ ਨੇ ਮਹਾਤਮਾ ਗਾਂਧੀ ਦੀ ਦ੍ਰਿਸ਼ਟੀ ਤੇ ਦ੍ਰਿੜ੍ਹਤਾ ਨੂੰ ਬੜੇ ਹੀ ਸਹਿਜ ਤੇ ਸੁਹਜਮਈ ਢੰਗ ਨਾਲ ਉਭਾਰਿਆ।

ਜੱਲਿਆਂਵਾਲੇ ਬਾਗ ਦੇ ਸ਼ਹੀਦਾਂ ਨੂੰ ਸਮਰਪਿਤ ਸੈਸ਼ਨ ਵਿਚ ਉਸ ਵੇਲੇ ਦੇ ਟ੍ਰਿਬਿਊਨ ਦੇ ਸੰਪਾਦਕ ਕਾਲੀ ਨਾਥ ਰੇਅ ਦੀ ਦਰਿਆਦਿਲੀ ਤੇ ਨਿਧੜਕ ਸੋਚ ਉਤੇ ਫੁੱਲ ਚੜ੍ਹਾਏ ਗਏ। ਉਸ ਨੇ ਉਸ ਸਮੇਂ ਦੇ ਬਰਤਾਨਵੀ ਹਾਕਮਾਂ ਦੇ ਤਸ਼ੱਦਦ ਦੀ ਪਰਵਾਹ ਕੀਤੇ ਬਿਨਾ ਗੋਰੀ ਸਰਕਾਰ ਦੀਆਂ ਕਰਤੂਤਾਂ ਨੂੰ ਖੁੱਲ੍ਹ ਕੇ ਛਾਪਿਆ। ਇਹ ਵੀ ਕਿ ਜਦੋਂ ਮਾਰਸ਼ਲ ਲਾਅ ਕਮਿਸ਼ਨ ਨੇ ਉਸ ਨੂੰ ਗ੍ਰਿਫਤਾਰ ਕਰਕੇ ਦੋ ਸਾਲ ਦੀ ਸਖਤ ਕੈਦ ਸੁਣਾਈ ਤਾਂ ਜਨਤਾ ਵੱਲੋਂ ਏਨਾ ਵਿਰੋਧ ਹੋਇਆ ਕਿ ਰੇਅ ਨੂੰ ਚਾਰ ਮਹੀਨੇ ਪਿਛੋਂ ਬਰੀ ਕਰਨਾ ਪੈ ਗਿਆ; ਪਰ ਉਸ ਬੰਗਾਲੀ ਨੇ ਮੁੜ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲਦਿਆਂ ਆਪਣੀ ਸੋਚ, ਧਾਰਨਾ ਤੇ ਪੇਸ਼ਕਾਰੀ 'ਤੇ ਪਹਿਲਾਂ ਵਾਂਗ ਹੀ ਪਹਿਰਾ ਦਿੱਤਾ।

ਕਾਲੀ ਨਾਥ ਰੇਅ ਨੇ ਦੇਸ਼ ਦੇ ਹੱਕ ਵਿਚ ਇਹ ਜ਼ਿੰਮੇਵਾਰੀ ਏਨੀ ਦ੍ਰਿੜ੍ਹਤਾ ਤੇ ਨਿਡਰਤਾ ਨਾਲ ਨਿਭਾਈ ਕਿ ਹੁਣ ਟ੍ਰਿਬਿਊਨ ਟਰੱਸਟ ਦੀ ਪ੍ਰਵਾਨਗੀ ਨਾਲ ਟ੍ਰਿਬਿਊਨ ਦੇ ਤਤਕਾਲੀ ਸੰਪਾਦਕ ਰਾਜੇਸ਼ ਰਾਮਾਚੰਦਰਨ ਨੇ ਉਸ ਸਮੇਂ ਟ੍ਰਿਬਿਊਨ ਵੱਲੋਂ ਨਿਭਾਈ ਜ਼ਿੰਮੇਵਾਰੀ ਨੂੰ ਸੰਕਲਨ ਕਰਕੇ ਪੁਸਤਕ ਰੂਪ ਵਿਚ ਪੇਸ਼ ਕੀਤਾ ਹੈ। ਇਸ ਪੁਸਤਕ ਦਾ ਉਤਸਵ ਵਿਚ ਭਰਵਾਂ ਸਵਾਗਤ ਹੋਇਆ। ਇਸ ਮੌਕੇ ਪੰਜਾਬੀ ਨਾਵਲਕਾਰ ਨਾਨਕ ਸਿੰਘ ਦੇ ਪੋਤਰੇ ਨਵਦੀਪ ਸੂਰੀ ਨੇ ਨਾਨਕ ਸਿੰਘ ਵਲੋਂ ਇਸ ਪ੍ਰਸੰਗ ਵਿਚ 'ਖੂਨੀ ਵਿਸਾਖੀ' ਦੇ ਕੁਝ ਛੰਦ ਅੰਗਰੇਜ਼ੀ ਵਿਚ ਉਲਥਾ ਕੇ ਪੇਸ਼ ਕੀਤੇ।


ਖੁਸ਼ਵੰਤ ਸਿੰਘ ਦੇ ਜਿਉਂਦੇ ਜੀਅ ਕਸੌਲੀ 'ਚ ਸ਼ੁਰੂ ਹੋਏ ਸਾਹਿਤ ਮੇਲੇ ਦਾ ਇਕ ਦ੍ਰਿਸ਼

ਜਿਥੋਂ ਤੱਕ ਭਾਰਤ ਦੀ ਫਿਲਮੀ ਦੁਨੀਆਂ ਦਾ ਸਬੰਧ ਹੈ, ਸ਼ਰਮੀਲਾ ਟੈਗੋਰ ਨੇ ਸਬੰਧਤ ਸੈਸ਼ਨ ਵਿਚ ਇਸ ਦੁਨੀਆਂ ਦੇ ਉਤਰਾ-ਚੜ੍ਹਾ ਦੀ ਗੱਲ ਦੇ ਨਾਲ ਇਸ 'ਚ ਔਰਤਾਂ ਦੀ ਆਮਦ ਦੇ ਕਿੱਸੇ ਵੀ ਬੜੇ ਸਹਿਜ ਤੇ ਸੁਹਜ ਨਾਲ ਬਿਆਨ ਕੀਤੇ।

ਪਾਠਕਾਂ ਲਈ ਇਹ ਗੱਲ ਵੀ ਹੈਰਾਨੀ ਵਾਲੀ ਹੋ ਸਕਦੀ ਹੈ ਕਿ ਫਿਲਮੀ ਦੁਨੀਆਂ ਤੋਂ ਅਗਲਾ ਸੈਸ਼ਨ ਕਾਰਗਿਲ ਦੀ ਲੜਾਈ ਦੇ ਵੀਹ ਸਾਲਾ ਪਿਛੋਕੜ ਬਾਰੇ ਸੀ, ਜਿਸ ਵਿਚ ਸ਼ਹੀਦ ਹੋਏ ਇਕ ਫੌਜੀ ਨੌਜਵਾਨ ਦੀ ਲਿਖੀ ਆਖਰੀ ਚਿੱਠੀ ਬੜੇ ਮਾਣ ਨਾਲ ਪੜ੍ਹ ਕੇ ਸੁਣਾਈ ਗਈ। ਚਿੱਠੀ ਦੇ ਸ਼ਬਦ 'ਜਿਸ ਸ਼ਹੀਦੀ ਮਿਸ਼ਨ 'ਤੇ ਉਹ ਜਾਣ ਵਾਲਾ ਸੀ, ਉਥੋਂ ਉਸ ਦੇ ਜਿਉਂਦੇ ਪਰਤਣ ਦੀ ਕੋਈ ਸੰਭਾਵਨਾ ਨਹੀਂ' ਦਰਸ਼ਕਾਂ ਤੇ ਸਰੋਤਿਆਂ ਦੀਆਂ ਅੱਖਾਂ ਤਰ ਕਰ ਗਏ। ਕਾਰਗਿਲ ਦੇ ਸ਼ਹੀਦਾਂ ਬਾਰੇ ਇਹ ਡਾਕੂਮੈਂਟਰੀ ਏਨੀ ਪ੍ਰਭਾਵੀ ਸੀ ਕਿ ਇਸ ਨੂੰ ਪੇਸ਼ ਕਰ ਰਹੇ ਕਰਨਲ ਤਿਆਗੀ ਨੇ ਇਸ ਦਾ ਤੋੜਾ ਇਸ ਵਾਕ ਨਾਲ ਤੋੜਿਆ ਕਿ ਸ਼ਹੀਦ ਹੋਣ ਵਾਲੇ ਦੀ ਮੌਤ ਉਸ ਸਮੇਂ ਨਹੀਂ ਹੁੰਦੀ, ਜਦੋਂ ਉਸ ਦੀ ਜਾਨ ਜਾਂਦੀ ਹੈ, ਸਗੋਂ ਉਦੋਂ ਹੁੰਦੀ ਹੈ, ਜਦੋਂ ਉਸ ਦੀ ਕੁਰਬਾਨੀ ਨੂੰ ਲੋਕ ਭੁੱਲ ਜਾਂਦੇ ਹਨ।

ਇਸ ਵਰ੍ਹੇ ਦੇ ਉਤਸਵ ਵਿਚ ਸੈਨਿਕ ਕੁਰਬਾਨੀਆਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਤੇ ਮਹਾਤਮਾ ਗਾਂਧੀ ਦੀ ਦੇਣ ਨਾਲ ਜੋੜਨਾ ਇਸ ਉਤਸਵ ਦੀ ਵੱਡੀ ਦੇਣ ਹੈ, ਤੇ ਸਦਾ ਹੀ ਰਹੇਗੀ। ਮੇਰਾ ਮਨ ਤਾਂ ਰਾਧਾ ਕੁਮਾਰ ਤੇ ਟੀ. ਏ. ਸਿਨਹਾ ਦੀ ਆਰਟੀਕਲ 370 ਦੇ ਪ੍ਰਸੰਗ ਵਿਚ ਲਿਖੀ ਕਸ਼ਮੀਰ ਦੀ ਗਾਥਾ ਨੂੰ ਵੀ ਉਸ ਹੀ ਤੱਕੜੀ 'ਚ ਤੋਲਣਾ ਚਾਹੁੰਦਾ ਹੈ। ਰਾਧਾ ਕੁਮਾਰ ਨੇ ਧੜੱਲੇ ਨਾਲ ਕਿਹਾ ਕਿ ਇਸ ਧਾਰਾ ਸਬੰਧੀ ਪਾਸ ਕੀਤੇ ਮਤੇ ਨੂੰ ਛੇਤੀ ਤੋਂ ਛੇਤੀ ਵਾਪਸ ਲੈ ਕੇ ਕਸ਼ਮੀਰ ਦੇ ਹਾਲਾਤ ਸੁਧਾਰਨ ਦੀ ਲੋੜ ਹੈ।

ਉਤਸਵ ਦਾ ਆਖਰੀ ਦਿਨ ਮਨੀਸ਼ਾ ਕੋਇਰਾਲਾ ਤੇ ਸ਼ਬਾਨਾ ਆਜ਼ਮੀ ਦੀਆਂ ਨਿੱਜੀ ਟਿੱਪਣੀਆਂ ਨਾਲ ਸਮਾਪਤ ਹੋਇਆ। ਕੋਇਰਾਲਾ ਨੇ ਆਪਣੇ ਕੈਂਸਰ ਰੋਗ ਦੀ ਦਰਦਨਾਕ ਬਾਤ ਪਾ ਕੇ ਆਪਣੇ ਸਰੀਰਕ, ਮਾਨਸਕ ਤੇ ਰੂਹਾਨੀ ਬਦਲਾਓ ਨੂੰ ਇਸ ਢੰਗ ਨਾਲ ਪੇਸ਼ ਕੀਤਾ ਕਿ ਇਸ ਨਾਮੁਰਾਦ ਮਰਜ਼ ਦਾ ਕੋਈ ਰੋਗੀ ਮੌਤ ਦੀ ਧਾਰਨਾ ਨੂੰ ਜਿਉਂਦੇ ਰਹਿਣ ਦੇ ਸੁਹਾਗੇ ਥੱਲੇ ਮਧੋਲ ਸਕਦਾ ਹੈ। ਸ਼ਬਾਨਾ ਆਜ਼ਮੀ ਨੇ ਆਪਣੇ ਅੱਬਾ ਕੈਫੀ ਆਜ਼ਮੀ ਵੱਲੋਂ ਦਿੱਤੀਆਂ ਖੁੱਲ੍ਹਾਂ ਦਾ ਜ਼ਿਕਰ ਕਰਕੇ ਆਪਣੀ ਸ਼ਖਸੀਅਤ ਤੇ ਸੋਚ ਦੇ ਵਿਕਾਸ ਵਿਚ ਆਈ ਧਾਰਨਾ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ।

ਆਖਰੀ ਸੈਸ਼ਨ ਕੈਫੀ ਆਜ਼ਮੀ ਦੀ ਦੇਣ ਨੂੰ ਸਮਰਪਿਤ ਸੀ, ਜਿਸ ਨੂੰ ਸ਼ਬਾਨਾ ਆਜ਼ਮੀ ਨੇ ਖੂਬ ਉਘਾੜਿਆ। ਸਟੇਜ ਸਕੱਤਰ ਨੇ ਸੋਚਿਆ ਕਿ ਸ਼ਬਾਨਾ ਦੇ ਪਤੀ ਜਾਵੇਦ ਅਖਤਰ ਦੀ ਗੱਲ ਕਰਨੀ ਵੀ ਜ਼ਰੂਰੀ ਹੈ। ਉਸ ਨੇ ਜਾਵੇਦ ਵੱਲੋਂ ਔਰਤ ਦੀ ਉਸਤਤ ਵਿਚ ਲਿਖੀ ਕਵਿਤਾ ਦਾ ਜ਼ਿਕਰ ਕਰਕੇ ਮਨੀਸ਼ਾ ਕੋਇਰਾਲਾ ਵਲ ਮੂੰਹ ਕਰਕੇ ਕਹਿ ਦਿੱਤਾ ਕਿ ਇਹ ਨਜ਼ਮ ਮਨੀਸ਼ਾ ਨੂੰ ਸੰਬੋਧਤ ਸੀ। ਸ਼ਬਾਨਾ ਨੇ ਇਸ ਦੇ ਪ੍ਰਤੀਕਰਮ ਵਿਚ ਜੋ ਵਾਕ ਬੋਲਿਆ, ਉਸ ਨੇ ਭਰੀ ਮਹਿਫਿਲ ਨੂੰ ਨਿੱਘ ਤੇ ਸਲੀਕੇ ਨਾਲ ਭਰ ਦਿੱਤਾ, "ਭਲਾ ਹੋਇਆ ਮੇਰਾ ਭਰਮ ਟੁੱਟਾ, ਮੈਂ ਤਾਂ ਸਾਰੀ ਉਮਰ ਇਸ ਨਜ਼ਮ ਨੂੰ ਆਪਣੇ ਵੱਲ ਸੰਬੋਧਤ ਸਮਝਦੀ ਰਹੀ।" ਉਸ ਨੇ ਇਹ ਵਾਕ ਏਦਾਂ ਖੁੱਲ੍ਹ ਕੇ ਬੋਲੇ ਜਿਵੇਂ ਇਸ ਉਤਸਵ ਵਿਚ ਇਹੀਓ ਉਸ ਦਾ ਹਾਸਲ ਸੀ। ਸੀ ਜਾਂ ਨਹੀਂ, ਇਹ ਤਾਂ ਸ਼ਬਾਨਾ ਹੀ ਜਾਣਦੀ ਹੈ, ਪਰ ਕਸੌਲੀ ਵਾਲਾ ਇਹ ਉਤਸਵ ਸੱਚ ਹੀ ਸ਼ਾਨਾਮੱਤਾ ਸੀ। ਇਸ ਨੂੰ ਚਾਰ ਦਿਨ ਲਾਉਣ ਵਿਚ ਖੁਸ਼ਵੰਤ ਸਿੰਘ ਦੇ ਬੇਟੇ ਰਾਹੁਲ ਸਿੰਘ ਤੇ ਰਾਹੁਲ ਦੀ ਸਹੇਲੀ ਨੀਲੋਫਰ ਬਿਲੀਮੋਰਾ ਦਾ ਯੋਗਦਾਨ ਵਧਾਈ ਦਾ ਹੱਕਦਾਰ ਹੈ। ਖਾਸ ਕਰਕੇ ਇਸ ਲਈ ਕਿ ਇਕ ਵਿਅਕਤੀ (ਖੁਸ਼ਵੰਤ ਸਿੰਘ) ਦੇ ਨਾਂ ਉਤੇ ਸ਼ੁਰੂ ਹੋਇਆ ਇਹ ਸਾਹਿਤ ਉਤਸਵ ਪੂਰੇ ਭਾਰਤ ਵਿਚ ਸਿਰਫ ਇਹੀਓ ਹੈ। ਇਹ ਵੀ ਕਿ ਵਿਸ਼ਿਆਂ ਦੀ ਚੋਣ, ਪ੍ਰੋਗਰਾਮ ਦੀ ਵਿਉਂਤਬੰਦੀ ਤੇ ਵੱਡੇ ਬੰਦਿਆਂ ਦੀ ਸ਼ਿਰਕਤ ਇਸ ਨੂੰ ਅਜਿਹੇ ਹੋਰ ਉਤਸਵਾਂ ਨਾਲੋਂ ਵੱਧ ਮਾਣੀ ਜਾਂਦੀ ਹੈ।

**ਖੱਟੇ ਮਿੱਠੇ ਅੰਗੂਰਾਂ ਦੀ ਗੱਲ:** ਅੱਜ ਕੱਲ੍ਹ ਮੇਰਾ ਤੇ ਮੇਰੀ ਬੀਵੀ ਦਾ ਭਾਣਜਾ ਰਾਜਨੀਤੀ ਵਿਚ ਖੁੱਭੇ ਹੋਏ ਹਨ। ਮੇਰਾ ਭਾਣਜਾ ਅਮਰਪ੍ਰੀਤ ਲਾਲੀ ਪੰਜਾਬ ਯੂਥ ਕਾਂਗਰਸ ਦਾ ਪ੍ਰਧਾਨ ਹੈ ਤੇ ਮੇਰੀ ਬੀਵੀ ਦਾ ਭਾਣਜਾ ਕੈਪਟਨ ਸੰਦੀਪ ਸੰਧੂ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਸਿਆਸੀ ਸਲਾਹਕਾਰ। ਇਹ ਸਤਰਾਂ ਲਿਖਣ ਸਮੇਂ ਸੰਦੀਪ ਦਾਖਾ ਹਲਕੇ ਤੋਂ ਵਿਧਾਨ ਸਭਾ ਵਿਚ ਜਾਣ ਲਈ ਚੋਣ ਲੜ ਰਿਹਾ ਹੈ ਤੇ ਲਾਲੀ ਉਹਦੇ ਲਈ ਪ੍ਰਚਾਰ ਕਰਨ ਵਾਸਤੇ ਉਸ ਹਲਕੇ ਵਿਚ ਡੇਰਾ ਲਾਈ ਬੈਠਾ ਹੈ। ਸਾਨੂੰ ਡਰ ਹੈ ਕਿ ਉਨ੍ਹਾਂ ਨੇ ਮਾਰ ਖਾਣੀ ਹੈ। ਸਾਡਾ ਮਤ ਹੈ ਕਿ ਆਮ ਜਨਤਾ ਭੋਲੀ ਹੈ ਤੇ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਅੰਗੂਰ ਖਿੱਚ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕ ਏਨੇ ਭੋਲੇ ਨਹੀਂ ਕਿ ਪਰਸੋਂ ਨੂੰ ਪੱਕਣ ਵਾਲੇ ਅੰਗੂਰਾਂ ਵੱਲ ਝਾਕੀ ਜਾਣ। ਉਹ ਵਰਤਮਾਨ ਵਿਚ ਜਿਉਂਦੇ ਹਨ ਤੇ ਅਜੋਕੇ ਪੰਜਾਬ ਦੀ ਵਾਗਡੋਰ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਹੈ, ਜਿਸ ਦਾ ਸੰਦੀਪ ਸੰਧੂ ਸਲਾਹਕਾਰ ਹੈ। ਸ਼ਾਇਦ ਖੱਟੇ ਅੰਗੂਰਾਂ ਨੂੰ ਮਿੱਠੇ ਕਰਨ ਦਾ ਅਮਲ ਹੀ ਰਾਜਨੀਤੀ ਹੈ।

**ਅੰਤਿਕਾ: ਮਿਰਜ਼ਾ ਗਾਲਿਬ**

ਹਜ਼ਾਰੋਂ ਖ਼੍ਵਾਹਸ਼ੇਂ ਐਸੀ ਕਿ
ਹਰ ਖ਼੍ਵਾਹਸ਼ ਪੇ ਦਮ ਨਿਕਲੇ।
ਬੜੇ ਨਿਕਲੇ ਮੇਰੇ ਅਰਮਾਨ
ਲੇਕਿਨ ਫਿਰ ਵੀ ਕਮ ਨਿਕਲੇ।

# ਕਹਾਣੀ

# ਚੰਦੋਆ

***ਕਰਤਾਰ ਸਿੰਘ ਸੂਰੀ ਦਾ ਜਨਮ 16 ਅਕਤੂਬਰ 1927 ਨੂੰ ਅੰਮ੍ਰਿਤਸਰ ਵਿਚ ਸ. ਨਾਨਕ ਸਿੰਘ ਨਾਵਲਿਸਟ ਦੇ ਘਰ ਹੋਇਆ। ਉਨ੍ਹਾਂ ਨੇ ਪੰਜਾਬੀ ਅਤੇ ਹਿੰਦੀ ਦੀ ਐਮ. ਏ. ਕੀਤੀ। ਉਹ ਖਾਲਸਾ ਕਾਲਜ ਗੁਰੂਸਰ ਸੁਧਾਰ ਅਤੇ ਪੰਜਾਬ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਰਹੇ। ਉਹ ਕਹਾਣੀਕਾਰ, ਲੇਖਕ ਅਤੇ ਆਲੋਚਕ ਸਨ। ਉਨ੍ਹਾਂ 'ਪ੍ਰਭਾਤ ਕਿਰਨਾਂ', 'ਅਰਸ਼ ਤੇ ਫਰਸ਼', 'ਭਗਵਾਨ ਮਹਿੰਗਾ ਹੈ' ਅਤੇ 'ਪੁਰਾਣਾ ਪਿੰਜਰਾ' (ਹਿੰਦੀ) ਕਹਾਣੀ ਸੰਗ੍ਰਿਹ ਲਿਖੇ।***



ਕਰਤਾਰ ਸਿੰਘ ਸੂਰੀ

ਦੋਵੇਂ ਪਤੀ-ਪਤਨੀ ਰੇਲ ਦਾ ਸਫਰ ਕਰ ਰਹੇ ਸਨ। ਜੀਊਣ ਸਿੰਘ ਬਾਰੀ ਦੀ ਫੱਟੀ ਨਾਲ ਢਾਸਣਾ ਲਾਈ ਊਂਘ ਰਿਹਾ ਸੀ ਤੇ ਘਰਵਾਲੀ ਸਾਹਮਣੀ ਸੀਟ 'ਤੇ ਬੈਠੀ ਕਾਕੇ ਨੂੰ ਦੁੱਧ ਚੁੰਘਾ ਰਹੀ ਸੀ। ਕਾਕੇ ਤੋਂ ਵੱਡੀਆਂ ਦੋਵੇਂ ਕੁੜੀਆਂ ਉਸ ਦੇ ਨਾਲ ਗੁੱਛਾ-ਮੁੱਛਾ ਹੋਈਆਂ ਸੁੱਤੀਆਂ ਪਈਆਂ ਸਨ, ਜਿਵੇਂ ਉਨ੍ਹਾਂ ਨੂੰ ਠੰਢ ਲੱਗ ਰਹੀ ਹੋਵੇ। ਰੁੱਤ ਜੋ ਸਿਆਲ ਦੀ ਸੀ।

ਉਸ ਦੀ ਪਤਨੀ ਇੰਦਰ ਕੌਰ ਨੇ ਉਸ ਦੀ ਜੇਬ ਵਲ ਹੱਥ ਵਧਾਉਂਦਿਆਂ ਕਿਹਾ, "ਕਰੋ ਨਾ ਉਰ੍ਹਾਂ ਬਟੂਆ" ਤੇ ਉਸ ਦੀ ਬਾਹਰਲੀ ਜੇਬ ਵਿਚੋਂ ਬਟੂਆ ਖਿੱਚ ਲਿਆ। ਇੰਦਰ ਕੌਰ ਦੀ ਆਵਾਜ਼ ਤੇ ਉਂਗਲਾਂ ਦੀ ਛੋਹ ਨੇ ਜੀਊਣ ਸਿੰਘ ਨੂੰ ਜਗਾ ਦਿੱਤਾ। ਸ਼ਾਇਦ ਉਹ ਝਪਕੀ ਦੇ ਉਡਣ ਖਟੋਲੇ ਚੜ੍ਹਿਆ ਰੇਲ ਤੋਂ ਵੀ ਪਹਿਲਾਂ ਅੰਮ੍ਰਿਤਸਰ-ਗੁਰੂ ਕੀ ਨਗਰੀ ਜਾ ਪਹੁੰਚਿਆ ਸੀ, ਜਿਸ ਦੇ ਦਰਸ਼ਨਾਂ ਲਈ ਸਾਲਾਂ ਤੋਂ ਉਹ ਤੇ ਉਸ ਦੀ ਪਤਨੀ ਤਰਸਦੇ ਰਹੇ ਸਨ।

ਜੀਊਣ ਸਿੰਘ ਰੇਲਵੇ ਇੰਜਣ ਦਾ ਫਾਇਰਮੈਨ ਹੈ। ਰੇਲਵੇ ਮੁਲਾਜ਼ਮ ਹੋਣ ਕਰ ਕੇ ਉਸ ਨੂੰ ਆਉਣ ਜਾਣ ਦਾ ਪਾਸ ਮਿਲ ਸਕਦਾ ਸੀ, ਪਰ ਇਕ ਮੁਸ਼ਕਿਲ ਆ ਬਣੀ, ਜਿਸ ਕਰਕੇ ਉਸ ਦਾ ਅੰਮ੍ਰਿਤਸਰ ਜਾਣਾ ਪਿਛਾਂਹ ਪੈਂਦਾ ਗਿਆ। ਤੇ ਇਹ ਸੀ ਉਸ ਦੀ ਸੁਖਣਾ, ਜੋ ਚੰਦੋਆ ਚੜ੍ਹਾਉਣ ਦੀ, ਜਿਸ 'ਤੇ ਘੱਟੋ ਘੱਟ ਸਵਾ ਸੌ ਰੁਪਿਆ ਖਰਚ ਆਉਂਦਾ ਸੀ। ਉਸ ਦੇ ਘਰ ਉਪਰੋਥਲੀ ਕੁੜੀਆਂ ਹੋਈਆਂ, ਤੇ ਉਹ ਮਹੀਨੇ ਵਿਚ ਬੱਤੀ ਦਿਨ ਬਿਮਾਰ ਰਹਿੰਦੀਆਂ। ਉਤੋਂ ਕਿਸੇ ਸਾਧੂ ਨੇ ਭਰਮ ਪਾ ਦਿੱਤਾ ਕਿ ਤੁਹਾਡੇ ਘਰ 5 ਕੁੜੀਆਂ ਹੋਰ ਆਉਣਗੀਆਂ। ਕੁੜੀਆਂ ਦੇ ਤੁਫਾਨੀ ਹੱਲੇ ਨੂੰ ਰੋਕਣ ਲਈ ਇਕ ਦਿਨ ਪਤੀ-ਪਤਨੀ ਨੇ ਸੁਖਣਾ ਸੁੱਖੀ ਕਿ ਜੇ ਉਨ੍ਹਾਂ ਦੇ ਘਰ ਪੁੱਤ ਹੋਵੇ ਤਾਂ ਉਹ ਅੰਬਰਸਰ ਵਾਲੇ ਗੁਰੂ ਬਾਬੇ ਦੇ ਦਰਬਾਰ ਸੁੱਚਾ ਚੰਦੋਆ ਚੜ੍ਹਾਉਣਗੇ। ਗੁਰੂ ਬਾਬੇ ਨੇ ਨੇੜਿਉਂ ਹੋ ਕੇ ਸੁਣੀ ਤੇ ਆਉਂਦੇ ਸਾਲ ਜੀਊਣ ਸਿੰਘ ਨੂੰ ਪੁੱਤ ਬਖਸ਼ ਦਿੱਤਾ।

ਤਨਖਾਹ ਉਸ ਦੀ ਕੁਲ ਅੱਸੀ ਰੁਪਏ ਸੀ, ਜਿਸ ਨਾਲ ਮਸੀਂ ਚਹੁੰ ਪੰਜਾਂ ਜੀਆਂ ਦਾ ਲੂਣ-ਤੇਲ ਹੀ ਪੂਰਾ ਹੁੰਦਾ। ਇਕ ਮਹੀਨੇ ਜੇ ਪੰਜ-ਸੱਤ ਬਚ ਜਾਂਦੇ, ਤਾਂ ਦੂਜੇ ਮਹੀਨੇ ਕੋਈ ਲੋੜ-ਥੋੜ੍ਹ ਆ ਬਣਦੀ ਕਿ ਦਸਾਂ-ਪੰਜਾਂ ਦਾ ਉਲਟਾ ਕਰਜ਼ਾ ਚੜ੍ਹ ਜਾਂਦਾ। ਪਰ ਸੁਖਣਾ ਨੂੰ ਤਾਂ ਨਹੀਂ ਸੀ ਟਾਲਿਆ ਜਾ ਸਕਦਾ, ਇਹ ਤਾਂ ਹਰ ਹੀਲੇ ਦੇਣੀ ਹੀ ਸੀ। ਜਦੋਂ ਪਿਛਲੇ ਮਹੀਨੇ ਬੱਚੇ ਨੂੰ ਕਾਕੜਾ-ਲਾਕੜਾ ਨਿਕਲ ਪਿਆ, ਤਾਂ ਦੋਹਾਂ ਦੀ ਖਾਨਿਓਂ ਗਈ, ਭਾਵੇਂ ਗੁਰੂ ਬਾਬੇ ਦੀ ਕਰੋਪੀ ਦਾ ਹੀ ਫਲ ਹੋਵੇ, ਦੋਹਾਂ ਨੇ ਅਰਜੋਈਆਂ ਕੀਤੀਆਂ, "ਹੇ ਸੱਚੇ ਪਾਤਸ਼ਾਹ! ਜੇ ਮਿਹਰ ਕਰਕੇ ਦਿੱਤਾ ਈ ਤਾਂ ਹੁਣ ਇਸ ਦਾ ਧਾਗਾ ਲੰਮਾ ਕਰੀਂ। ਅਸੀਂ ਇਸ ਦੇ ਰਾਜ਼ੀ ਹੋਣ ਦੇ ਚਾਲੀ ਦਿਨਾਂ ਵਿਚ ਤੇਰੇ ਦਰਬਾਰ ਚੰਦੋਆ ਚੜ੍ਹਾਵਾਂਗੇ।" ਤੇ ਫਿਰ ਜੀਊਣ ਸਿੰਘ ਨੂੰ ਗੁਰੂ ਬਾਬੇ ਦੀ ਪ੍ਰਤੱਖ ਕਰਾਮਾਤ ਨਜ਼ਰ ਆਈ, ਜਦੋਂ ਉਸ ਦਾ ਕਾਕਾ ਅਠੋਵਾਰੀ ਦੇ ਅੰਦਰ ਅੰਦਰ ਨਵਾਂ ਨਰੋਆ ਹੋ ਗਿਆ। ਖੁਸ਼ੀ ਤੇ ਸ਼ਰਧਾ ਨਾਲ ਦੋਹਾਂ ਪਤੀ-ਪਤਨੀ ਦੀਆਂ ਰੂਹਾਂ ਬਾਗ ਬਾਗ ਹੋ ਗਈਆਂ। ਪਰ ਅਗਲੇ ਸੁਆਲ ਨੇ ਉਨ੍ਹਾਂ ਦੀ ਖੁਸ਼ੀ ਨੂੰ ਕਿਰਕਰਾ ਕਰ ਦਿੱਤਾ। "ਚੰਦੋਏ ਲਈ ਰੁਪਏ?" ਨਿਰਾ ਰੁਪਿਆਂ ਦਾ ਹੀ ਸਵਾਲ ਨਹੀਂ ਸੀ, ਏਦੂੰ ਵੀ ਵੱਡਾ ਸੁਆਲ ਸੀ ਛੁੱਟੀ ਦਾ, ਕਿਉਂਕਿ ਉਸ ਦੀ ਛੁੱਟੀ 'ਡੀਊ' ਨਹੀਂ ਸੀ। ਕਦੀ ਬੱਚਿਆਂ ਦੀ ਬਿਮਾਰੀ ਕਰਕੇ, ਕਦੀ ਰਿਸ਼ਤੇਦਾਰਾਂ ਦੇ ਮਰਨੇ-ਪਰਨੇ 'ਤੇ ਜਾਣ ਲਈ, ਤੇ ਕਦੀ ਰਾਤ ਦੀ ਡਿਊਟੀ ਦੇ ਅਨੀਂਦੇ ਕਟ ਕਟ ਕੇ ਉਹ ਆਪ ਬਿਮਾਰ ਹੋ ਜਾਂਦਾ ਰਿਹਾ, ਜਿਸ ਕਰਕੇ ਇਨ੍ਹਾਂ ਹੀ ਖਾਤਿਆਂ ਵਿਚ ਉਸ ਦੀਆਂ ਸਾਰੀਆਂ ਛੁੱਟੀਆਂ ਲੇਖੇ ਲਗ ਗਈਆਂ ਸਨ।

ਬੜੀ ਹਫੜਾ ਦਫੜੀ ਮਚੀ, ਉਸ ਨੇ ਹੱਦੋਂ ਬਾਹਲੀ ਠੱਠ-ਭੱਜ ਕੀਤੀ। ਸ਼ੰਟਰ ਤੋਂ ਲੈ ਕੇ ਫੋਰਮੈਨ ਤਕ ਖੁਸ਼ਾਮਦਾਂ ਕੀਤੀਆਂ ਕਿ ਕਿਵੇਂ ਉਸ ਨੂੰ ਇਕ ਹਫਤੇ ਦੀ ਹੀ ਛੁੱਟੀ ਮਿਲ ਜਾਵੇ ਤਾਂ ਮਸੇ ਕਿਤੇ ਜਾ ਕੇ ਉਸ ਨੂੰ ਪੰਜਾਂ ਦਿਨਾਂ ਦੀ ਛੁੱਟੀ ਮਿਲੀ।

ਹੁਣ ਸੁਆਲ ਰਹਿ ਗਿਆ ਰੁਪਿਆਂ ਦਾ। ਰੇਲ ਦਾ ਪਾਸ ਭਾਵੇਂ ਸਰਕਾਰੀ ਸੀ, ਪਰ ਖਰਚ ਲਈ ਤੇ ਚੰਦੋਏ ਦੀ ਰਕਮ ਪਾ ਕੇ ਘੱਟੋ ਘੱਟ ਡੇਢ ਸੌ ਲੋੜੀਂਦਾ ਸੀ। ਚਲੋ ਰਤੀ ਮਾਸਾ ਚੰਦੋਏ ਦੇ ਕਪੜੇ ਵਿਚ ਕਿਰਸ ਕਰ ਲਵਾਂਗੇ, ਤੇ ਉਤਲੇ ਖਰਚ ਦਾ ਭਾਂਗਾ ਮਾਮੇ ਦੇ ਘਰ ਟਿਕਣ ਨਾਲ ਨਿਕਲ ਜਾਏਗਾ। ਫਿਰ ਵੀ ਸੌ ਕੁ ਰੁਪਏ ਦਾ ਇੰਤਜ਼ਾਮ ਕਰਨਾ ਹੀ ਹੋਵੇਗਾ, ਤੇ ਇਸ ਰਕਮ ਲਈ ਜੀਊਣ ਸਿੰਘ ਨੇ ਕੋਈ ਹੀਲਾ ਬਾਕੀ ਨਾ ਛੱਡਿਆ। ਉਸ ਦੇ ਸਾਥੀ ਮਜ਼ਦੂਰ ਵੀ ਵਿਚਾਰੇ ਉਸ ਵਰਗੇ ਨੰਗ ਸਨ। ਫਿਰ ਵੀ ਜਿੰਨਾ ਕਿਸੇ ਤੋਂ ਸਰਿਆ, ਉਨ੍ਹਾਂ ਨੇ ਉਸ ਨੂੰ ਦਿੱਤਾ ਤਾਂ ਕਿਤੇ ਮਸਾਂ ਪੰਜਾਹ ਕੁ ਰੁਪਏ ਉਸ ਪਾਸ ਜੁੜੇ। ਅੰਮ੍ਰਿਤਸਰ ਦੀ ਯਾਤਰਾ ਨੂੰ ਤਾਂ ਲਮਕਾਇਆ ਨਹੀਂ ਸੀ ਜਾ ਸਕਦਾ, ਜਦ ਕਿ ਕਾਕੇ ਨੂੰ ਰਾਜ਼ੀ ਹੋਇਆਂ ਮਹੀਨੇ ਤੋਂ ਵੱਧ ਹੋ ਗਿਆ ਸੀ, ਜੇ ਚਾਲੀਵਾਂ ਦਿਨ ਟਪ ਗਿਆ ਤਾਂ ਨਾ ਜਾਣੀਏਂ ਗੁਰੂ ਬਾਬੇ ਦੇ ਦਰ ਤੋਂ ਬੇਮੁਖ ਹੋ ਕੇ ਕਿਹੜੇ ਕਿਹੜੇ ਕਸ਼ਟਾਂ ਦਾ ਮੂੰਹ ਵੇਖਣਾ ਪਵੇ।

ਅਖੀਰ ਜਦੋਂ ਹੋਰ ਪੈਸਿਆਂ ਲਈ ਕੋਈ ਰਾਹ ਨਾ ਸੁੱਝਿਆ, ਤਾਂ ਜੀਊਣ ਸਿੰਘ ਨੇ ਸਲਾਹ ਕੀਤੀ, ਅੰਮ੍ਰਿਤਸਰ ਵਾਲੇ ਮਾਮਾ ਜੀ ਕਿਹੜੀ ਮਰਜ਼ ਦੀ ਦੁਆ ਨੇ! ਕੀ ਲੱਖਪਤੀ ਆਦਮੀ ਉਨ੍ਹਾਂ ਦੀ ਏਨੀ ਮਦਦ ਵੀ ਨਾ ਕਰੇਗਾ? ਤੇ ਇਸੇ ਹੌਸਲੇ 'ਤੇ ਇਹ ਜੋੜਾ ਆਪਣੇ ਬਾਲ ਬੱਚਿਆਂ ਨੂੰ ਲੈ ਕੇ ਅੰਮ੍ਰਿਤਸਰ ਦੀ ਯਾਤਰਾ ਨੂੰ ਸਵਾਰ ਹੋਇਆ।

ਅੱਖਾਂ ਖੁੱਲ੍ਹਣ 'ਤੇ ਜੀਊਣ ਸਿੰਘ ਨੇ ਤੱਕਿਆ ਇੰਦਰ ਕੌਰ ਬਟੂਏ 'ਚੋਂ ਨੋਟ ਕੱਢ ਕੇ ਗਿਣ ਰਹੀ ਸੀ। "ਕੀ ਘੜੀ ਮੁੜੀ ਫੋਲਣ ਬਹਿ ਜਾਨੀ ਏਂ ਬਟੂਆ!" ਜੀਊਣ ਸਿੰਘ ਨੇ ਮਿੱਠਾ ਜਿਹਾ ਰੋਸ ਪ੍ਰਗਟ ਕੀਤਾ, "ਕਿਤੇ ਵਧ ਜਾਣੇ ਨੇ ਘੜੀ ਮੁੜੀ ਗਿਣਨ ਨਾਲ?"

"ਵੱਧ ਤੇ ਨਹੀਂ ਜਾਣੇ।" ਇੰਦਰ ਕੌਰ ਥੋੜ੍ਹੀ ਬੇਵਸੀ ਤੇ ਸ਼ਰਮਿੰਦਗੀ ਨਾਲ ਬੋਲੀ, "ਪਰ ਮੈਨੂੰ ਤੇ ਇਹੋ ਧੁੜਕੂ ਲੱਗਾ ਹੋਇਆ ਏ, ਪਈ ਜੇ ਮਾਮੇ ਹੋਰਾਂ ਤੋਂ ਨਾ ਮਿਲੇ, ਫੇਰ ਕੀ ਬਣੇਗਾ?"

"ਸੱਚ ਕਿਸੇ ਕਿਹਾ ਏ," ਜੀਊਣ ਸਿੰਘ ਫਖਰੀ ਲਹਿਜੇ ਵਿਚ ਬੋਲਿਆ, "ਬੁੱਢੀਆਂ ਦੀ ਖੁਰੀ ਪਿੱਛੇ ਮਤ ਹੁੰਦੀ ਐ। ਪੰਜਾਹ ਵੇਰੀ ਸਮਝਾਇਐ ਤੈਨੂੰ, ਪਈ ਫਿਕਰ ਨਾ ਕਰ। ਮਾਮੇ ਨੂੰ ਅਸੀਂ ਕੋਈ ਦੁਪਿਆਰੇ ਆਂ? ਨਾਲੇ ਉਥੇ ਕਿਹੜੀ ਗਿਣਤੀ ਐ ਵੀਹਾਂ ਪੰਜਾਹਾਂ ਦੀ। ਗੁਰੂ ਦੀ ਮਿਹਰ ਨਾਲ ਅੰਦਰ ਬਾਹਰ ਭਰਿਆ ਪਿਆ ਛਲਕਦਾ ਏ, ਤੂੰ ਵੇਖੀਂ ਤੇ ਸਹੀ। ਮਾਮੀ ਮੇਰੀ ਵੀ ਅਸਲੋਂ ਸੁਭਾ ਦੀ ਮਾੜੀ ਨਹੀਂ, ਸੂਮਣੀ ਹੈ ਤਾਂ ਸਹੀ, ਪਰ ਸਾਡੇ ਨਾਲ ਥੋੜਾ ਈ ਸੂਮਪੁਣਾ ਕਰਨਾ ਸੂ। ਪਹਿਲ ਪਲਾਹੀਂ ਸੁਖ ਨਾਲ ਕਾਕਾ ਉਨ੍ਹਾਂ ਦੇ ਘਰ ਚੱਲਿਐ। ਅਬਲ ਬਹੁਤੇ ਨਹੀਂ ਤਾਂ ਦਸ ਪੰਜ ਇਸ ਦੀ ਤਲੀ 'ਤੇ ਵੀ ਧਰਨਗੇ ਈ। ਕੁਝ ਨਾ ਕੁਝ ਤੈਨੂੰ ਵੀ ਲੀੜਾ ਲੱਤਾ ਦੇਵੇਗੀ-ਦੋਹਤਰਿਉਂ ਨੂੰਹ ਦਾ ਮਾਣ ਨਾ ਰੱਖਣਗੇ? ਨਾਲੇ ਕੁੜੀਆਂ ਨੇ ਕਿਹੜਾ ਰੋਜ਼ ਰੋਜ਼ ਉਨ੍ਹਾਂ ਦੇ ਘਰ ਜਾਣੈ, ਉਂਜ ਵੀ ਜਦੋਂ ਮਾਮੇ ਹੋਰਾਂ ਨੂੰ ਸੁਖਣਾ ਦੀ ਗੱਲ ਦੱਸੀ, ਉਨ੍ਹਾਂ ਠੈਹ ਦੇ ਕੇ ਅਵਲ ਤੇ ਚੰਦੋਏ ਜੋਗੀ ਸਾਰੀ, ਨਹੀਂ ਤੇ ਅੱਧੀ ਪੌਣੀ ਰਕਮ ਜਰੂਰ ਬਰ-ਜਰੂਰ ਈ ਦੇ ਦੇਣੀ ਏ।"

ਪਤੀ ਦੀਆਂ ਗੱਲਾਂ ਸੁਣ ਕੇ ਇੰਦਰ ਕੌਰ ਦਾ ਡਿਗਦਾ ਉਤਸ਼ਾਹ ਮੁੜ ਕਾਇਮ ਹੋ ਗਿਆ।

"ਹੱਛਾ ਇਕ ਗੱਲ ਕਰੀਂ" ਜਿਵੇਂ ਮਾਸਟਰ ਆਪਣੇ ਵਿਦਿਆਰਥੀ ਨੂੰ ਇਮਤਿਹਾਨ 'ਤੇ ਜਾਣ ਤੋਂ ਪਹਿਲਾਂ ਸਮਝਾਉਂਦਾ ਹੈ, ਜੀਊਣ ਸਿੰਘ ਨੇ ਸਮਝਾਉਣਾ ਸ਼ੁਰੂ ਕੀਤਾ, "ਜ਼ਰਾ ਕੂਣ ਸਹਿਣ ਲੱਗੀ ਤਜ਼ੀਬ ਦਾ ਖਿਆਲ ਰੱਖੀਂ, ਵੱਡੇ ਆਦਮੀ ਹੋਏ, ਇਹ ਨਾ ਦਿਲ ਵਿਚ ਸੋਚਣ ਪਈਂ ਕਿਹੋ ਜਿਹੋ ਗਵਾਰਾਂ ਨਾਲ ਉਨ੍ਹਾਂ ਦੀ ਸਾਕਾਦਾਰੀ ਐ।"

"ਲੈ!" ਇੰਦਰ ਕੌਰ ਆਪਣੀ ਲਿਆਕਤ ਦੇ ਮਾਣ ਵਿਚ ਬੋਲੀ, "ਮੁੰਨੀ ਦਾ ਬਾਪੂ! ਤੂੰ ਮੈਨੂੰ ਉਕਾ ਗਈ ਬੀਤੀ ਸਮਝ ਛਡਿਐ? ਜੰਮੀ ਭਾਵੇਂ ਪਿੰਡ ਆਂ, ਪਰ ਅੱਖਾਂ ਤਾਂ ਸ਼ਹਿਰ 'ਚ ਖੋਲ੍ਹੀਆਂ ਨੇ। ਮਾਮੀ ਅਸ਼ ਅਸ਼ ਨਾ ਕਰ ਉਠੀ ਤੇ ਆਖੀਂ।"

"ਸ਼ਾਵਾ ਸ਼ੇ, ਸ਼ਾਵਾ ਸ਼ੇ" ਕਹਿ ਕੇ ਮੁਸਕਰਾਉਂਦਿਆਂ ਜੀਊਣ ਸਿੰਘ ਨੇ ਦਾਦ ਦਿੱਤੀ। ਉਸ ਦੀ ਸਲਾਹ ਤਾਂ ਇਕ ਅਧ ਥਾਪੀ ਦੇਣ ਦੀ ਹੋਈ, ਪਰ ਕੋਲ ਬੈਠੀਆਂ ਸਵਾਰੀਆਂ ਦੇ ਲਿਹਾਜ਼ੋਂ ਐਸਾ ਨਾ ਕਰ ਸਕਿਆ। ਇਸ ਪ੍ਰਸ਼ਨ-ਉਤਰ ਨੇ ਦੋਹਾਂ ਦੇ ਦਿਲਾਂ ਨੂੰ ਛਲਕਾ ਦਿੱਤਾ, ਭਵਿੱਖ ਦੇ ਸੁਨਹਿਰੀ ਨਕਸ਼ਿਆਂ ਨੇ ਉਨ੍ਹਾਂ ਦੀਆਂ ਅੱਖਾਂ ਵਿਚ ਇਕ ਨਸ਼ਾ ਜਿਹਾ ਭਰ ਦਿੱਤਾ। ਏਸੇ ਮਸਤੀ ਵਿਚ ਦੋਵੇਂ ਕਿੰਨਾ ਚਿਰ ਗੱਲਾਂ ਕਰਦੇ ਰਹੇ, ਜਿਨ੍ਹਾਂ ਦਾ ਵਿਸ਼ਾ ਸੀ ਜਾਂ ਤਾਂ ਬਾਬੇ ਦਾ ਦਰਬਾਰ ਤੇ ਜਾਂ ਅੰਬਰਸਰ ਦੀਆਂ ਸੁਗਾਤਾਂ-ਪਾਪੜ ਵੜੀਆਂ ਤੋਂ ਲੈ ਕੇ ਮੁਰਾਦਾਬਾਦੀ ਭਾਂਡਿਆਂ ਤਕ। ਤੇ ਇਸ ਵਿਚਾਲੇ ਜਦੋਂ ਵੀ ਪੈਸਿਆਂ ਦਾ ਸੁਆਲ ਆਉਂਦਾ, ਪਤੀ ਦੀ ਇਕੋ ਦਲੀਲ ਨਾਲ ਪਤਨੀ ਦੀ ਤਸੱਲੀ ਹੋ ਜਾਂਦੀ, "ਮਾਮਾ ਜੁ ਹੈ ਉਥੇ।"

ਗੱਲਾਂ ਕਰਦਿਆਂ ਜੀਊਣ ਸਿੰਘ ਨੂੰ ਫਿਰ ਊਂਘ ਆ ਗਈ। ਅਸਲ 'ਚ ਉਹ ਜਨਮਾਂ ਜਨਮਾਤਰਾਂ ਤੋਂ ਨੀਂਦਰ ਦਾ ਭੁੱਖਾ ਹੈ, ਜਿਸ ਕਰ ਕੇ ਉਸ ਦੀ ਨੀਂਦਰ-ਭੁੱਖ ਕਈ ਵੀ ਪਿੱਛਾ ਨਹੀਂ ਛੱਡਦੀ। ਸਾਰੀ ਰਾਤ ਕੋਲਿਆਂ ਨਾਲ ਘੁਲਦਾ ਜਦ ਉਹ ਨੀਂਦ ਦਾ ਭਾਂਗਾ ਪੂਰਾ ਕਰਨ ਲਈ ਕੁਆਰਟਰ ਤੀਕ ਪਹੁੰਚਦਾ ਤਾਂ ਬੂਹੇ ਵੜਦਿਆਂ ਹੀ ਗ੍ਰਿਹਿਸਥ ਦੀਆਂ ਜ਼ਿੰਮੇਵਾਰੀਆਂ ਉਸ ਦੀਆਂ ਅੱਖਾਂ 'ਚੋਂ ਨੀਂਦਰ ਨੂੰ ਸ਼ਿਸ਼ਕਾਰ ਦਿੰਦੀਆਂ। ਫਿਰ ਵੀ ਜੇ ਭੁੱਲ ਭੁਲੇਖੇ ਮੰਜੀ 'ਤੇ ਜਾ ਲੇਟੇ, ਤਾਂ ਬਾਜ਼ਾਰ ਦਾ ਸੌਦਾ-ਪੱਤਾ, ਬੀਮਾਰਾਂ ਲਈ ਦਵਾ-ਦਾਰੂ, ਫੋਰਮੈਨ ਜਾਂ ਕਿਸੇ ਹੋਰ ਅਫਸਰ ਦੀਆਂ ਵਗਾਰਾਂ ਉਸ ਨੂੰ ਟਿਕਣ ਨਾ ਦਿੰਦੀਆਂ, ਜਿਸ ਕਰ ਕੇ ਉਸ ਨੂੰ ਸਧਰ ਜਿਹੀ ਪੈ ਗਈ ਹੈ ਕਿ ਕਦੀ ਕੋਈ ਵਕਤ ਆਵੇਗਾ ਜਦੋਂ ਰਜ ਕੇ ਸੌਂ ਸਕੇਗਾ? ਅੰਮ੍ਰਿਤਸਰ ਜਾਣ ਬਾਰੇ ਉਸ ਨੇ ਜਦ ਕਦੇ ਵੀ ਸੋਚ ਵਿਚਾਰ ਕੀਤੀ, ਗੁਰੂ ਬਾਬੇ ਦੀ ਸੁਖਣਾ ਦੇ ਨਾਲ ਉਸ ਨੂੰ ਖਿਆਲ ਵੀ ਬਰਾਬਰ ਆਉਂਦਾ ਰਿਹਾ ਕਿ ਛੁੱਟੀਆਂ ਦੇ ਦਿਨੀਂ ਉਹ ਰੱਜ ਰੱਜ ਕੇ ਸੰਵੇਂਗਾ। ਫਿਰ ਸੰਵੇਂਗਾ ਵੀ ਮਾਮੇ ਦੀ ਮਹੱਲ ਵਰਗੀ ਕੋਠੀ ਵਿਚ, ਖੂਬ ਗੁਦਗੁਦਾ ਬਿਸਤਰਾ ਤੇ ਨਿੱਘਾ ਨਿੱਘਾ ਕਮਰਾ। ਜਿਥੇ ਨਾ ਕਿਸੇ ਅਫਸਰ ਦੀ ਵਗਾਰ, ਨਾ ਫਿਕਰ।




ਗੱਡੀ ਵਿਚ ਬੈਠਿਆਂ ਵੀ ਜਨਮ ਜਨਮਾਂਤਰਾਂ ਦੀ ਨੀਂਦਰ ਦਾ ਗਲਬਾ ਉਸ ਉਤੇ ਛਾਇਆ ਹੋਇਆ ਸੀ। ਉਹ ਊਂਘ ਰਿਹਾ ਸੀ। ਇਹ ਊਂਘ ਜੀਊਣ ਸਿੰਘ ਲਈ ਕਿੰਨੀ ਮਿੱਠੀ ਸੀ ਜਦ ਕਿ ਗੱਡੀ ਪਹੁੰਚਣ ਤੋਂ ਪਹਿਲਾਂ ਹੀ ਉਹ ਆਪਣੇ ਗੁਰੂ ਦੇ ਦਰਬਾਰ ਮੌਜੂਦ ਸੀ। ਆਪਣੀ ਪਤਨੀ ਤੇ ਬੱਚਿਆਂ ਸਮੇਤ ਉਹ ਇਕ ਝਮ ਝਮ ਕਰਦਾ ਚੰਦੋਆ ਗੁਰੂ ਬਾਬੇ ਦੀ ਭੇਟ ਕਰ ਰਿਹਾ ਸੀ। ਤੇ ਗੁਰੂ ਬਾਬਾ ਉਸ ਦੀ ਸ਼ਰਧਾ-ਭਗਤੀ ਉਤੇ ਨਿਹਾਲ ਹੋ ਕੇ ਉਸ ਨੂੰ ਸੱਤਾਂ ਪੁੱਤਰਾਂ ਦਾ ਵਰਦਾਨ ਬਖਸ਼ ਰਿਹਾ ਸੀ।

ਅਚਿੰਤੇ ਹੀ ਸੰਸਕਾਰ ਦੀ ਤੱਤੀ ਸਾੜਵੀਂ ਹਵਾ ਦਾ ਇਕ ਬੁਲ੍ਹਾ ਕਿਤੋਂ ਆਇਆ, ਜਿਸ ਨੇ ਜੀਊਣ ਸਿੰਘ ਨੂੰ ਬਾਬੇ ਦੇ ਦਰਬਾਰ 'ਚੋਂ ਉਡਾ ਕਾਲੇ ਕਲੂਟੇ ਰੇਲਵੇ ਇੰਜਣ ਦੇ ਬਾਇਲਰ ਅੱਗੇ ਜਾ ਖਲਹਾਰਿਆ। ਉਸ ਦੇ ਇਕ ਹੱਥ ਵਿਚ ਕੋਲੇ ਸੁੱਟਣ ਵਾਲਾ ਬੇਲਚਾ ਸੀ ਤੇ ਦੂਜੇ ਵਿਚ ਕੋਲੇ ਠਕੋਰਨ ਵਾਲਾ ਹੁਕ, ਤੇ ਉਹ ਸਿਰ ਤੋਂ ਪੈਰਾਂ ਤੀਕ ਕਾਲਾ ਭੂਤ ਬਣਿਆ ਫਾਇਰ ਬਕਸ ਵਿਚ ਕੋਲਾ ਸੁਟੀ ਜਾ ਰਿਹਾ ਸੀ। ਡਿਊਟੀ 'ਤੇ ਹੁੰਦਿਆਂ, ਕੋਲਾ ਸੁੱਟਦਿਆਂ ਜਦ ਕਦੇ ਅਚਾਨਕ ਹੀ ਉਸ ਦੀ ਅੱਖ ਲੱਗ ਜਾਂਦੀ ਤਾਂ ਸ਼ੰਟਰ ਤੇ ਡਰਾਈਵਰ ਦੀਆਂ ਦਿਲ ਸਾੜਵੀਆਂ ਗਾਲ੍ਹਾਂ ਉਸ ਦੇ ਅੱਗ ਨਾਲ ਤਪੇ ਸਰੀਰ ਨੂੰ ਹੋਰ ਤਪਾ ਦਿੰਦੀਆਂ ਤੇ ਉਸ ਦੀਆਂ ਅੱਖਾਂ ਵਿਚ ਰੜਕ ਰਹੀ ਨੀਂਦਰ ਵਿਚ ਜ਼ਹਿਰ ਘੁਲ ਜਾਂਦਾ। ਗਾਲ੍ਹਾਂ ਨਿਰਾ ਉਸ ਦੇ ਸਰੀਰ ਤੇ ਮਨ ਨੂੰ ਹੀ ਨਹੀਂ ਸੀ ਤਪਾਉਂਦੀਆਂ, ਉਸ ਦੇ ਗਰੇਡ ਲਈ ਵੀ ਬਰੇਕ ਦਾ ਕੰਮ ਕਰਦੀਆਂ ਸਨ। ਅੱਠਾਂ ਸਾਲਾਂ ਤੋਂ ਜਦ ਤੋਂ ਉਹ ਫਾਇਰਮੈਨ ਭਰਤੀ ਹੋਇਆ ਹੈ, ਇਹ ਨਾਮੁਰਾਦ 'ਸੀ' ਗਰੇਡ ਜਿਵੇਂ ਜਿੰਨ ਬਣ ਕੇ ਉਸ ਨੂੰ ਚੰਬੜ ਗਿਆ ਹੋਵੇ। ਹੋਰ ਮੁਲਾਜ਼ਮਾਂ ਨੇ ਉਪਰਲਿਆਂ ਨੂੰ ਨਜ਼ਰਾਂ ਨਿਆਜ਼ਾਂ ਚੜ੍ਹਾ ਕੇ ਜਿਥੇ ਉਨ੍ਹਾਂ ਦੀਆਂ ਗਾਲ੍ਹਾਂ ਝਿੜਕਾਂ ਨੂੰ ਸ਼ੁਭ ਇਛਾਵਾਂ ਵਿਚ ਬਦਲ ਦਿੱਤਾ, ਉਥੇ ਗਰੇਡ ਵੀ ਬਦਲ ਗਏ। ਪਰ ਜੀਊਣ ਸਿੰਘ ਕਿਉਂਕਿ ਚਾਪਲੂਸੀ ਦੀ ਥਾਂ ਈਮਾਨਦਾਰੀ ਨੂੰ ਜੱਫਾ ਮਾਰੀ ਬੈਠਾ ਸੀ, ਅੱਜ ਤੀਕ ਨਾ ਤਾਂ ਉਸ ਦੇ ਗਰੇਡ ਵਿਚ ਕੋਈ ਅਦਲਾ ਬਦਲੀ ਹੋਈ ਤੇ ਨਾ ਹੀ ਉਪਰਲਿਆਂ ਦੀਆਂ ਗਾਲ੍ਹਾਂ ਸ਼ੁਭ ਇਛਾਵਾਂ ਵਿਚ ਤਬਦੀਲ ਹੋਈਆਂ।

ਨੀਂਦਰ ਦੇ ਝੂਟਿਆਂ ਵਿਚ ਏਸੇ ਹੀ ਦੋ ਕਿਸਮ ਦੀ ਦੁਨੀਆਂ-ਕਦੀ ਬਾਬੇ ਦੇ ਦਰਬਾਰ, ਕਦੇ ਬਾਇਲਰ ਦੇ ਅੱਗੇ ਜੀਊਣ ਸਿੰਘ ਨੇ ਸਫਰ ਮੁਕਾਇਆ ਤੇ ਜਦ ਅੰਮ੍ਰਿਤਸਰ ਸਟੇਸ਼ਨ ਦੀ ਹੱਦ ਵਿਚ ਗੱਡੀ ਦਾਖਲ ਹੋਈ, ਤਾਂ ਉਸ ਨੂੰ ਲੱਗ ਰਿਹਾ ਸੀ, ਜਿਵੇਂ ਇਹ ਓਹੀ ਗੱਡੀ, ਜੋ ਲਗਾਤਾਰ ਅੱਠ ਸਾਲਾਂ ਤੋਂ ਦਿੱਲੀ ਤੇ ਬਠਿੰਡੇ ਵਿਚਾਲੇ ਉਸ ਨੂੰ ਮੌਤ ਵਾਂਗ ਭੁਆਟਣੀਆਂ ਦਿੰਦੀ ਰਹੀ ਸੀ, ਅੱਜ ਕੋਈ ਅਰਸ਼ੀ ਪਰੀ ਬਣੀ ਆਪਣੇ ਨਾਜ਼ੁਕ ਖੰਭਾਂ 'ਤੇ ਸਵਾਰ ਕਰਕੇ ਉਸ ਨੂੰ ਮਹਾਂ ਸਵਰਗ ਵਲ ਲੈ ਜਾ ਰਹੀ ਹੋਵੇ।

ਟਾਂਗਾ ਗੋਪਾਲ ਸਿੰਘ ਦੀ ਕੋਠੀ ਅੱਗੇ ਜਾ ਰੁਕਿਆ, ਜੀਊਣ ਸਿੰਘ ਦਾ ਪਰਿਵਾਰ ਉਤਰ ਕੇ ਅੰਦਰ ਵੜਿਆ। ਇੰਦਰ ਕੌਰ ਨੇ ਸੱਜੇ ਪਾਸੇ ਕਾਕੇ ਨੂੰ ਚੁਕਿਆ ਹੋਇਆ ਸੀ ਤੇ ਖੱਬੇ ਹੱਥ ਕਪੜਿਆਂ ਦਾ ਥੈਲਾ। ਵੱਡੀ ਕੁੜੀ ਨੇ ਛੋਟੀ ਨੂੰ ਉਂਗਲੀ ਲਾਇਆ ਹੋਇਆ ਸੀ। ਨਾਲੇ ਰੋਟੀਆਂ ਵਾਲਾ ਡੱਬਾ ਹੱਥ ਵਿਚ ਲਮਕਾਈ ਆ ਰਹੀ ਸੀ। ਜੀਊਣ ਸਿੰਘ ਨਿੱਕੀ ਜਿਹੀ ਟਰੰਕੀ ਫੜੀ ਸਭ ਤੋਂ ਅੱਗੇ ਸੀ ਤੇ ਨਾਲੋ ਨਾਲ ਕੋਠੀ ਦੀ ਸ਼ਾਨਦਾਰ ਬਗੀਚੀ ਤੇ ਹੋਰ ਨਿਕੜ ਸੁਕੜ ਵੱਲ ਤਕਾ ਤਕਾ ਕੇ ਇੰਦਰ ਕੌਰ ਨੂੰ ਫਖਰ ਨਾਲ ਮਾਮਾ ਜੀ ਦੀ ਅਮੀਰੀ ਦੀਆਂ ਗੱਲਾਂ ਸੁਣਾਈ ਜਾ ਰਿਹਾ ਸੀ। ਇੰਦਰ ਕੌਰ ਨੇ ਗਰੀਬੀ ਦੀ ਚੱਕੀ ਝੋਂਦਿਆਂ ਉਮਰ ਗੁਜ਼ਾਰੀ ਸੀ, ਪਤੀ ਦੇ ਭਾਗਾਂ ਨੂੰ ਸਲਾਹ ਰਹੀ ਸੀ, ਜਿਸ ਦੀ ਏਡੇ ਵੱਡੇ ਆਦਮੀ ਨਾਲ ਰਿਸ਼ਤੇਦਾਰੀ ਸੀ।

ਸਰਦਾਰ ਗੁਪਾਲ ਸਿੰਘ ਗੋਲ ਕਮਰੇ ਵਿਚ ਬੈਠੇ ਆਪਣੇ ਕੁਝ ਮਹਿਮਾਨਾਂ ਨਾਲ ਗੱਲਾਂ ਕਰ ਰਹੇ ਸਨ ਕਿ ਅਚਾਨਕ ਉਨ੍ਹਾਂ ਦੀ ਨਜ਼ਰ ਮੈਲੇ ਜੀਵ-ਧਾਰੀਆਂ ਦੀ ਇਕ ਲਾਮ ਡੋਰੀ ਉਤੇ ਪਈ, ਜੋ ਅਗੜ ਪਿਛੜ ਵਰਾਂਡੇ ਦੀਆਂ ਤਿੰਨ ਪੌੜੀਆਂ ਚੜ੍ਹ ਕੇ ਰਵਾਂ ਰਵੀਂ ਜਨਾਨਖਾਨੇ ਵਲ ਜਾ ਰਹੇ ਸਨ। ਸਰਦਾਰ ਹੋਰਾਂ ਦੀਆਂ ਅੱਖਾਂ ਇਸ ਵੀਭਤਸ ਨਜ਼ਾਰੇ ਨੂੰ ਤੱਕ ਕੇ ਸਹਾਰ ਨਾ ਸਕੀਆਂ, ਉਨ੍ਹਾਂ ਦੀ ਕਹਿਰ ਭਰੀ ਨਜ਼ਰ ਚਿਪਸ ਦੇ ਫਰਸ਼ ਉਤੇ ਸੀ, ਜੋ ਮੈਲੇ ਕਦਮਾਂ ਹੇਠ ਦਾਗੀ ਹੋ ਰਿਹਾ ਸੀ।

ਰਾਜ ਭਵਨ ਵਿਚ ਆ ਵੜੀ ਇਸ ਕਾਂਵਾਂ ਦੀ ਡਾਰ ਨੂੰ ਸ਼ਿਸ਼ਕਾਰਨ ਲਈ ਉਹ ਕਿਸੇ ਨੌਕਰ ਨੂੰ ਆਵਾਜ਼ ਦੇਣ ਹੀ ਲੱਗੇ ਸਨ ਕਿ ਇਸ ਕੰਗਾਲ ਕਾਫਲੇ ਦਾ ਮੋਹਰੀ ਉਨ੍ਹਾਂ ਦੇ ਸਾਹਮਣੇ ਆ ਹਾਜ਼ਰ ਹੋਇਆ। "ਮਾਮਾ ਜੀ, ਸਤਿ ਸ੍ਰੀ ਅਕਾਲ।"

"ਕੌਣ, ਜੀਊਣ ਸਿੰਘ?" ਅੱਖਾਂ ਵਿਚ ਚਾਪਲੂਸੀ ਹਾਸਾ ਭਰ ਕੇ ਸਰਦਾਰ ਹੋਰਾਂ ਸੁਆਲ ਕੀਤਾ, "ਸੁਣਾ, ਕਦੋਂ ਆਇਐਂ ਜੀਊਣਿਆਂ?"

"ਤੁਰੇ ਈ ਔਨੇ ਆਂ ਮਾਮਾ ਜੀ!"

"ਹੱਛਾ, ਚਲੋ ਅੰਦਰ।" ਉਹ ਪੇਚਤਾਬ ਖਾਂਦੇ ਰਹਿ ਗਏ। ਕਾਫਲਾ ਅੰਦਰ ਲੰਘ ਗਿਆ। ਦੋਸਤਾਂ ਦੇ ਸਾਹਮਣੇ ਇਕ ਤੁੱਛ ਜਿਹੇ ਆਦਮੀ ਦੇ ਮੂੰਹੋਂ 'ਮਾਮਾ' ਸੰਬੋਧਨ ਬੰਦੂਕ ਦਾ ਦੁਗਾੜਾ ਬਣ ਕੇ ਉਨ੍ਹਾਂ ਦੀ ਹਿਕ ਵਿਚ ਵੱਜਾ। ਜੇ ਜੀਊਣ ਸਿੰਘ 'ਮਾਮਾ' ਸ਼ਬਦ ਨਾ ਮੂੰਹੋਂ ਫੁਟਦਾ, ਤਾਂ ਸ਼ਾਇਦ ਉਹ ਮਹਿਮਾਨਾਂ ਦੀ 'ਐਨ ਓਲਡ ਸਰਵੇਂਟ ਆਫ ਮਾਈਨ' ਕਹਿ ਕੇ ਤਸੱਲੀ ਕਰਾ ਦਿੰਦੇ। ਪਰ ਹੁਣ ਕੀ ਕਹਿ ਕੇ ਆਪਣੀ ਪੋਜ਼ੀਸ਼ਨ ਨੂੰ ਬਚਾਉਣ? ਤੇ ਦੋਸਤਾਂ ਨਾਲ ਉਨ੍ਹਾਂ ਨੇ ਕਿਸੇ ਐਸੇ ਦਿਲਚਸਪ ਮਾਮਲੇ 'ਤੇ ਗੱਲਬਾਤ ਸ਼ੁਰੂ ਕਰ ਦਿੱਤੀ, ਜਿਸ ਨਾਲ ਇਸ ਹੋਈ ਘਟਨਾ ਦਾ ਉਨ੍ਹਾਂ ਲੋਕਾਂ ਨੂੰ ਚੇਤਾ ਭੁਲ ਜਾਵੇ, ਪਰ ਬਦ-ਕਿਸਮਤੀ ਨੇ ਫੇਰ ਵੀ ਉਨ੍ਹਾਂ ਦਾ ਖਹਿੜਾ ਨਾ ਛੱਡਿਆ, ਜਦ ਥੋੜ੍ਹੇ ਹੀ ਚਿਰ ਬਾਅਦ ਇਕ ਵਾਰੀ ਮੁੜ ਓਹੀ ਕਾਫਲਾ ਰਿਟਰਨਿੰਗ ਮਾਰਚ ਕਰਦਾ ਉਨ੍ਹਾਂ ਦੇ ਸਾਹਮਣਿਓਂ ਲੰਘਿਆ। "ਹੱਛਾ ਮਾਮਾ! ਸੁੱਚੇ ਮੂੰਹ ਜਾ ਕੇ ਮੱਥਾ ਟੇਕ ਆਈਏ ਪਹਿਲਾਂ, ਫੇਰ ਗੱਲਾਂ ਕਰਾਂਗੇ ਬਹਿ ਕੇ।"

ਦੁਪਹਿਰਾਂ ਦਾ ਗਿਆ ਇਹ ਪਰਿਵਾਰ ਕਿਤੇ ਸ਼ਾਮੀ ਮੁੜਿਆ। ਅਸ਼ਨਾਨ ਪਾਣੀ ਪਿਛੋਂ ਕੜਾਹ ਪ੍ਰਸ਼ਾਦ ਲੈ ਕੇ ਗੁਰੂ ਬਾਬੇ ਦੇ ਦਰਬਾਰ ਹਾਜ਼ਰ ਹੋਏ। ਕੀਰਤਨ ਸੁਣਿਆ, ਪਤੀ-ਪਤਨੀ ਦਾ ਰੋਮ ਰੋਮ ਖਿੜ ਗਿਆ। ਰੋਟੀ ਵਾਲਾ ਡੱਬਾ ਉਨ੍ਹਾਂ ਦੇ ਕੋਲ ਸੀ, ਜਿਸ ਵਿਚ ਹੁਣ ਦੇ ਡੰਗ ਦਾ ਖਾਣ ਜੋਗਾ ਸਮਾਨ ਹੈ ਸੀ।

ਰੋਟੀ ਖਾ ਕੇ ਬਾਜ਼ਾਰ ਦਾ ਚੱਕਰ ਲਾਇਆ। ਖਰੀਦਣ ਵਾਲੀਆਂ ਚੀਜ਼ਾਂ ਬਾਰੇ ਜੀਊਣ ਸਿੰਘ ਦਾ ਵਿਚਾਰ ਸੀ ਕਿ ਇਹ ਕੰਮ ਵਾਪਸ ਜਾਣ ਵੇਲੇ ਕਰ ਲਿਆ ਜਾਏਗਾ।

ਕੋਠੀ ਪਹੁੰਚਦਿਆਂ ਤੀਕ ਕਾਫੀ ਹਨੇਰਾ ਹੋ ਗਿਆ ਸੀ। ਟਾਂਗੇ ਵਿਚ ਬੈਠਾ ਜੀਊਣ ਸਿੰਘ ਊਂਘ ਰਿਹਾ ਸੀ। ਤੇ ਇਸ ਊਂਘ ਵਿਚ ਉਸ ਨੂੰ ਕੋਈ ਡਾਢਾ ਹੀ ਸੁਖਾਵਾਂ ਸੁਨੇਹਾ ਮਿਲੀ ਜਾ ਰਿਹਾ ਸੀ। ਅਜ ਦੀ ਰਾਤ ਖੂਬ ਨੀਂਦਰ ਭਰ ਕੇ ਸੰਵਾਂਗਾ, ਮਾਮਾ ਜੀ ਦੀ ਕੋਠੀ ਵਿਚ। ਤੇ ਫਿਰ ਇਕ ਝੰਮ ਝੰਮ ਕਰਦਾ ਚੰਦੋਆ ਉਸ ਦੀਆਂ ਅੱਖਾਂ ਅੱਗੇ ਫਿਰਨ ਲਗ ਪੈਂਦਾ।

ਜੀਊਣ ਸਿੰਘ ਤੇ ਇੰਦਰ ਕੌਰ ਦੇ ਕਦਮ ਮਾਨੋਂ ਫਰਸ਼ ਨਾਲ ਸੀਤੇ ਗਏ, ਜਦੋਂ ਅੰਦਰ ਲੰਘਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਕੰਨੀ ਆਵਾਜ਼ਾਂ ਪਈਆਂ।

"ਇਹ ਕਿਥੋਂ ਆ ਮੋਈ ਚੰਗੜਾਂ ਦੀ ਟੋਲੀ?"

"ਮੈਨੂੰ ਤੇ ਜੀ ਆਪ ਚਿੰਤਾ ਲੱਗੀ ਹੋਈ ਏ। ਭੈੜੇ ਘੀਚਰਾਂ ਨੇ ਫਰਸ਼ ਦਾ ਨਾਸ ਕਰ ਛਡਿਐ। ਵਿਚਾਰੇ ਖੁਸ਼ੀਏ ਨੂੰ ਦੂਜੀ ਵੇਰ ਸਾਫ ਕਰਨਾ ਪਿਐ।"

"ਕੀ ਕਹਿੰਦੇ ਸੀ, ਫੇਰ ਆਉਣਗੇ?"

"ਆਹੋ ਜੀ, ਆਉਣਾ ਨਹੀਂ ਤੇ ਹੋਰ ਮੜ੍ਹੀਆਂ ਵਿਚ ਰਹਿਣਾ ਏ?"

"ਤੇ ਦਫਾ ਕਦੋਂ ਹੋਣਗੇ?"

"ਕੀ ਪਤਾ! ਉਹ ਮੂੰਹ ਕਾਲੀ ਤੇ ਕਹਿੰਦੀ ਸੀ ਇਥੇ ਰਹਿ ਕੇ ਚੰਦੋਆ ਬਣਵਾਉਣਾ ਏ।"

"ਹਿਸ਼ ਮੁਸਾਫਰਖਾਨਾ ਲੱਭਾ ਹੋਣਾ ਏ। ਔਂਦੇ ਨੇ ਦਫਾ ਕਰਨੇ ਦੋ ਚਾਰ ਮੰਨੀਆਂ ਖੁਆ ਕੇ। ਮੈਂ ਨਹੀਂ ਇਹ ਬੇਇੱਜਤੀ ਸਹਾਰ ਸਕਦਾ। ਬੇਵਕੂਫ, ਨਾ ਅਗਾ ਵੇਖਿਆ, ਨਾ ਪਿਛਾ ਤੇ ਸ਼ਰੀਫ ਬੰਦਿਆਂ ਦੇ ਸਾਹਮਣੇ ਮੈਨੂੰ 'ਮਾਮਾ' ਕਹਿ ਦਿੱਤਾ।"

"ਇਸੇ ਕਰ ਕੇ ਮੈਂ ਉਨ੍ਹਾਂ ਦਾ ਲਟਾ ਪਟਾ ਚੁਕਾ ਕੇ ਬਾਹਰ ਰਖਵਾ ਛਡਿਐ ਜੀ। ਚਾਰੇ ਬੰਨੇ ਜੇ ਰਾਤੀਂ ਨਾ ਹੀ ਮਗਰੋਂ ਲੱਥੇ ਤਾਂ ਸਰਵੈਂਟਸ ਕੁਆਰਟਰ ਵਿਚ ਵਾੜਾਂਗੇ ਜੀ। ਦਿਨ ਚੜ੍ਹਦੇ ਕਹਾਂਗੀ, ਚੁੱਕੋ ਬੋਰੀ ਬਿਸਤਰਾ ਤੇ ਟੁਰਦੇ ਬਣੋ।"

ਇਸ ਤੋਂ ਅੱਗੇ ਕੀ ਗੱਲਾਂ ਹੋਈਆਂ? ਇਹ ਲੋਕ ਨਾ ਸੁਣ ਸਕੇ। ਦੋਹਾਂ ਦੇ ਕੰਨਾਂ ਵਿਚ ਤੂਫਾਨ ਵਰਗੀ ਸਾਂ ਸਾਂ ਹੋਣ ਲਗੀ। ਇੰਦਰ ਕੌਰ ਨੇ ਧੌਣ ਮੋੜ ਕੇ ਵਰਾਂਡੇ ਤੋਂ ਬਾਹਰ ਤਕਿਆ। ਵਾੜ ਦੇ ਮੁੱਢ ਉਨ੍ਹਾਂ ਦੀ ਟਰੰਕੀ ਪਈ ਸੀ, ਜਿਸ 'ਤੇ ਉਹੀ ਪੁਰਾਣਾ ਕੰਬਲ ਤੇ ਕੱਪੜਿਆਂ ਵਾਲਾ ਥੈਲਾ।

ਦੋਹਾਂ ਨੇ ਦੋਹਾਂ ਵਲ ਸੁਆਲੀਆ ਨਜ਼ਰਾਂ ਨਾਲ ਤਕਿਆ, ਤੇ ਫਿਰ ਪਰਤ ਪਏ। ਕੁੜੀਆਂ ਨੂੰ ਵੀ ਉਨ੍ਹਾਂ ਇਸ਼ਾਰੇ ਨਾਲ ਪਿਛੇ ਮੋੜ ਲਿਆ ਫਿਰ ਵਾੜ ਕੋਲ ਪਹੁੰਚ ਕੇ ਇਨ੍ਹਾਂ ਸਮਾਨ ਚੁਕ ਲਿਆ। ਇੰਦਰ ਕੌਰ ਦੀ ਆਵਾਜ਼ ਥਿੜਕ ਕੇ ਨਿਕਲੀ, "ਚੰਦੋਏ ਦਾ ਕੀ ਬਣੇਗਾ?"

"ਗੁਰੂ ਬਾਬਾ ਸਾਰੇ ਲੋਕਾਂ ਪਾਸੋਂ ਚੰਦੋਏ ਥੋੜ੍ਹੇ ਈ ਮੰਗਦੈ, ਜਿਨ੍ਹਾਂ ਨੂੰ ਪੁੱਤਰ ਦੇਂਦਾ ਵੇ।"

"ਪਰ ਕਾਕਾ ਬਿਮਾਰ ਜੁ ਹੋ ਗਿਆ ਸੀ।"

"ਗੁਰੂ ਰਾਖਾ ਕਾਕੇ ਦਾ।"

ਤੇ ਫਿਰ ਇਹ ਲਾਮ ਡੋਰੀ ਹਨੇਰਾ ਚੀਰਦੀ ਕੋਠੀ ਤੋਂ ਬਾਹਰ ਹੋ ਗਈ।

# ਚੱਲ ਚਲੀਏ ਤੁਰਕੀ ਦੇ ਸ਼ਹਿਰ ਵੇ...



ਤੁਰਕੀ ਵਿਚ ਯੂਰਪ ਅਤੇ ਏਸ਼ੀਆ ਮਹਾਂਦੀਪ ਨੂੰ ਜੋੜਦਾ ਬਸਫੋਰਸ ਪੁਲ।

**ਖੁਸ਼ਵਿੰਦਰ ਢਿੱਲੋਂ**

ਤਿੰਨ ਸਾਲ ਪਹਿਲਾਂ ਕਿਸੇ ਟੀ. ਵੀ. ਚੈਨਲ 'ਤੇ ਦੇਖੇ ਤੁਰਕ ਡਰਾਮੇ ਨੇ ਬਹੁਤ ਖਿਚ ਪਾਈ। ਤੁਰਕੀ ਤਿੰਨ ਪਾਸਿਉਂ ਸਮੁੰਦਰ ਨਾਲ ਘਿਰਿਆ ਮੁਲਕ ਹੈ, ਜਿਸ ਦਾ ਖੇਤਰਫਲ 7,80,000 ਵਰਗ ਕਿਲੋਮੀਟਰ ਹੈ। ਇਹ ਮਾਰਮਰਾ ਸਮੁੰਦਰ, ਕਾਲੇ ਸਮੁੰਦਰ ਅਤੇ ਬਸਫੋਰਸ ਦੇ ਪਣਜੋੜ ਰਾਹੀਂ ਏਸ਼ੀਆ ਅਤੇ ਯੂਰਪ ਨੂੰ ਜੋੜਦਾ ਹੈ। ਕੇਂਦਰੀ ਤੁਰਕੀ ਉਤਰ, ਪੱਛਮ ਅਤੇ ਦੱਖਣ ਵਿਚ ਪਹਾੜੀ ਲੜੀਆਂ ਨਾਲ ਘਿਰਿਆ ਪਠਾਰ ਹੈ ਅਤੇ ਇਸ ਦੇ ਪੂਰਬ ਵਿਚ ਉਘੜ-ਦੁਘੜ ਪਹਾੜੀ ਖੇਤਰ ਹੈ, ਜਿਸ ਵਿਚ ਔਸਤ ਉਚਾਈ 1050 ਮੀਟਰ ਹੈ। ਇਹ ਤਿੰਨ ਪਾਸਿਉਂ ਸਮੁੰਦਰ ਨਾਲ ਘਿਰਿਆ ਹੋਣ ਕਾਰਨ ਸੀਤ-ਉਸ਼ਣੀ ਜਲਵਾਯੂ ਖਿੱਤਾ ਹੈ। ਇਥੇ ਇਕੋ ਦਿਨ ਵਿਚ ਚਾਰ ਵੱਖ-ਵੱਖ ਮੌਸਮ ਮਾਣੇ ਜਾ ਸਕਦੇ ਹਨ। ਕਿਸੇ ਵੇਲੇ ਤਾਂ ਹਵਾ ਵਿਚ ਨਮੀ 80 ਫੀਸਦੀ ਤਕ ਵੀ ਵਧ ਜਾਂਦੀ ਹੈ ਕਿ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ, ਕਿਸੇ ਵੇਲੇ ਮੌਸਮ ਕਾਫੀ ਸੁਹਾਵਣਾ ਹੋ ਜਾਂਦਾ ਹੈ। ਸੈਲਾਨੀਆਂ ਦੇ ਆਉਣ ਦਾ ਢੁਕਵਾਂ ਮੌਸਮ ਅਪਰੈਲ ਤੋਂ ਨਵੰਬਰ ਤਕ ਹੁੰਦਾ ਹੈ।

ਤੁਰਕੀ ਨੂੰ ਦੋ ਮਹਾਂਦੀਪਾਂ ਦਾ ਹਿੱਸਾ ਹੋਣ ਦਾ ਸੁਭਾਗ ਹਾਸਲ ਹੈ। ਇਸ ਦਾ ਤਿੰਨ ਫੀਸਦੀ ਹਿੱਸਾ ਯੂਰਪ ਅਤੇ 97 ਫੀਸਦੀ ਹਿੱਸਾ ਏਸ਼ੀਆ ਵਿਚ ਹੈ। ਕੇਂਦਰੀ ਤੁਰਕੀ ਵਿਚ ਸਥਿਤ ਸ਼ਹਿਰ ਅੰਕਾਰਾ ਇਸ ਮੁਲਕ ਦੀ ਰਾਜਧਾਨੀ ਹੈ, ਪਰ ਇਸ ਮੁਲਕ ਦਾ ਸਭ ਤੋਂ ਵੱਡਾ ਸ਼ਹਿਰ ਇਸਤਾਂਬੁਲ ਇਸ ਦੀ ਇਤਿਹਾਸਕ, ਸਭਿਆਚਾਰਕ ਅਤੇ ਵਪਾਰਕ ਰਾਜਧਾਨੀ ਹੈ।


ਇਸਤਾਂਬੁਲ ਦੱਖਣ-ਪੱਛਮੀ ਤੁਰਕੀ ਵਿਚ ਪੈਂਦਾ ਹੈ। ਮਾਰਮਰਾ ਸਮੁੰਦਰ ਨੂੰ ਕਾਲੇ ਸਮੁੰਦਰ ਨਾਲ ਜੋੜਨ ਵਾਲਾ ਪਣਜੋੜ ਬਸਫੋਰਸ ਇਸ ਸ਼ਹਿਰ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ। ਇਸੇ ਕਾਰਨ ਅੱਧਾ ਇਸਤਾਂਬੁਲ ਯੂਰਪ ਅਤੇ ਅੱਧਾ ਏਸ਼ੀਆ ਵਿਚ ਹੈ। ਸਮੁੰਦਰੀ ਮਾਰਗ ਤੋਂ ਇਲਾਵਾ ਤਿੰਨ ਲਟਕਵੇਂ ਪੁਲ ਸ਼ਹਿਰ ਦੇ ਦੋਹਾਂ ਹਿੱਸਿਆਂ ਨੂੰ ਆਪੋ ਵਿਚ ਜੋੜਦੇ ਹਨ। ਇਸ ਤੋਂ ਇਲਾਵਾ ਪਾਣੀ ਦੇ ਹੇਠਾਂ ਆਵਾਜਾਈ ਲਈ ਵੀ ਦੋ ਸੁਰੰਗਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਵਿਚੋਂ ਇਕ ਰੇਲ ਅਤੇ ਦੂਜੀ ਸੜਕੀ ਸਫਰ ਲਈ ਹੈ। ਬਹੁਤੇ ਹੋਟਲ, ਕਾਰੋਬਾਰੀ ਅਦਾਰੇ, ਬਾਜ਼ਾਰ ਅਤੇ ਇਤਿਹਾਸਕ ਸਮਾਰਕ ਯੂਰਪ ਵਿਚਲੇ ਇਸਤਾਂਬੁਲ ਵਿਚ ਹਨ। ਇਸ ਲਈ ਇਹ ਸ਼ਹਿਰ ਹਮੇਸ਼ਾ ਚੱਲਦਾ ਰਹਿੰਦਾ ਹੈ। ਏਸ਼ਿਆਈ ਖਿੱਤੇ ਵਿਚਲਾ ਇਸਤਾਂਬੁਲ ਰਿਹਾਇਸ਼ੀ ਖੇਤਰ, ਵਧੇਰੇ ਹਰਿਆਵਲ ਵਾਲਾ ਅਤੇ ਵਧੇਰੇ ਸ਼ਾਂਤ ਹੈ। 'ਦਿ ਗੋਲਡਨ ਹੋਰਨ' ਨਾਂ ਦੀ ਕੁਦਰਤੀ ਬੰਦਰਗਾਹ 'ਤੇ ਵਪਾਰਕ ਸਮੁੰਦਰੀ ਜਹਾਜ ਰੁਕਦੇ ਹਨ।

ਤੁਰਕ ਲੋਕ ਸੁਨੱਖੀ ਨਸਲ 'ਚੋਂ ਹੋਣ ਕਾਰਨ ਕਾਫੀ ਖੂਬਸੂਰਤ ਹੁੰਦੇ ਹਨ। ਉਹ ਲੰਮੇ ਕੱਦ ਅਤੇ ਤਕੜੇ ਜੁੱਸੇ ਵਾਲੇ ਹਨ। ਉਹ ਸੈਲਾਨੀਆਂ ਵੱਲ ਤੱਕ ਕੇ ਮੁਸਕਰਾਉਂਦੇ ਨਹੀਂ, ਸਗੋਂ ਉਨ੍ਹਾਂ ਦੀ ਸ਼ਖਸੀਅਤ ਰੋਅਬ-ਦਾਬ ਵਾਲੀ ਹੁੰਦੀ ਹੈ। ਉਨ੍ਹਾਂ ਦੀ ਚੰਗੀ ਸਿਹਤ ਦਾ ਰਾਜ਼ ਉਨ੍ਹਾਂ ਦੇ ਖਾਣ-ਪੀਣ ਦੀਆਂ ਚੰਗੀਆਂ ਆਦਤਾਂ ਹਨ। ਉਹ ਚੰਗਾ ਖਾਂਦੇ ਹਨ ਅਤੇ ਮਿੱਠਾ ਖਾਣ ਦੇ ਵੀ ਸ਼ੌਕੀਨ ਹਨ। ਇਸ ਲਈ ਰੈਸਤੋਰਾਂ ਵਲੋਂ ਵੱਧ ਖਾਣਾ ਪਰੋਸਣ ਅਤੇ ਮਠਿਆਈਆਂ ਦੀਆਂ ਦੁਕਾਨਾਂ 'ਤੇ ਮਠਿਆਈਆਂ ਦੀ ਚੰਗੀ ਵਿਕਰੀ ਤੋਂ ਹੈਰਾਨੀ ਨਹੀਂ ਹੁੰਦੀ। ਮਠਿਆਈਆਂ ਦੀਆਂ ਦੁਕਾਨਾਂ 'ਤੇ ਬਹੁਤ ਕਿਸਮਾਂ ਦੀਆਂ ਮਠਿਆਈਆਂ ਵਿਕਦੀਆਂ ਹਨ, ਜਿਨ੍ਹਾਂ ਵਿਚੋਂ 'ਬਕਲਾਵਾ' ਸਭ ਤੋਂ ਵਧੇਰੇ ਪ੍ਰਸਿਧ ਹੈ। ਉਂਜ, ਇਹ ਬਹੁਤ ਜ਼ਿਆਦਾ ਮਿਠਾ ਹੁੰਦਾ ਹੈ।

ਤੰਬਾਕੂਨੋਸ਼ੀ ਦੇ ਤਾਂ ਤੁਰਕ ਦੀਵਾਨੇ ਹਨ। ਕਰੀਬ 67 ਫੀਸਦੀ ਆਦਮੀ ਅਤੇ 33 ਫੀਸਦੀ ਔਰਤਾਂ ਤੰਬਾਕੂਨੋਸ਼ੀ ਕਰਦੇ ਹਨ। ਹੁੱਕਾ ਪੀਣਾ ਆਮ ਹੈ ਅਤੇ ਸੜਕ ਕਿਨਾਰੇ ਸਥਿਤ ਖਾਣ-ਪੀਣ ਦੀਆਂ ਥਾਵਾਂ 'ਤੇ ਬੈਠੇ ਆਦਮੀ ਤੇ ਔਰਤਾਂ ਸ਼ਾਨ ਨਾਲ ਹੁੱਕਾ ਪੀਂਦੇ ਦੇਖੇ ਜਾ ਸਕਦੇ ਹਨ। ਕਈ ਤਰ੍ਹਾਂ ਦੀ ਦਿੱਖ, ਆਕਾਰ ਅਤੇ ਰੰਗ ਦੇ ਹੁੱਕੇ ਮਿਲਦੇ ਹਨ। ਜਨਤਕ ਥਾਂਵਾਂ 'ਤੇ ਹਵਾ ਧੂੰਏਂ ਨਾਲ ਭਰੀ ਰਹਿੰਦੀ ਹੈ। ਬੱਸਾਂ ਜਾਂ ਟੈਕਸੀਆਂ ਦੇ ਡਰਾਈਵਰ ਵਾਹਨ ਚਲਾਉਂਦੇ ਸਮੇਂ ਵੀ ਤੰਬਾਕੂਨੋਸ਼ੀ ਕਰਦੇ ਦਿਖਾਈ ਦਿੱਤੇ। ਇਥੋਂ ਤੱਕ ਕਿ ਅਤਾ ਤੁਰਕ ਕੌਮਾਂਤਰੀ ਅੱਡਾ ਪਹਿਲਾ ਅਜਿਹਾ ਹਵਾਈ ਅੱਡਾ ਸੀ, ਜਿਥੇ ਮੈਨੂੰ ਤੰਬਾਕੂ ਦੀ ਵੱਡੀ ਸਾਰੀ ਦੁਕਾਨ ਦਿਖਾਈ ਦਿੱਤੀ।

ਤੁਰਕ ਲੋਕ ਬਿਨਾ ਦੁੱਧ ਵਾਲੀ ਚਾਹ ਪੀਣ ਦੇ ਵੀ ਸ਼ੌਕੀਨ ਹਨ, ਜੋ ਉਹ ਛੋਟੇ ਜਿਹੇ ਖਾਸ ਕਿਸਮ ਦੇ ਗਲਾਸਾਂ ਵਿਚ ਪੀਂਦੇ ਹਨ। ਤੁਰਕੀ ਦੀ ਕੌਫੀ ਵੀ ਬਹੁਤ ਮਸ਼ਹੂਰ ਹੈ, ਭਾਵੇਂ ਸਾਡੇ ਭਾਰਤੀਆਂ ਨੂੰ ਇਹ ਬਹੁਤ ਕੌੜੀ ਲੱਗਦੀ ਹੈ।

ਇਸਤਾਂਬੁਲ ਵਿਚ ਇਸਾਈ, ਯਹੂਦੀ ਅਤੇ ਮੁਸਲਿਮ ਵਿਰਾਸਤ ਦਾ ਸੁਮੇਲ ਹੈ। 'ਏਕਿਉਮੀਨੀਕਲ ਪੈਟਰੀਆਰਸ਼ੇਟ ਆਫ ਕੌਂਸਟੈਂਟੀਨੋਪਲ' ਅਤੇ 'ਬੁਲਗਾਰੀਅਨ ਆਇਰਨ ਚਰਚ' ਰੂੜੀਵਾਦੀ ਚਰਚ ਨਾਲ ਜੁੜੇ ਭਾਈਚਾਰੇ ਨਾਲ ਸਬੰਧਿਤ ਹਨ, ਜਿਨ੍ਹਾਂ ਤੋਂ ਇਸਾਈਅਤ ਦੀ ਸ਼ਾਨ ਝਲਕਦੀ ਹੈ। ਆਈਆ ਸੋਫੀਆ ਜਾਂ ਸੰਤ ਸੋਫੀਆ ਦੁਨੀਆਂ ਦੀ ਇਮਾਰਤਸਾਜ਼ੀ ਦਾ ਵਿਲੱਖਣ ਨਮੂਨਾ ਹੈ, ਜੋ ਛੇਵੀਂ ਸਦੀ ਦੀ ਸ਼ੁਰੂਆਤ ਵਿਚ ਸਮਰਾਟ ਜਸਟੀਨੀਅਨ ਨੇ ਬਣਵਾਇਆ ਸੀ। 1453 ਵਿਚ ਇਸ ਨੂੰ ਅਜਾਇਬਘਰ ਵਿਚ ਬਦਲ ਦਿੱਤਾ ਗਿਆ ਅਤੇ ਹੁਣ ਵੀ ਇਹ ਅਜਾਇਬਘਰ ਹੈ। ਇਹ ਆਪਣੇ ਕੱਚ ਤੇ ਪੱਥਰਾਂ ਦੇ ਟੁਕੜਿਆਂ ਨਾਲ ਬਣੇ ਚਿੱਤਰਾਂ ਅਤੇ ਸਮਰਾਟਾਂ ਤੇ ਬੇਗਮਾਂ ਦੇ ਪੋਰਟਰੇਟਾਂ ਸਦਕਾ ਪ੍ਰਸਿਧ ਹੈ।



ਇਸਤਾਂਬੁਲ ਦੀ ਸੋਨਰੰਗੀ ਭਾਅ ਮਾਰਦੀ ਗਲੀ ਦੀ ਝਲਕ।

ਸ਼ਹਿਰ ਦੀ ਯਹੂਦੀ ਵਿਰਾਸਤ ਜੇਲਾਟਾ ਜ਼ਿਲੇ 'ਚ ਦਿਖਾਈ ਦਿੰਦੀ ਹੈ। ਮੁਸਲਿਮ ਵਿਰਾਸਤ ਅਤੇ ਇਮਾਰਤਸਾਜ਼ੀ ਸੁਲਤਾਨਾਂ ਦੇ ਮਹਿਲਾਂ ਅਤੇ ਉਨ੍ਹਾਂ ਦੀਆਂ ਬਣਵਾਈਆਂ ਮਸਜਿਦਾਂ ਵਿਚੋਂ ਝਲਕਦੀ ਹੈ। ਨੀਲੀ ਮਸਜਿਦ ਦੇ ਨਾਂ ਨਾਲ ਜਾਣੀ ਜਾਂਦੀ ਮਸਜਿਦ ਪ੍ਰਸਿਧ ਹੈ, ਜਿਸ ਅੰਦਰ ਨੀਲੀਆਂ ਟਾਈਲਾਂ ਲੱਗੀਆਂ ਹਨ। ਸਮੇਂ ਦੇ ਨਾਲ-ਨਾਲ ਟੁੱਟ-ਭੱਜ ਹੋਣ ਕਾਰਨ ਇਨ੍ਹਾਂ ਟਾਈਲਾਂ ਦੀ ਨੀਲੀ ਚਮਕ ਮੱਧਮ ਪੈ ਗਈ ਹੈ। 17ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿਚ ਸੁਲਤਾਨ ਅਹਿਮਦ ਪਹਿਲੇ ਵਲੋਂ ਬਣਵਾਈ ਗਈ ਇਹ ਮਸਜਿਦ ਛੇ ਮੀਨਾਰਾਂ ਵਾਲੀ ਇਕੋ-ਇਕ ਸ਼ਾਹੀ ਮਸਜਿਦ ਹੈ। ਇਸ ਦੇ ਨੇੜੇ ਹੀ ਪੁਰਾਤਨ ਕਾਲ ਦਾ ਸਟੇਡੀਅਮ 'ਹਿੱਪੋਡਰੋਮ' ਹੈ, ਜਿਥੇ ਰਥ-ਦੌੜ ਮੁਕਾਬਲੇ ਹੁੰਦੇ ਸਨ ਅਤੇ ਇਸ ਸਟੇਡੀਅਮ ਵਿਚ ਇਕ ਲੱਖ ਦਰਸ਼ਕ ਬੈਠ ਸਕਦੇ ਹਨ। ਦੋ ਮਹਿਲਾਂ ਨੂੰ ਅਜਾਇਬਘਰਾਂ ਵਿਚ ਤਬਦੀਲ ਕਰਕੇ ਇਥੇ ਸ਼ਾਹੀ ਪਰਿਵਾਰਾਂ ਨਾਲ ਸਬੰਧਿਤ ਚੀਜ਼ਾਂ ਰੱਖੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਤੋਪਕਾਪੀ ਮਹਿਲ 15ਵੀਂ ਤੋਂ 19ਵੀਂ ਸਦੀ ਤਕ ਔਟੋਮਨ ਸੁਲਤਾਨਾਂ ਦੀ ਮੁੱਖ ਰਿਹਾਇਸ਼ ਰਿਹਾ। ਇਥੇ ਗਹਿਣਿਆਂ, ਹਥਿਆਰਾਂ, ਦਰਬਾਰੀ ਪੋਸ਼ਾਕਾਂ, ਚੀਨੀ ਦੀਆਂ ਵਸਤਾਂ ਆਦਿ ਦੇ ਬੇਮਿਸਾਲ ਸੰਗ੍ਰਿਹ ਮੌਜੂਦ ਹਨ।

ਇਥੇ ਦੇ ਬਾਜ਼ਾਰ ਹਨ, ਜੋ ਦੇਖਣ ਯੋਗ ਹਨ। ਵੱਡਾ ਬਾਜ਼ਾਰ ਪੁਰਾਣੇ ਸ਼ਹਿਰ ਦਾ ਕਾਰੋਬਾਰੀ ਦਿਲ ਹੈ, ਜਿਸ ਦੀਆਂ 4000 ਦੁਕਾਨਾਂ ਵਿਚ ਗਲੀਚੇ, ਰੇਸ਼ਮ, ਚੀਨੀ ਦੀਆਂ ਵਸਤਾਂ, ਸੋਨੇ ਦੇ ਗਹਿਣੇ ਅਤੇ ਚਮੜੇ ਦੀਆਂ ਵਸਤਾਂ ਮਿਲਦੀਆਂ ਹਨ। 17ਵੀਂ ਸਦੀ ਦੇ ਮਸਾਲਾ ਬਾਜ਼ਾਰ ਨੂੰ ਮਿਸਰੀ ਬਾਜ਼ਾਰ ਵੀ ਕਿਹਾ ਜਾਂਦਾ ਹੈ। ਇਹ ਇਸਤਾਂਬੁਲ ਵਿਚਲੀਆਂ ਸਭ ਤੋਂ ਵੱਧ ਰੰਗੀਨੀਆਂ ਭਰਪੂਰ ਤੇ ਚਹਿਲ-ਪਹਿਲ ਵਾਲੀਆਂ ਥਾਂਵਾਂ ਵਿਚੋਂ ਇਕ ਹੈ। ਇਸ ਦਾ ਰੰਗਲਾ ਮਾਹੌਲ ਅਤੇ ਮਹਿਕਾਂ ਭਰੀ ਫਿਜ਼ਾ ਇਸ ਨੂੰ ਲਾਜ਼ਮੀ ਦੇਖਣ ਯੋਗ ਥਾਂ ਬਣਾਉਂਦੇ ਹਨ। ਇਥੇ ਤਰ੍ਹਾਂ-ਤਰ੍ਹਾਂ ਦੇ ਮਸਾਲੇ, ਚਾਹ, ਤੇਲ, ਤੁਰਕੀ ਦੀਆਂ ਮਠਿਆਈਆਂ ਅਤੇ ਚੀਨੀ ਦੀਆਂ ਵਸਤਾਂ ਮਿਲਦੀਆਂ ਹਨ। ਇਹ ਸੈਲਾਨੀਆਂ ਦੇ ਖਰੀਦਦਾਰੀ ਕਰਨ ਲਈ ਢੁੱਕਵੀਂ ਥਾਂ ਹੈ।

ਇਸ ਤੋਂ ਇਲਾਵਾ ਬਸਫੋਰਸ ਵਿਚ ਕਰੂਜ਼ (ਛੋਟੇ ਸਮੁੰਦਰੀ ਜਹਾਜ) ਦਾ ਸਫਰ ਅਭੁੱਲ ਤਜਰਬਾ ਸਾਬਿਤ ਹੁੰਦਾ ਹੈ। ਕਰੂਜ਼ ਵਿਚ ਬੈਠ ਕੇ ਏਸ਼ੀਆ ਤੇ ਯੂਰਪ-ਦੋਹਾਂ ਨੂੰ ਦੇਖਿਆ ਜਾ ਸਕਦਾ ਹੈ। ਪਹਾੜੀ ਦ੍ਰਿਸ਼ਾਂ, ਛੋਟੀਆਂ ਭੀੜੀਆਂ ਗਲੀਆਂ ਅਤੇ ਸ਼ਾਹਮਾਰਗਾਂ 'ਤੇ ਬਣੇ ਬਾਗਾਂ ਕਾਰਨ ਇਸਤਾਂਬੁਲ ਵਿਚ ਸੜਕ ਮਾਰਗ ਰਾਹੀਂ ਸਫਰ ਕਰਨਾ ਵੀ ਅਨੰਦਦਾਇਕ ਹੈ। ਤੁਰਦੇ ਸਮੇਂ ਥੋੜ੍ਹੀ ਥੋੜ੍ਹੀ ਦੂਰੀ 'ਤੇ ਬਿੱਲੀਆਂ ਦਿਸਦੀਆਂ ਹਨ, ਜਦੋਂਕਿ ਕੁੱਤਿਆਂ ਦੀ ਗਿਣਤੀ ਘੱਟ ਹੈ। ਇਉਂ ਕਹਿ ਲਓ, ਜਿਵੇਂ ਇਸਤਾਂਬੁਲ ਦੀਆਂ ਸੜਕਾਂ 'ਤੇ ਬਿੱਲੀਆਂ ਦਾ ਰਾਜ ਹੈ। ਸ਼ਾਇਦ ਇਸੇ ਲਈ 'ਕੈਟਸ ਆਫ ਇਸਤਾਂਬੁਲ' ਨਾਂ ਦੀ ਫਿਲਮ ਵੀ ਬਣੀ।

ਪ੍ਰਿੰਸ'ਜ਼ ਆਈਲੈਂਡ ਵੀ ਖੂਬਸੂਰਤ ਸੈਰਗਾਹ ਹਨ, ਜੋ ਇਸਤਾਂਬੁਲ ਦੇ ਦੱਖਣ-ਪੂਰਬ ਮਾਰਮਰਾ ਦੇ ਸਮੁੰਦਰ ਵਿਚ ਮੌਜੂਦ ਨੌਂ ਟਾਪੂਆਂ ਦਾ ਸਮੂਹ ਹੈ। ਇਨ੍ਹਾਂ ਵਿਚੋਂ ਸਿਰਫ ਚਾਰ ਟਾਪੂਆਂ ਉਤੇ ਵਸੋਂ ਹੈ। ਇਨ੍ਹਾਂ ਟਾਪੂਆਂ ਦਾ ਆਪਣਾ ਇਤਿਹਾਸ ਹੈ। ਦਰਅਸਲ, ਪੁਰਾਤਨ ਕਾਲ ਖਾਸਕਰ ਬਾਈਜ਼ਨਟਾਈਨ ਅਤੇ ਔਟੋਮਨ ਕਾਲ ਦੌਰਾਨ ਸੁਲਤਾਨ ਆਪਣੇ ਭਰਾਵਾਂ ਅਤੇ ਸ਼ਾਹੀ ਪਰਿਵਾਰ ਦੇ ਹੋਰ ਮੈਂਬਰਾਂ ਨੂੰ ਦੇਸ਼ ਨਿਕਾਲਾ ਦੇ ਕੇ ਇਥੇ ਭੇਜ ਦਿੰਦੇ ਸਨ ਤਾਂ ਜੋ ਉਹ ਸੁਲਤਾਨ ਲਈ ਖਤਰਾ ਨਾ ਬਣ ਸਕਣ। ਉਨ੍ਹੀਵੀਂ ਸਦੀ ਵਿਚ ਇਹ ਟਾਪੂ ਸ਼ਾਂਤੀ ਨਾਲ ਜੀਵਨ ਜਿਉਣ ਦੇ ਚਾਹਵਾਨ ਇਸਤਾਂਬੁਲ ਦੇ ਸੇਵਾਮੁਕਤ ਅਤੇ ਅਮੀਰ ਲੋਕਾਂ ਲਈ ਮਨਭਾਉਂਦਾ ਟਿਕਾਣਾ ਬਣ ਗਏ। ਇਨ੍ਹਾਂ ਲੋਕਾਂ ਨੇ ਸਥਾਈ ਤੌਰ 'ਤੇ ਜਾਂ ਫਿਰ ਛੁੱਟੀਆਂ ਕੱਟਣ ਲਈ ਇਥੇ ਘਰ ਬਣਾ ਲਏ।

ਏਸ਼ੀਆ ਅਤੇ ਯੂਰਪ-ਦੋਵੇਂ ਪਾਸਿਉਂ ਸਮੁੰਦਰੀ ਬੇੜਿਆਂ ਰਾਹੀਂ ਇਨ੍ਹਾਂ ਟਾਪੂਆਂ 'ਤੇ ਪੁੱਜਿਆ ਜਾ ਸਕਦਾ ਹੈ। ਇਥੇ ਵਾਹਨਾਂ ਦੀ ਭੀੜ ਨਹੀਂ ਹੁੰਦੀ ਸਗੋਂ ਆਵਾਜਾਈ ਲਈ ਘੋੜਾ-ਗੱਡੀਆਂ ਵਰਤੀਆਂ ਜਾਂਦੀਆਂ ਹਨ। ਸੈਲਾਨੀ ਵੀ ਇਹ ਟਾਪੂ ਪੈਦਲ ਜਾਂ ਫਿਰ ਸਾਈਕਲ ਕਿਰਾਏ 'ਤੇ ਲੈ ਕੇ ਘੁੰਮਦੇ ਹਨ। ਸਰਦੀਆਂ ਦੌਰਾਨ ਜਾਂ ਫਿਰ ਸਮੁੰਦਰ ਦੇ ਆਵਾਜਾਈ ਦੇ ਯੋਗ ਨਾ ਹੋਣ ਸਮੇਂ ਮੁੱਖ ਭੂਮੀ ਨਾਲੋਂ ਇਨ੍ਹਾਂ ਟਾਪੂਆਂ ਦਾ ਸੰਪਰਕ ਟੁੱਟ ਜਾਂਦਾ ਹੈ। ਇਹ ਆਖ ਸਕਦੇ ਹਾਂ ਕਿ ਯੂਰਪ ਅਤੇ ਏਸ਼ੀਆ ਦਰਮਿਆਨ ਪੁਲ ਦਾ ਕੰਮ ਕਰਦੇ ਇਸਤਾਂਬੁਲ ਵਿਚ ਸੈਲਾਨੀਆਂ ਦੇ ਦੇਖਣ ਲਈ ਬਹੁਤ ਕੁਝ ਹੈ।

# ਨੀਤੀ ਦੇ ਪੰਛੀਆਂ ਦੀ ਗੱਲਬਾਤ



**ਵਾਸਦੇਵ ਸਿੰਘ ਪਰਹਾਰ**
ਫੋਨ: 206-434-1155

ਮੂਰਖ ਪੁੱਤਰਾਂ ਨਾਲੋਂ ਮੋਏ ਹੋਏ ਅਤੇ ਅਣਜੰਮੇ ਚੰਗੇ ਹਨ, ਕਿਉਂਕਿ ਉਹ ਥੋੜ੍ਹਾ ਦੁੱਖ ਦਿੰਦੇ ਹਨ। ਮੂਰਖ ਪੁੱਤਰ ਸਾਰੀ ਉਮਰ ਦੁੱਖ ਦਿੰਦਾ ਹੈ।

ਇਸ ਸੰਸਾਰ ਵਿਚ ਧਨੀਆਂ ਦੇ ਵੈਰੀ ਵੀ ਉਨ੍ਹਾਂ ਨਾਲ ਸਾਕ-ਸਬੰਧੀਆਂ ਵਾਂਗ ਵਰਤਦੇ ਹਨ, ਪਰ ਗਰੀਬਾਂ ਦੇ ਅੰਗ-ਸਾਕ ਵੀ ਉਨ੍ਹਾਂ ਨਾਲ ਭੈੜਾ ਵਰਤਾਓ ਕਰਦੇ ਹਨ। ਇਹ ਧਨ ਦੀ ਹੀ ਕਰਾਮਾਤ ਹੈ ਕਿ ਅਪੂਜ ਪੂਜ ਤੇ ਅਪਹੁੰਚ ਪਹੁੰਚ ਹੋ ਜਾਂਦਾ ਹੈ ਅਤੇ ਨਖਿਧ ਨੂੰ ਵੀ ਸਤਿਕਾਰਿਆ ਜਾਂਦਾ ਹੈ।

ਜਿਵੇਂ ਰੋਟੀ ਖਾਣ ਨਾਲ ਸੱਭੇ ਇੰਦਰੀਆਂ ਆਪੋ-ਆਪਣੇ ਕੰਮ ਵਿਚ ਜੁਟ ਜਾਂਦੀਆਂ ਹਨ, ਇਵੇਂ ਹੀ ਧਨ ਨਾਲ ਸਾਰੇ ਕੰਮ ਆਪਣੇ-ਆਪ ਸਿੱਧ ਹੋ ਜਾਂਦੇ ਹਨ। ਧਨੀ ਬੁੱਢਾ ਵੀ ਜਵਾਨ ਹੈ ਤੇ ਗਰੀਬ ਜਵਾਨ ਵੀ ਬੁੱਢਾ ਹੈ।

ਬੁੱਧੀਮਾਨ ਲੋਕ ਮਿੱਤਰਾਂ ਨੂੰ ਲਾਭ ਅਤੇ ਵੈਰੀਆਂ ਨੂੰ ਹਾਨੀ ਪਹੁੰਚਾਉਣ ਲਈ ਰਾਜੇ ਦੀ ਸ਼ਰਨ ਲੈਂਦੇ ਹਨ। ਢਿੱਡ ਤਾਂ ਸਭ ਹੀ ਭਰ ਲੈਂਦੇ ਹਨ।

ਇਸ ਸੰਸਾਰ ਵਿਚ ਜੋ ਮਨੁੱਖ ਆਪਣੇ ਮਿੱਤਰਾਂ ਅਤੇ ਦੁਖੀ ਜੀਵਾਂ ਲਈ ਦਇਆ ਨਹੀਂ ਰੱਖਦਾ, ਉਹ ਨਾ ਹੋਏ ਜਿਹਾ ਹੈ।

ਜੋ ਆਪਣੀ ਕੁੱਲ ਵਿਚ ਬਾਂਸ ਦੇ ਅਗਲੇ ਹਿੱਸੇ ਵਿਚ ਲੱਗੇ ਹੋਏ ਝੰਡੇ ਵਾਂਗ ਨਹੀਂ ਲਹਿਰਾਉਂਦਾ, ਉਹ ਮਾਨੋ ਆਪਣੀ ਮਾਂ ਦੀ ਜਵਾਨੀ ਨੂੰ ਨਸ਼ਟ ਕਰਦਾ ਹੈ। ਅਜਿਹੇ ਪੁੱਤਰ ਦਾ ਕੋਈ ਲਾਭ ਨਹੀਂ ਹੈ। ਨਦੀ ਦੇ ਕੰਢੇ ਉਗਣ ਵਾਲੇ ਉਸ ਤੀਲੇ ਦਾ ਜਨਮ ਵੀ ਸਫਲ ਹੁੰਦਾ ਹੈ, ਜੋ ਕਿਸੇ ਡੁਬ ਰਹੇ ਪ੍ਰਾਣੀ ਦਾ ਸਹਾਰਾ ਬਣਦਾ ਹੈ।

ਜੇ ਸ਼ਕਤੀਵਾਨ ਆਪਣੀ ਸ਼ਕਤੀ ਨਾ ਦਿਖਾਵੇ ਤਾਂ ਉਸ ਦੀ ਨਿੰਦਿਆ ਹੁੰਦੀ ਹੈ, ਜਿਵੇਂ ਲਕੜੀ ਅੰਦਰ ਛੁਪੀ ਹੋਈ ਅੱਗ ਸ਼ਕਤੀਸ਼ਾਲੀ ਨਹੀਂ, ਪਰ ਜਦੋਂ ਇਹ ਬਲ ਉਠੇ ਤਾਂ ਬਹੁਤ ਸ਼ਕਤੀਸ਼ਾਲੀ ਹੋ ਜਾਂਦੀ ਹੈ।

ਸਲਾਹ ਉਥੇ ਹੀ ਦੇਣੀ ਚਾਹੀਦੀ ਹੈ, ਜਿਥੇ ਇਸ ਦਾ ਅਸਰ ਹੋਵੇ, ਜਿਵੇਂ ਚਿੱਟੇ ਕੱਪੜੇ 'ਤੇ ਚੜ੍ਹੇ ਲਾਲ ਰੰਗ ਦਾ ਅਸਰ ਢੇਰ ਚਿਰ ਰਹਿੰਦਾ ਹੈ।

ਸੇਵਾ ਦੇ ਯੋਗ ਸਵਾਮੀ ਦੀ ਸੇਵਾ ਕਰਨੀ ਚਾਹੀਦੀ ਹੈ, ਭਾਵੇਂ ਉਸ ਕੋਲ ਧਨ ਨਾ ਰਹੇ, ਕਿਉਂਕਿ ਕੋਈ ਸਮਾਂ ਆਏਗਾ, ਜਦੋਂ ਉਸ ਤੋਂ ਸਾਰੀ ਉਮਰ ਲਾਭ ਮਿਲੇਗਾ। ਸੇਵਕ ਨੂੰ ਰਾਜਮਾਤਾ, ਮਹਾਰਾਣੀ, ਰਾਜਕੁਮਾਰ, ਮੁੱਖ ਮੰਤਰੀ, ਪ੍ਰੋਹਿਤ, ਡਿਉਢੀਦਾਰ ਆਦਿ ਸਭਨਾਂ ਦਾ ਰਾਜੇ ਵਾਂਗ ਸਤਿਕਾਰ ਕਰਨਾ ਚਾਹੀਦਾ ਹੈ। ਜੋ ਸੇਵਕ ਯੁੱਧ ਵਿਚ ਰਾਜੇ ਦੇ ਅੱਗੇ, ਨਗਰ ਵਿਚ ਰਾਜੇ ਦੇ ਪਿੱਛੇ ਅਤੇ ਮਹਿਲ ਵਿਚ ਡਿਉਟੀ 'ਤੇ ਖੜ੍ਹਾ ਹੋਣ ਵਾਲਾ ਹੋਵੇ, ਉਹ ਰਾਜੇ ਨੂੰ ਪਿਆਰਾ ਹੁੰਦਾ ਹੈ।

ਬ੍ਰਹਸਪਤੀ ਰਿਸ਼ੀ ਵੀ ਜੇ ਅਕਲ ਦੀ ਗੱਲ ਕੁਵੇਲੇ ਕਹਿਣ ਤਾਂ ਉਨ੍ਹਾਂ ਦੀ ਵੀ ਨਿਰਾਦਰੀ ਹੁੰਦੀ ਹੈ। ਰਾਜੇ ਦੇ ਗੁੱਸੇ ਹੋਣ 'ਤੇ ਵੀ ਉਸ ਦੀ ਪ੍ਰਸ਼ੰਸਾ ਕਰਨੀ, ਉਸ ਦੇ ਪ੍ਰੇਮੀਆਂ ਨਾਲ ਪ੍ਰੇਮ, ਉਸ ਦੇ ਵੈਰੀਆਂ ਨਾਲ ਵੈਰ ਕਮਾਉਣਾ ਅਤੇ ਉਸ ਦੇ ਦਿੱਤੇ ਦਾਨ ਨੂੰ ਸਲਾਹੁਣਾ-ਇਹ ਬਿਨਾ ਜੰਤਰ-ਮੰਤਰ ਤੋਂ ਹੀ ਰਾਜੇ ਨੂੰ ਵੱਸ ਕਰਨ ਦੇ ਸਾਧਨ ਹਨ। ਰਾਜਿਆਂ ਨੂੰ ਦੰਦ ਕੁਰੇਦਣ ਅਤੇ ਕੰਨ ਖੁਰਕਣ ਲਈ ਕੱਖਾਂ ਤੋਂ ਵੀ ਕੰਮ ਲੈਣਾ ਪੈਂਦਾ ਹੈ। ਹੱਥਾਂ ਪੈਰਾਂ ਵਾਲੇ ਨਿਖੱਟੂ ਜੀਵਾਂ ਨਾਲ ਰਾਜੇ ਨੂੰ ਕੰਮ ਪੈ ਜਾਣਾ ਹੈਰਾਨੀ ਵਾਲੀ ਗੱਲ ਨਹੀਂ।

ਨੌਕਰ ਅਤੇ ਗਹਿਣੇ ਨੂੰ ਯੋਗ ਥਾਂ 'ਤੇ ਹੀ ਲਾਉਣਾ ਚਾਹੀਦਾ ਹੈ। ਸਿਰ ਦੇ ਗਹਿਣੇ ਨੂੰ ਪੈਰਾਂ ਅਤੇ ਪੈਰਾਂ ਦੇ ਘੁੰਗਰੂਆਂ ਨੂੰ ਕੋਈ ਸਿਰ 'ਤੇ ਨਹੀਂ ਪਾਉਂਦਾ। ਜਿਸ ਦੇਸ਼ ਵਿਚ ਜੌਹਰੀ ਨਹੀਂ ਹੁੰਦੇ, ਉਥੇ ਸਮੁੰਦਰਾਂ ਤੋਂ ਨਿਕਲੇ ਹੋਏ ਰਤਨਾਂ ਦਾ ਮੁੱਲ ਨਹੀਂ ਪੈਂਦਾ।

ਕਿਹਾ ਜਾਂਦਾ ਹੈ ਕਿ ਅਭੀਰ ਦੇਸ਼ ਵਿਚ ਚੰਦਰ ਰਾਤ ਮਣੀ ਨੂੰ ਤਿੰਨ-ਤਿੰਨ ਕੌਡੀਆਂ ਬਦਲੇ ਵੇਚਿਆ ਤੇ ਖਰੀਦਿਆ ਜਾਂਦਾ ਹੈ।

ਜਿਥੇ ਮਾਲਕ ਸਾਰੇ ਨੌਕਰਾਂ ਨਾਲ ਇਕੋ ਜਿਹਾ ਵਰਤਾਓ ਕਰਦਾ ਹੈ, ਉਥੇ ਉਸ ਦੇ ਨੌਕਰਾਂ ਦਾ ਉਤਸ਼ਾਹ ਮਰ ਜਾਂਦਾ ਹੈ।

ਜਿਵੇਂ ਤੇਲ ਤੋਂ ਬਿਨਾ ਕੇਸ ਵੀ ਰੁੱਖੇ ਹੋ ਜਾਂਦੇ ਹਨ, ਇਵੇਂ ਨੌਕਰ ਵੀ ਤੇਲ ਰੂਪੀ ਸਨੇਹ ਤੋਂ ਬਿਨਾ ਖਹੁਰੇ ਹੋ ਜਾਂਦੇ ਹਨ।

ਰਾਜਾ ਸੇਵਕ ਤੋਂ ਖੁਸ਼ ਹੋ ਕੇ ਕੇਵਲ ਧਨ ਹੀ ਦਿੰਦਾ ਹੈ, ਪਰ ਸੇਵਕ ਰਾਜੇ ਤੋਂ ਆਦਰ ਪਾ ਕੇ ਆਪਣੀ ਜਾਨ ਤਕ ਵਾਰ ਦਿੰਦੇ ਹਨ।

ਜੋ ਬਿਨ ਬੁਲਾਏ ਰਾਜੇ ਦੇ ਨੇੜੇ ਆ ਜਾਏ, ਹਰ ਵੇਲੇ ਦਰਵਾਜੇ 'ਤੇ ਖੜ੍ਹਾ ਰਹੇ ਅਤੇ ਕੋਈ ਗੱਲ ਪੁੱਛਣ 'ਤੇ ਠੀਕ ਤੇ ਥੋੜ੍ਹਾ ਬੋਲੇ, ਉਹ ਰਾਜੇ ਦਾ ਸੇਵਕ ਹੋਣ ਦੇ ਯੋਗ ਹੈ।

ਘਰ ਵਿਚ ਪੈਦਾ ਹੋਈ ਪਰ ਨੁਕਸਾਨ ਕਰਨ ਵਾਲੀ ਚੂਹੀ ਨੂੰ ਮਾਰਨਾ ਚਾਹੀਦਾ ਹੈ ਅਤੇ ਭਲਾ ਕਰਨ ਵਾਲੇ ਬਿੱਲੇ ਨੂੰ ਖਾਣ-ਪੀਣ ਦੀਆਂ ਚੀਜ਼ਾਂ ਦੇ ਕੇ ਵੀ ਘਰ ਵਿਚ ਲਿਆਉਣਾ ਚਾਹੀਦਾ ਹੈ।

ਛੇ ਕੰਨਾਂ (ਤਿੰਨ ਮਨੁੱਖਾਂ) ਵਿਚ ਗਈ ਗੱਲ ਨਿਕਲ ਜਾਂਦੀ ਹੈ ਪਰ ਦੋ ਕੰਨਾਂ (ਦੋ ਮਨੁੱਖਾਂ) ਵਿਚ ਗਈ ਗੱਲ ਗੁਪਤ ਰਹਿੰਦੀ ਹੈ। ਇਸ ਲਈ ਸਿਆਣੇ ਨੂੰ ਚਾਹੀਦਾ ਹੈ ਕਿ ਭੇਤ ਰੱਖਣ ਵਾਲੀ ਗੱਲ ਛੇ ਕੰਨਾਂ ਵਿਚ ਨਾ ਪਾਵੇ।

ਦਿਲ ਮਿਲੇ ਮਿੱਤਰ, ਗੁਣਵਾਨ ਸੇਵਕ, ਪਤੀਬ੍ਰਤਾ ਇਸਤਰੀ ਅਤੇ ਚੰਗ-ਦਿਲ ਸੁਆਮੀ ਨੂੰ ਆਪਣਾ ਦੁੱਖ ਦੱਸ ਕੇ ਮਨੁੱਖ ਸੁਖੀ ਹੁੰਦਾ ਹੈ।

ਜਿਸ ਰਾਜੇ ਦਾ ਹੌਸਲਾ ਬਹੁਤ ਭਿਆਨਕ ਵੈਰੀ ਦੇ ਆਉਣ 'ਤੇ ਨਹੀਂ ਟੁੱਟਦਾ, ਉਸ ਦੀ ਕਦੀ ਵੀ ਹਾਰ ਨਹੀਂ ਹੁੰਦੀ।

ਕੜਾਕੇ ਦੀ ਗਰਮੀ ਵਿਚ ਨਿੱਕੇ-ਨਿੱਕੇ ਤਲਾਬ ਸੁੱਕ ਜਾਂਦੇ ਹਨ, ਪਰ ਸਮੁੰਦਰ ਵਧਦਾ ਹੀ ਜਾਂਦਾ ਹੈ।

ਘੋੜਾ, ਸ਼ਸਤਰ, ਸ਼ਾਸਤਰ, ਬਾਣੀ, ਵੀਣਾ, ਨਰ ਤੇ ਨਾਰੀ-ਇਹ ਸਭ ਹਾਲਾਤ ਅਨੁਸਾਰ ਢਲ ਜਾਂਦੇ ਹਨ।

ਜਦ ਤਕ ਰਾਜੇ 'ਤੇ ਕੋਈ ਮੁਸੀਬਤ ਨਾ ਪਏ, ਉਹ ਮੰਤਰੀਆਂ ਦੀ ਰਾਏ ਵੱਲ ਧਿਆਨ ਨਹੀਂ ਦਿੰਦਾ। ਇਸ ਲਈ ਮੰਤਰੀ ਚਾਹੁੰਦੇ ਹਨ ਕਿ ਰਾਜਾ ਕਿਸੇ ਨਾ ਕਿਸੇ ਮੁਸੀਬਤ ਵਿਚ ਫਸਿਆ ਹੀ ਰਹੇ।

ਵੱਡ-ਦਿਲੇ ਮਹਾਂਪੁਰਖਾਂ ਦਾ ਇਹੋ ਸੁਭਾਅ ਹੈ ਕਿ ਉਹ ਨਿਮਰ ਤੇ ਨਿਵੇਂ ਹੋਏ ਆਦਮੀਆਂ ਨੂੰ ਤਬਾਹ ਨਹੀਂ ਕਰਦੇ। ਮਹਾਂਪੁਰਖ ਵੱਡਿਆਂ 'ਤੇ ਆਪਣੀ ਬਹਾਦਰੀ ਦੱਸਦੇ ਹਨ।

ਫੁੱਟ ਪੁਆਉਣ ਤੇ ਸੁਲਾਹ ਕਰਵਾਉਣ ਵਿਚ ਮੰਤਰੀਆਂ ਅਤੇ ਸਰਸਾਮ ਰੋਗ ਦੇ ਹੋਣ 'ਤੇ ਵੈਦਾਂ ਦੀ ਅਕਲ ਪਰਖੀ ਜਾਂਦੀ ਹੈ।

ਫੁਟ ਪੁਆਉਣ ਲਈ ਬੇਵਕੂਫਾਂ ਦਾ ਸਹਾਰਾ ਲਿਆ ਜਾਂਦਾ ਹੈ। ਉਨ੍ਹਾਂ ਨੂੰ ਭੈੜੀ ਮਤ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਦਾ ਨਾਜਾਇਜ਼ ਫਾਇਦਾ ਉਠਾਇਆ ਜਾਂਦਾ ਹੈ, ਪਰ ਹਾਲਾਤ ਠੀਕ ਹੋਣ 'ਤੇ ਹਰ ਕੋਈ ਅਕਲਮੰਦ ਬਣਨ ਲੱਗ ਜਾਂਦਾ ਹੈ।

###

# ਗੁਜਰਾਂਵਾਲੇ ਦੀ ਗੇੜੀ

***ਇਤਿਹਾਸ ਦੇ ਪੰਨਿਆਂ ਉਤੇ ਗੁਜਰਾਂਵਾਲੇ ਦਾ ਬੜਾ ਅਹਿਮ ਸਥਾਨ ਹੈ। ਇਸ ਦਾ ਸਬੰਧ ਮਹਾਰਾਜਾ ਰਣਜੀਤ ਸਿੰਘ ਨਾਲ ਹੈ। ਪੰਜਾਬ ਸਰਕਾਰ ਵਿਚ ਵਜ਼ੀਰ ਰਹੇ ਹਰਨੇਕ ਸਿੰਘ ਘੜੂੰਆਂ ਨੇ ਆਪਣੇ ਇਸ ਲੇਖ ਵਿਚ ਗੁਜਰਾਂਵਾਲੇ ਦੀ ਗਾਥਾ ਸੁਣਾਈ ਹੈ। ਲੇਖ ਵਿਚ ਹੀ ਐਮਨਾਬਾਦ ਦਾ ਜ਼ਿਕਰ ਵੀ ਹੈ, ਜਿਥੇ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਅਸਥਾਨ ਹਨ। ਲੇਖਕ ਨੇ ਇਨ੍ਹਾਂ ਥਾਂਵਾਂ ਦਾ ਬਿਰਤਾਂਤ ਇਤਿਹਾਸ ਦੀ ਗਾੜ੍ਹੀ ਚਾਸ਼ਣੀ ਵਿਚ ਡਬੋ ਕੇ ਪੇਸ਼ ਕੀਤਾ ਹੈ। -ਸੰਪਾਦਕ***

ਪਕਵਾਨਾਂ ਦੀ ਖੁਸ਼ਬੂ ਨੇ ਗੁਜਰਾਂਵਾਲੇ ਦੀਆਂ ਗਲੀਆਂ ਤੇ ਪੂਰੀ ਫਿਜ਼ਾ ਨੂੰ ਸੁਗੰਧਤ ਕੀਤਾ ਹੋਇਆ ਸੀ। ਅੱਜ ਮਿੱਠੀ ਈਦ ਦਾ ਤਿਉਹਾਰ ਸੀ। ਕਾਫੀ ਦਿਨ ਪਹਿਲਾਂ ਦੋਸਤਾਂ ਨੇ ਈਦ 'ਤੇ ਪਹੁੰਚਣ ਦਾ ਸੱਦਾ ਪੱਤਰ ਭੇਜਿਆ ਸੀ। ਅਸੀਂ ਗੁਜਰਾਂਵਾਲੇ ਸ਼ਹਿਰ ਪਹਿਲੀ ਵਾਰ ਆਏ ਸਾਂ। ਦੋ ਦਿਨ ਆਲੇ-ਦੁਆਲੇ ਖਾਸ ਥਾਂਵਾਂ ਦੇਖਣ ਦਾ ਪ੍ਰੋਗਰਾਮ ਸੀ। ਪਿਛਲੇ ਦਿਨੀਂ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਗਏ। ਨਵੀਂ ਬਣੀ ਕਮੇਟੀ ਨੇ ਜਨਮ ਸਥਾਨ 'ਤੇ ਕਾਫੀ ਕੰਮ ਕੀਤਾ ਸੀ। ਬਾਹਰਲਾ ਪਾਰਕ ਫੁਹਾਰੇ ਵਗੈਰਾ ਲਾ ਕੇ ਮਨਮੋਹਕ ਬਣਾ ਦਿੱਤਾ ਸੀ। ਅੰਦਰ ਇੱਟਾਂ ਦੀ ਥਾਂ ਸੁੰਦਰ ਪੱਥਰ ਲੱਗ ਰਿਹਾ ਸੀ।

ਇਸੇ ਤਰ੍ਹਾਂ ਚੂਹੜਕਾਣਾ ਸੱਚਾ ਸੌਦਾ ਦੀ ਰੂਪ ਰੇਖਾ ਬਦਲ ਚੁਕੀ ਸੀ। ਸਾਲ 2006 'ਚ ਇਸ ਥਾਂ ਦੇ ਦਰਸ਼ਨ ਕੀਤੇ ਤਾਂ ਗੁਰੂ ਘਰ ਦੀ ਇਮਾਰਤ ਆਮ ਉਦਾਸ ਕੋਠੜੇ ਜਿਹੀ ਸੀ, ਪਰ ਹੁਣ (2010) ਇਮਾਰਤ ਬਹੁਤ ਸੋਹਣੀ ਬਣ ਚੁਕੀ ਸੀ ਤੇ ਚਾਰ ਕਿੱਲਿਆਂ 'ਚ ਬਾਗ ਲੱਗਾ ਸੀ।

ਇਸ ਪਿਛੋਂ ਅਸੀਂ ਸ਼ੇਖੂਪੁਰੇ ਤੁਰ ਗਏ। ਸ਼ੇਖੂਪੁਰੇ ਭਾਵੇਂ ਕਿੰਨੀ ਵਾਰ ਠਹਿਰਨ ਦਾ ਮੌਕਾ ਮਿਲਿਆ, ਪਰ ਕਿਲ੍ਹਾ ਦੇਖਣ ਦੀ ਰੀਝ ਪੂਰੀ ਨਹੀਂ ਸੀ ਹੋਈ। ਅੱਜ ਅਸੀਂ ਸਭ ਤੋਂ ਪਹਿਲਾਂ ਕਿਲ੍ਹੇ ਵਾਲੇ ਪਾਸੇ ਤੁਰ ਪਏ। ਕਿਲ੍ਹੇ ਦਾ ਦਰਵਾਜਾ ਅੰਦਰੋਂ ਬੰਦ ਸੀ। ਕਾਫੀ ਦੇਰ ਖੜਕਾਉਣ ਪਿਛੋਂ ਅਧਖੜ

**ਹਰਨੇਕ ਸਿੰਘ ਘੜੂੰਆਂ**

ਉਮਰ ਦਾ ਸ਼ਖਸ ਆਇਆ, ਤੇ ਆਉਂਦਿਆਂ ਹੀ ਸਵਾਲ ਕੀਤਾ, 'ਫਰਮਾਓ।' ਅਸੀਂ ਉਸ ਨੂੰ ਕਿਲ੍ਹਾ ਦੇਖਣ ਦੀ ਤਮੰਨਾ ਦੱਸੀ ਪਰ ਉਸ ਨੇ ਦੱਸਿਆ ਕਿ ਕਿਲ੍ਹਾ ਦੇਖਣ 'ਤੇ ਪਾਬੰਦੀ ਹੈ। ਮੈਂ ਉਸ ਦੇ ਚਿਹਰੇ ਤੋਂ ਪਹਿਲਾਂ ਹੀ ਨਾਂਹ ਪੜ੍ਹ ਚੁਕਾ ਸਾਂ।

ਮੇਰੇ ਨਾਲ ਦੇ ਦੋਸਤ ਐਡਵੋਕੇਟ ਮੁਹੰਮਦ ਅਰਸ਼ਦ ਵਿਰਕ ਨੇ ਸਮਝਾਇਆ, "ਦੇਖੋ ਭਾਈ, ਸਰਦਾਰ ਸਾਹਿਬ ਪੰਜਾਬ ਵਿਚ ਵਜ਼ੀਰ ਰਹਿ ਚੁਕੇ ਹਨ। ਕਿੰਨੀ ਦੂਰੋਂ ਚੱਲ ਕੇ ਆਏ ਹਨ, ਇਸ ਤਰ੍ਹਾਂ ਨਾ ਕਰੋ।" ਉਸ ਭਾਈ ਨੇ ਮੋੜਵਾਂ ਸਵਾਲ ਕੀਤਾ, "ਇਹ ਵਜ਼ੀਰ ਸਾਹਿਬ ਤਾਂ ਨਵੀਦ ਵੜੈਚ ਹੁਰਾਂ ਦੇ ਘਰ ਠਹਿਰਦੇ ਹੁੰਦੇ ਸਨ।"

ਗੱਲ ਬਣ ਗਈ ਸੀ, "ਹਾਂ, ਮੈਂ ਹੀ ਉਨ੍ਹਾਂ ਦੇ ਘਰ ਠਹਿਰਦਾ ਹੁੰਦਾ ਸਾਂ।"

ਫਿਰ ਉਹ ਝੱਟ ਸਹਿਮਤ ਹੋ ਗਿਆ, "ਫਿਰ ਤਾਂ ਤੁਸੀਂ ਸਾਡੇ ਮਹਿਮਾਨ ਹੋ।" ਉਸ ਨੇ ਵੱਡੇ ਫਾਟਕ ਵਿਚ ਬਣੀ ਛੋਟੀ ਜਿਹੀ ਤਾਕੀ ਦਾ ਜੰਦਰਾ ਖੋਲ੍ਹ ਦਿੱਤਾ, ਤੇ ਨਾਲ ਹੀ ਦੱਸਿਆ, "ਕਦੇ ਇਸ ਤਾਕੀ 'ਚੋਂ ਦੁੱਲੇ ਭੱਟੀ ਨੂੰ ਕੱਢਿਆ ਗਿਆ ਸੀ। ਸਾਰੇ ਅਹਿਲਕਾਰਾਂ ਦੀ ਸਾਜ਼ਿਸ਼ ਸੀ। ਅਖੇ, ਜਦੋਂ ਦੁੱਲਾ ਸਿਰ ਨੀਵਾਂ ਕਰਕੇ ਨਿਕਲੇ ਤਾਂ ਤਾੜੀ ਮਾਰ ਦੇਣੀ ਕਿ ਦੁੱਲਾ ਝੁਕ ਗਿਆ ਹੈ, ਪਰ ਉਸ ਪਿਓ ਦੇ ਪੁੱਤਰ ਨੇ ਪਹਿਲਾਂ ਪੈਰ ਕੱਢਿਆ।"

ਬੜੇ ਲਟਾਪੀਂਘ ਹੋ ਕੇ ਅਸੀਂ ਤਾਕੀ 'ਚੋਂ ਕਿਲ੍ਹੇ 'ਚ ਦਾਖਲ ਹੋਏ। ਕਿਲ੍ਹੇ ਦੀ ਹਾਲਤ ਖਸਤਾ ਸੀ। ਕੁਝ ਢਹਿ-ਢੇਰੀ ਹੋ ਗਿਆ ਅਤੇ ਕੁਝ ਢਹਿਣ ਕਿਨਾਰੇ ਸੀ। ਮੇਰੇ ਪਾਕਿਸਤਾਨੀ ਦੋਸਤਾਂ ਵਾਸਤੇ ਇਹ ਭਾਵੇਂ ਖੰਡਰਾਂ ਤੋਂ ਵੱਧ ਕੁਝ ਨਹੀਂ ਸੀ ਪਰ ਮੇਰੇ ਵਾਸਤੇ ਇਹ ਕਾਬਲੇ-ਇਹਤਰਾਮ ਥਾਂ ਸੀ। ਕਦੇ ਪੰਜਾਬ ਦੀ ਨਾਇਕਾ ਮਹਾਰਾਣੀ ਜਿੰਦਾਂ ਇਸੇ ਕਿਲ੍ਹੇ ਵਿਚ ਬੰਦ ਰਹੀ ਸੀ। ਕਦੇ-ਕਦੇ ਰਿਆਇਆ ਨੂੰ ਇਹ ਦਿਖਾਉਣ ਵਾਸਤੇ ਕਿ ਮਹਾਰਾਣੀ ਠੀਕ-ਠਾਕ ਹੈ, ਕਮਰੇ ਦੇ ਛੱਜੇ ਵਿਚੋਂ ਗੁੱਟਾਂ ਤੀਕ ਹੱਥ ਦਿਖਾਏ ਜਾਂਦੇ। ਪਿੰਡ ਚਾਹੜ ਤਹਿਸੀਲ ਜ਼ਫਰਵਾਲ, ਜਿਲਾ ਸਿਆਲਕੋਟ ਦੇ ਸਰਦਾਰ ਮੰਨਾ ਸਿੰਘ ਦੇ ਘਰ ਜੰਮੀ ਰਾਣੀ ਜਿੰਦਾਂ ਆਪਣੇ ਵੇਲੇ ਦੀ ਸਭ ਤੋਂ ਵੱਧ ਖੂਬਸੂਰਤ ਔਰਤ ਸੀ। ਜਿੰਨੀ ਖੂਬਸੂਰਤੀ ਰੱਬ ਨੇ ਰਾਣੀ ਜਿੰਦਾਂ ਨੂੰ ਬਖਸ਼ੀ, ਉਸ ਤੋਂ ਵੱਧ ਉਸ ਦੇ ਭਾਗਾਂ ਵਿਚ ਤਸੀਹੇ ਲਿਖ ਦਿੱਤੇ।

ਸੇਵਾਦਾਰ ਨੇ ਚੁਬਾਰੇ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਕਦੇ-ਕਦੇ ਚੁਬਾਰੇ ਦੀਆਂ ਉਨ੍ਹਾਂ ਪੌੜੀਆਂ ਵਿਚ ਮਹਾਰਾਣੀ ਜਿੰਦਾਂ ਨੂੰ ਕੇਸ ਸੁਕਾਉਂਦੇ ਦੇਖਿਆ ਗਿਆ ਹੈ। ਮੇਰਾ ਦਿਲ ਉਨ੍ਹਾਂ ਪੌੜੀਆਂ ਨੂੰ ਚੁੰਮ ਲੈਣ ਨੂੰ ਕਰਦਾ ਸੀ। ਜਿਸ ਮਹਾਰਾਣੀ ਨੇ ਮਰਦੇ ਦਮ ਤੱਕ ਅੰਗਰੇਜ਼ ਨਾਲ ਲੋਹਾ ਲਿਆ, ਅਸੀਂ ਉਸ ਵੱਲ ਪਿਠ ਭੁਆ ਕੇ ਬੈਠ ਗਏ। ਮੱਕਾਰ ਤੇ ਟੋਡੀ ਅੰਗਰੇਜ਼ ਬੜੀ ਸਾਜ਼ਿਸ਼ ਨਾਲ ਆਮ ਜਨਤਾ ਵਿਚ ਇਹ ਗੱਲ ਧੁਮਾਉਣ ਵਿਚ ਕਾਮਯਾਬ ਹੋ ਗਿਆ ਕਿ ਮਹਾਰਾਣੀ ਨੇ ਸਿੱਖ ਫੌਜਾਂ ਨਾਲ ਗੱਦਾਰੀ ਕਰਕੇ ਬਾਰੂਦ ਦੀ ਥਾਂ ਸਰ੍ਹੋਂ ਭੇਜ ਦਿੱਤੀ। ਸਿੱਖ ਰਾਜ ਦਾ ਬੜਾ ਹਿਤੈਸ਼ੀ ਸ਼ਾਹ ਮੁਹੰਮਦ ਅੰਗਰੇਜ਼ਾਂ ਦੀਆਂ ਚਲਾਈਆਂ ਝੂਠੀਆਂ ਦੰਦ ਕਥਾਵਾਂ ਸੱਥਾਂ 'ਚੋਂ ਸੁਣ ਕੇ ਗੁੰਮਰਾਹ ਹੋ ਗਿਆ। ਜਿਥੇ ਜਿਸਮਾਨੀ ਤੌਰ 'ਤੇ ਰਾਣੀ ਜਿੰਦਾਂ ਮਰਦੇ ਦਮ ਤੱਕ ਦੁਖੜੇ ਝੱਲਦੀ ਰਹੀ, ਉਥੇ ਕੌਮ ਵਲੋਂ ਗੱਦਾਰ ਗਰਦਾਨੇ ਜਾਣ 'ਤੇ ਮਾਨਸਿਕ ਪੀੜਾ ਨੇ ਸਾਰੀ ਉਮਰ ਲਹੂ-ਲੁਹਾਣ ਕਰੀ ਰੱਖਿਆ। ਸੁਹਿਰਦ ਇਤਿਹਾਸਕਾਰ ਜਾਣਦੇ ਹਨ ਕਿ ਮਹਾਰਾਣੀ ਜਿੰਦਾਂ ਦੀ ਕੁਰਬਾਨੀ ਕਿਸੇ ਵੀ ਹੋਰ ਭਾਰਤੀ ਰਾਣੀ ਤੋਂ ਘੱਟ ਨਹੀਂ।



*ਐਮਨਾਬਾਦ ਵਿਚ ਸਥਿਤ ਗੁਰਆਰਾ ਰੋੜੀ ਸਾਹਿਬ।*

ਇਸ ਕਿਲ੍ਹੇ 'ਚੋਂ ਬਾਅਦ ਵਿਚ ਮਹਾਰਾਣੀ ਜਿੰਦਾਂ ਨੂੰ ਚੁਨਾਰ ਜਿਲਾ ਮਿਰਜ਼ਾਪੁਰ (ਯੂ. ਪੀ.) ਦੇ ਪੱਥਰ ਦੇ ਬਣੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ।

ਫੇਰ ਸਵੇਰ ਵੇਲੇ ਅਸੀਂ ਐਮਨਾਬਾਦ ਚਲੇ ਗਏ। ਸਭ ਤੋਂ ਪਹਿਲਾਂ ਗੁਰਦੁਆਰਾ ਰੋੜੀ ਸਹਿਬ ਦੇ ਦਰਸ਼ਨ ਕੀਤੇ। ਗੁਰਦੁਆਰਾ ਰੋੜੀ ਸਾਹਿਬ ਸ਼ਹਿਰ ਤੋਂ ਬਾਹਰ ਨਿਵੇਕਲੀ ਥਾਂ 'ਤੇ ਸਥਿਤ ਹੈ। ਇਥੋਂ ਦੀ ਡਿਓਢੀ ਦੀ ਇਮਾਰਤਸਾਜੀ ਐਨੀ ਖੂਬਸੂਰਤ ਹੈ ਕਿ ਅੱਜ ਤੱਕ ਐਨੀ ਸੋਹਣੀ ਇਮਾਰਤਸਾਜੀ ਮੈਂ ਕਿਧਰੇ ਨਹੀਂ ਵੇਖੀ। ਇਸ ਡਿਓਢੀ ਦੇ ਬਣਨ ਦਾ ਸਮਾਂ ਸੰਨ 1939-40 ਲਿਖਿਆ ਹੋਇਆ ਹੈ। ਗੁਰਦੁਆਰੇ ਦੇ ਨਾਂ 60 ਏਕੜ ਜ਼ਮੀਨ ਹੈ। ਕਦੇ ਇਥੇ ਜ਼ੋਰ-ਸ਼ੋਰ ਨਾਲ ਵਿਸਾਖੀ ਭਰਿਆ ਕਰਦੀ ਸੀ।

ਗੁਰੂ ਘਰ ਦੇ ਗ੍ਰੰਥੀ ਸਿੰਘ ਨੂੰ ਨਾਲ ਲੈ ਕੇ ਅਸੀਂ ਸ਼ਹਿਰ ਵੱਲ ਤੁਰ ਪਏ। ਐਮਨਾਬਾਦ ਸ਼ਹਿਰ




*ਉਸ ਕਮਰੇ ਦੇ ਬਾਹਰ ਲਾਈ ਤਖਤੀ ਜਿਥੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਹੋਇਆ।*

ਦਾ ਨਾਂ ਭੱਠੀ ਵਾਲੀ ਝਿਊਰੀ ਐਮਨਾ ਦੇ ਨਾਂ 'ਤੇ ਪਿਆ ਦੱਸਿਆ ਗਿਆ। ਪਹਿਲਾਂ ਅਸੀਂ ਭਾਈ ਲਾਲੋ ਦੇ ਘਰ ਗਏ, ਜੋ ਸਿਰਫ 10 ਕੁ ਖਣਾਂ ਦੀ ਜਗ੍ਹਾ ਹੈ। ਸੰਨ 47 ਤੋਂ ਬਾਅਦ ਇਸ ਸਥਾਨ ਨੂੰ ਮਿਸਤਰੀ ਅਬਦੁਲ ਰਸ਼ੀਦ ਨੇ ਆਪਣੀ ਰਿਹਾਇਸ਼ ਵਿਚ ਬਦਲ ਲਿਆ। ਕੁਝ ਅਰਸਾ ਪਹਿਲਾਂ ਯੂਰਪ ਵਿਚ ਵੱਸਦੇ ਸਿੱਖਾਂ ਨੇ ਅਬਦੁਲ ਰਸ਼ੀਦ ਨੂੰ ਕਿਤੇ ਹੋਰ ਮਕਾਨ ਬਣਾ ਕੇ ਦਿੱਤਾ ਅਤੇ ਇਹ ਸਥਾਨ ਖਾਲੀ ਕਰਵਾਇਆ। ਅਜੇ ਤੱਕ ਇਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਨਹੀਂ ਹੋਇਆ। ਇਸ ਸਥਾਨ ਨੂੰ 'ਭਾਈ ਲਾਲੋ ਦੀ ਖੂਹੀ' ਨਾਲ ਜਾਣਿਆ ਜਾਂਦਾ ਹੈ। ਗੁਰਦੁਆਰੇ ਦੇ ਨਾਲ-ਨਾਲ ਸੁਨਾਮ ਤੋਂ ਉਜੜ ਕੇ ਗਏ ਲੋਕੀਂ ਰਹਿੰਦੇ ਹਨ।

ਸ਼ਹਿਰ ਦੇ ਅੰਦਰ ਹੀ ਚੱਕੀ ਸਾਹਿਬ ਹੈ, ਜਿਥੇ ਬਾਬੇ ਨਾਨਕ ਨੇ ਬਾਬਰ ਰਾਜ ਵੇਲੇ ਚੱਕੀ ਪੀਸੀ। ਮਲਕ ਭਾਗੋ ਦਾ ਘਰ ਪੁੱਛਣ 'ਤੇ ਕੋਈ ਠੀਕ ਨਾ ਦੱਸ ਸਕਿਆ। ਸਿਰਫ ਇਕ ਸ਼ਖਸ ਨੇ ਇੰਨਾ ਹੀ ਦੱਸਿਆ ਕਿ ਚੱਕੀ ਸਾਹਿਬ ਦੇ ਸਾਹਮਣੇ ਕਿਧਰੇ ਹਵੇਲੀਆਂ ਹੁੰਦੀਆਂ ਸਨ। ਐਮਨਾਬਾਦ ਭੀੜੇ ਬਾਜ਼ਾਰਾਂ ਵਾਲਾ ਕਸਬਾ ਹੈ। ਇਥੇ ਸਰਦਾਰ ਧਰਮ ਸਿੰਘ ਦਾ ਨਾਂ ਅਜੇ ਵੀ ਇੱਜਤ ਨਾਲ ਲਿਆ ਜਾਂਦਾ ਹੈ, ਜਿਸ ਨੇ ਇਸਲਾਮੀਆ ਹਾਈ ਸਕੂਲ ਦੀ ਨੀਂਹ ਰੱਖੀ ਸੀ।

ਵਾਪਸੀ 'ਤੇ ਅਸੀਂ 'ਅਰੂਪ' ਪਿੰਡ ਖਾਣਾ ਖਾਧਾ। ਇਹ ਭਿੰਡਰ ਗੋਤ ਦੇ ਲੋਕਾਂ ਦਾ ਪਿੰਡ ਹੈ। ਸੰਨ 47 ਤੋਂ ਪਹਿਲਾਂ ਪਿੰਡ ਵਿਚ ਅੱਧੇ ਸਿੱਖ ਭਿੰਡਰ ਅਤੇ ਅੱਧੇ ਮੁਸਲਮਾਨ ਭਿੰਡਰ ਰਹਿੰਦੇ ਹਨ। ਪਹਿਲਾਂ ਸਿੱਖ ਅਤੇ ਮੁਸਲਮਾਨ ਭਿੰਡਰਾਂ ਵਿਚ ਬੜੀ ਖਹਿਬਾਜ਼ੀ ਰਹਿੰਦੀ ਸੀ, ਪਰ ਹੱਲਿਆਂ ਵੇਲੇ ਮੁਸਲਿਮ ਭਿੰਡਰਾਂ ਨੇ ਸੱਭੇ ਸਿੱਖ ਧੀਆਂ-ਭੈਣਾਂ ਤੇ ਆਦਮੀਆਂ ਨੂੰ ਪੂਰੇ ਮਾਣ-ਸਤਿਕਾਰ ਤੇ ਹਿਫਾਜ਼ਤ ਨਾਲ ਤੋਰਿਆ। ਇਸ ਪਿੰਡ ਤੋਂ ਉਜੜ ਕੇ ਆਏ ਨੀਲੋਖੇੜੀ ਵਾਲੇ ਸਰਦਾਰ ਪ੍ਰੀਤਮ ਸਿੰਘ ਭਿੰਡਰ ਅਤੇ ਉਨ੍ਹਾਂ ਦੇ ਪੁੱਤਰ ਰੀਤਿੰਦਰ ਸਿੰਘ ਭਿੰਡਰ ਨਾਮਵਰ ਸ਼ਖਸ ਹੋਏ ਹਨ। ਇਸੇ ਪਰਿਵਾਰ ਰਾਹੀਂ ਹੀ ਮੇਰੇ ਲਈ ਪਾਕਿਸਤਾਨ ਦਾ ਬੂਹਾ ਪਹਿਲੀ ਵਾਰ ਖੁੱਲ੍ਹਿਆ ਸੀ। ਇਸ ਪਿੰਡ 'ਚੋਂ ਚੌਧਰੀ ਅਨਵਰ ਭਿੰਡਰ ਪਾਕਿਸਤਾਨ ਦੀ ਕੌਮੀ ਅਸੈਂਬਲੀ ਦੇ ਸਪੀਕਰ ਅਤੇ ਪੀਰ ਗੁਲਾਮ ਫਰੀਦ ਪੰਜਾਬ ਅਸੈਂਬਲੀ ਦੇ ਐਮ. ਐਲ. ਏ. ਰਹਿ ਚੁਕੇ ਹਨ। ਗੁਲਾਮ ਫਰੀਦ ਨੇ ਗੱਲੀਂ-ਗੱਲੀਂ ਦੱਸਿਆ ਕਿ ਜਿਹੜੇ ਅੱਜ ਕੱਲ੍ਹ ਇਥੇ ਵੱਡੇ ਬਣੇ ਫਿਰਦੇ ਹਨ, ਇਹ ਇਨ੍ਹਾਂ ਭਿੰਡਰ ਸਰਦਾਰਾਂ ਅੱਗੇ ਕੁਸਕਦੇ ਨਹੀਂ ਸਨ ਹੁੰਦੇ।

ਗੁਜਰਾਂਵਾਲੇ ਪਹੁੰਚੇ ਤਾਂ ਉਥੇ ਕੁਝ ਸੱਜਣ ਸਾਨੂੰ ਉਡੀਕ ਰਹੇ ਸਨ। ਗੁਜਰਾਂਵਾਲਾ ਪਹਿਲਵਾਨਾਂ ਦੇ ਸ਼ਹਿਰ ਵਜੋਂ ਜਾਣਿਆ ਜਾਂਦਾ ਹੈ। ਕੁਝ ਪਹਿਲਵਾਨ ਇਥੇ ਸਾਨੂੰ ਵੀ ਮਿਲੇ। ਇਕ ਬਜ਼ੁਰਗ ਉਚੇਚਾ ਮਿਲਣ ਆਇਆ। ਮਿਲਦਿਆਂ ਹੀ ਕਿਹਾ, "ਸਰਦਾਰੋ! ਜਿਸ ਦਿਨ ਤੋਂ ਤੁਸੀਂ ਗਏ ਹੋ, ਪਿੰਡ ਵਿਚ ਦਿਲ ਸਾਡਾ ਵੀ ਨਹੀਂ ਲੱਗਾ। ਅਗਲੇ ਦਿਨ ਸਮਾਨ ਚੁੱਕ ਕੇ ਸ਼ਹਿਰ ਆ ਗਏ। ਪਿੰਡ ਦੀਆਂ ਰੌਣਕਾਂ ਹੀ ਖਤਮ ਹੋ ਗਈਆਂ। ਬਸ ਇਥੇ ਆ ਕੇ ਫੌਜ ਵਿਚ ਭਰਤੀ ਹੋ ਗਏ। ਲੰਮਾ ਸਮਾਂ ਨੌਕਰੀ ਕਰਕੇ ਇਥੇ ਹੀ ਟਿਕ ਗਏ।" ਬਜ਼ੁਰਗ ਦੇ ਚਿਹਰੇ 'ਤੇ ਵੰਡ ਦਾ ਦਰਦ ਸਾਫ ਦਿਸਦਾ ਸੀ।

ਅਜੇ ਵੀ ਸਰਦਾਰਾਂ ਬਾਰੇ ਬੜੀਆਂ ਕਹਾਣੀਆਂ ਪ੍ਰਚਲਿਤ ਹਨ। ਪਿੰਡ ਗਾਜ਼ੀ ਮੁੱਧ ਸਿੰਘ ਵਾਲਾ ਦੇ ਵਰਿਆਮ ਸਿੰਘ ਵਿਰਕ ਬਾਰੇ ਇਕ ਗੱਲ ਬਹੁਤ ਮਸ਼ਹੂਰ ਹੈ। ਹੱਲਿਆਂ ਵੇਲੇ ਸਾਰਾ ਟੱਬਰ ਏਧਰ ਆ ਗਿਆ। ਉਹ ਇਕੱਲਾ ਆਉਣਾ ਨਾ ਮੰਨਿਆ; ਅਖੇ, ਆਪਣਾ ਘਰ ਛੱਡ ਕੇ ਦੂਜੇ ਥਾਂ ਪਨਾਹੀ ਨਹੀਂ ਅਖਵਾਉਣਾ। ਅੰਤ ਧਾੜਵੀਆਂ ਨਾਲ ਮੁਕਾਬਲਾ ਕਰਦਾ ਮਾਰਿਆ ਗਿਆ, ਪਰ ਘਰ ਨਹੀਂ ਛੱਡਿਆ। ਇਸੇ ਤਰ੍ਹਾਂ ਜੰਡਿਆਲਾ ਸ਼ੇਰ ਖਾਨ ਨੇੜੇ ਪਿੰਡ ਕੱਕੜਾਂ ਵਾਲੇ ਦਾ ਊਧਮ ਸਿੰਘ ਸਮਝੋ ਮੁਹਾਵਰਾ ਹੀ ਹੋ ਨਿਬੜਿਆ। ਪਿੰਡ ਦੇ ਝਗੜੇ-ਝੇੜਿਆਂ ਦਾ ਇਨਸਾਫ ਲੋਕ ਊਧਮ ਸਿੰਘ ਕੋਲੋਂ ਕਰਵਾਉਂਦੇ। ਜਿਥੇ ਊਧਮ ਸਿੰਘ ਵੱਡਾ ਜ਼ਿਮੀਦਾਰ ਸੀ, ਉਥੇ ਨਿਆਂ ਪਸੰਦ ਤੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਕਰਨ ਵਾਲਾ ਇਨਸਾਨ ਸੀ। ਇਕ ਵਾਰ ਉਸ ਦੇ ਲੜਕੇ ਨੇ ਕਿਸੇ ਕੰਮੀ ਦੀ ਕੁੜੀ ਦੀ ਇੱਜਤ 'ਤੇ ਹੱਥ ਪਾ ਲਿਆ। ਮਾਮਲਾ ਵਿਚਾਰ ਕਰਨ ਲਈ ਪਰੇ ਵਿਚ ਇਕੱਠ ਹੋ ਗਿਆ। ਊਧਮ ਸਿੰਘ ਨੇ ਫੈਸਲਾ ਪੰਚਾਇਤ 'ਤੇ ਛੱਡ ਦਿੱਤਾ, ਪਰ ਪੰਚਾਇਤ ਨੇ ਫਿਰ ਫੈਸਲਾ ਊਧਮ ਸਿੰਘ 'ਤੇ ਛੱਡ ਦਿੱਤਾ। ਹੁਣ ਊਧਮ ਸਿੰਘ ਦਾ ਬਹੁਤ ਵੱਡਾ ਇਮਤਿਹਾਨ ਸੀ। ਪੂਰਾ ਇਲਾਕਾ ਟਿਕਟਿਕੀ ਲਾ ਕੇ ਉਸ ਦੇ ਹੱਥ ਵਿਚ ਫੜੇ ਇਨਸਾਫ ਦੇ ਤਰਾਜੂ ਵਲ ਦੇਖ ਰਿਹਾ ਸੀ। ਊਧਮ ਸਿੰਘ ਲੋਕਾਂ ਨੂੰ ਸੰਬੋਧਨ ਹੋਇਆ, "ਦੱਸੋ ਕੀ ਸਜ਼ਾ ਦਿਆਂ?"


ਭੀੜ 'ਚੋਂ ਫਿਰ ਆਵਾਜ਼ ਆਈ, "ਸਰਦਾਰ ਜੀ, ਫੈਸਲਾ ਆਪ ਹੀ ਸੁਣਾਓ।"

ਊਧਮ ਸਿੰਘ ਨੇ ਫੈਸਲਾ ਦਿੱਤਾ, "ਮੇਰੇ ਮੁਤਾਬਕ ਮੁੰਡਾ ਮੌਤ ਦਾ ਹੱਕਦਾਰ ਹੈ ਤਾਂ ਜੋ ਮੁੜ ਕਦੇ ਕੋਈ ਗਰੀਬ ਦੀ ਇੱਜਤ ਨਾਲ ਨਾ ਖੇਡੇ।"

ਭੀੜ ਵਿਚੋਂ ਆਵਾਜ਼ ਆਈ, "ਸਰਦਾਰ ਜੀ ਬਖਸ਼ ਦਿਓ, ਤੁਹਾਡਾ ਆਪਣਾ ਖੂਨ ਹੈ।"

"ਨਹੀਂ, ਇਹ ਮੇਰਾ ਖੂਨ ਹੁੰਦਾ, ਤਦ ਇਹ ਕਰਤੂਤ ਨਾ ਕਰਦਾ।" ਇੰਨਾ ਕਹਿ ਕੇ ਪਰੇ ਵਿਚ ਹੀ ਮੁੰਡੇ ਦੀ ਛਾਤੀ ਵਿਚ ਗੋਲੀ ਮਾਰ ਕੇ ਥਾਂ 'ਤੇ ਹੀ ਢੇਰੀ ਕਰ ਦਿੱਤਾ। ਅੱਜ ਵੀ ਇਲਾਕੇ ਵਿਚ ਗੱਲ ਪ੍ਰਚਲਿਤ ਹੈ ਕਿ ਜੇ ਕੋਈ ਚੱਕਵੀਂ ਗੱਲ ਕਰੇ ਤਾਂ ਦੂਸਰਾ ਕਹਿੰਦਾ ਹੈ, "ਤੂੰ ਕਿਹੜਾ ਕੱਕੜਾਂ ਵਾਲਾ ਊਧਮ ਸਿੰਘ ਏਂ।"

ਮਿਲਣ ਵਾਲੇ ਸੱਜਣਾਂ ਤੋਂ ਫਾਰਗ ਹੋ ਕੇ ਅਸੀਂ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੇਖਣ ਚਲ ਪਏ। ਇਹ ਹਵੇਲੀ ਪੁਰਾਣੀ ਸਬਜ਼ੀ ਮੰਡੀ ਦੇ ਕੋਲ ਹੈ। ਇਸ ਮੁਹੱਲੇ ਵਿਚ ਹੀ ਮਹਾਰਾਜੇ ਦੀ ਹਵੇਲੀ ਤੋਂ ਉਤਰ ਵਾਲੇ ਪਾਸੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਦੇ ਘਰ ਦੀ ਮੰਮਟੀ ਦਿਸਦੀ



*ਮਹਾਰਾਜਾ ਰਣਜੀਤ ਸਿੰਘ ਦੀ ਹਵੇਲੀ ਦੀ ਅੰਦਰਲੀ ਝਲਕ।*

ਹੈ। ਅਸੀਂ ਪਹਿਲਾਂ ਹਰੀ ਸਿੰਘ ਨਲੂਆ ਦਾ ਘਰ ਦੇਖਣ ਤੁਰ ਪਏ, ਜੋ ਤੰਗ ਜਿਹੀ ਗਲੀ ਦੇ ਦੋਵੇਂ ਪਾਸੇ ਬਣਿਆ ਹੋਇਆ ਹੈ, ਇਸ ਗਲੀ 'ਤੇ ਛੱਤ ਪਾ ਕੇ ਚੁਬਾਰੇ ਬਣੇ ਹੋਏ ਹਨ। ਹੇਠਾਂ ਭਾਵੇਂ ਜਗ੍ਹਾ ਤੰਗ ਹੈ, ਉਤੇ ਚੁਬਾਰੇ ਮੋਕਲੇ ਹਨ। ਅੱਜ ਕੱਲ੍ਹ ਇਸ ਘਰ ਨੂੰ ਅੰਨ੍ਹਿਆਂ ਦੀ ਮਸਜਿਦ ਕਿਹਾ ਜਾਂਦਾ ਹੈ। ਉਪਰ ਚੁਬਾਰੇ ਵਿਚ ਮਸਜਿਦ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਹਵੇਲੀ ਦੇ ਅੱਗੇ ਚੌਕ ਹੈ ਅਤੇ ਚੌਕ ਵਿਚ ਪਿੱਪਲ ਦਾ ਦਰੱਖਤ। ਇਸ ਚੌਕ ਵਿਚ ਦਰਜਨਾਂ ਰੇੜ੍ਹੀਆਂ ਖੜ੍ਹੀਆਂ ਹਨ। ਹਵੇਲੀ ਦੇ ਮੋਹਰਲੇ ਕਮਰੇ ਗਲੀ ਦੇ ਬਰਾਬਰ ਬਣੇ ਹੋਏ ਹਨ, ਪਰ ਜਿਥੇ ਅਸਲ ਹਵੇਲੀ ਸ਼ੁਰੂ ਹੁੰਦੀ ਹੈ, ਉਹ ਗਲੀ ਤੋਂ 10-12 ਫੁੱਟ ਉਚੀ ਹੈ। ਮੋਹਰਲੇ ਕਮਰਿਆਂ ਦੀ ਛੱਤ ਹਵੇਲੀ ਅੱਗੇ ਵਿਹੜੇ ਦਾ ਕੰਮ ਦਿੰਦੀ ਹੈ। ਕਦੇ ਮਹਾਰਾਜੇ ਦੇ ਪੁਰਖੇ ਇਨ੍ਹਾਂ ਕਮਰਿਆਂ ਦੀ ਛੱਤ 'ਤੇ ਬੈਠ ਕੇ ਦਰਬਾਰ ਲਾਉਂਦੇ ਸਨ। ਇਨ੍ਹਾਂ ਕਮਰਿਆਂ ਦੀ ਛੱਤ ਤੋਂ ਹਾਥੀ 'ਤੇ ਸਹਿਜ ਨਾਲ ਚੜ੍ਹਿਆ ਜਾ ਸਕਦਾ ਸੀ।

ਅਸੀਂ ਪੌੜੀਆਂ ਚੜ੍ਹ ਕੇ ਹਵੇਲੀ 'ਚ ਦਾਖਲ ਹੋਏ। ਦਲਾਨ ਦੀ ਛੱਤ ਅਜੇ ਵੀ ਕਾਇਮ ਹੈ, ਬਾਕੀ ਕਮਰਿਆਂ ਦੀ ਛੱਤ ਉਧੇੜ ਕੇ ਨਵੇਂ ਸਿਰਿਓਂ ਪਾਉਣ ਦਾ ਉਪਰਾਲਾ ਸ਼ੁਰੂ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਮੀਆਂ ਨਵਾਜ਼ ਸ਼ਰੀਫ ਦੀ ਸਰਕਾਰ ਵੇਲੇ ਇਹ ਫੈਸਲਾ ਕੀਤਾ ਗਿਆ ਸੀ ਕਿ ਇਤਿਹਾਸ ਨਾਲ ਸਬੰਧਤ ਜਿੰਨੀਆਂ ਨਿਸ਼ਾਨੀਆਂ ਹਨ, ਉਨ੍ਹਾਂ ਨੂੰ ਚੰਗੀ ਹਾਲਤ ਵਿਚ ਲਿਆਂਦਾ ਜਾਵੇ। ਇਕ ਕਮਰੇ ਨੂੰ ਜੰਦਰਾ ਲੱਗਾ ਹੋਇਆ ਸੀ, ਜਿਸ ਕਮਰੇ ਵਿਚ ਮਹਾਰਾਜੇ ਦਾ ਜਨਮ ਹੋਣ ਦਾ ਜ਼ਿਕਰ ਹੈ। ਮਹਾਰਾਜੇ ਦੇ ਜਨਮ ਬਾਰੇ ਪੱਥਰ ਲੱਗਾ ਹੋਇਆ ਹੈ, ਜਿਥੇ ਜਨਮ ਮਿਤੀ ਦੋ ਨਵੰਬਰ 1780 ਲਿਖੀ ਹੋਈ ਹੈ।

ਹਵੇਲੀ ਕਾਫੀ ਲੰਮੀ ਚੌੜੀ ਤੇ ਨਾਨਕਸ਼ਾਹੀ ਇੱਟਾਂ ਦੀ ਹੈ। ਹੁਣ ਅਸੀਂ ਹਵੇਲੀ ਦੀ ਚਿੱਤਰਕਾਰੀ ਨੂੰ ਦੇਖ ਰਹੇ ਸਾਂ, ਜਿਸ ਦੀ ਖੂਬਸੂਰਤੀ ਸਮੇਂ ਦੇ ਗੇੜ ਨਾਲ ਮੱਧਮ ਪੈ ਚੁਕੀ ਸੀ। ਕਦੇ ਇਸ ਹਵੇਲੀ ਵਿਚ ਪੰਜਾਬ ਦਾ ਨਾਇਕ ਮਹਾਂਬਲੀ ਰਣਜੀਤ ਸਿੰਘ ਪੈਦਾ ਹੋਇਆ। ਇਸ ਹਵੇਲੀ ਦਾ ਸੁਭਾਗ ਹੈ, ਜਿਥੇ ਮਹਾਰਾਜੇ ਨੇ ਪੰਘੂੜਾ ਝੂਟਿਆ, ਖਿੱਦੋ ਖੂੰਡੀ ਖੇਡੀ ਅਤੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਿਆ। ਇਸ ਹਵੇਲੀ ਵਿਚ ਉਸ ਯੋਧੇ ਦੀ ਪਰਵਰਿਸ਼ ਹੋਈ, ਜਿਸ ਨੇ ਵਗਦੇ ਦਰਿਆਵਾਂ ਦੇ ਵਹਿਣ ਮੋੜ ਦਿੱਤੇ। ਪਠਾਣੀਆਂ ਇਸ ਮਹਾਰਾਜੇ ਦੇ ਜਰਨੈਲ ਹਰੀ ਸਿੰਘ ਨਲੂਆ ਦਾ ਨਾਂ ਲੈ ਕੇ ਬੱਚਿਆਂ ਨੂੰ ਚੁੱਪ ਕਰਵਾਉਣ ਲੱਗ ਪਈਆਂ। ਮੁੱਦਤਾਂ ਤੋਂ ਅਲੱਗ-ਅਲੱਗ ਧਾੜਵੀਆਂ ਦੀ ਸਤਾਈ ਰਿਆਇਆ ਪੂਰੀ ਅੱਧੀ ਸਦੀ ਸਰ੍ਹਾਣੇ ਹੇਠ ਬਾਂਹ ਦੇ ਕੇ ਸੁੱਤੀ।

ਮਹਾਰਾਜਾ ਰਣਜੀਤ ਸਿੰਘ ਨੂੰ ਜਿਥੇ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਉਸ ਨੇ ਅੱਠ ਸੌ ਸਾਲਾਂ ਦੀ ਗੁਲਾਮੀ ਦਾ ਜੂਲਾ ਉਤਾਰ ਕੇ ਪੰਜਾਬੀਆਂ ਦਾ ਰਾਜ ਕਾਇਮ ਕੀਤਾ, ਉਥੇ ਨਿਮਰਤਾ ਦਾ ਪੱਲਾ ਨਹੀਂ ਛੱਡਿਆ। ਸਿੱਕਾ ਆਪਣੇ ਨਾਂ ਦੀ ਥਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ ਚਲਾਇਆ। ਰਣਜੀਤ ਸਿੰਘ ਦੇ ਰਾਜ ਦਾ ਨਿਆਂ ਪੂਰੀ ਦੁਨੀਆਂ ਵਿਚ ਸਲਾਹਿਆ ਗਿਆ। ਸ਼ਾਹ ਮੁਹੰਮਦ ਨੇ ਹਿੰਦੂ, ਸਿੱਖ ਤੇ ਮੁਸਲਮਾਨਾਂ ਦੇ ਸੁਖੀ ਵਸਣ ਦਾ ਜ਼ਿਕਰ ਕੀਤਾ। ਮਹਾਰਾਜੇ ਦੇ ਚਲਾਣੇ ਪਿਛੋਂ ਸਿੱਖਾਂ ਦੀ ਖਿੰਡਰੀ-ਪੁੰਡਰੀ ਫੌਜ ਨੂੰ ਅੰਗਰੇਜ਼ਾਂ ਦੇ ਆਹੂ ਲਾਹੁੰਦਿਆਂ ਸ਼ਾਹ ਮੁਹੰਮਦ ਨੇ ਦੇਖਿਆ, ਭੱਜੀ ਜਾਂਦੀ ਅੰਗਰੇਜ਼ ਫੌਜ ਨੂੰ ਪਹਾੜਾ ਸਿੰਘ ਵਲੋਂ ਸਿੱਖ ਫੌਜ ਦਾ ਗੋਲੀ ਸਿੱਕਾ ਮੁੱਕਣ ਦੀ ਗੱਲ ਦੱਸ ਕੇ ਵਾਪਸ ਬੁਲਾਉਣ 'ਤੇ ਸ਼ਾਹ ਮੁਹੰਮਦ ਖੂਨ ਦੇ ਅੱਥਰੂ ਰੋਂਦਾ ਮੱਥੇ 'ਤੇ ਹੱਥ ਮਾਰਦਾ ਹੈ ਤੇ ਲਿਖਦਾ ਹੈ,

ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।
ਸ਼ਾਹ ਮੁਹੰਮਦ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਸਭ ਤੋਂ ਵੱਡਾ ਸਦਮਾ ਇਹ ਹੈ ਕਿ ਅੱਜ ਅਸੀਂ ਆਪਣੇ ਨਾਇਕ ਦੀ ਮੜ੍ਹੀ 'ਤੇ ਚਾਰ ਫੁੱਲ ਭੇਟ ਕਰਨੋਂ ਵੀ ਅਸਮਰੱਥ ਹਾਂ। ਅਸੀਂ ਆਪਣੇ ਨਾਇਕ ਦੇ ਜਨਮ ਸਥਾਨ ਨੂੰ ਅਲਵਿਦਾ ਕਹਿ ਕੇ ਦੋਸਤ ਦੇ ਘਰ ਵੱਲ ਚੱਲ ਪਏ। ਚਾਰੇ ਪਾਸੇ ਖੁਸ਼ੀਆਂ ਦੇ ਖੇੜੇ ਹਨ। ਈਦ ਜੁ ਸੀ। ਈਦ ਦਾ ਦਿਨ ਇਬਾਦਤ ਕਰਨ ਵਾਲਿਆਂ ਲਈ, ਤਜਾਰਤ ਕਰਨ ਵਾਲਿਆਂ ਲਈ, ਵਪਾਰ ਕਰਨ ਵਾਲਿਆਂ ਲਈ ਅਤੇ ਪਿਆਰ ਕਰਨ ਵਾਲਿਆਂ ਲਈ ਮੁਬਾਰਕ ਦਿਨ ਹੈ।

ਦੋਸਤ ਨਾਲ ਚਿਰਾਂ ਤੋਂ ਕੀਤਾ ਈਦ 'ਤੇ ਆਉਣ ਦਾ ਵਾਅਦਾ ਨਿਭ ਗਿਆ ਸੀ। ਮੈਨੂੰ ਲਹਿੰਦੀ ਪੰਜਾਬੀ ਵਿਚ ਗਾਇਕ ਮਨਸੂਰ ਅਲੀ ਖਾਂ ਮਲੰਗੀ ਦੇ ਟੱਪੇ ਨੇ ਹਮੇਸ਼ਾ ਚੁਕੰਨਾ ਕਰੀ ਰੱਖਿਆ:

ਚਾਦਰ ਝੱਭ ਸੁੱਕ ਗਈ।
ਈਦ 'ਤੇ ਨਹੀਂ ਮਿਲਿਆ,
ਤੇਰੇ ਕੂੜਾਂ ਦੀ ਹੱਦ ਮੁੱਕ ਗਈ।

# ਹਰਕੀਰਤਨ ਕੌਰ ਉਰਫ ਗੀਤਾ ਬਾਲੀ ਦੀ ਅਦਾਕਾਰੀ

ਪੰਜਾਬਣ ਮੁਟਿਆਰ ਗੀਤਾ ਬਾਲੀ ਉਰਫ ਹਰਕੀਰਤਨ ਕੌਰ ਦੀ ਪੈਦਾਇਸ਼ 30 ਨਵੰਬਰ 1930 ਨੂੰ ਅੰਮ੍ਰਿਤਸਰ ਦੇ ਗੁਰਸਿੱਖ ਪਰਿਵਾਰ ਵਿਚ ਹੋਈ। ਹਰਦਰਸ਼ਨ ਕੌਰ, ਜੋਤੀ ਕੌਰ ਤੇ ਭਰਾ ਦਿਗਵਿਜੈ ਸਿੰਘ ਬਾਲੀ ਆਪਣੀ ਭੈਣ ਹਰਕੀਰਤਨ ਨੂੰ 'ਕੀਤਾ' ਦੇ ਨਾਮ ਨਾਲ ਮੁਖਾਤਬ ਹੁੰਦੇ ਸਨ। ਇਨ੍ਹਾਂ ਦੇ ਪਿਤਾ ਕਰਤਾਰ ਸਿੰਘ ਬਾਲੀ ਸਿੱਖ ਧਰਮ ਦੇ ਪ੍ਰਚਾਰਕ ਸਨ ਜਿਸ ਕਰਕੇ ਉਨ੍ਹਾਂ ਨੂੰ ਧਰਮ ਪ੍ਰਚਾਰ ਦੇ ਸਿਲਸਿਲੇ ਵਿਚ ਦੂਜੇ ਮੁਲਕਾਂ ਵਿਚ ਜਾਣਾ ਪੈਂਦਾ ਸੀ। ਲਿਹਾਜ਼ਾ ਚਾਰਾਂ ਜਣਿਆਂ ਦੀ ਪੜ੍ਹਾਈ ਕਿਸੇ ਇਕ ਜਗ੍ਹਾ ਨਾ ਹੋ ਕੇ ਵੱਖ-ਵੱਖ ਥਾਵਾਂ 'ਤੇ ਹੋਈ।

ਬਾਲ ਉਮਰੇ ਹੀ 'ਕੀਤਾ' ਨੂੰ ਨ੍ਰਿਤ-ਕਲਾ ਨਾਲ ਲਗਾਓ ਹੋ ਗਿਆ। 9 ਸਾਲ ਦੀ ਉਮਰ ਵਿਚ ਹੀ ਉਸ ਨੇ ਆਪਣੀ ਵੱਡੀ ਭੈਣ ਹਰਦਰਸ਼ਨ ਕੌਰ ਨਾਲ ਪਹਿਲੀ ਵਾਰ ਲਖਨਊ ਦੇ ਨ੍ਰਿਤ ਪ੍ਰੋਗਰਾਮ ਵਿਚ ਪੇਸ਼ਕਾਰੀ ਦਿੱਤੀ ਪਰ ਸਿੱਖ ਧਰਮ ਦੇ ਕੁਝ ਲੋਕਾਂ ਨੂੰ ਇਹ ਚੰਗਾ ਨਹੀਂ ਲੱਗਿਆ। ਇਸ ਲਈ ਕਾਫੀ ਰੌਲਾ ਪਿਆ। ਫਿਰ ਵੀ ਦੋਵਾਂ ਭੈਣਾਂ ਅਤੇ ਬਾਲੀ ਪਰਿਵਾਰ ਨੇ ਹੌਸਲਾ ਨਹੀਂ ਹਾਰਿਆ।

ਇਸ ਤੋਂ ਬਾਅਦ ਹਰਕੀਰਤਨ ਕੌਰ ਆਲ ਇੰਡੀਆ ਰੇਡੀਓ ਲਾਹੌਰ ਵਿਚ ਬੱਚਿਆਂ ਦੇ ਪ੍ਰੋਗਰਾਮ ਵਿਚ ਗੀਤ ਪੇਸ਼ ਕਰਨ ਲੱਗ ਪਈ। ਇਕ ਦਿਨ ਸਟੂਡੀਓ ਵਿਚ ਹੀ ਉਸ ਦੀ ਮੁਲਾਕਾਤ ਪੰਜਾਬੀ ਫਿਲਮਾਂ ਦੇ ਨ੍ਰਿਤ ਨਿਰਦੇਸ਼ਕ ਪੰਡਤ ਗਿਆਨ ਸ਼ੰਕਰ ਨਾਲ ਹੋਈ ਜਿਥੋਂ ਉਸ ਦੇ ਸੁਪਨਿਆਂ ਨੂੰ ਪਰਵਾਜ਼ ਮਿਲੀ। ਫਿਲਮਾਂ ਵਲ ਉਸ ਦੀ ਖਿੱਚ ਨੂੰ ਦੇਖਦਿਆਂ ਗਿਆਨ ਸ਼ੰਕਰ ਨੇ ਉਸ ਨੂੰ ਸ਼ੋਰੀ ਪਿਕਚਰਜ਼ ਦੀ ਦਸਤਾਵੇਜ਼ੀ ਫਿਲਮ 'ਦਿ ਕੋਬਲਰ' (ਮੋਚੀ) (1942) ਵਿਚ ਕੰਮ ਦਿਵਾ ਦਿੱਤਾ। ਹਰਕੀਰਤਨ ਨੇ ਇਸ ਫਿਲਮ 'ਚ ਪਹਿਲੀ ਵਾਰ ਕੋਰਸ ਦੀਆਂ ਲੜਕੀਆਂ 'ਚ ਨ੍ਰਿਤ ਪੇਸ਼ ਕੀਤਾ।

ਸ਼ੋਰੀ ਪਿਕਚਰਜ਼ ਦੀ ਫਿਲਮ 'ਬਦਨਾਮੀ' (1946) 'ਚ ਹਰਕੀਰਤਨ ਕੌਰ ਨੂੰ 'ਗੀਤਾ ਬਾਲੀ' ਦੇ ਨਾਮ ਨਾਲ ਪੇਸ਼ ਕੀਤਾ ਗਿਆ। ਫਿਲਮ 'ਚ ਗੀਤਾ ਦੇ ਸੋਲੋ ਨ੍ਰਿਤ ਨੇ ਸਭ ਦਾ ਧਿਆਨ ਖਿੱਚਿਆ। ਇਸ ਤੋਂ ਬਾਅਦ ਫਿਲਮ 'ਕਹਾਂ ਗਏ' (1946), 'ਪਤਝੜ' (1948), 'ਨਈ ਰੀਤ' (1948) ਵਿਚ ਉਸ ਦੀ ਅਦਾਕਾਰੀ ਦੀ ਤਾਰੀਫ ਹੋਈ। ਇਸ ਦੌਰਾਨ ਚਰਿਤਰ ਅਦਾਕਾਰ ਮਜ਼ਹਰ ਖਾਨ ਨੇ ਆਪਣੀ ਫਿਲਮ 'ਗੈਸਟ ਹਾਊਸ' (1947) ਸ਼ੁਰੂ ਕੀਤੀ ਤਾਂ ਗੀਤਾ ਬਾਲੀ ਨੂੰ ਬੰਬਈ ਲੈ ਆਏ ਪਰ ਇਹ ਫਿਲਮ ਮਹੂਰਤ ਤੋਂ ਅੱਗੇ ਨਾ ਵਧ ਸਕੀ। ਇਸ ਤੋਂ ਬਾਅਦ ਹਿਦਾਇਤਕਾਰ ਕੇਦਾਰ ਸ਼ਰਮਾ ਨੇ ਆਪਣੀ ਫਿਲਮ 'ਸੁਹਾਗਰਾਤ' (1948) 'ਚ ਗੀਤਾ ਨੂੰ 'ਕੰਮੋ' ਦਾ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ ਜਿਸ ਦੇ ਰੂ-ਬ-ਰੂ ਭਾਰਤ ਭੂਸ਼ਣ ਹੀਰੋ ਵਜੋਂ ਕੰਮ ਕਰ ਰਿਹਾ ਸੀ। ਫਿਲਮ 'ਚ ਆਪਣੀ ਬਿਹਤਰੀਨ ਅਦਕਾਰੀ ਸਦਕਾ ਗੀਤਾ ਬਾਲੀ ਸਫਲਤਾ ਦੇ ਸਿਖਰ 'ਤੇ ਬੈਠ ਗਈ। ਫਿਲਮ 'ਜਲਸਾ' (1948) ਵਿਚ ਉਸ ਨੇ ਰਮੇਸ਼ ਅਰੋੜਾ ਨਾਲ ਹੀਰੋਇਨ ਦਾ ਪਾਰਟ ਅਦਾ ਕੀਤਾ।

1949 'ਚ ਉਸ ਦੀਆਂ 10 ਫਿਲਮਾਂ ਰਿਲੀਜ਼ ਹੋਈਆਂ। 'ਬੜੀ ਬਹਿਨ' ਵਿਚ ਉਸ ਨੇ ਅਦਾਕਾਰਾ ਸੁਰੱਈਆ ਦੀ ਛੋਟੀ ਭੈਣ ਦਾ ਰੋਲ ਕੀਤਾ ਜਿਸ ਦੇ ਸਨਮੁੱਖ ਪ੍ਰਾਣ ਸੀ। ਰਾਜਿੰਦਰ ਕ੍ਰਿਸ਼ਨ ਦਾ ਲਿਖਿਆ ਅਤੇ ਗੀਤਾ ਬਾਲੀ 'ਤੇ ਫਿਲਮਾਇਆ 'ਚਲੇ ਜਾਨਾ ਨਹੀਂ, ਨੈਨਾ ਮਿਲਾ ਕੇ ਓ ਸਈਆਂ ਬੇਦਰਦੀ' (ਲਤਾ ਮੰਗੇਸ਼ਕਰ) ਗੀਤ ਬੜਾ ਪਸੰਦ ਕੀਤਾ ਗਿਆ। 'ਦੁਲਾਰੀ' ਵਿਚ ਉਸ ਨੇ ਵਣਜਾਰਨ ਕੁੜੀ 'ਕਸਤੂਰੀ' ਦਾ ਕਿਰਦਾਰ ਨਿਭਾਇਆ। ਸ਼ਕੀਲ ਬਦਾਯੂੰਨੀ ਦੇ ਲਿਖੇ ਅਤੇ ਗੀਤਾ ਬਾਲੀ 'ਤੇ ਫਿਲਮਾਏ ਨ੍ਰਿਤ ਗੀਤ 'ਨਾ ਬੋਲ ਪੀ-ਪੀ ਮੋਰੇ ਅੰਗਨਾ ਪੰਛੀ ਜਾ ਰੇ ਜਾ', 'ਚਾਂਦਨੀ ਆਈ ਬਨ ਕੇ ਪਿਆਰ ਓ ਸਾਜਨਾ' (ਸ਼ਮਸ਼ਾਦ ਬੇਗ਼ਮ) ਵੀ ਬੜੇ ਹਿੱਟ ਹੋਏ। ਫਿਲਮ 'ਦਿਲ ਕੀ ਦੁਨੀਆ', 'ਭੋਲੀ' ਅਦਾਕਾਰ ਪ੍ਰੇਮ ਅਦੀਬ ਨਾਲ, 'ਗਰੀਬੀ' ਜੈਰਾਜ ਨਾਲ, 'ਗਰਲਜ਼ ਸਕੂਲ' ਸੱਜਣ ਨਾਲ, 'ਨੇਕੀ ਔਰ ਬਦੀ' ਰਹਿਮਾਨ ਨਾਲ ਅਤੇ ਫਿਲਮ 'ਬਾਂਸੁਰੀਆ' ਵਿਚ ਰਣਧੀਰ ਨਾਲ ਅਦਾਕਾਰੀ ਕੀਤੀ।

ਫਿਲਮ 'ਬਾਵਰੇ ਨੈਨ' (1950) 'ਚ ਗੀਤਾ ਬਾਲੀ ਨੇ ਪਿੰਡ ਦੀ ਕੁੜੀ ਦਾ ਰੋਲ ਨਿਭਾਇਆ, ਉਸ ਦੇ ਨਾਲ ਰਾਜ ਕਪੂਰ ਸੀ। ਰੌਸ਼ਨ ਦੇ ਸੰਗੀਤ ਵਿਚ ਗੀਤਾ 'ਤੇ ਫਿਲਮਾਇਆ ਗੀਤ 'ਸੁਨ ਬੈਰੀ ਬਲਮ ਸਚ ਬੋਲ ਰੇ ਇਬ ਕਯਾ ਹੋਗਾ' (ਰਾਜਕੁਮਾਰੀ) ਬਹੁਤ ਮਕਬੂਲ ਹੋਇਆ। ਫਿਲਮ 'ਬਾਜ਼ੀ' (1951) ਵਿਚ ਉਸ ਨੇ ਕਲੱਬ ਡਾਂਸਰ ਦੀ ਭੂਮਿਕਾ ਨਿਭਾਈ। ਐਸ.ਡੀ. ਬਰਮਨ ਦੇ ਸੰਗੀਤ ਵਿਚ ਗੀਤਾ 'ਤੇ ਫਿਲਮਾਏ 'ਤਦਬੀਰ ਸੇ ਬਿਗੜੀ ਹੂਈ ਤਕਦੀਰ', 'ਦੇਖ ਕੇ ਅਕੇਲੀ', 'ਸ਼ਰਮਾਏ ਕਾਹੇ' (ਗੀਤਾ ਦੱਤ) ਬੇਹਦ ਹਿੱਟ ਹੋਏ। 'ਅਲਬੇਲਾ' (1951) ਵਿਚ ਉਸ ਨੇ ਭਗਵਾਨ ਨਾਲ ਹੀਰੋਇਨ ਦਾ ਰੋਲ ਅਦਾ ਕੀਤਾ।

ਵੱਡੀ ਭੈਣ ਹਰਦਰਸ਼ਨ ਕੌਰ ਉਰਫ 'ਬੀਬਾ ਜੀ' ਨੇ ਜਦੋਂ ਆਪਣੀ ਫਿਲਮਸਾਜ਼ੀ ਅਤੇ ਗੁਰੂਦੱਤ ਦੀ ਹਿਦਾਇਤਕਾਰੀ ਤੇ ਅਦਾਕਾਰੀ ਵਿਚ ਫਿਲਮ 'ਬਾਜ਼' (1953) ਬਣਾਈ ਤਾਂ ਹੀਰੋਇਨ ਗੀਤਾ ਬਾਲੀ ਨੂੰ ਬਣਾਇਆ। ਗੀਤਾ ਬਾਲੀ ਨੇ ਆਪਣੇ ਜੀਜੇ ਨਾਲ 4 ਫਿਲਮਾਂ ਵਿਚ ਕੰਮ ਕੀਤਾ। ਪਹਿਲੀ



ਕੇਦਾਰ ਸ਼ਰਮਾ ਨਿਰਦੇਸ਼ਤ 'ਬੇਦਰਦੀ' (1951) ਤੋਂ ਇਲਾਵਾ 'ਸੁਹਾਗਨ' (1954), 'ਹੋਟਲ' ਅਤੇ 'ਜ਼ਿੰਦਗੀ' (1956) ਸ਼ਾਮਲ ਹਨ।

ਉਸ ਨੇ ਆਪਣੀ ਭੈਣ ਹਰਦਰਸ਼ਨ ਕੌਰ ਅਤੇ ਜੋਤੀ ਕੌਰ ਨਾਲ ਮਿਲ ਕੇ ਆਪਣਾ ਬੈਨਰ ਬਾਲੀ ਸਿਸਟਰਜ਼ ਦੀ ਸਥਾਪਨਾ ਕੀਤੀ। ਇਸ ਬੈਨਰ ਹੇਠ ਭਰਾ ਦਿਗਵਿਜੈ ਬਾਲੀ ਦੀ ਨਿਰਦੇਸ਼ਨਾ ਹੇਠ ਫਿਲਮ 'ਰਾਜਰੰਗ' (1952) ਦਾ ਨਿਰਮਾਣ ਕੀਤਾ। ਇਸ ਵਿਚ ਉਹ ਖੁਦ ਨਾਇਕਾ ਬਣੀ। ਫਿਲਮ 'ਰੰਗੀਨ ਰਾਤੇਂ' (1956) ਦੀ ਸ਼ੂਟਿੰਗ ਦੌਰਾਨ ਹੀ ਸ਼ੰਮੀ ਕਪੂਰ ਅਤੇ ਗੀਤਾ ਦਾ ਪਿਆਰ ਪ੍ਰਵਾਨ ਚੜ੍ਹਿਆ ਤੇ ਦੋਵਾਂ ਨੇ 23 ਅਗਸਤ 1955 ਨੂੰ ਵਿਆਹ ਕਰਵਾ ਲਿਆ। 60 ਦੇ ਦਹਾਕੇ 'ਚ ਗੀਤਾ ਬਾਲੀ ਦੀਆਂ ਚਾਰ ਫਿਲਮਾਂ ਆਈਆਂ: 'ਬੜੇ ਘਰ ਕੀ ਬਹੂ' (1960), 'ਮਿਸਟਰ ਇੰਡੀਆ', 'ਸਪਨ ਸੁਹਾਨੇ' (1961) ਅਤੇ 'ਜਬਸੇ ਤੁਮਕੋ ਦੇਖਾ' (1963)। 'ਜਬਸੇ ਤੁਮਕੋ ਦੇਖਾ' ਉਸ ਦੀ ਆਖਰੀ ਹਿੰਦੀ ਫਿਲਮ ਸੀ। ਉਸ ਨੇ 71 ਹਿੰਦੀ ਅਤੇ 2 ਪੰਜਾਬੀ ਫਿਲਮਾਂ ਵਿਚ ਅਦਾਕਾਰੀ ਕੀਤੀ।

ਗੀਤਾ ਬਾਲੀ ਦੀ ਪਹਿਲੀ ਪੰਜਾਬੀ ਫਿਲਮ 'ਛਈ' (1950) ਸੀ। ਫਿਲਮ 'ਚ ਉਸ ਨੇ ਗੁੱਜਰੀ ਦਾ ਕਿਰਦਾਰ ਅਦਾ ਕੀਤਾ ਜਿਸ ਦੇ ਰੂ-ਬ-ਰੂ ਮਜ਼ਾਹੀਆ ਅਦਾਕਾਰ ਸੁੰਦਰ ਸੀ। ਹੰਸਰਾਜ ਬਹਿਲ ਦੀਆਂ ਸੁਰਾਂ 'ਚ ਸਜਾਏ, ਵਰਮਾ ਮਲਿਕ ਦੇ ਲਿਖੇ ਅਤੇ ਗੀਤਾ ਬਾਲੀ ਤੇ ਸੁੰਦਰ 'ਤੇ ਫਿਲਮਾਏ ਗੀਤਾਂ- 'ਆਜਾ ਦਿਲ ਨਾਲ ਦਿਲ ਨੂੰ ਮਿਲਾ ਲੈ ਅੱਖੀਆਂ ਦਾ ਕੀ ਮਿਲਣਾ', 'ਦਿਲ ਟੁੱਟ ਗਏ ਮਿਲਣ ਤੋਂ ਪਹਿਲਾਂ', 'ਦਿਲ ਰੱਖ ਅੱਜ ਰੱਬ ਤੇਰੀ ਸੁਣੂੰ-ਸੁਣੂੰ ਲੱਕ ਟੁਣੂੰ-ਟੁਣੂੰ' (ਸ਼ਮਸ਼ਾਦ ਬੇਗ਼ਮ, ਮੁਹੰਮਦ ਰਫੀ), 'ਨਾਲੇ ਹੂੰ ਕਰਕੇ ਨਾਲ ਹਾਂ ਕਰਕੇ' (ਸ਼ਮਸ਼ਾਦ ਬੇਗ਼ਮ), 'ਅਜੀ ਓ ਮੁੰਡਾ ਮੋਹ ਲਿਆ ਤਵੀਤਾਂ ਵਾਲਾ ਨੀ ਦਮੜੀ ਦਾ ਸੱਕ ਮਲ ਕੇ' (ਮੁਹੰਮਦ ਰਫੀ) ਅਤੇ ਇਕ ਕੱਵਾਲੀ ਗੀਤ 'ਮੈਨੂੰ ਮਾਹੀ ਨਾਲ ਹੋ ਗਿਆ ਗਿਆ ਪਿਆਰ ਹੌਲੀ ਹੌਲੀ' (ਐਸ. ਬਲਬੀਰ, ਦਵਿੰਦਰ ਵਰਮਾ, ਮਲਿਕ ਕਪੂਰ) ਨੇ ਹਰ ਪਾਸੇ ਧੁੰਮਾਂ ਪਾ ਛੱਡੀਆਂ।

ਉਸ ਦੀ ਦੂਜੀ ਪੰਜਾਬੀ ਫਿਲਮ 'ਫੁੰਮਣ' (1951) ਸੀ। ਫਿਲਮ 'ਚ ਗੀਤਾ ਬਾਲੀ ਨਾਲ ਪ੍ਰਾਣ ਹੀਰੋ ਸੀ। ਅੱਲਾ ਰੱਖਾ ਕੁਰੈਸ਼ੀ ਦੇ ਸੰਗੀਤ ਵਿਚ ਉਸ ਅਤੇ ਪ੍ਰਾਣ 'ਤੇ ਫਿਲਮਾਏ ਗਏ 'ਮੈਂ ਮਦਾਰੀ ਮਾਰ ਉਡਾਰੀ ਹੋਏ ਆਇਆ ਪੱਤਣੋਂ ਪਾਰ' (ਸੰਤ ਰਾਮ, ਪ੍ਰੇਮ ਲਤਾ), 'ਮੇਰੀ ਵੀਹਣੀ ਨਾ ਮਰੋੜ ਕੱਚੀ ਤੇ ਨਾਜ਼ੁਕ ਸੂਤੇ ਦੀ ਡੋਰ' (ਆਸ਼ਾ ਭੌਂਸਲੇ, ਜੀ.ਐਮ. ਦੁਰਾਨੀ) ਆਦਿ ਗੀਤ ਵਾਹਵਾ ਮਕਬੂਲ ਹੋਏ।


ਇਸ ਫਿਲਮ ਤੋਂ 12 ਸਾਲਾਂ ਬਾਅਦ ਗੀਤਾ ਬਾਲੀ ਦੀ ਤੀਜੀ ਪੰਜਾਬੀ ਫਿਲਮ 'ਰਾਣੋ' (1963-64) ਬਣਨੀ ਸ਼ੁਰੂ ਹੋਈ ਜੋ ਉਰਦੂ ਦੇ ਮਸ਼ਹੂਰ ਅਫਸਾਨਾਨਿਗਾਰ ਰਾਜਿੰਦਰ ਸਿੰਘ ਬੇਦੀ ਦੇ ਵਿਧਵਾ ਵਿਆਹ 'ਤੇ ਲਿਖੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਆਧਾਰਿਤ ਸੀ। ਇਹ ਫਿਲਮ ਜ਼ਿਲ੍ਹਾ ਜਲੰਧਰ ਦੇ ਕਸਬਾ ਬੰਗਾ (ਹੁਣ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਿਚ ਬਣਨੀ ਸ਼ੁਰੂ ਹੋਈ ਪਰ ਫਿਲਮ ਦੇ ਨਿਰਮਾਣ ਦੌਰਾਨ ਗੀਤਾ ਬਾਲੀ ਚੇਚਕ ਦੀ ਬਿਮਾਰੀ ਦੀ ਲਪੇਟ ਵਿਚ ਆ ਗਈ। ਸ਼ੂਟਿੰਗ ਵਿਚੇ ਛੱਡ ਉਹ ਬੰਬਈ ਟੁਰ ਗਈ। ਬਹੁਤ ਜ਼ਿਆਦਾ ਬੁਖਾਰ ਹੋਣ ਕਾਰਨ ਉਸ ਨੂੰ ਬਰਫ ਦੀਆਂ ਸਿੱਲਾਂ 'ਤੇ ਲਿਟਾਉਣਾ ਪਿਆ।

ਅਖੀਰ ਉਹ 21 ਜਨਵਰੀ 1965 ਨੂੰ 35 ਸਾਲਾਂ ਦੀ ਉਮਰ ਵਿਚ ਮੌਤ ਦੀ ਆਗੋਸ਼ 'ਚ ਸਮਾ ਗਈ। ਗੀਤਾ ਬਾਲੀ ਦੇ ਇੰਜ ਟੁਰ ਜਾਣ ਨਾਲ ਸ਼ੰਮੀ ਕਪੂਰ ਨੂੰ ਗਹਿਰਾ ਸਦਮਾ ਪਹੁੰਚਿਆ। ਉਨ੍ਹਾਂ ਨੂੰ ਕਲਾਸਿਕ ਅਧੂਰੀ ਫਿਲਮ 'ਰਾਣੋ' ਮਨਹੂਸ ਜਾਪੀ ਜਿਸ ਦੇ ਨੈਗੇਟਿਵ ਨੂੰ ਉਨ੍ਹਾਂ ਨੇ ਨਸ਼ਟ ਕਰ ਦਿੱਤਾ। ਇਸੇ ਤਰ੍ਹਾਂ ਗੀਤਾ ਬਾਲੀ ਅਤੇ ਧਰਮਿੰਦਰ ਦੀ ਇਹ ਫਿਲਮ ਬਣਦੀ-ਬਣਦੀ ਰਹਿ ਗਈ ਜਿਸ ਦੇ ਗੀਤ ਬੰਗਿਆਂ ਦੇ ਗੱਭਰੂ ਰਾਮ ਸ਼ਰਨ ਜੋਸ਼ੀਲਾ ਨੇ ਲਿਖੇ ਸਨ। ਉਸ ਦੀ ਮੌਤ ਵੇਲੇ ਵੱਡੇ ਪੁੱਤਰ ਅਦਿਤਿਆ ਕਪੂਰ ਦੀ ਉਮਰ 8 ਸਾਲ ਅਤੇ ਧੀ ਕੰਚਨ ਦੀ ਉਮਰ 3 ਸਾਲ ਸੀ। ਗੀਤਾ ਬਾਲੀ ਦੇ ਗਮ 'ਚੋਂ ਨਿਕਲਣ ਲਈ ਸ਼ੰਮੀ ਕਪੂਰ ਨੇ ਮਗਰੋਂ 27 ਜਨਵਰੀ 1969 ਨੂੰ ਭਾਵਨਗਰ (ਗੁਜਰਾਤ) ਦੇ ਸ਼ਾਹੀ ਖਾਨਦਾਨ ਦੀ ਮੁਟਿਆਰ ਨੀਲਾ ਦੇਵੀ ਨਾਲ ਦੂਜਾ ਵਿਆਹ ਕਰਵਾ ਲਿਆ।

-ਮਨਦੀਪ ਸਿੰਘ ਸਿੱਧੂ

# ਨੌਜਵਾਨਾਂ ਨੂੰ ਹਥਿਆਰਾਂ ਤੋਂ ਦੂਰ ਰਹਿਣ ਦਾ ਸੁਨੇਹਾ ਦੇਵੇਗੀ ਫਿਲਮ 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ'

ਕਾਮੇਡੀ ਤੋਂ ਬਾਅਦ ਹੁਣ ਐਕਸ਼ਨ ਫਿਲਮਾਂ ਨੇ ਪੰਜਾਬੀ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ। 8 ਨਵੰਬਰ ਨੂੰ ਰਿਲੀਜ਼ ਹੋ ਰਹੀ ਸ਼ੁਕਲ ਸ਼ੋਅਵਿੱਜ ਅਤੇ ਯੂ. ਬੀ. ਫਿਲਮਜ਼ ਦੇ ਬੈਨਰ ਹੇਠ ਨਿਰਮਾਤਾ-ਨਿਰਦੇਸ਼ਕ ਸਾਗਰ ਐਸ. ਸ਼ਰਮਾ ਦੀ ਫਿਲਮ 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ' ਅੱਜ ਦੇ ਨੌਜਵਾਨਾਂ ਦੀ ਕਹਾਣੀ ਹੈ, ਜੋ ਨੌਜਵਾਨਾਂ 'ਚ ਹਥਿਆਰ ਰੱਖਣ ਦੇ ਸ਼ੌਕ ਸਦਕਾ ਕੁਰਾਹੇ ਪਈ ਜ਼ਿੰਦਗੀ ਤੇ ਸਮਾਜਕ ਹਾਲਾਤ ਦੀ ਗੱਲ ਕਰਦੀ ਇੱਕ ਅਰਥ ਭਰਪੂਰ ਫਿਲਮ ਹੈ।




ਹਥਿਆਰਾਂ ਪ੍ਰਤੀ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੀ ਗਾਇਕੀ ਦਾ ਸਾਡੇ ਸਮਾਜ ਨੇ ਹਮੇਸ਼ਾ ਵਿਰੋਧ ਕੀਤਾ ਹੈ, ਜਦਕਿ ਇਹ ਫਿਲਮ ਅਜਿਹੇ ਸਮਾਜ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਦੀ ਇੱਕ ਮਨੋਰੰਜਨ ਭਰਪੂਰ ਫਿਲਮ ਹੈ, ਜੋ ਅੱਜ ਦੇ ਨੌਜਵਾਨ ਵਰਗ ਨੂੰ ਸਾਰਥਕ ਸੁਨੇਹਾ ਦਿੰਦੀ ਹੈ। ਫਿਲਮ ਦੀ ਕਹਾਣੀ ਤੇ ਡਾਇਲਾਗ ਕੁਮਾਰ ਅਜੇ ਨੇ ਲਿਖੇ ਹਨ ਅਤੇ ਸਕਰੀਨ ਪਲੇਅ ਸਾਗਰ ਸ਼ਰਮਾ ਨੇ।

ਫਿਲਮ ਦੇ ਨਿਰਦੇਸ਼ਕ ਸਾਗਰ ਐਸ. ਸ਼ਰਮਾ ਨੇ ਦੱਸਿਆ ਕਿ ਇਹ ਫਿਲਮ ਚਾਰ ਆਮ ਨੌਜਵਾਨ ਦੋਸਤਾਂ ਦੀ ਕਹਾਣੀ ਹੈ, ਜੋ ਹੋਰਨਾਂ ਵਾਂਗ ਆਪਣੇ ਸੁਪਨੇ ਸਾਕਾਰ ਕਰਨ ਲਈ ਜ਼ਿੰਦਗੀ ਨਾਲ ਸੰਘਰਸ਼ ਕਰਦੇ ਹਨ, ਪਰ ਅਜਿਹੇ ਕਿਹੜੇ ਹਾਲਾਤ ਹਨ ਕਿ ਹੱਥ ਹਥਿਆਰਾਂ ਵੱਲ ਵੱਧਦੇ ਹਨ? ਇਸ ਫਿਲਮ ਰਾਹੀਂ ਸਾਡੇ ਸਮਾਜ ਦੇ ਅਨੇਕਾਂ 'ਕਿਰਦਾਰ' ਪਰਦੇ 'ਤੇ ਨਜ਼ਰ ਆਉਣਗੇ।

ਅਜੋਕੀ ਨੌਜਵਾਨ ਪੀੜ੍ਹੀ ਦੀ ਕਹਾਣੀ ਦਰਸਾਉਂਦੀ ਇਸ ਫਿਲਮ ਵਿਚ ਦੀਪ ਜ਼ੋਸੀ, ਪ੍ਰੀਤ ਬਾਠ, ਵੀਰ ਵਸ਼ਿਸ਼ਟ, ਸਿੱਧੀ ਆਹੂਜਾ, ਕੁਮਾਰ ਜਤਿਨ, ਮੋਹਿਤ ਭਾਸਕਰ, ਕੀਤਿਕਾ ਅਤੇ ਪੂਨਮ ਸੂਦ ਨੇ ਅਹਿਮ ਕਿਰਦਾਰ ਨਿਭਾਏ ਹਨ। ਬਾਲੀਵੁੱਡ ਦੇ ਨਾਮੀ ਸਿਨੇਮਾਟੋਗ੍ਰਾਫਰ ਮਹੇਸ਼ ਸਰੋਜਨੀ ਰਾਜਨ ਨੇ ਫਿਲਮ ਦੇ ਹਰੇਕ ਦ੍ਰਿਸ਼ ਨੂੰ ਬਾਲੀਵੱਡ ਤਕਨੀਕ ਨਾਲ ਕੈਮਰੇ 'ਚ ਉਤਾਰਿਆ ਹੈ। ਫਿਲਮ ਦਾ ਸੰਗੀਤ ਜੱਗੀ ਸਿੰਘ, ਤਰੁਣ ਰਿਸ਼ੀ ਤੇ ਗੁਰਮੀਤ ਸਿੰਘ ਨੇ ਦਿੱਤਾ ਹੈ। ਫਿਲਮ ਦੇ ਨਿਰਮਾਤਾ ਮੁੰਨਾ ਸ਼ੁਕਲ, ਜੈਯਸ ਪਟੇਲ, ਸਿਖਾ ਸ਼ਰਮਾ, ਸਾਗਰ ਐਸ. ਸ਼ਰਮਾ ਅਤੇ ਸੰਜੀਵ ਸੈਣੀ ਹਨ।


ਜ਼ਿਕਰਯੋਗ ਹੈ ਕਿ ਪੰਜਾਬੀ ਰੰਗਮੰਚ ਤੋਂ ਫਿਲਮਾਂ ਵੱਲ ਆਏ ਸਾਗਰ ਸ਼ਰਮਾ ਹਮੇਸ਼ਾ ਹੀ ਸਮਾਜਕ ਦਾਇਰੇ ਦੀਆਂ ਚੰਗੀਆਂ ਫਿਲਮਾਂ ਬਣਾਉਣ ਵਾਲੇ ਨਿਰਦੇਸ਼ਕ ਵਜੋਂ ਜਾਣੇ ਜਾਂਦੇ ਹਨ। ਇਸ ਫਿਲਮ ਰਾਹੀਂ ਉਨ੍ਹਾਂ ਨੌਜਵਾਨਾਂ ਦੇ ਅਹਿਮ ਮੁੱਦੇ ਨੂੰ ਛੋਹਿਆ ਹੈ। ਫਿਲਮ ਦੇ ਕਿਰਦਾਰਾਂ ਬਾਰੇ ਗੱਲ ਕਰਦਿਆਂ ਸਾਗਰ ਸ਼ਰਮਾ ਨੇ ਕਿਹਾ ਕਿ ਫਿਲਮ ਵਿਚ ਸਾਰੇ ਐਕਟਰਾਂ ਨੇ ਕਮਾਲ ਦੀ ਅਦਾਕਾਰੀ ਕੀਤੀ ਹੈ। ਸਾਰੇ ਹੀ ਵਧੀਆ ਹਨ ਪਰ ਇਹ ਕਿੰਨੇ ਕੁ ਵਧੀਆ ਹਨ? ਹਰੇਕ ਅਦਾਕਾਰ ਨੇ ਆਪਣਾ ਕਿਰਦਾਰ ਸ਼ਿੱਦਤ ਨਾਲ ਨਿਭਾਇਆ ਹੈ। ਆਸ ਹੈ, ਚੰਗਾ ਸਿਨੇਮਾ ਵੇਖਣ ਵਾਲੇ ਦਰਸ਼ਕਾਂ ਦੀ ਪਸੰਦ 'ਤੇ ਇਹ ਫਿਲਮ ਖਰੀ ਉਤਰੇਗੀ।

-ਸੁਰਜੀਤ ਜੱਸਲ
ਫੋਨ: 91-98146-07737

# ਨਸੀਰੂਦੀਨ ਸ਼ਾਹ ਅਤੇ ਜਾਵੇਦ ਅਖਤਰ ਨਫਰਤ ਖਿਲਾਫ ਡਟੇ

ਅਦਾਕਾਰ ਨਸੀਰੂਦੀਨ ਸ਼ਾਹ ਅਤੇ ਸ਼ਾਇਰ ਜਾਵੇਦ ਅਖਤਰ ਹਿੰਦੂਤਵੀ ਕੱਟੜਪੰਥੀਆਂ ਦੀਆਂ ਵਧੀਕੀਆਂ ਖਿਲਾਫ ਸਟੈਂਡ 'ਤੇ ਡਟ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਹਜੂਮੀ ਹੱਤਿਆਵਾਂ ਦੀਆਂ ਘਟਨਾਵਾਂ ਬਾਰੇ ਆਪਣੇ ਬਿਆਨ 'ਤੇ ਅਡੋਲ ਹਨ ਤੇ ਸਮਾਜ ਵਿਚ ਸ਼ਰੇਆਮ ਨਫਰਤ ਫੈਲਾਏ ਜਾਣ ਤੋਂ ਬੇਹੱਦ ਪ੍ਰੇਸ਼ਾਨ ਹਨ। ਚੇਤੇ ਰਹੇ ਕਿ ਪਿਛਲੇ ਸਾਲ ਨਸੀਰੂਦੀਨ ਸ਼ਾਹ ਨੇ ਹਿੰਸਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਕੁਝ ਥਾਵਾਂ 'ਤੇ ਗਊ ਹੱਤਿਆ ਨੂੰ ਪੁਲਿਸ ਮੁਲਾਜ਼ਮ ਦੀ ਹੱਤਿਆ ਤੋਂ ਵੱਧ ਤਵੱਜੋ ਦਿੱਤੀ ਜਾ ਰਹੀ ਹੈ।





ਉਧਰ, ਉਘੇ ਗੀਤਕਾਰ ਤੇ ਲੇਖਕ ਜਾਵੇਦ ਅਖਤਰ ਨੇ ਵੀ ਕਿਹਾ ਕਿ ਲੋਕਤੰਤਰ ਵਿਚ ਲੋਕਾਂ ਨੂੰ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟਾਉਣ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ, ਚਾਹੇ ਉਹ ਸ਼ਾਸਨ ਦੇ ਖਿਲਾਫ ਹੀ ਕਿਉਂ ਨਾ ਹੋਣ। ਸਿਆਸੀ ਅਤੇ ਸਮਾਜਿਕ ਪੱਖ ਤੋਂ ਵਿਚਾਰ ਰੱਖਣ 'ਚ ਹਮੇਸ਼ਾ ਮੋਹਰੀ ਰਹੇ ਜਾਵੇਦ ਅਖਤਰ ਦਾ ਮੰਨਣਾ ਹੈ ਕਿ ਲੋਕਤੰਤਰ ਵਿਚ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੱਬੀ ਨਹੀਂ ਜਾਣੀ ਚਾਹੀਦੀ। ਉਨ੍ਹਾਂ ਕਿਹਾ, "ਜੇ ਤੁਸੀਂ ਕਿਸੇ ਸ਼ਖਸ ਜਾਂ ਸਰਕਾਰ ਨੂੰ ਕੁਝ ਕਹਿੰਦੇ ਹੋ ਤਾਂ ਕੀ ਇਹ ਉਸ ਨੂੰ ਪਸੰਦ ਆਵੇਗਾ? ਮੈਨੂੰ ਨਹੀਂ ਲੱਗਦਾ ਕਿ ਅਜਿਹੀ ਕੋਈ ਸਰਕਾਰ ਹੋ ਸਕਦੀ ਹੈ ਜਿਸ ਦੀ ਤੁਸੀਂ ਆਲੋਚਨਾ ਕਰੋ ਤੇ ਉਹ ਖੁਸ਼ ਹੋਵੇ।" ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਲੋਕ ਆਪਣੇ ਵਿਚਾਰ ਖੁੱਲ੍ਹ ਕੇ ਰੱਖਦੇ ਹਨ। ਇਸ ਹੱਕ ਨੂੰ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ। ਇਸ ਤਰ੍ਹਾਂ ਹੀ ਅਮਲੀ ਰੂਪ ਵਿਚ ਕਿਸੇ ਲੋਕਤੰਤਰ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਭਾਰਤ ਦੇ ਲੋਕ ਖੁਸ਼ਕਿਸਮਤ ਹਨ ਜੋ ਲੋਕਤੰਤਰ ਦੇ ਵਾਸੀ ਹਨ, ਇਸ ਲਈ ਸਭ ਨੂੰ ਆਪਣੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕਰਨਾ ਚਾਹੀਦਾ।

ਫਿਲਮਾਂ ਬਾਰੇ ਗੱਲ ਕਰਦਿਆਂ ਜਾਵੇਦ ਅਖਤਰ ਨੇ ਕਿਹਾ ਕਿ ਹਰ ਦਹਾਕੇ 'ਚ ਚੰਗੀ-ਮਾੜੀ ਫਿਲਮਾਂ ਦਾ ਦੌਰ ਹੁੰਦਾ ਹੈ ਤੇ ਸੁਨਹਿਰੇ ਯੁੱਗ ਦੀ ਧਾਰਨਾ ਬੜੀ ਗੁੰਝਲਦਾਰ ਹੈ। 70ਵੇਂ ਅਤੇ 80ਵੇਂ ਦੇ ਦਹਾਕੇ 'ਚ ਸਲੀਮ ਖਾਨ ਨਾਲ ਮਕਬੂਲ ਫਿਲਮਾਂ 'ਜ਼ੰਜੀਰ', 'ਅੰਦਾਜ਼', 'ਸੀਤਾ ਔਰ ਗੀਤਾ' ਅਤੇ 'ਸ਼ੋਅਲੇ' ਜਿਹੀਆਂ ਫਿਲਮਾਂ ਦੇਣ ਵਾਲੇ ਅਖਤਰ ਨੇ ਕਿਹਾ ਕਿ ਉਨ੍ਹਾਂ ਨੂੰ ਕਈ ਵਾਰ ਨਵੀਂ ਪੀੜ੍ਹੀ ਦੇ ਲੇਖਕਾਂ ਅਤੇ ਡਾਇਰੈਕਟਰਾਂ ਤੋਂ ਈਰਖਾ ਹੁੰਦੀ ਹੈ। ਕਈ ਮਾਮਲਿਆਂ ਵਿਚ ਇਹ ਪੁਰਾਣੀ ਪੀੜ੍ਹੀ ਤੋਂ ਬਹੁਤ ਅਗਾਂਹ ਹਨ। 'ਉਡਾਨ', 'ਮਸਾਨ', 'ਤਲਵਾਰ' ਜਿਹੀਆਂ ਫਿਲਮਾਂ ਦੀ ਉਨ੍ਹਾਂ ਤਾਰੀਫ ਕੀਤੀ। ਆਪਣੀ ਧੀ ਜ਼ੋਯਾ ਅਖਤਰ ਦੀਆਂ ਫਿਲਮਾਂ 'ਦਿਲ ਧੜਕਨੇ ਦੋ', 'ਗੱਲੀ ਬੁਆਏ' ਦੀ ਵੀ ਉਨ੍ਹਾਂ ਪ੍ਰਸ਼ੰਸਾ ਕੀਤੀ। ਇਨ੍ਹਾਂ ਫਿਲਮਾਂ ਦੇ ਸੰਵਾਦ ਅਸਲ ਦਾ ਭੁਲੇਖਾ ਪਾਉਂਦੇ ਹਨ।

ਉਨ੍ਹਾਂ ਦੱਸਿਆ, "ਜਦੋਂ ਸਾਡੀਆਂ ਪਹਿਲੀਆਂ ਕੁਝ ਫਿਲਮਾਂ 'ਅੰਦਾਜ਼', 'ਹਾਥੀ ਮੇਰੇ ਸਾਥੀ', 'ਸੀਤਾ ਔਰ ਗੀਤਾ', 'ਜ਼ੰਜੀਰ' ਸੁਪਰ ਹਿੱਟ ਹੋ ਗਈਆਂ ਸਨ ਤਾਂ ਅਸੀਂ ਆਪਣਾ ਮਿਹਨਤਾਨਾ ਵਧਾਉਣ ਦਾ ਫੈਸਲਾ ਕੀਤਾ। ਉਸ ਸਮੇਂ ਵਧੀਆ ਲੇਖਕ ਨੂੰ ਵੱਧ ਤੋਂ ਵੱਧ 70-80 ਹਜ਼ਾਰ ਰੁਪਏ ਮਿਲਦੇ ਸਨ ਤੇ ਅਸੀਂ 2 ਲੱਖ ਰੁਪਏ ਲੈਣ ਦਾ ਫੈਸਲਾ ਕੀਤਾ। ਚਾਰ ਫਿਲਮਾਂ ਹਿੱਟ ਹੋਣ ਦੇ ਬਾਵਜੂਦ ਸਾਨੂੰ 9 ਮਹੀਨਿਆਂ ਤਕ ਕੋਈ ਕੰਮ ਨਾ ਮਿਲਿਆ। ਕੋਈ ਇੰਨੀ ਰਕਮ ਦੇਣ ਲਈ ਤਿਆਰ ਨਹੀਂ ਸੀ। ਪ੍ਰੇਮਜੀ (ਪ੍ਰੋਡਿਊਸਰ) ਨੇ ਫਿਲਮ 'ਮਜਬੂਰ' ਲਈ ਦੋ ਲੱਖ ਰੁਪਏ ਦਿੱਤੇ।"

ਜ਼ਿਕਰਯੋਗ ਕਿ ਅਮਿਤਾਭ ਬੱਚਨ ਦਾ 'ਐਂਗਰੀ ਯੰਗਮੈਨ' ਵਾਲਾ ਅਕਸ ਬਣਾਉਣ ਦਾ ਸਿਹਰਾ ਜਾਵੇਦ-ਸਲੀਮ ਦੀ ਜੋੜੀ ਨੂੰ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕ ਅਕਸਰ ਉਨ੍ਹਾਂ ਤੋਂ ਸਫਲਤਾ ਦਾ ਰਹੱਸ ਪੁੱਛਦੇ ਹਨ ਅਤੇ ਉਹ ਸਦਾ ਲੋਕਾਂ ਨੂੰ ਐਮਾਜ਼ੋਨ, ਨੀਲ, ਗੰਗਾ ਦਰਿਆਵਾਂ ਦੀ ਮਿਸਾਲ ਦਿੰਦੇ ਹਨ ਕਿਉਂਕਿ ਇਹ ਦਰਿਆ ਆਪਣਾ ਰਾਹ ਖੁਦ ਬਣਾ ਕੇ ਸਾਗਰ ਤੱਕ ਪਹੁੰਚਦੇ ਹਨ, ਉਂਜ ਨਾਲ ਹੀ ਇਨ੍ਹਾਂ ਦੇ ਰਾਹ ਵੱਖੋ-ਵੱਖਰੇ ਹੁੰਦੇ ਹਨ।

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

242-25 Braddock Ave., Bellerose, NY 11426

## ਪ੍ਰਥਮ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ

**ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 12 ਨਵੰਬਰ 2019, ਦਿਨ ਮੰਗਲਵਾਰ ਨੂੰ ਆ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਗੁਰੂ ਘਰ ਵਲੋਂ ਉਲੀਕੇ ਪ੍ਰੋਗਰਾਮਾਂ ਦਾ ਵੇਰਵਾ ਇਸ ਤਰ੍ਹਾਂ ਹੈ:**

### 14ਵਾਂ ਮਹਾਨ ਨਗਰ ਕੀਰਤਨ

2 ਨਵੰਬਰ 2019, ਸਨਿਚਰਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਪੰਜ ਨਗਾਰਿਆਂ ਦੀ ਗੂੰਜ ਵਿਚ ਸਵੇਰੇ ਕਰੀਬ 11:30 ਵਜੇ 14ਵਾਂ ਮਹਾਨ ਨਗਰ ਕੀਰਤਨ ਗੁਰੂ ਘਰ ਤੋਂ ਅਰੰਭ ਹੋ ਕੇ ਹਿਲਸਾਈਡ 263 ਸਟਰੀਟ ਤੇ 82 ਐਵੇਨਿਊ ਤੋਂ ਹੁੰਦਾ ਹੋਇਆ ਸ਼ਾਮ ਤਿੰਨ ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਵਾਪਸ ਪਹੁੰਚੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਟੈਕਸੀ ਵਾਲੇ ਵੀਰਾਂ ਵਲੋਂ ਸੇਂਟ ਗਰੈਗਰੀ ਚਰਚ ਦੇ ਪਾਰਕਿੰਗ ਲਾਟ (ਕਰੌਸ ਆਈਲੈਂਡ ਤੇ ਸਰਵਿਸ ਰੋਡ) ਵਿਖੇ ਹੋਵੇਗੀ।



### ਰੈਣ ਸਬਾਈ ਕੀਰਤਨ

8 ਨਵੰਬਰ 2019 ਨੂੰ ਸ਼ਾਮ 7 ਵਜੇ ਤੋਂ ਲੈ ਕੇ 2 ਵਜੇ ਤੱਕ ਅਖੰਡ ਕੀਰਤਨੀ ਜਥੇ ਵਲੋਂ ਰੈਣ ਸਬਾਈ ਕੀਰਤਨ ਹੋਵੇਗਾ।

### ਸਹਿਜ ਪਾਠਾਂ ਦਾ ਸਮੂਹਕ ਭੋਗ

9 ਨਵੰਬਰ ਨੂੰ ਪ੍ਰੇਮੀਆਂ ਵਲੋਂ ਘਰੋ ਘਰੀ ਕੀਤੇ ਗਏ ਸਹਿਜ ਪਾਠਾਂ ਦਾ ਸਮੂਹਕ ਭੋਗ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਸ਼ਾਮ 6:30 ਵਜੇ ਪਾਇਆ ਜਾਵੇਗਾ।

ਉਪਰੰਤ ਕੀਰਤਨੀ ਜਥੇ ਰਲ ਕੇ ਆਤਮ ਰਸ ਕੀਰਤਨ ਰਾਤ 10 ਵਜੇ ਤੱਕ ਕਰਨਗੇ।

### 11 ਨਵੰਬਰ 2019, ਸੋਮਵਾਰ ਦਾ ਪ੍ਰੋਗਰਾਮ

ਸ਼ਾਮ ਨੂੰ 5:30 ਤੋਂ ਰਾਤ 12:30 ਵਜੇ ਤੱਕ
ਭਾਈ ਅਮਰੀਕ ਸਿੰਘ ਗੁਰਦਾਸਪੁਰੀ ਤੇ ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ
10:30 ਤੋਂ 11:30 ਵਜੇ ਤੱਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ
11:30 ਤੋਂ 12:05 ਤੱਕ ਪ੍ਰਕਾਸ਼ ਦਿਹਾੜੇ ਦੀ ਕਥਾ ਤੋਂ ਉਪਰੰਤ ਆਰਤੀ ਕੀਰਤਨ ਅਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਹੋਵੇਗੀ।

### 12 ਨਵੰਬਰ, ਮੰਗਲਵਾਰ ਦੇ ਪ੍ਰੋਗਰਾਮ

ਸਵੇਰੇ 10 ਵਜੇ ਅਖੰਡ ਪਾਠ ਦੇ ਭੋਗ ਉਪਰੰਤ 2 ਵਜੇ ਤੱਕ ਦੀਵਾਨ ਸਜਾਏ ਜਾਣਗੇ। ਬਾਕੀ ਜਥਿਆਂ ਪਿਛੋਂ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦਾ ਪ੍ਰੋਗਰਾਮ ਇਕ ਵਜੇ ਤੋਂ ਦੋ ਵਜੇ ਤੱਕ ਹੋਵੇਗਾ।

ਅਖੰਡ ਪਾਠ ਤੇ ਲੰਗਰ ਦੀ ਸੇਵਾ ਜਸਵੀਰ ਸਿੰਘ ਲਾਲੀ ਅਤੇ ਪਰਿਵਾਰ ਵਲੋਂ ਹੋਵੇਗੀ

#### ਸ਼ਾਮ ਦਾ ਪ੍ਰੋਗਰਾਮ

ਸ਼ਾਮ 5 ਵਜੇ ਦੋ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। ਉਪਰੰਤ 5:30 ਤੋਂ 10:30 ਵਜੇ ਤੱਕ ਮਹਾਨ ਕੀਰਤਨ ਦਰਬਾਰ ਹੋਵੇਗਾ।

ਬਾਕੀ ਜਥਿਆਂ ਪਿਛੋਂ 9:30 ਤੋਂ 10:30 ਵਜੇ ਤੱਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ।

ਅਖੰਡ ਪਾਠਾਂ ਅਤੇ ਲੰਗਰ ਦੀ ਸੇਵਾ ਭਾਈ ਨਿਸ਼ਾਨ ਸਿੰਘ ਅਤੇ ਭਾਈ ਮਸਤਾਨ ਸਿੰਘ ਦੇ ਪਰਿਵਾਰ ਵਲੋਂ ਹੋਵੇਗੀ।

### 16 ਨਵੰਬਰ ਦਾ ਵਿਸ਼ੇਸ਼ ਪ੍ਰੋਗਰਾਮ

16 ਨਵੰਬਰ, ਸਨਿਚਰਵਾਰ ਨੂੰ ਵਿਸ਼ੇਸ਼ ਪ੍ਰੋਗਰਾਮ ਵਾਈ.ਐਮ.ਸੀ.ਏ. ਪਾਰਕ, ਹਿਲਸਾਈਡ ਐਵੇਨਿਊ 'ਤੇ ਹੋਵੇਗਾ। ਗੁਰਦੁਆਰਾ ਸੰਤ ਸਾਗਰ ਤੋਂ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਵੇਰੇ 10 ਵਜੇ ਰਵਾਨਾ ਹੋਵੇਗੀ। ਬਾਕੀ ਸੰਗਤ ਗੱਡੀਆਂ ਵਿਚ ਪਿਛੇ ਪਿਛੇ ਜਾਵੇਗੀ। 10:30 ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਮਹਾਨ ਕੀਰਤਨ ਦੀਵਾਨ ਹੋਵੇਗਾ, ਜਿਸ ਵਿਚ ਭਾਈ ਅਮਰੀਕ ਸਿੰਘ ਗੁਰਦਾਸਪੁਰੀ ਤੇ ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ ਦਾ ਕੀਰਤਨੀ ਜਥਾ; ਭਾਈ ਮੋਹਣ ਸਿੰਘ ਬਡਾਣਾ ਦਾ ਢਾਡੀ ਜਥਾ; ਕਥਾਵਾਚਕ ਭਾਈ ਸੁਖਦੇਵ ਸਿੰਘ ਪਾਉਂਟਾ ਸਾਹਿਬ ਵਾਲੇ ਤੇ ਗਿਆਨੀ ਦਲਜੀਤ ਸਿੰਘ ਦਮਦਮੀ ਟਕਸਾਲ ਵਾਲੇ ਗੁਰਬਾਣੀ ਕੀਰਤਨ, ਢਾਡੀ ਵਾਰਾਂ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨਿਹਾਲ ਕਰਨਗੇ। ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਲੋਂ ਕੀਰਤਨ ਇਕ ਵਜੇ ਤੋਂ ਦੋ ਵਜੇ ਤੱਕ ਹੋਵੇਗਾ।

ਵਿਸ਼ੇਸ਼ ਬੁਲਾਰੇ: ਡਾ. ਅਮਰਜੀਤ ਸਿੰਘ ਅਤੇ ਡਾ. ਇਕਤਦਾਰ ਕਰਾਮਾਤ ਚੀਮਾ (ਪਾਕਿਸਤਾਨ) ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਇਸ ਦਿਨ ਪਾਰਕ 'ਚ ਲੰਗਰ ਦੀ ਸੇਵਾ ਬਲ ਪਰਿਵਾਰ, ਪੱਡਾ ਪਰਿਵਾਰ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਹੋਵੇਗੀ।

### 17 ਨਵੰਬਰ, ਐਤਵਾਰ ਦੇ ਪ੍ਰੋਗਰਾਮ

ਇਨ੍ਹਾਂ ਸਾਰੇ ਪ੍ਰੋਗਰਾਮਾਂ ਦੀ ਸਮਾਪਤੀ 17 ਨਵੰਬਰ, ਐਤਵਾਰ ਨੂੰ ਹੋਵੇਗੀ। ਅਖੰਡ ਪਾਠ ਦੇ ਭੋਗ ਉਪਰੰਤ 9:30 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਾਏ ਜਾਣਗੇ। ਬਾਕੀ ਜਥਿਆਂ ਤੋਂ ਇਲਾਵਾ 1:30 ਤੋਂ 2:30 ਵਜੇ ਤੱਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ। ਐਤਵਾਰ ਦੇ ਅਖੰਡ ਪਾਠ ਤੇ ਲੰਗਰ ਦੀ ਸੇਵਾ ਭਾਈ ਜਸਵੀਰ ਸਿੰਘ ਲਾਲੀ ਤੇ ਪਰਿਵਾਰ ਵਲੋਂ ਹੋਵੇਗੀ।

**ਸਾਰੇ ਪ੍ਰੋਗਰਾਮਾਂ 'ਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

**ਸਾਰੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ 11 ਨਵੰਬਰ ਅਤੇ 16 ਨਵੰਬਰ ਨੂੰ ਟੀ. ਵੀ. 'ਤੇ ਦਿਖਾਇਆ ਜਾਵੇਗਾ।**

**ਨੋਟ:** ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਭਾਈ ਅਮਰੀਕ ਸਿੰਘ ਗੁਰਦਾਸਪੁਰੀ ਅਤੇ ਭਾਈ ਸੁਖਦੇਵ ਸਿੰਘ ਪਾਉਂਟਾ ਸਾਹਿਬ ਵਾਲੇ ਹਰ ਰੋਜ਼ ਸ਼ਾਮ ਨੂੰ ਕੀਰਤਨ ਤੇ ਕਥਾ ਵਿਆਖਿਆ ਨਾਲ ਸੰਗਤ ਨੂੰ ਨਿਹਾਲ ਕਰਨਗੇ।

**ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**

**ਗੁਰੂ-ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: ਫੋਨ: 718-347-5659 ਜਾਂ 718-343-1030**
ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)